ਐਤਵਾਰ, 9 ਜੁਲਾਈ, 2023
25 ਹਾੜ੍ਹ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 38

# ਨਵਾਂ ਜ਼ਮਾਨਾ

DAILY NAWAN ZAMANA • SUNDAY, 9 JULY, 2023 ਜਲੰਧਰ

**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 8+6=14



# ਬੰਗਾਲ ਪੰਚਾਇਤੀ ਚੋਣਾਂ 'ਚ 'ਗਨਤੰਤਰ'

## ਵੋਟਿੰਗ ਦੌਰਾਨ 15 ਮੌਤਾਂ, ਗੋਲੀਬਾਰੀ, ਬੰਬਾਰੀ ਤੇ ਕਈ ਥਾਈਂ ਬੂਥ ਲੁੱਟ ਕੇ ਲੈ ਗਏ





**ਕੋਲਕਾਤਾ** : ਪੱਛਮੀ ਬੰਗਾਲ ਦੀਆਂ 73,887 ਗ੍ਰਾਮ ਪੰਚਾਇਤ ਸੀਟਾਂ 'ਚੋਂ 64,874 'ਤੇ ਸ਼ਨੀਵਾਰ ਸਵੇਰੇ 7 ਵਜੇ ਵੋਟਿੰਗ ਸ਼ੁਰੂ ਹੋਈ। ਬਾਕੀ 9,013 ਸੀਟਾਂ 'ਤੇ ਉਮੀਦਵਾਰਾਂ ਨੂੰ ਨਿਰਵਿਰੋਧ ਚੁਣ ਲਿਆ ਗਿਆ ਸੀ। ਨਿਰਵਿਰੋਧ ਚੁਣੇ ਜਾਣ ਵਾਲੇ ਉਮੀਦਵਾਰਾਂ 'ਚ ਸਭ ਤੋਂ ਜ਼ਿਆਦਾ 8,874 ਤ੍ਰਿਣਮੂਲ ਕਾਂਗਰਸ ਤੋਂ ਹਨ। ਚੋਣਾਂ ਦੇ ਨਤੀਜੇ 11 ਜੁਲਾਈ ਨੂੰ ਆਉਣਗੇ।

ਪੱਛਮੀ ਬੰਗਾਲ ਦੀਆਂ ਪੰਚਾਇਤ ਚੋਣਾਂ 'ਚ ਕਾਨੂੰਨ ਵਿਵਸਥਾ ਪਾਣੀ ਮੰਗਦੀ ਰਹੀ। ਵੋਟਿੰਗ 'ਚ ਦਿਨ ਭਰ ਹਮਲੇ, ਬੰਬਾਰੀ, ਗੋਲੀਬਾਰੀ ਅਤੇ ਚਾਕੂਬਾਜ਼ੀ ਦੀਆਂ ਘਟਨਾਵਾਂ ਸਾਹਮਣੇ ਆਉਂਦੀਆਂ ਰਹੀਆ। ਵੋਟਿੰਗ ਵਿਚਾਲੇ ਹਿੰਸਾ 'ਚ ਘੱਟੋ-ਘੱਟ 15 ਲੋਕਾਂ ਦੇ ਮਾਰੇ ਜਾਣ ਦੀ ਖ਼ਬਰ ਹੈ। ਆਲਮ ਇਸ ਤਰ੍ਹਾਂ ਦਾ ਰਿਹਾ ਕਿ ਕਈ ਥਾਵਾਂ 'ਤੇ ਬੈਲਟ ਪੇਪਰ ਲੁੱਟ ਲੈ ਗਏ ਜਾਂ ਉਨ੍ਹਾਂ ਨੂੰ ਅੱਗ ਦੇ ਹਵਾਲੇ ਕਰ ਦਿੱਤਾ ਗਿਆ। ਕੂਚ ਬਿਹਾਰ 'ਚ ਤਾਂ ਇੱਕ ਨੌਜਵਾਨ ਬੈਲਟ ਬਾਕਸ ਹੀ ਚੁੱਕ ਕੇ ਭੱਜ ਗਿਆ। ਪੰਜ ਜ਼ਿਲ੍ਹਿਆਂ 'ਚ ਹਿੰਸਾ ਦੌਰਾਨ 15 ਲੋਕਾਂ ਦੇ ਮਰਨ ਦੀ ਖ਼ਬਰ ਹੈ। ਮਰਨ ਵਾਲਿਆ 'ਚ 8 ਟੀ ਐੱਮ ਸੀ ਦੇ ਵਰਕਰ, ਇੱਕ ਕਾਂਗਰਸ ਵਰਕਰ, ਤਿੰਨ ਸੀ ਪੀ ਆਈ ਐੱਮ ਵਰਕਰ, ਇੱਕ ਭਾਜਪਾ ਉਮੀਦਵਾਰ ਦਾ ਪੋਲਿੰਗ ਏਜੰਟ, ਇੱਕ ਆਈ ਐੱਸ ਐੱਫ ਅਤੇ ਇੱਕ ਆਜ਼ਾਦ ਉਮੀਦਵਾਰ ਦਾ ਪੋਲਿੰਗ ਏਜੰਟ ਸ਼ਾਮਲ ਹਨ।

ਟੀ ਐੱਮ ਸੀ ਮੁਤਾਬਕ ਸ਼ਨੀਵਾਰ ਸਵੇਰੇ ਮੁਰਸ਼ੀਦਾਬਾਦ

● ਬਾਕੀ ਸਫ਼ਾ 2 'ਤੇ

# ਦੇਸ਼ ਭਰ 'ਚ ਮੌਨਸੂਨ ਨਾਲ ਹਾਹਾਕਾਰ



**ਨਵੀਂ ਦਿੱਲੀ** : ਦੇਸ਼ ਦੇ ਕਈ ਸੂਬਿਆਂ 'ਚ ਬੀਤੇ ਦਿਨਾਂ ਤੋਂ ਭਾਰੀ ਬਾਰਿਸ਼ ਹੋ ਰਹੀ ਹੈ। ਜਿੱਥੇ ਮੌਸਮ ਦੀ ਠੰਢਕ ਨਾਲ ਗਰਮੀ ਤੋਂ ਰਾਹਤ ਮਿਲੀ ਹੈ, ਉਥੇ ਬਾਰਿਸ਼ ਕਾਰਨ ਕਈ ਥਾਵਾਂ 'ਤੇ ਜਲਜੀਵਨ ਲਈ ਪ੍ਰੇਸ਼ਾਨੀ ਦਾ ਸਬੱਬ ਵੀ ਬਣ ਰਹੀ ਹੈ। ਕਈ ਸੂਬਿਆਂ 'ਚ ਹੜ੍ਹ ਵਰਗੇ ਹਾਲਾਤ ਬਣੇ ਹੋਏ ਹਨ। ਭਾਰੀ ਬਾਰਿਸ਼ ਕਾਰਨ ਕਈ ਇਲਾਕੇ ਜਨਮਗਨ ਹੋ ਗਏ ਤਾਂ ਕਈ ਥਾਵਾਂ 'ਤੇ ਸੜਕਾਂ ਧੱਸ ਗਈਆਂ ਅਤੇ ਪਾਣੀ 'ਚ ਬਹਿ ਗਈਆਂ। ਲੋਕ ਆਪਣੇ ਘਰਾਂ 'ਚ ਕੈਦ ਹੋ ਗਏ ਹਨ। ਭਾਰਤੀ ਮੌਸਮ ਵਿਗਿਆਨ ਵਿਭਾਗ ਅਨੁਸਾਰ ਆਉਣ ਵਾਲੇ ਚਾਰ ਤੋਂ ਪੰਜ ਦਿਨਾਂ ਤੱਕ ਕਈ ਸੂਬਿਆਂ 'ਚ ਭਾਰੀ ਬਾਰਿਸ਼ ਹੋਣ ਦੀ ਸੰਭਾਵਨਾ ਹੈ। ਪੰਜਾਬ 'ਚ ਮੌਸਮ ਬਦਲ ਗਿਆ ਹੈ, ਜਿੱਥੇ ਲੋਕਾਂ ਨੂੰ ਭਖਦੀ ਗਰਮੀ ਤੋਂ ਰਾਹਤ ਮਿਲੀ ਹੈ। ਸੂਬੇ ਦੇ ਕਈ ਜ਼ਿਲ੍ਹਿਆਂ 'ਚ ਸ਼ਨੀਵਾਰ ਨੂੰ ਵੀ ਲਗਾਤਾਰ ਮੀਂਹ ਪੈ ਰਿਹਾ ਹੈ। ਮੌਸਮ ਕੇਂਦਰ ਚੰਡੀਗੜ੍ਹ ਅਨੁਸਾਰ ਸ਼ਨੀਵਾਰ ਨੂੰ ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ, ਤਰਨ ਤਾਰਨ, ਹੁਸ਼ਿਆਰਪੁਰ, ਨਵਾਂਸ਼ਹਿਰ, ਕਪੂਰਥਲਾ ਅਤੇ ਜਲੰਧਰ 'ਚ ਲਗਾਤਾਰ ਸਵੇਰੇ ਤੋਂ ਮੀਂਹ ਪਿਆ। ਮੌਸਮ ਵਿਭਾਗ ਮੁਤਾਬਕ 9 ਜੁਲਾਈ ਨੂੰ ਵੀ ਪੰਜਾਬ ਦੇ ਕਈ ਹਿੱਸਿਆਂ 'ਚ ਭਾਰੀ ਮੀਂਹ ਪੈ ਸਕਦਾ ਹੈ। ਇਸ ਤੋਂ ਬਾਅਦ 10 ਜੁਲਾਈ ਤੋਂ ਮੌਸਮ ਸਾਫ਼ ਹੋ ਜਾਵੇਗਾ। ਮੌਸਮ ਕੇਂਦਰ ਚੰਡੀਗੜ੍ਹ ਦੇ ਮੁਤਾਬਕ ਸ਼ੁੱਕਰਵਾਰ ਨੂੰ ਰੂਪਨਗਰ 'ਚ 21 ਮਿਲੀਮੀਟਰ, ਗੁਰਦਾਸਪੁਰ ਤੇ ਨਵਾਂਸ਼ਹਿਰ 'ਚ 4.2 ਮਿਲੀਮੀਟਰ, ਲੁਧਿਆਣਾ 'ਚ 0.5 ਮਿਲੀਮੀਟਰ ਤੇ ਚੰਡੀਗੜ੍ਹ 'ਚ 1.1 ਮਿਲੀਮੀਟਰ ਮੀਂਹ ਦਰਜ ਕੀਤਾ ਗਿਆ। ਮੀਂਹ ਪੈਣ ਦੇ ਨਾਲ ਮੌਸਮ ਠੰਢਾ ਹੋ ਗਿਆ ਹੈ, ਜਿਸ ਕਰਕੇ ਲੋਕਾਂ ਨੂੰ ਗਰਮੀ ਤੋਂ ਰਾਹਤ ਮਿਲੀ ਹੈ। ਕਰਨਾਟਕ 'ਚ ਬਾਰਿਸ਼ ਦੇ ਚਲਦੇ ਹੁਣ ਤੱਕ 4 ਲੋਕਾਂ ਦੀ ਜਾਨ ਚਲੀ ਗਈ ਹੈ। ਉਥੇ ਹੀ ਉਤਰਾਖੰਡ 'ਚ 154 ਸੜਕਾਂ ਬੰਦ ਕਰ ਦਿੱਤੀਆਂ ਗਈਆਂ ਹਨ। ਅਸਾਮ ਦੇ 6 ਜ਼ਿਲ੍ਹਿਆਂ 'ਚ 121 ਪਿੰਡਾਂ ਦੇ ਕਰੀਬ 22 ਹਜ਼ਾਰ ਲੋਕ ਹੜ੍ਹ ਨਾਲ ਪ੍ਰਭਾਵਤ ਹਨ। ਕਸ਼ਮੀਰ 'ਚ ਖਰਾਬ ਮੌਸਮ ਕਾਰਨ ਅਮਰਨਾਥ ਯਾਤਰਾ ਲਗਾਤਾਰ ਦੂਜੇ ਦਿਨ ਵੀ ਰੋਕ ਦਿੱਤੀ ਗਈ ਹੈ। ਭਾਰੀ ਬਾਰਿਸ਼ ਦੇ ਬਾਵਜੂਦ ਹੁਣ ਤੱਕ 84 ਹਜ਼ਾਰ 768 ਯਾਤਰੀ ਦਰਸ਼ਨ ਕਰ ਚੁੱਕੇ ਹਨ। ਮੌਸਮ ਵਿਭਾਗ ਨੇ ਹਿਮਾਚਲ ਪ੍ਰਦੇਸ਼ ਦੇ ਸੱਤ ਜ਼ਿਲ੍ਹਿਆਂ ਲਈ 'ਰੈੱਡ' ਅਲਰਟ ਜਾਰੀ ਕਰਦਿਆਂ ਕਿਹਾ ਕਿ ਚੰਬਾ, ਕਾਂਗੜਾ, ਕੁੱਲੂ, ਮੰਡੀ, ਊਨਾ, ਹਮੀਰਪੁਰ ਅਤੇ ਬਿਲਾਸਪੁਰ ਜ਼ਿਲ੍ਹਿਆਂ 'ਚ ਬਹੁਤ ਭਾਰੀ ਬਾਰਿਸ਼ ਹੋਣ ਦੀ ਸੰਭਾਵਨਾ ਹੈ। ਵਿਭਾਗ ਨੇ ਸ਼ਿਮਲਾ, ਸਿਰਮੌਰ, ਸੋਲਨ ਅਤੇ ਲਾਹੌਲ ਅਤੇ ਸਪਿਤੀ ਲਈ 'ਔਰੇਂਜ' ਅਲਰਟ ਜਾਰੀ ਕਰਦੇ ਹੋਏ 9 ਜੁਲਾਈ ਨੂੰ ਭਾਰੀ ਤੋਂ ਬਹੁਤ ਭਾਰੀ ਮੀਂਹ ਦੀ ਚਿਤਾਵਨੀ ਦਿੱਤੀ ਹੈ ਤੇ ਸੂਬੇ 'ਚ 13 ਜੁਲਾਈ ਤੱਕ ਬਰਸਾਤ ਜਾਰੀ ਰਹਿਣ ਦੀ ਭਵਿੱਖਬਾਣੀ ਕੀਤੀ ਹੈ।

# 'ਨਾ ਟਾਇਰਡ ਹੂੰ, ਨਾ ਰਿਟਾਇਰਡ ਹੂੰ, ਮੈਂ ਫਾਇਰ ਹੂੰ : ਸ਼ਰਦ ਪਵਾਰ



**ਨਵੀਂ ਦਿੱਲੀ** : ਮਹਾਰਾਸ਼ਟਰ 'ਚ ਜਾਰੀ ਸਿਆਸੀ ਖਿੱਚੋਤਾਣ ਵਿਚਾਲੇ ਰਾਸ਼ਟਰਵਾਦੀ ਕਾਂਗਰਸ ਪਾਰਟੀ (ਐੱਨ ਸੀ ਪੀ) ਦੇ ਪ੍ਰਮੁੱਖ ਸ਼ਰਦ ਪਵਾਰ ਨੇ ਇੱਕ ਨਿੱਜੀ ਟੀ ਵੀ ਚੈਨਲ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ 2014, 2017 ਅਤੇ 2019 ਦੀਆਂ ਚੋਣਾਂ 'ਚ ਉਨ੍ਹਾ ਦੀ ਭਾਜਪਾ ਨਾਲ ਗੱਲਬਾਤ ਹੋਈ ਸੀ, ਪਰ ਵਿਚਾਰਧਾਰਾ ਵੱਖਰੀ ਹੋਣ ਕਾਰਨ ਗੱਲ ਅੱਗੇ ਨਹੀਂ ਵਧੀ। ਅਜੀਤ ਪਵਾਰ ਦੇ ਬਿਆਨ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਸ਼ਰਦ ਪਵਾਰ ਨੇ ਕਿਹਾ ਕਿ ਉਹ 82 ਸਾਲ ਦੀ ਉਮਰ 'ਚ ਵੀ ਕੰਮ ਕਰ ਸਕਦੇ ਹਨ। ਸ਼ਰਦ ਪਵਾਰ ਦੀ ਇਹ ਟਿੱਪਣੀ ਅਜੀਤ ਪਵਾਰ ਦੇ ਉਸ ਬਿਆਨ ਦੇ ਸੰਦਰਭ 'ਚ ਆਈ, ਜਿਸ 'ਚ ਅਜੀਤ ਪਵਾਰ ਨੇ ਕਿਹਾ ਸੀ ਕਿ ਹੁਣ ਸਮਾਂ ਆ ਗਿਆ ਹੈ ਕਿ ਸ਼ਰਦ ਪਵਾਰ ਨੂੰ ਰਾਜਨੀਤੀ ਤੋਂ ਸੰਨਿਆਸ ਲੈ ਲੈਣਾ ਚਾਹੀਦਾ ਅਤੇ ਉਹ ਐੱਨ ਸੀ ਪੀ ਦੀ ਕਮਾਨ ਉਨ੍ਹਾ ਨੂੰ ਸੌਂਪ ਦੇਣ। ਸ਼ਰਦ ਪਵਾਰ ਨੇ ਜ਼ੋਰ ਦੇ ਕੇ ਕਿਹਾ ਕਿ ਉਹ ਹਾਲੇ ਬੁੱਢਾ ਨਹੀਂ ਹੋਇਆ। ਉਨ੍ਹਾ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੇ ਸ਼ਬਦਾਂ ਨੂੰ ਦੁਹਰਾਉਂਦੇ ਹੋਏ ਕਿਹਾ, 'ਨਾ ਟਾਈਰਡ ਹੂੰ, ਨਾ ਰਿਟਾਇਰਡ ਹੂੰ।' ਐੱਨ ਸੀ ਪੀ ਮੁਖੀ ਨੇ ਕਿਹਾ ਕਿ ਉਹ ਪਾਰਟੀ ਲਈ ਕੰਮ ਕਰ ਰਹੇ ਹਨ ਅਤੇ ਉਨ੍ਹਾ ਕੋਲ ਕੋਈ ਮੰਤਰੀ ਅਹੁਦਾ ਨਹੀਂ। ਉਨ੍ਹਾ ਕਿਹਾ ਕਿ, 'ਮੈਨੂੰ ਰਿਟਾਇਰ ਹੋਣ ਲਈ ਕਹਿਣ ਵਾਲੇ ਉਹ ਕੌਣ ਹਨ? ਮੈਂ ਹਾਲੇ ਵੀ ਕੰਮ ਕਰ ਸਕਦਾ ਹਾਂ।' ਉਨ੍ਹਾ ਕਿਹਾ ਕਿ ਜੇਕਰ ਪਾਰਟੀ ਪ੍ਰਧਾਨ ਦੇ ਰੂਪ 'ਚ ਮੇਰੀ ਨਿਯੁਕਤੀ ਗੈਰ-ਕਾਨੂੰਨੀ ਹੈ ਤਾਂ ਪ੍ਰਫੁੱਲ ਪਟੇਲ ਅਤੇ ਹੋਰਨਾਂ ਦੀਆਂ ਕੀਤੀਆਂ ਗਈਆਂ ਨਿਯੁਕਤੀਆਂ ਗੈਰ-ਕਾਨੂੰਨੀ ਹਨ। ਸ਼ਰਦ ਪਵਾਰ ਨੇ ਕਿਹਾ ਕਿ ਉਹ ਪ੍ਰਫੁੱਲ ਪਟੇਲ ਹੀ ਸਨ, ਜਿਨ੍ਹਾ ਪ੍ਰਧਾਨਗੀ ਦੇ ਅਹੁਦੇ ਲਈ ਮੇਰਾ ਨਾਂਅ ਪੇਸ਼ ਕੀਤਾ ਅਤੇ ਮੈਨੂੰ ਦਿੱਲੀ ਦੇ ਤਾਲਕਟੋਰਾ ਸਟੇਡੀਅਮ 'ਚ ਸਹਿਮਤੀ ਨਾਲ ਚੁਣਿਆ ਗਿਆ। ਸ਼ਰਦ ਪਵਾਰ ਨੇ ਭਾਜਪਾ 'ਤੇ ਵੀ ਨਿਸ਼ਾਨਾ ਲਾਇਆ। ਉਨ੍ਹਾ ਕਿਹਾ ਕਿ ਅਜੀਤ ਅਤੇ ਹੋਰ ਉਨ੍ਹਾ ਦੇ ਗੁੱਟ ਪ੍ਰਮੁੱਖ ਨੇਤਾਵਾਂ ਵੱਲੋਂ ਮੇਰੇ 'ਤੇ ਵਿਅਕਤੀਗਤ ਹਮਲੇ ਭਾਜਪਾ ਦੇ ਇਸ਼ਾਰੇ 'ਤੇ ਕੀਤੇ ਜਾ ਰਹੇ ਹਨ।

# ਸ਼ਿੰਦੇ ਤੇ ਊਧਵ ਠਾਕਰੇ ਗੁੱਟ ਦੇ ਵਿਧਾਇਕਾਂ ਨੂੰ ਨੋਟਿਸ

**ਮੁੰਬਈ** : ਮਹਾਰਾਸ਼ਟਰ 'ਚ ਬੀਤੇ ਕੁਝ ਦਿਨਾਂ ਤੋਂ ਜਾਰੀ ਸਿਆਸੀ ਜੰਗ ਵਿਚਾਲੇ ਮਹਾਰਾਸ਼ਟਰ ਵਿਧਾਨ ਸਭਾ ਦੇ ਸਪੀਕਰ ਨੇ ਸ਼ਿੰਦੇ ਅਤੇ ਊਧਵ ਠਾਕਰੇ ਗੁੱਟ ਦੇ ਵਿਧਾਇਕਾਂ ਨੂੰ ਨੋਟਿਸ ਜਾਰੀ ਕੀਤਾ ਹੈ। ਵਿਧਾਨ ਸਭਾ ਦੇ ਸਪੀਕਰ ਰਾਹੁਲ ਨਾਰਵੇਕਰ ਨੇ ਸ਼ਨੀਵਾਰ ਦੱਸਿਆ ਕਿ ਮੁੱਖ ਮੰਤਰੀ ਏਕਨਾਥ ਸ਼ਿੰਦੇ ਦੀ ਅਗਵਾਈ 'ਚ ਸ਼ਿਵ ਸੈਨਾ ਦੇ 40 ਵਿਧਾਇਕਾਂ ਅਤੇ ਊਧਵ ਠਾਕਰੇ ਦੇ 14 ਵਿਧਾਇਕਾਂ ਨੂੰ ਨੋਟਿਸ ਜਾਰੀ ਕਰਕੇ ਵਿਧਾਨ ਸਭਾ ਮੈਂਬਰਸ਼ਿਪ ਦੀ ਆਯੋਗਤਾ 'ਤੇ ਜਵਾਬ ਮੰਗਿਆ ਗਿਆ ਹੈ। ਇਹ ਘਟਨਾਕ੍ਰਮ ਇਸ ਸਮੇਂ ਹੋਇਆ, ਜਦ ਨਾਰਵੇਕਰ ਨੇ ਇੱਕ ਦਿਨ ਪਹਿਲਾਂ ਬਿਆਨ ਦਿੱਤਾ ਸੀ ਕਿ ਉਨ੍ਹਾ ਨੂੰ ਭਾਰਤੀ ਚੋਣ ਕਮਿਸ਼ਨ ਤੋਂ ਸ਼ਿਵ ਸੈਨਾ ਦੇ ਸੰਵਿਧਾਨ ਦੀ ਇੱਕ ਕਾਪੀ ਮਿਲ ਗਈ ਹੈ ਅਤੇ ਮੁੱਖ ਮੰਤਰੀ ਸ਼ਿੰਦੇ ਸਮੇਤ 16 ਸ਼ਿਵ ਸੈਨਾ ਵਿਧਾਇਕਾਂ ਖਿਲਾਫ਼ ਆਯੋਗਤਾ ਪਟੀਸ਼ਨਾਂ 'ਤੇ ਸੁਣਵਾਈ ਛੇਤੀ ਸ਼ੁਰੂ ਹੋਵੇਗੀ। ਇਸ ਹਫ਼ਤੇ ਦੀ ਸ਼ੁਰੂਆਤ 'ਚ ਸ਼ਿਵ ਸੈਨਾ (ਊਧਵ ਬਾਲਾਸਾਹਿਬ ਠਾਕਰੇ) ਨੇ ਹਾਈ ਕੋਰਟ ਦਾ ਦਰਵਾਜ਼ਾ ਖੜਕਾ ਕੇ ਉਸ ਨੂੰ ਵਿਧਾਨ ਸਭਾ ਸਪੀਕਰ ਨੂੰ ਆਯੋਗਤਾ ਪਟੀਸ਼ਨ 'ਤੇ ਛੇਤੀ ਸੁਣਵਾਈ ਕਰਨ ਦਾ ਨਿਰਦੇਸ਼ ਦੇਣ ਦੀ ਬੇਨਤੀ ਕੀਤੀ ਸੀ।

# ਰਾਹੁਲ ਨੇ ਲਾਇਆ ਝੋਨਾ



**ਸੋਨੀਪਤ** : ਦਿੱਲੀ ਤੋਂ ਸ਼ਿਮਲਾ ਜਾਂਦੇ ਸਮੇਂ ਕਾਂਗਰਸ ਨੇਤਾ ਰਾਹੁਲ ਗਾਂਧੀ ਸ਼ਨੀਵਾਰ ਸਵੇਰੇ ਸੋਨੀਪਤ ਪਹੁੰਚੇ, ਜਿੱਥੇ ਉਨ੍ਹਾ ਕਿਸਾਨਾਂ ਨਾਲ ਮੁਲਾਕਾਤ ਕੀਤੀ। ਰਾਹੁਲ ਗਾਂਧੀ ਨੇ ਇਸ ਦੌਰਾਨ ਖੇਤ 'ਚ ਟਰੈਕਟਰ ਵੀ ਚਲਾਇਆ ਅਤੇ ਮਜ਼ਦੂਰਾਂ ਦੇ ਨਾਲ ਮਿਲ ਕੇ ਝੋਨੇ ਦੀ ਬਿਜਾਈ ਵੀ ਕੀਤੀ। ਉਨ੍ਹਾ ਲੋਕਾਂ ਨਾਲ ਗੱਲਬਾਤ ਕੀਤੀ ਅਤੇ ਖੇਤਾਂ 'ਚ ਕੰਮ ਕਰਦੇ ਕਿਸਾਨਾਂ ਨਾਲ ਸਮਾਂ ਬਿਤਾਇਆ। ਦੇਖਿਆ ਜਾਵੇ ਤਾਂ ਰਾਹੁਲ ਗਾਂਧੀ ਹੁਣ ਸਿੱਧੇ ਜਨਤਾ ਨਾਲ ਹੀ ਗੱਲਬਾਤ ਕਰਦੇ ਦਿਖਾਈ ਦਿੰਦੇ ਹਨ। ਕਦੀ ਉਹ ਕਿਸੇ ਟਰੱਕ 'ਚ ਸਧਾਰਨ ਵਿਅਕਤੀ ਦੀ ਤਰ੍ਹਾਂ ਲਿਫਟ ਲੈ ਕੇ ਆਪਣੀ ਮੰਜ਼ਲ ਵੱਲ ਜਾਂਦੇ ਦਿਖਾਈ ਦਿੰਦੇ ਹਨ। ਉਥੇ ਹੀ ਮਨੀਪੁਰ ਵਰਗੇ ਅਸ਼ਾਂਤ ਜਗ੍ਹਾ 'ਤੇ ਸਿੱਧੇ ਪਹੁੰਚ ਕੇ ਉਥੇ ਲੋਕਾਂ ਦਾ ਦੁੱਖ-ਦਰਦ ਜਾਣਦੇ ਹਨ।

## ਟਾਈਟਲਰ ਖਿਲਾਫ ਚਾਰਜਸ਼ੀਟ 'ਤੇ ਫੈਸਲਾ 19 ਨੂੰ

**ਨਵੀਂ ਦਿੱਲੀ** : 1984 ਦੇ ਸਿੱਖ ਵਿਰੋਧੀ ਦੰਗਿਆਂ ਦੌਰਾਨ ਕਥਿਤ ਪੁਲ ਬੰਗਸ ਕਤਲੇਆਮ ਨਾਲ ਸੰਬੰਧਤ ਮਾਮਲੇ 'ਚ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਖਿਲਾਫ ਚਾਰਜਸ਼ੀਟ ਦਾ ਨੋਟਿਸ ਲੈਣਾ ਹੈ ਜਾਂ ਨਹੀਂ, ਇਸ ਬਾਰੇ ਇੱਥੋਂ ਦੀ ਅਦਾਲਤ 19 ਜੁਲਾਈ ਨੂੰ ਫੈਸਲਾ ਕਰੇਗੀ। ਵਧੀਕ ਮੁੱਖ ਮੈਟਰੋਪੋਲੀਟਨ ਮੈਜਿਸਟਰੇਟ (ਏ ਸੀ ਐੱਮ ਐੱਮ) ਵਿਧੀ ਗੁਪਤਾ ਆਨੰਦ ਨੇ ਕੇਂਦਰੀ ਜਾਂਚ ਬਿਊਰੋ (ਸੀ ਬੀ ਆਈ) ਦੇ ਨਾਲ-ਨਾਲ ਸ਼ਿਕਾਇਤਕਰਤਾ ਵੱਲੋਂ ਪੇਸ਼ ਹੋਏ ਵਕੀਲਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ 7 ਜੁਲਾਈ ਨੂੰ ਫੈਸਲਾ ਸੁਰੱਖਿਅਤ ਰੱਖ ਲਿਆ ਸੀ। ਜੱਜ ਨੇ ਅਦਾਲਤ ਦੇ ਕਰਮਚਾਰੀਆਂ ਨੂੰ ਇਹ ਵੀ ਦੇਖਣ ਲਈ ਕਿਹਾ ਕਿ ਕੀ ਪਹਿਲਾਂ ਇਸ ਮਾਮਲੇ ਦੀ ਸੁਣਵਾਈ ਕਰ ਰਹੀ ਅਦਾਲਤ ਤੋਂ ਪ੍ਰਾਪਤ ਕੇਸ ਰਿਕਾਰਡ ਪੂਰਾ ਹੈ ਜਾਂ ਨਹੀਂ। ਉਨ੍ਹਾਂ ਇਸ ਮਾਮਲੇ ਦੀ ਅਗਲੀ ਸੁਣਵਾਈ 19 ਜੁਲਾਈ ਤੱਕ ਰਿਪੋਰਟ ਦਾਖਲ ਕਰਨ ਦੇ ਨਿਰਦੇਸ਼ ਦਿੱਤੇ ਹਨ। ਜੱਜ ਨੇ ਕਿਹਾ ਕਿ ਕੜਕੜਡੂਮਾ 'ਚ ਅਦਾਲਤ ਦੇ ਕਰਮਚਾਰੀ ਵੱਲੋਂ ਦਾਇਰ ਦਸਤਾਵੇਜ਼ ਬਹੁਤ ਜ਼ਿਆਦਾ ਹਨ ਅਤੇ ਇਸ 'ਚ ਸੱਤ ਨਿਆਂਇਕ ਫਾਈਲਾਂ ਸਨ। ਉਨ੍ਹਾ ਸੀ ਬੀ ਆਈ ਨੂੰ ਟਾਈਟਲਰ ਦੀ ਆਵਾਜ਼ ਦੇ ਨਮੂਨਿਆਂ ਦੀ ਫੋਰੈਂਸਿਕ ਜਾਂਚ ਸੰਬੰਧੀ ਫੋਰੈਂਸਿਕ ਸਾਇੰਸ ਲੈਬਾਰਟਰੀ (ਐੱਫ ਐੱਸ ਐੱਲ) ਦੀ ਰਿਪੋਰਟ ਦਾਇਰ ਕਰਨ ਦੇ ਨਿਰਦੇਸ਼ ਦਿੱਤੇ।

## ਸ੍ਰੀਖੰਡ ਯਾਤਰਾ ਦੌਰਾਨ ਸ਼ਰਧਾਲੂ ਦੀ ਮੌਤ

**ਸ਼ਿਮਲਾ** : ਸ੍ਰੀਖੰਡ ਯਾਤਰਾ ਦੌਰਾਨ ਮੱਧ ਪ੍ਰਦੇਸ਼ ਦੇ ਇੱਕ ਸ਼ਰਧਾਲੂ ਦੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਅਮਰ ਮੋਇਨ (33) ਦੇ ਤੌਰ 'ਤੇ ਹੋਈ। ਐੱਸ ਡੀ ਐੱਮ ਨਿਰਮੰਡ ਮਨਮੋਹਨ ਸਿੰਘ ਨੇ ਇਸ ਦੀ ਪੁਸ਼ਟੀ ਕਰਦੇ ਹੋਏ ਦੱਸਿਆ ਕਿ ਪੋਸਟਮਾਰਟਮ ਰਿਪੋਰਟ ਆਉਣ ਤੋਂ ਬਾਅਦ ਹੀ ਮੌਤ ਦੇ ਕਾਰਨ ਦਾ ਪਤਾ ਚੱਲ ਸਕੇਗਾ। ਇਹ ਹਾਦਸਾ ਪਹਿਲੇ ਬੇਸ ਕੈਂਪ ਸਿੰਘਗਾੜ ਤੋਂ ਥਾਚੜੂ ਦੀ ਖੜੀ ਚੜ੍ਹਾਈ ਚੜ੍ਹਦੇ ਸਮੇਂ ਹੋਇਆ। ਦੱਸਿਆ ਜਾ ਰਿਹਾ ਹੈ ਕਿ ਆਕਸੀਜਨ ਦੀ ਕਮੀ ਮੌਤ ਦਾ ਕਾਰਨ ਹੋ ਸਕਦੀ ਹੈ। ਬੀਤੇ ਕੱਲ੍ਹ ਅਮਰ ਮੋਇਨ ਨੂੰ ਸਿਹਤ ਜਾਂਚ ਤੋਂ ਬਾਅਦ ਭੇਜਿਆ ਗਿਆ, ਪਰ ਸ੍ਰੀਖੰਡ ਦੀ ਯਾਤਰਾ ਦੌਰਾਨ ਕਈ ਵਾਰ ਆਕਸੀਜਨ ਦੀ ਕਮੀ ਹੋ ਜਾਂਦੀ ਹੈ। ਜ਼ਿਕਰਯੋਗ ਹੈ ਕਿ ਦੁਨੀਆ ਦੀਆਂ ਸਭ ਤੋਂ ਮੁਸ਼ਕਲ ਧਾਰਮਕ ਯਾਤਰਾਵਾਂ 'ਚ ਸ਼ਾਮਲ ਸ੍ਰੀਖੰਡ ਦੀ ਯਾਤਰਾ ਬੀਤੇ ਸ਼ੁੱਕਰਵਾਰ ਨੂੰ ਹੀ ਸ਼ੁਰੂ ਹੋ ਗਈ। 20 ਜੁਲਾਈ ਤੱਕ ਚੱਲਣ ਵਾਲੀ ਇਸ ਯਾਤਰਾ ਦੇ ਪਹਿਲੇ ਜਥੇ ਨੂੰ ਡੀ ਸੀ ਕੁੱਲੂ ਨੇ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ।

# ਉਦਯੋਗਪਤੀਆਂ ਤੋਂ ਫੀਡਬੈਕ ਲੈਣ ਲਈ ਵਟਸਐਪ ਨੰਬਰ 81948-91948 ਜਾਰੀ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਸੂਬੇ 'ਚ ਉਦਯੋਗਾਂ ਨੂੰ ਹੁਲਾਰਾ ਦੇਣ ਦੇ ਉਦੇਸ਼ ਨਾਲ ਇਤਿਹਾਸਕ ਪਹਿਲਕਦਮੀ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ਨੀਵਾਰ ਸੂਬੇ 'ਚ ਕਾਰੋਬਾਰੀ ਅਨੁਕੂਲ ਮਾਹੌਲ ਪ੍ਰਦਾਨ ਕਰਨ ਲਈ ਉਦਯੋਗਪਤੀਆਂ ਤੋਂ ਫੀਡਬੈਕ ਮੰਗਣ ਲਈ ਵਟਸਐਪ ਨੰਬਰ 81948-91948 ਅਤੇ ਈਮੇਲ punjabconsultation@gmail.com ਜਾਰੀ ਕੀਤਾ। ਜਾਰੀ ਬਿਆਨ 'ਚ ਮੁੱਖ ਮੰਤਰੀ ਨੇ ਕਿਹਾ ਕਿ ਦੇਸ਼ ਭਰ 'ਚ ਪੰਜਾਬ ਸਰਕਾਰ ਹੀ ਇੱਕ ਅਜਿਹੀ ਸਰਕਾਰ ਹੈ, ਜੋ ਸਾਰੇ ਭਾਈਵਾਲਾਂ ਦੀ ਸਲਾਹ ਅਨੁਸਾਰ ਨੀਤੀਆਂ ਘੜਦੀ ਹੈ। ਮਿਸਾਲਾਂ ਦਿੰਦਿਆਂ ਉਨ੍ਹਾ ਕਿਹਾ ਕਿ ਸੂਬਾ ਸਰਕਾਰ ਨੇ ਲੋਕਾਂ ਨੂੰ ਮੁਫਤ ਬਿਜਲੀ, ਆਮ ਆਦਮੀ ਕਲੀਨਿਕ ਅਤੇ ਨਹਿਰੀ ਪਾਣੀ ਦੀਆਂ ਸਕੀਮਾਂ ਨੂੰ ਲਾਗੂ ਕਰਨ ਲਈ ਲੋਕਾਂ ਦੇ ਵਿਚਾਰ ਲਏ ਹਨ। ਭਗਵੰਤ ਮਾਨ ਨੇ ਕਿਹਾ ਕਿ ਨਤੀਜਾ ਸਭ ਦੇ ਸਾਹਮਣੇ ਹੈ, ਕਿਉਂਕਿ ਲਗਭਗ 90 ਫੀਸਦੀ ਲੋਕਾਂ ਨੂੰ ਜ਼ੀਰੋ ਬਿੱਲ ਆ ਰਹੇ ਹਨ, ਲਗਭਗ 35 ਲੱਖ ਲੋਕ ਆਮ ਆਦਮੀ ਕਲੀਨਿਕਾਂ 'ਚ ਮੁਫਤ ਇਲਾਜ ਦਾ ਲਾਭ ਲੈ ਚੁੱਕੇ ਹਨ ਅਤੇ 40 ਸਾਲਾਂ ਬਾਅਦ ਨਹਿਰੀ ਪਾਣੀ ਟੇਲਾਂ 'ਤੇ ਪੈਂਦੇ ਪਿੰਡਾਂ 'ਚ ਪਹੁੰਚਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਨੂੰ ਤੇਜ਼ ਆਰਥਕ ਵਿਕਾਸ ਦੀ ਲੀਹ 'ਤੇ ਪਾਉਣ ਲਈ ਸੂਬਾ ਸਰਕਾਰ ਨੇ ਪੰਜਾਬ 'ਚ ਉਦਯੋਗ ਨੂੰ ਹੁਲਾਰਾ ਦੇਣ ਦਾ ਫੈਸਲਾ ਕੀਤਾ ਹੈ। ਉਹਨਾ ਕਿਹਾ ਕਿ ਸੂਬਾ ਸਰਕਾਰ ਪੰਜਾਬ ਨੂੰ ਉਦਯੋਗਿਕ ਵਿਕਾਸ ਵਿੱਚ ਮੋਹਰੀ ਸੂਬਾ ਬਣਾਉਣ ਲਈ ਵਚਨਬੱਧ ਹੈ।

# ਬੇਰੁਜ਼ਗਾਰ ਨੌਜਵਾਨਾਂ ਦੇ ਭਵਿੱਖ ਦਾ ਕੌਮੀ ਰੁਜ਼ਗਾਰ ਗਰੰਟੀ ਹੀ ਪੱਕਾ ਹੱਲ : ਅਰਸ਼ੀ

**ਮਾਨਸਾ (ਆਤਮਾ ਸਿੰਘ ਪਮਾਰ)**

ਕੇਂਦਰ ਦੀ ਮੋਦੀ ਸਰਕਾਰ ਤੇ ਸੂਬਾਈ ਸਰਕਾਰਾਂ ਦੇਸ਼ ਵਿੱਚ ਵਧ ਰਹੀ ਬੇਰੁਜ਼ਗਾਰੀ ਤੋਂ ਬਿਲਕੁਲ ਚਿੰਤਤ ਵਿਖਾਈ ਨਹੀਂ ਦੇ ਰਹੀਆਂ ਤੇ ਹਰ ਵਾਰ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦੇ ਝੂਠੇ ਦਾਅਵੇ ਕਰਕੇ ਸੱਤਾ 'ਤੇ ਕਾਬਜ਼ ਹੋ ਰਹੀਆਂ ਹਨ, ਪ੍ਰੰਤੂ ਨੌਜਵਾਨਾਂ ਦਾ ਭਵਿੱਖ ਹਨੇਰੇ ਵੱਲ ਜਾ ਰਿਹਾ ਹੈ, ਬੇਰੁਜ਼ਗਾਰ ਨੌਜਵਾਨਾਂ ਦੇ ਭਵਿੱਖ ਦਾ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ ਦੀ ਸਥਾਪਨਾ ਹੀ ਪੱਕਾ ਹੱਲ ਹੈ। ਉਕਤ ਸ਼ਬਦਾਂ ਦਾ ਪ੍ਰਗਟਾਵਾ ਸੀ ਪੀ ਆਈ ਨੈਸ਼ਨਲ ਕੌਂਸਲ ਮੈਂਬਰ ਅਤੇ ਸਾਬਕਾ ਵਿਧਾਇਕ ਹਰਦੇਵ ਸਿੰਘ ਅਰਸ਼ੀ ਨੇ ਸਥਾਨਕ ਤੇਜਾ ਸਿੰਘ ਸੁਤੰਤਰ ਭਵਨ ਵਿਖੇ ਸਰਬ ਭਾਰਤ ਨੌਜਵਾਨ ਸਭਾ ਦੀ ਜ਼ਿਲ੍ਹਾ ਕਾਨਫਰੰਸ ਮੌਕੇ ਜੁੜੇ ਨੌਜਵਾਨ ਸਾਥੀਆਂ ਨੂੰ ਸੰਬੋਧਨ ਕਰਦਿਆਂ ਕੀਤਾ।



ਇਸ ਸਮੇਂ ਸਾਥੀ ਅਰਸ਼ੀ ਨੇ ਚਿੰਤਾ ਜ਼ਾਹਿਰ ਕੀਤੀ ਕਿ ਮੋਦੀ ਸਰਕਾਰ ਵੱਲੋਂ ਹਰ ਸਾਲ ਦੋ ਕਰੋੜ ਨੌਜਵਾਨਾਂ ਨੂੰ ਰੁਜ਼ਗਾਰ

● ਬਾਕੀ ਸਫ਼ਾ 2 'ਤੇ

# ਤਲਾਬ 'ਚ ਨਹਾਉਣ ਗਏ 5 ਬੱਚੇ ਡੁੱਬੇ

**ਨਵੀਂ ਦਿੱਲੀ** : ਰਾਏਬਰੇਲੀ ਦੇ ਗਦਾਗੰਜ ਇਲਾਕੇ 'ਚ ਸ਼ਨੀਵਾਰ ਸਵੇਰੇ ਤਲਾਬ 'ਚ ਨਹਾਉਣ ਲਈ ਗਏ ਅੱਠ ਬੱਚਿਆਂ 'ਚੋਂ ਪੰਜ ਡੁੱਬ ਗਏ। ਰੌਲਾ ਸੁਣ ਕੇ ਉਥੇ ਪਹੁੰਚੇ ਪਿੰਡ ਵਾਸੀਆਂ ਨੇ ਤਿੰਨ ਬੱਚਿਆਂ ਨੂੰ ਬਚਾਅ ਲਿਆ। ਸਾਰੇ ਬੱਚੇ ਪਹਿਲਾਂ ਮੀਂਹ 'ਚ ਨਹਾ ਰਹੇ ਸਨ, ਫਿਰ ਨਹਾਉਣ ਲਈ ਤਲਾਬ 'ਚ ਚਲੇ ਗਏ। ਇਸ ਦੌਰਾਨ ਡੂੰਘੇ ਪਾਣੀ ਅਤੇ ਦਲਦਲ ਕਾਰਨ ਡੁੱਬ ਗਏ। ਹਾਦਸੇ ਦੀ ਖ਼ਬਰ ਲੱਗਦੇ ਹੀ ਪੁਲਸ ਦੇ ਉੱਚ ਅਧਿਕਾਰੀ ਮੌਕੇ 'ਤੇ ਪਹੁੰਚੇ। ਮਰਨ ਵਾਲੇ ਬੱਚਿਆਂ ਦੀ ਉਮਰ ਸੱਤ ਤੋਂ 12 ਸਾਲ ਦੇ ਵਿਚਾਲੇ ਦੱਸੀ ਗਈ ਹੈ। ਨਹਾਉਂਦੇ ਸਮੇਂ ਇੱਕ ਬੱਚਾ ਜਦ ਡੁੱਬਣ ਲੱਗਾ ਤਾਂ ਉਸ ਦੇ ਬਾਕੀ ਸਾਥੀ ਉਸ ਨੂੰ ਬਚਾਉਣ ਦੀ ਕੋਸ਼ਿਸ਼ 'ਚ ਮੌਤ ਦੀ ਆਗੋਸ਼ 'ਚ ਚਲੇ ਗਏ। ਬੱਚਿਆਂ ਦੀਆਂ ਚੀਕਾਂ ਸੁਣ ਕੇ ਪਿੰਡ ਵਾਸੀ ਦੌੜ ਕੇ ਉਥੇ ਪਹੁੰਚੇ ਤੇ ਤਿੰਨ ਬੱਚਿਆਂ ਨੂੰ ਬਚਾਅ ਲਿਆ, ਪਰ ਪੰਜ ਬੱਚੇ ਡੁੱਬ ਗਏ। ਡੁੱਬਣ ਵਾਲੇ ਬੱਚਿਆਂ ਦੀ ਪਛਾਣ ਰਿਤੂ, ਸੋਨਮ, ਅਮਿਤ, ਵੈਸ਼ਾਲੀ ਤੇ ਰੂਪਾਲੀ ਦੇ ਤੌਰ 'ਤੇ ਹੋਈ ਹੈ।

# ਸਿੰਧੂ, ਸੇਨ ਕੈਨੇਡਾ ਓਪਨ ਦੇ ਸੈਮੀਫਾਈਨਲ 'ਚ ਪਹੁੰਚੇ



**ਕੈਲਗਰੀ** : ਰਾਸ਼ਟਰਮੰਡਲ ਖੇਡਾਂ ਦੇ ਚੈਂਪੀਅਨ ਪੀ ਵੀ ਸਿੰਧੂ ਅਤੇ ਲਕਸ਼ ਸੇਨ ਕੈਨੇਡਾ 500 ਸੁਪਰ ਬੈਡਮਿੰਟਨ ਟੂਰਨਾਮੈਂਟ 'ਚ ਸੈਮੀਫਾਈਨਲ 'ਚ ਪਹੁੰਚ ਗਏ। ਓਲੰਪਿਕ 'ਚ ਦੋ ਤਮਗੇ ਜਿੱਤਣ ਵਾਲੀ ਸਿੰਧੂ ਨੇ ਸ਼ੁੱਕਰਵਾਰ ਦੇਰ ਰਾਤ ਖੇਡੇ ਗਏ ਮਹਿਲਾ ਸਿੰਗਲ ਦੇ ਕੁਆਰਟਰ ਫਾਈਨਲ 'ਚ ਫੈਂਗ ਜੀ ਨੂੰ ਅਸਾਨੀ ਨਾਲ 21-12, 21-7 ਨਾਲ ਹਰਾਇਆ। ਇਹ ਇਸ ਖਿਡਾਰੀ ਖਿਲਾਫ਼ ਉਨ੍ਹਾ ਦੀ ਚਾਰ ਮੁਕਾਬਲਿਆਂ 'ਚ ਪਹਿਲੀ ਜਿੱਤ ਹੈ। ਸੇਨ ਨੇ ਮਰਦ ਸਿੰਗਲ ਕੁਆਰਟਰ ਫਾਈਨਲ 'ਚ ਜਰਮਨ ਕਵਾਲੀਫਾਇਰ ਜੂਲੀਅਨ ਕੈਰਾਗੀ ਨੂੰ 21-8, 17-21 ਤੇ 21-10 ਨਾਲ ਹਰਾਇਆ। ਸਿੰਧੂ ਦਾ ਮੁਕਾਬਲਾ ਹੁਣ ਦੁਨੀਆ ਦੀ ਨੰਬਰ ਇੱਕ ਖਿਡਾਰੀ

● ਬਾਕੀ ਸਫ਼ਾ 2 'ਤੇ

# ਵਿਸ਼ਵ ਦਾ ਸਭ ਤੋਂ ਅਮੀਰ ਭਿਖਾਰੀ

## *3000 ਰੁਪਏ ਰੋਜ਼ਾਨਾ ਕਮਾਈ*



**ਮੁੰਬਈ** : ਜਦ 'ਭਿਖਾਰੀ' ਦਾ ਨਾਂਅ ਸੁਣਦੇ ਹਾਂ ਤਾਂ ਸਾਡੀਆਂ ਅੱਖਾਂ ਸਾਹਮਣੇ ਇੱਕ ਲਾਚਾਰ ਵਿਅਕਤੀ ਦਾ ਚਿਹਰਾ ਆਉਂਦਾ ਹੈ। ਹਰ ਦਿਨ ਅਸੀਂ ਕਈ ਭਿਖਾਰੀਆਂ ਨੂੰ ਦਿਨ 'ਚ ਦੋ ਸਮੇਂ ਦੇ ਭੋਜਨ ਲਈ ਮੰਗਦੇ ਦੇਖਦੇ ਹਾਂ। ਸਭ ਨੂੰ ਹੈਰਾਨੀ ਹੁੰਦੀ ਹੈ ਕਿ ਇਨ੍ਹਾਂ ਨੂੰ ਪੂਰੇ ਦਿਨ 'ਚ ਕਿੰਨੇ ਕੁ ਪੈਸੇ ਮਿਲਦੇ ਹੋਣਗੇ, ਕੀ ਉਸ ਨਾਲ ਇਨ੍ਹਾਂ ਦਾ ਢਿੱਡ ਭਰਦਾ ਹੈ, ਪਰ ਜੇ ਕੋਈ ਵਿਅਕਤੀ ਪੇਸ਼ੇ ਤੋਂ ਭਿਖਾਰੀ ਹੋਵੇ ਤਾਂ ਕੀ ਹੋਵੇਗਾ? ਜੇਕਰ ਉਹ ਦੁਨੀਆ ਦਾ ਸਭ ਤੋਂ ਅਮੀਰ ਭਿਖਾਰੀ ਹੋਵੇ ਤਾਂ। ਮੁੰਬਈ ਨਿਵਾਸੀ ਭਰਤ ਜੈਨ ਦੇਸ਼ ਹੀ ਨਹੀਂ, ਬਲਕਿ ਵਿਸ਼ਵ ਦਾ ਸਭ ਤੋਂ ਅਮੀਰ ਭਿਖਾਰੀ ਹੈ। ਆਰਥਕ ਸਥਿਤੀ ਖਰਾਬ ਹੋਣ ਕਾਰਨ ਭਰਤ ਨੂੰ ਸਿੱਖਿਆ ਨਹੀਂ

● ਬਾਕੀ ਸਫ਼ਾ 2 'ਤੇ

# ਰੋਡਵੇਜ਼ ਬੱਸ-ਕਰੂਜ਼ਰ ਦੀ ਟੱਕਰ 'ਚ 8 ਮੌਤਾਂ



**ਨਵੀਂ ਦਿੱਲੀ** : ਹਰਿਆਣਾ 'ਚ ਸ਼ਨੀਵਾਰ ਸਵੇਰੇ ਭਿਵਾਨੀ ਰੋਡ 'ਤੇ ਸੜਕ ਹਾਦਸੇ 'ਚ 8 ਲੋਕਾਂ ਦੀ ਮੌਤ ਹੋ ਗਈ, ਜਦਕਿ 12 ਲੋਕ ਜ਼ਖ਼ਮੀ ਹੋ ਗਏ। ਜਾਣਕਾਰੀ ਅਨੁਸਾਰ ਇਹ ਹਾਦਸਾ ਬੀਬੀਪੁਰ ਪਿੰਡ ਦੇ ਕੋਲ ਹਰਿਆਣਾ ਰੋਡਵੇਜ਼ ਬੱਸ ਅਤੇ ਕਰੂਜ਼ਰ ਦੀ ਆਹਮੋ-ਸਾਹਮਣੇ ਟੱਕਰ ਨਾਲ ਹੋਇਆ। ਦੱਸਿਆ ਜਾ ਰਿਹਾ ਹੈ ਕਿ ਇਹ ਹਾਦਸਾ ਬਾਰਿਸ਼ ਦੇ ਚਲਦੇ ਹੋਇਆ। ਫਿਲਹਾਲ ਮ੍ਰਿਤਕਾਂ ਦੀ ਪਛਾਣ ਨਹੀਂ ਹੋ ਸਕੀ। ਰੋਡਵੇਜ਼ ਡਿਪੂ ਦੀ ਇੱਕ ਬੱਸ ਸ਼ਨੀਵਾਰ ਸਵੇਰੇ ਜੀਂਦ ਬੱਸ ਸਟੈਂਡ ਤੋਂ ਨਿਕਲੀ। ਜਦੋਂ ਉਹ ਭਿਵਾਨੀ ਰੋਡ 'ਤੇ ਬੀਬੀਪੁਰ ਪਿੰਡ ਦੇ ਕੋਲ ਪਹੁੰਚੀ ਤਾਂ ਮੁੰਡਾਲ ਤੋਂ ਸਵਾਰੀਆਂ ਭਰ ਕੇ ਚੱਲੀ ਇੱਕ ਕਰੂਜ਼ਰ ਜੀਪ ਨਾਲ ਉਸ ਦੀ

● ਬਾਕੀ ਸਫ਼ਾ 2 'ਤੇ

# ਅੱਜ-ਨਾਮਾ

ਵੱਡਿਆਂ ਲੋਕਾਂ ਦੀਆਂ ਵੱਡੀਆਂ ਕਈ ਗੱਲਾਂ,
ਹਰ ਇੱਕ ਸਮਝਣੀ ਔਖੀ ਆ ਬਾਤ ਬੇਲੀ।
ਇਨ੍ਹਾਂ ਲਈ ਸੂਰਜ ਦਾ ਹੋਣ ਨਾ ਹੋਣ ਇੱਕੋ,
ਦਿਨਾਂ ਤੋਂ ਵੱਧ ਬਈ ਇਨ੍ਹਾਂ ਦੀ ਰਾਤ ਬੇਲੀ।
ਟਕਿਆਂ ਦੋਂਹ ਦਾ ਜਿਹੜਾ ਨਾ ਕੱਲ੍ਹ ਸੀ ਗਾ,
ਭਲਕ ਤੱਕ ਕਰ ਜਾਊਗਾ ਕਰਾਮਾਤ ਬੇਲੀ।
ਜੀਹਦੀ ਚੜ੍ਹਤ ਸੀ ਸੁਬਹਾ ਅਸਮਾਨ ਜਿੱਡੀ,
ਸ਼ਾਮ ਤੱਕ ਹੋਣੀ ਨਹੀਂ ਟਕਾ ਔਕਾਤ ਬੇਲੀ।
ਪਰਦਿਆਂ ਓਹਲੇ ਕੀ ਮਹਿਲ ਦੇ ਵਿੱਚ ਹੁੰਦਾ,
ਸੁਣਦਿਆਂ ਆਏ ਨਹੀਂ ਜਲਦ ਯਕੀਨ ਬੇਲੀ।
ਉਤਲੀ ਚਮਕ ਆ ਅੱਖਾਂ ਚੁੰਧਿਆਈ ਜਾਂਦੀ,
ਅੰਦਰ ਦੀ ਹਾਲਤ ਆ ਬਹੁਤ ਮਲੀਨ ਬੇਲੀ।

-ਤੀਸ ਮਾਰ ਖਾਂ

# ਸ਼੍ਰੋਮਣੀ ਕਮੇਟੀ ਵੱਲੋਂ ਯੂ ਸੀ ਸੀ ਦਾ ਕਰੜਾ ਵਿਰੋਧ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਨੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵੱਲੋਂ ਪ੍ਰਸਤਾਵਤ ਯੂਨੀਫਾਰਮ ਸਿਵਲ ਕੋਡ (ਯੂ ਸੀ ਸੀ) ਨੂੰ ਦੇਸ਼ ਅੰਦਰ ਗੈਰ-ਜ਼ਰੂਰੀ ਕਰਾਰ ਦਿੰਦਿਆਂ ਕਰੜਾ ਵਿਰੋਧ ਦਰਜ ਕੀਤਾ। ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਦੀ ਅਗਵਾਈ 'ਚ ਅੰਤਰਿੰਗ ਕਮੇਟੀ ਨੇ ਸਾਂਝੇ ਸਿਵਲ ਕੋਡ (ਯੂ ਸੀ ਸੀ) ਨੂੰ ਰੱਦ ਕਰਦਿਆਂ ਕਿਹਾ ਕਿ ਦੇਸ਼ 'ਚ ਅਜਿਹੇ ਕਾਨੂੰਨ ਦੀ ਲੋੜ ਨਹੀਂ ਹੈ। ਇਹ ਖੁਲਾਸਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮੀਟਿੰਗ ਮਗਰੋਂ ਕੀਤਾ। ਮੀਟਿੰਗ ਦੀ ਕਾਰਵਾਈ ਮੀਡੀਆ ਨਾਲ ਸਾਂਝੀ ਕਰਦਿਆਂ ਉਨ੍ਹਾ ਦੱਸਿਆ ਸਾਂਝਾ ਸਿਵਲ ਕੋਡ ਦਾ ਮਾਮਲਾ ਅੱਜ ਸਿੱਖ ਵਿਦਵਾਨਾਂ ਵੱਲੋਂ ਵਿਚਾਰਿਆ ਗਿਆ ਅਤੇ ਆਪਣੀ ਰਿਪੋਰਟ ਅੰਤਰਿੰਗ ਕਮੇਟੀ ਨੂੰ ਦਿੱਤੀ ਹੈ। ਸਿੱਖ ਵਿਦਵਾਨਾਂ ਨੇ ਆਖਿਆ ਕਿ ਇਸ ਨਵੇਂ ਕਾਨੂੰਨ ਦੀ ਦੇਸ਼ 'ਚ ਕੋਈ ਲੋੜ ਨਹੀਂ।

ਉਨ੍ਹਾ ਕਿਹਾ ਕਿ ਸੰਵਿਧਾਨ ਵੀ ਅਨੇਕਤਾ 'ਚ ਏਕਤਾ ਦੇ ਸਿਧਾਂਤ ਨੂੰ ਮਾਨਤਾ ਦਿੰਦਾ ਹੈ। ਉਨ੍ਹਾ ਕਿਹਾ ਕਿ ਸਿੱਖਾਂ ਦੀਆਂ ਮਰਿਆਦਾਵਾਂ ਨੂੰ ਕਿਸੇ ਕਾਨੂੰਨ ਦੀ ਕਸੌਟੀ 'ਤੇ ਨਹੀਂ ਪਰਖਿਆ ਜਾ ਸਕਦਾ। ਇਸ ਲਈ ਸਿੱਖ ਕੌਮ ਯੂ ਸੀ ਸੀ ਦਾ ਵਿਰੋਧ ਕਰਦੀ ਹੈ। ਉਨ੍ਹਾ ਕਿਹਾ ਕਿ 21ਵੇਂ ਲਾਅ ਕਮਿਸ਼ਨ ਨੇ ਵੀ ਯੂ ਸੀ ਸੀ ਨੂੰ ਮੁੱਢੋਂ ਰੱਦ ਕਰਦਿਆਂ ਦਲੀਲ ਦਿੱਤੀ ਸੀ ਕਿ ਅਜਿਹੇ ਕਾਨੂੰਨ ਦੀ ਨਾ ਸਾਰਥਿਕਤਾ ਅਤੇ ਨਾ ਹੀ ਲੋੜ ਹੈ। ਇਸ ਦੇ ਨਾਲ ਉਨ੍ਹਾ ਗੁਰਬਾਣੀ ਪ੍ਰਸਾਰਨ ਮਾਮਲੇ 'ਤੇ ਗੱਲ ਕਰਦਿਆਂ ਕਿਹਾ ਕਿ ਇਸ ਸੰਬੰਧੀ ਇਕ ਕਮੇਟੀ ਬਣੀ ਹੈ, ਜਿਸ ਦੀ ਅਗਵਾਈ ਸ਼੍ਰੋਮਣੀ ਕਮੇਟੀ ਦੇ ਮੈਂਬਰ ਗੁਰਚਰਨ ਸਿੰਘ ਗਰੇਵਾਲ ਕਰ ਰਹੇ ਹਨ। ਉਨ੍ਹਾ ਕਿਹਾ ਇਸ ਬਾਰੇ ਅਜੇ ਮੀਟਿੰਗਾਂ ਚੱਲ ਰਹੀਆਂ ਹਨ ਅਤੇ ਕੁਝ ਹੀ ਦਿਨਾਂ ਬਾਅਦ ਇਸ ਬਾਰੇ ਦੱਸ ਦਿੱਤਾ ਜਾਵੇਗਾ।

ਅੰਤ੍ਰਿੰਗ ਕਮੇਟੀ ਦੇ ਹੋਰ ਫੈਸਲਿਆਂ ਬਾਰੇ ਐਡਵੋਕੇਟ ਧਾਮੀ ਨੇ ਦੱਸਿਆ ਕਿ 1984 'ਚ ਦਿੱਲੀ ਦੇ ਪੁਲ ਬੰਗਸ ਗੁਰਦੁਆਰਾ ਸਾਹਿਬ ਵਿਖੇ ਤਿੰਨ ਸਿੱਖਾਂ ਦੇ ਕਤਲੇਆਮ ਦੇ ਦੋਸ਼ੀ ਜਗਦੀਸ਼ ਟਾਈਟਲਰ ਵਿਰੁੱਧ ਸ਼੍ਰੋਮਣੀ ਕਮੇਟੀ ਵੱਲੋਂ ਕੇਸਾਂ ਦੀ ਪੈਰਵਾਈ ਕੀਤੀ ਜਾਵੇਗੀ। ਉਨ੍ਹਾ ਕਿਹਾ ਕਿ ਟਾਈਟਲਰ ਵਿਰੁੱਧ ਇਸ ਮਾਮਲੇ 'ਤੇ ਸੀ ਬੀ ਆਈ ਵੱਲੋਂ ਅਦਾਲਤ 'ਚ ਚਾਰਜਸ਼ੀਟ ਦਾਖ਼ਲ ਕੀਤੀ ਗਈ ਹੈ ਅਤੇ ਇਸ ਵਿਰੁੱਧ ਕੇਸ ਲੜਨ ਵਾਲੇ ਵਕੀਲਾਂ ਦੀਆਂ ਫੀਸਾਂ ਸ਼੍ਰੋਮਣੀ ਕਮੇਟੀ ਵੱਲੋਂ ਅਦਾ ਕੀਤੀਆਂ ਜਾਣਗੀਆਂ। ਉਨ੍ਹਾ ਕਿਹਾ ਕਿ ਇਸ ਮਾਮਲੇ 'ਤੇ ਦਿੱਲੀ ਕਮੇਟੀ ਵੱਲੋਂ ਪੈਰ ਪਿੱਛੇ ਕਰਨ ਮਗਰੋਂ ਹੁਣ ਸ਼੍ਰੋਮਣੀ ਕਮੇਟੀ ਨੇ ਇਨ੍ਹਾਂ ਕੇਸਾਂ ਦੀ ਪੈਰਵਾਈ ਕਰਨ ਦਾ ਫੈਸਲਾ ਲਿਆ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਸ਼੍ਰੋਮਣੀ ਕਮੇਟੀ ਵੱਲੋਂ ਪੁਰਾਤਨ ਹੱਥ ਲਿਖਤ ਪਾਵਨ

● ਬਾਕੀ ਸਫ਼ਾ 2 'ਤੇ

# ਖ਼ੂਬਸੂਰਤ ਪਾਕਿਸਤਾਨੀ ਏਜੰਟ 'ਤੇ ਫਿਦਾ ਹੋ ਗਏ ਸਨ ਡੀ ਆਰ ਡੀ ਓ ਵਿਗਿਆਨੀ



**ਪੁਣੇ** : ਡੀ ਆਰ ਡੀ ਓ ਵਿਗਿਆਨੀ ਪ੍ਰਦੀਪ ਕੁਰੂਲਕਰ ਪਾਕਿਸਤਾਨੀ ਜਾਸੂਸ 'ਤੇ ਫਿਦਾ ਹੋ ਗਏ ਸਨ। ਉਨ੍ਹਾ ਨੇ 'ਜ਼ਾਰਾ ਦਾਸਗੁਪਤਾ' ਨਾਂਅ ਦੀ ਏਜੰਟ ਦੇ ਨਾਲ ਕਈ ਖੁਫੀਆ ਜਾਣਕਾਰੀਆਂ ਵੀ ਸਾਂਝੀਆਂ ਕੀਤੀਆਂ ਸਨ। ਇਸ 'ਚ ਖੁਫੀਆ ਰੱਖਿਆ ਯੋਜਨਾਵਾਂ ਤੋਂ ਇਲਾਵਾ ਭਾਰਤੀ ਮਿਜ਼ਾਇਲ ਸਿਸਟਮ ਬਾਰੇ ਗੱਲਬਾਤ ਵੀ ਸ਼ਾਮਲ ਸੀ। ਇਹ ਦੋਸ਼ ਕੁਰੂਲਕਰ ਖਿਲਾਫ਼ ਦਾਖ਼ਲ ਦੋਸ਼ ਪੱਤਰ 'ਚ ਲਗਾਏ ਹਨ। ਮਹਾਰਾਸ਼ਟਰ ਪੁਲਸ ਦੇ ਅੱਤਵਾਦ ਨਿਰੋਧਕ ਦਸਤੇ (ਏ ਟੀ ਐੱਸ) ਨੇ ਬੀਤੇ ਹਫ਼ਤੇ ਕੋਰਟ 'ਚ ਕੁਰੂਲਕਰ ਖਿਲਾਫ਼ ਦੋਸ਼ ਪੱਤਰ ਦਾਖ਼ਲ ਕੀਤਾ। ਕੁਰੂਲਕਰ ਪੁਣੇ 'ਚ ਰੱਖਿਆ ਕੇਂਦਰ ਅਤੇ ਵਿਕਾਸ ਸੰਗਠਨ (ਡੀ ਆਰ ਡੀ ਓ) ਦੀ ਇੱਕ ਪ੍ਰਯੋਗਸ਼ਾਲਾ ਦੇ ਨਿਰਦੇਸ਼ਕ ਸਨ। ਵਿਗਿਆਨੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਹੁਣ ਉਹ ਨਿਆਂਇਕ ਹਿਰਾਸਤ 'ਚ ਹੈ। ਦੋਸ਼ ਪੱਤਰ ਮੁਤਾਬਕ ਕੁਰੂਲਕਰ ਅਤੇ 'ਜ਼ਾਰਾ ਦਾਸਗੁਪਤਾ' ਵਟਸਅਪ ਜ਼ਰੀਏ ਸੰਪਰਕ 'ਚ ਰਹਿਣ ਦੇ ਨਾਲ-ਨਾਲ ਵਾਇਸ ਅਤੇ ਵੀਡੀਓ ਕਾਲ ਜ਼ਰੀਏ ਵੀ ਗੱਲਬਾਤ ਕਰਦੇ ਸਨ। ਏ ਟੀ ਐੱਸ ਨੇ ਦੋਸ਼ ਪੱਤਰ 'ਚ ਕਿਹਾ ਕਿ ਇਸ ਪਾਕਿਸਤਾਨੀ ਜਾਸੂਸ ਨੇ ਦਾਅਵਾ ਕੀਤਾ ਸੀ ਕਿ ਉਹ ਬ੍ਰਿਟੇਨ 'ਚ ਰਹਿੰਦੀ ਹੈ ਅਤੇ ਸਾਫਟਵੇਅਰ ਇੰਜੀਨੀਅਰ ਹੈ। ਉਸ ਨੇ ਕੁਰੂਲਕਰ ਨੂੰ ਅਸ਼ਲੀਲ ਸੰਦੇਸ਼ ਅਤੇ ਵੀਡੀਓ ਭੇਜ ਕੇ ਉਸ ਨਾਲ ਦੋਸਤੀ ਕੀਤੀ। ਜਾਂਚ ਦੌਰਾਨ ਉਸ ਦਾ ਆਈ ਪੀ ਐਡਰੈਸ ਪਾਕਿਸਤਾਨ ਦਾ ਪਾਇਆ ਗਿਆ।

ਕੁਰੂਲਕਰ ਦੀਆਂ ਗਤੀਵਿਧੀਆਂ ਸ਼ੱਕੀ ਪਾਏ ਜਾਣ ਤੋਂ ਬਾਅਦ ਡੀ ਆਰ ਡੀ ਓ

● ਬਾਕੀ ਸਫ਼ਾ 2 'ਤੇ

CMYK

## ਛੱਪੜ 'ਤੋਂ ਨਜਾਇਜ਼ ਕਬਜ਼ਾ ਛੁਡਵਾਉਣ ਲਈ ਸਰਕਾਰ ਅੱਗੇ ਗੁਹਾਰ



**ਭਗਤਾ ਭਾਈ ਕਾ (ਰਾਜੀਵ ਗੋਇਲ)**-ਸਥਾਨਕ ਸ਼ਹਿਰ ਦੀ ਮਸ਼ਹੂਰ ਧਾਰਮਿਕ ਜਗ੍ਹਾ ਭੂਤਾਂ ਵਾਲੇ ਖੂਹ ਨਜ਼ਦੀਕ ਬਣੇ ਛੱਪੜ 'ਤੇ ਨਜਾਇਜ਼ ਕਬਜ਼ਾ ਛੁਡਵਾਉਣ ਨੂੰ ਲੈ ਕੇ ਆਮ ਲੋਕਾਂ ਵੱਲੋਂ ਸਰਕਾਰ ਤੇ ਪ੍ਰਸ਼ਾਸਨ ਅੱਗੇ ਗੁਹਾਰ ਲਗਾਈ ਗਈ ਹੈ। ਇਸ ਮੌਕੇ ਗੱਲਬਾਤ ਕਰਦੇ ਹੋਏ ਮਨਜੀਤ ਸਿੰਘ ਨੇ ਦੱਸਿਆ ਕਿ ਜਦੋਂ ਬਾਰਿਸ਼ ਪੈਂਦੀ ਹੈ ਤਾਂ ਛੱਪੜ ਦਾ ਗੰਦਾ ਪਾਣੀ ਗਲੀ ਵਿੱਚ ਆ ਜਾਂਦਾ ਹੈ ਤੇ ਲੋਕਾਂ ਦੇ ਘਰਾਂ ਅੰਦਰ ਵੜ ਜਾਂਦਾ ਹੈ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਹੈ ਕਿ ਛੱਪੜ ਤੋਂ ਨਜਾਇਜ਼ ਕਬਜ਼ਾ ਛੁਡਵਾਇਆ ਜਾਵੇ।

## ਅਕਾਲ ਅਕੈਡਮੀ ਵਿਖੇ ਵਿੱਦਿਅਕ ਪ੍ਰਦਰਸ਼ਨੀ ਲਗਾਈ



**ਚੀਮਾ ਮੰਡੀ (ਰਵਿੰਦਰ ਚੀਮਾ)**-ਅਕਾਲ ਅਕੈਡਮੀ ਫਤਿਹਗੜ੍ਹ ਗੰਢੂਆਂ ਵਿਖੇ ਵਿਦਿਆਰਥੀਆਂ ਵੱਲੋਂ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਬਣਾਏ ਮਾਡਲਾਂ ਤੇ ਚਾਰਟਾਂ ਦੀ ਪ੍ਰਦਰਸ਼ਨੀ ਲਗਾਈ ਗਈ, ਜਿਸ 'ਚ ਵਿਦਿਆਰਥੀਆਂ ਦੇ ਮਾਪਿਆਂ ਤੇ ਇਲਾਕੇ ਦੇ ਪਤਵੰਤਿਆਂ ਨੇ ਮਹਿਮਾਨਾਂ ਵਜੋਂ ਸ਼ਿਰਕਤ ਕੀਤੀ। ਮਾਪਿਆਂ ਤੇ ਪਤਵੰਤਿਆਂ ਨੇ ਵਿਦਿਆਰਥੀਆਂ ਦੇ ਮਾਡਲਾਂ ਦੀ ਬਹੁਤ ਸਿਫਤ ਕੀਤੀ। ਉਨ੍ਹਾਂ ਕਿਹਾ ਕਿ ਬੱਚਿਆਂ ਦੇ ਅਧਿਆਪਕਾਂ ਦੁਆਰਾ ਪੜ੍ਹਾਏ ਗਏ ਵਿਸ਼ਿਆਂ 'ਤੇ ਅਧਾਰਤ ਸਜੀਵ ਮਾਡਲ ਦੇਖ ਕੇ ਵਿਗਿਆਨ, ਗਣਿਤ, ਭੂਗੋਲ ਆਦਿ ਦੇ ਗੁੰਝਲਦਾਰ ਸਿਧਾਂਤ ਸਾਨੂੰ ਸਹਿਜੇ ਹੀ ਸਮਝ ਆ ਗਏ। ਇਸ ਸੰਬੰਧੀ ਅਕਾਲ ਅਕੈਡਮੀ ਦੇ ਵਿਦਿਆਰਥੀਆਂ ਦੀ ਪ੍ਰਵੀਨਤਾ ਸਲਾਹੁਣਯੋਗ ਹੈ। ਇਸ ਮੌਕੇ ਅਕੈਡਮੀ ਦੇ ਪ੍ਰਿੰਸੀਪਲ ਨੀਨਾ ਸ਼ਰਮਾ ਨੇ ਵਿਦਿਆਰਥੀਆਂ ਦੁਆਰਾ ਬਣਾਏ ਮਾਡਲਾਂ ਦਾ ਨਿਰੀਖਣ ਕੀਤਾ ਤੇ ਵਿਦਿਆਰਥੀਆਂ ਦੀ ਪ੍ਰਤਿਭਾ ਤੇ ਮਿਹਨਤ ਦੀ ਹੌਸਲਾ ਅਫਜ਼ਾਈ ਕੀਤੀ।

## ਡੇਂਗੂ, ਮਲੇਰੀਆ ਤੋਂ ਬਚਾਅ ਲਈ ਸਿਹਤ ਵਿਭਾਗ ਵੱਲੋਂ ਗਤੀਵਿਧੀਆਂ ਜਾਰੀ

**ਬੁਢਲਾਡਾ (ਅਸ਼ੋਕ ਲਾਕੜਾ)**-ਸੀਨੀਅਰ ਮੈਡੀਕਲ ਅਫਸਰ ਡਾ. ਗੁਰਚੇਤਨ ਪ੍ਰਕਾਸ਼ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬੁਢਲਾਡਾ 'ਚ ਡੇਂਗੂ ਅਤੇ ਮਲੇਰੀਆ ਸੰਬੰਧੀ ਘਰ ਘਰ ਜਾ ਕੇ ਗਤੀਵਿਧੀਆਂ ਕੀਤੀਆਂ ਗਈਆਂ ਤੇ ਲੋਕਾਂ ਨੂੰ ਇਨ੍ਹਾਂ ਬਿਮਾਰੀਆਂ ਬਾਰੇ ਜਾਗਰੂਕ ਕੀਤਾ। ਸਿਹਤ ਸੁਪਰਵਾਈਜ਼ਰ ਸੁਖਦੇਵ ਸਿੰਘ ਨੇ ਦੱਸਿਆ ਕਿ ਮੱਛਰ ਖੜ੍ਹੇ ਪਾਣੀ ਵਿੱਚ ਆਪਣੇ ਆਂਡੇ ਦਿੰਦਾ ਹੈ, ਇਸ ਤਰ੍ਹਾਂ ਪਾਣੀ ਨੂੰ ਖੜ੍ਹਾ ਨਾ ਹੋਣ ਦਿੱਤਾ ਜਾਵੇ। ਕੂਲਰ, ਫਰਿਜ, ਗਮਲਿਆਂ, ਡਰੱਮ, ਟੁੱਟੇ ਭੱਜੇ ਭਾਂਡੇ, ਖਰਾਬ ਟਾਇਰ ਆਦਿ ਵਿੱਚ ਵੀ ਮੱਛਰ ਜ਼ਿਆਦਾ ਪਨਪਦੇ ਹਨ, ਇਸ ਲਈ ਹਰ ਸ਼ੁੱਕਰਵਾਰ ਨੂੰ ਡਰਾਈ ਡੇਅ ਤਹਿਤ ਸਾਫ ਸਫਾਈ ਕਰਨੀ ਚਾਹੀਦੀ ਹੈ। ਸਿਹਤ ਕਰਮਚਾਰੀਆਂ ਨੇ ਦੱਸਿਆ ਕਿ ਕੋਈ ਵੀ ਬੁਖਾਰ ਮਲੇਰੀਆ ਹੋ ਸਕਦਾ ਹੈ। ਇਸ ਦੇ ਮੁੱਖ ਲੱਛਣਾਂ ਬਾਰੇ ਦੱਸਦੇ ਹੋਏ ਕਿਹਾ ਕਿ ਵਿਅਕਤੀ ਨੂੰ ਤੇਜ਼ ਬੁਖ਼ਾਰ ਹੋਣਾ, ਕਾਂਬਾ ਲੱਗਣਾ, ਪਸੀਨਾ ਆਉਣਾ, ਤੇਜ਼ ਸਿਰਦਰਦ, ਥਕਾਵਟ ਮਹਿਸੂਸ ਹੋਣਾ ਆਦਿ ਹਨ। ਜੇਕਰ ਕਿਸੇ ਵਿਅਕਤੀ ਨੂੰ ਉਕਤ ਲੱਛਣ ਦਿਖਾਈ ਦਿੰਦੇ ਹਨ ਤਾਂ ਉਸ ਨੂੰ ਸਰਕਾਰੀ ਹਸਪਤਾਲ ਵਿੱਚ ਪਹੁੰਚ ਕੇ ਖੂਨ ਦੀ ਜਾਂਚ ਕਰਵਾਉਣੀ ਚਾਹੀਦੀ ਹੈ। ਡੇਂਗੂ ਅਤੇ ਮਲੇਰੀਆ ਦੀ ਜਾਂਚ ਤੇ ਇਲਾਜ ਮੁਫਤ ਕੀਤਾ ਜਾਂਦਾ ਹੈ। ਇਸ ਸਮੇਂ ਸਿਹਤ ਕਰਮਚਾਰੀ ਮੰਗਲ ਸਿੰਘ, ਕ੍ਰਿਸ਼ਨ ਕੁਮਾਰ, ਜਗਸੀਰ ਸਿੰਘ ਅਤੇ ਬ੍ਰੀਡਿੰਗ ਚੈੱਕਰ ਆਦਿ ਹਾਜ਼ਰ ਸਨ।

## ਤਰਕਸ਼ੀਲਾਂ ਨੇ ਵਿਦਿਆਰਥੀਆਂ ਨੂੰ ਵਿਗਿਆਨਕ ਵਿਚਾਰਧਾਰਾ ਦਾ ਲੜ ਫੜਨ ਲਈ ਪ੍ਰੇਰਿਆ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅਤਰੀ)**-ਤਰਕਸ਼ੀਲ ਸੁਸਾਇਟੀ ਪੰਜਾਬ ਦੀ ਇਕਾਈ ਲੌਂਗੋਵਾਲ ਵੱਲੋਂ ਸਿਪਾਹੀ ਦਰਸ਼ਨ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸ਼ੇਰੋਂ ਵਿਖੇ 5ਵੀਂ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਵਿੱਚ ਭਾਗ ਲੈਣ ਲਈ ਪ੍ਰੇਰਨ ਦੇ ਨਾਲ ਵਿਗਿਆਨਕ ਅਤੇ ਤਰਕਸ਼ੀਲ ਵਿਚਾਰਧਾਰਾ ਦਾ ਲੜ ਫੜਨ ਦਾ ਹੋਕਾ ਦਿੱਤਾ। ਹਰ ਸਾਲ ਹੋਣ ਵਾਲੀ ਇਹ ਪ੍ਰੀਖਿਆ ਇਸ ਵਾਰ ਜੀਵ ਵਿਗਿਆਨ ਦੇ ਪਿਤਾਮਾ ਚਾਰਲਸ ਡਾਰਵਿਨ ਨੂੰ ਸਮਰਪਤ ਕੀਤੀ ਗਈ ਹੈ। ਵਿਦਿਆਰਥੀਆਂ ਨੂੰ ਸੰਬੋਧਿਤ ਹੁੰਦਿਆਂ ਸੀਨੀਅਰ ਤਰਕਸ਼ੀਲ ਕਾਰਕੁਨ ਜੁਝਾਰ ਲੌਂਗੋਵਾਲ ਨੇ ਟੈਲੀਵਿਜ਼ਨ 'ਤੇ ਦਿਖਾਏ ਜਾ ਰਹੇ ਗੈਰ ਵਿਗਿਆਨਕ ਸੀਰੀਅਲਾਂ, ਕਿਸਮਤਵਾਦ, ਵੇਲਾ ਵਿਹਾਅ ਚੁੱਕੀਆਂ ਰੂੜ੍ਹੀਵਾਦੀ ਰਸਮਾਂ ਦਾ ਜੂਲਾ ਲਾਹੁਣ ਦੇ ਨਾਲ ਨਾਲ ਗੰਦੇ ਸੱਭਿਆਚਾਰ ਤੋਂ ਦੂਰ ਰਹਿਣ ਲਈ ਕਿਹਾ। ਇਸ ਮੌਕੇ ਇਕਾਈ ਮੈਂਬਰ ਸੁਖਵੀਰ ਸਿੰਘ, ਲੈਕਚਰਾਰ ਜਰਨੈਲ ਸਿੰਘ, ਨਰੇਸ਼ ਸਿੰਗਲਾ, ਨਰਿੰਦਰ ਸਿੰਘ, ਯਾਦਵਿੰਦਰ ਸਿੰਘ, ਬੂਟਾ ਸਿੰਘ, ਜਗਪ੍ਰੀਤ ਸਿੰਘ, ਆਸ਼ਾ ਰਾਣੀ, ਨੀਤੂ ਰਾਣੀ, ਰੇਨੂੰ ਬਾਲਾ, ਰਜਨੀ ਗਰਗ, ਮੋਨਿਕਾ ਸਿੰਗਲਾ, ਅਮਨਜੋਤ ਆਦਿ ਅਧਿਆਪਕ ਹਾਜ਼ਰ ਸਨ। ਅੰਤ 'ਤੇ ਲੈਕਚਰਾਰ ਜਰਨੈਲ ਉਭਾਵਾਲ ਨੇ ਤਰਕਸ਼ੀਲ ਸੁਸਾਇਟੀ ਦੀ ਟੀਮ ਦਾ ਧੰਨਵਾਦ ਕੀਤਾ।

## ਮੰਦਾਲੀ ਸਕੂਲ ਦੇ ਵਿਦਿਆਰਥੀਆਂ ਨੇ ਸਮਰ ਕੈਂਪ 'ਚ ਲਿਆ ਭਾਗ



**ਬੁਢਲਾਡਾ/ਮਾਨਸਾ (ਅਸ਼ੋਕ ਲਾਕੜਾ/ਆਤਮਾ ਸਿੰਘ)**-ਸਰਕਾਰੀ ਹਾਈ ਸਕੂਲ ਮੰਦਾਲੀ ਵਿਖੇ ਪੰਜਾਬ ਸਿੱਖਿਆ ਵਿਭਾਗ ਦੇ ਹੁਕਮਾਂ ਅਨੁਸਾਰ ਹੈੱਡ ਮਾਸਟਰ ਹਰਪ੍ਰੀਤ ਸਿੰਘ ਜੱਸਲ ਤੇ ਸਮਰ ਕੈਂਪ ਇੰਚਾਰਜ ਮਨਿੰਦਰ ਕੌਰ ਦੀ ਦੇਖ ਰੇਖ ਹੇਠ ਛੇਵੀਂ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਲਈ 15 ਰੋਜ਼ਾ ਸਮਰ ਕੈਂਪ ਲਾਇਆ ਗਿਆ। ਸਮੂਹ ਅਧਿਆਪਕਾਂ ਨੇ ਇਸ ਕੈਂਪ ਵਿੱਚ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਆਪਣਾ ਯੋਗਦਾਨ ਪਾਇਆ। ਕੈਂਪ ਦੌਰਾਨ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਸਰੀਰਕ, ਮਾਨਸਿਕ ਤੇ ਸਮਾਜਿਕ ਗਤੀਵਿਧੀਆਂ ਕਰਵਾਈਆਂ ਗਈਆਂ। ਕੈਂਪ ਦਾ ਨਰੀਖਣ ਗੁਰਦਾਸ ਸਿੰਘ ਸੇਖੋਂ ਹੈੱਡ ਮਾਸਟਰ ਸਰਕਾਰੀ ਹਾਈ ਸਕੂਲ ਦੋਦੜਾ ਵੱਲੋਂ ਕੀਤਾ ਗਿਆ। ਉਨ੍ਹਾ ਵਿਦਿਆਰਥੀਆਂ ਦੀਆਂ ਗਤਵਿਧੀਆਂ ਦੀ ਸ਼ਲਾਘਾ ਕੀਤੀ ਤੇ ਵਿਦਿਆਰਥੀਆਂ ਨੂੰ ਹੋਰ ਉਤਸ਼ਾਹਤ ਕਰਨ ਲਈ ਆਪਣੇ ਵਿਚਾਰ ਸਾਂਝੇ ਕੀਤੇ। ਇਸ ਸਮਰ ਕੈਂਪ ਦੌਰਾਨ ਵੱਖ ਵੱਖ ਗਤੀਵਿਧੀਆਂ ਕਰਵਾਈਆਂ ਗਈਆਂ, ਜਿਸ 'ਚ ਕਹਾਣੀ ਸੁਣੋ, ਕਹਾਣੀ ਸਣਾਓ, ਗਣਿਤ, ਵਿਗਿਆਨ ਤੇ ਸਮਾਜਿਕ ਭਲਾਈ ਦੀਆਂ ਗਤੀਵਿਧੀਆਂ ਕਰਵਾਈਆਂ ਗਈਆਂ, ਜਿਨ੍ਹਾਂ ਵਿੱਚ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ। ਸਕੂਲ ਮੀਡੀਆ ਕੋਆਰਡੀਨੇਟਰ ਹਰਵਿੰਦਰ ਸਿੰਘ ਦੁਆਰਾ ਸਮਰ ਕੈਂਪ ਦੀਆਂ ਗਤੀਵਿਧੀਆਂ ਨੂੰ ਸੋਸ਼ਲ ਮੀਡੀਆ 'ਤੇ ਲਗਾਤਾਰ ਸਾਂਝਾ ਕੀਤਾ ਜਾ ਰਿਹਾ ਹੈ। ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਭਵਿੱਖ ਵਿੱਚ ਅਜਿਹੇ ਸਾਰਥਕ ਉਪਰਾਲੇ ਲਗਾਤਾਰ ਜਾਰੀ ਰਹਿਣਗੇ।

## ਬੀਰੋਕੇ ਕਲਾਂ ਸਕੂਲ 'ਚ ਏ ਸੀ ਦੀ ਸਹੂਲਤ



**ਮਾਨਸਾ (ਪਮਾਰ)**-ਆਪਣੀ ਕਰਮ ਭੂਮੀ ਨੂੰ ਉੱਤਮ ਸਥਾਨ ਦਿੰਦੇ ਹੋਏ ਛੋਟੇ ਬੱਚਿਆਂ ਲਈ ਮੈਡਮ ਬਲਰਾਜ ਕੌਰ ਈ ਟੀ ਟੀ ਅਧਿਆਪਕਾ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਬੀਰੋਕੇ ਕਲਾਂ ਅਤੇ ਇਨ੍ਹਾਂ ਦੇ ਪਤੀ ਜਗਸੀਰ ਸਿੰਘ ਸੇਖੋਂ ਨੇ ਆਪਣੀ ਮਾਤਾ ਗਿਆਨ ਕੌਰ ਦੀ ਨਿੱਘੀ ਯਾਦ 'ਚ ਇੱਕ ਏ ਸੀ ਸਕੂਲ ਨੂੰ ਦਾਨ ਦਿੱਤਾ। ਸਕੂਲ ਮੁਖੀ ਕਸ਼ਮੀਰ ਸਿੰਘ ਔਲਖ, ਰਾਮ ਪਿਆਰੀ, ਚਰਨਜੀਤ ਕੌਰ, ਮਨਪ੍ਰੀਤ ਕੌਰ, ਰੋਸ਼ਨ ਸਿੰਘ ਨੇ ਸਕੂਲ ਅਧਿਆਪਕਾ ਬਲਰਾਜ ਕੌਰ, ਪਤੀ ਜਗਸੀਰ ਸਿੰਘ ਸੇਖੋਂ ਅਤੇ ਪਰਵਾਰ ਦਾ ਧੰਨਵਾਦ ਕੀਤਾ ਕਿ ਉਨ੍ਹਾਂ ਨੇ ਆਪਣੀ ਮਾਤਾ ਦੀ ਯਾਦ 'ਚ ਸਕੂਲ ਦੀ ਭਲਾਈ ਲਈ ਵੱਡਾ ਕਾਰਜ ਕੀਤਾ ਹੈ। ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) ਮਨਪ੍ਰੀਤ ਸਿੰਘ, ਉਪ ਸਿੱਖਿਆ ਅਫਸਰ ਗੁਰਲਾਭ ਸਿੰਘ, ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਬੁਢਲਾਡਾ ਅਮਨਦੀਪ ਸਿੰਘ ਸੇਖੋਂ ਨੇ ਈ.ਟੀ.ਟੀ ਅਧਿਆਪਕਾ ਬਲਰਾਜ ਕੌਰ ਅਤੇ ਉਨ੍ਹਾਂ ਦੇ ਪਤੀ ਜਗਸੀਰ ਸਿੰਘ ਸੇਖੋਂ ਦੀ ਸੋਚ ਨੂੰ ਸਲਾਮ ਕਰਦਿਆਂ ਕਿਹਾ ਕਿ ਉਨ੍ਹਾ ਨੇ ਜੋ ਆਪਣੇ ਬਜ਼ੁਰਗਾਂ ਦੀ ਯਾਦ 'ਚ ਭਲਾਈ ਕਾਰਜ ਕੀਤਾ ਹੈ, ਬਹੁਤ ਹੀ ਸ਼ਲਾਘਾਯੋਗ ਹੈ। ਉਨ੍ਹਾਂ ਇਸ ਗੱਲ 'ਤੇ ਖੁਸ਼ੀ ਤੇ ਮਾਣ ਮਹਿਸੂਸ ਕੀਤਾ ਕਿ ਹੁਣ ਹੋਰਨਾਂ ਸਮਾਜ ਸੇਵੀ ਸੰਸਥਾਵਾਂ ਤੋਂ ਇਲਾਵਾ ਅਧਿਆਪਕ ਖੁਦ ਵੀ ਵਿਦਿਆਰਥੀਆਂ ਦੇ ਸੁਨਹਿਰੀ ਭਵਿੱਖ ਅਤੇ ਸਕੂਲ ਦੀ ਬਿਹਤਰੀ ਲਈ ਵੱਡੇ ਪੱਧਰ 'ਤੇ ਉਪਰਾਲੇ ਕਰ ਰਹੇ ਹਨ।



ਡਿਊਟੀ ਦੌਰਾਨ ਇਮਾਨਦਾਰੀ ਨਾਲ ਵਧੀਆ ਸੇਵਾਵਾਂ ਕਰਨ ਬਦਲੇ ਐੱਸ ਐੱਸ ਪੀ ਮੋਂਗਾ ਨੇ ਸੀ ਆਈ ਏ ਬਾਘਾ ਪੁਰਾਣਾ ਦੇ ਇੰਚਾਰਜ ਦਲਜੀਤ ਸਿੰਘ ਨੂੰ ਡੀਜੀਪੀ ਡਿਸਕ ਨਾਲ ਸਨਮਾਨਤ ਕੀਤਾ। (ਫੋਟੋ ਤੇ ਵਰੇਵਾ ਮਨੀ ਸਿੰਗਲਾ, ਬਾਘਾ ਪੁਰਣਾ)



ਡਿਊਟੀ ਦੌਰਾਨ ਇਮਾਨਦਾਰੀ ਨਾਲ ਵਧੀਆ ਸੇਵਾਵਾਂ ਕਰਨ ਬਦਲੇ ਐੱਸ ਐੱਸ ਪੀ ਮੋਂਗਾ ਨੇ ਹੌਲਦਾਰ ਦਵਿੰਦਰ ਸਿੰਘ ਸੋਢੀ ਨੂੰ ਡੀ ਜੀ ਪੀ ਡਿਸਕ ਨਾਲ ਸਨਮਾਨਤ ਕੀਤਾ। (ਫੋਟੋ ਤੇ ਵੇਰਵਾ : ਮਨੀ ਸਿੰਗਲਾ, ਬਾਘਾ ਪੁਰਣਾ)

## ਮਨਪ੍ਰੀਤ ਕੌਰ ਤੇ ਇੰਦਰਜੀਤ ਸਿੰਘ ਦੀਆਂ ਸੇਵਾਵਾਂ ਖਤਮ ਕਰਨਾ ਮੰਦਭਾਗਾ : ਜੀ ਟੀ ਯੂ

**ਮਾਨਸਾ (ਆਤਮਾ ਸਿੰਘ ਪਮਾਰ)**-ਸੇਵਾਵਾਂ ਰੈਗੂਲਰ ਕਰਾਉਣ ਲਈ ਅੰਦੋਲਨ ਕਰ ਰਹੇ ਕੱਚੇ ਅਧਿਆਪਕਾਂ ਇੰਦਰਜੀਤ ਸਿੰਘ ਡੇਲੂਆਣਾ ਅਤੇ ਮਨਪ੍ਰੀਤ ਕੌਰ ਸੰਗਰੂਰ ਦੀਆਂ ਪੰਜਾਬ ਸਰਕਾਰ ਵੱਲੋਂ ਸੇਵਾਵਾਂ ਖਤਮ ਕਰਨ ਦਾ ਪੱਤਰ ਜਾਰੀ ਕਰਨ ਨੂੰ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਇਕਾਈ ਮਾਨਸਾ ਦੇ ਆਗੂਆਂ ਨੇ ਸਖਤ ਆਲੋਚਨਾ ਕਰਦਿਆਂ ਦੱਸਿਆ ਕਿ ਪਿਛਲੇ ਕਈ ਦਿਨਾਂ ਤੋਂ ਕੱਚੇ ਅਧਿਆਪਕ ਆਪਣੀਆਂ ਸੇਵਾਵਾਂ ਰੈਗੂਲਰ ਕਰਾਉਣ ਲਈ ਸੰਗਰੂਰ ਵਿਖੇ ਟੈਂਕੀ 'ਤੇ ਅੰਦੋਲਨ ਕਰ ਰਹੇ ਹਨ ਤੇ ਬੀਤੀ ਪਹਿਲੀ ਜੁਲਾਈ ਨੂੰ ਵੀ ਸਰਕਾਰ ਦੀ ਸ਼ਹਿ 'ਤੇ ਪੁਲਸ ਨੇ ਅਧਿਆਪਕਾਂ 'ਤੇ ਗੈਰ ਮਨੁੱਖੀ ਤਸ਼ੱਦਦ ਕੀਤਾ ਸੀ। ਇਸ ਸਮੇਂ ਗੌਰਮਿੰਟ ਟੀਚਰਜ਼ ਯੂਨੀਅਨ ਜ਼ਿਲ੍ਹਾ ਮਾਨਸਾ ਦੇ ਪ੍ਰਧਾਨ ਨਰਿੰਦਰ ਸਿੰਘ ਮਾਖਾ, ਸੀਨੀਅਰ ਮੀਤ ਪ੍ਰਧਾਨ ਬਲਵਿੰਦਰ ਸਿੰਘ ਉੱਲਕ ਅਤੇ ਵਿੱਤ ਸਕੱਤਰ ਸਤੀਸ਼ ਕੁਮਾਰ ਨੇ ਕਿਹਾ ਕਿ ਅੰਦੋਲਨਕਾਰੀ ਅਧਿਆਪਕਾਂ ਦੀਆਂ ਸੇਵਾਵਾਂ ਰੈਗੂਲਰ ਕਰਨ ਦੀ ਬਜਾਏ ਉਨ੍ਹਾਂ ਦੀਆਂ ਸੇਵਾਵਾਂ ਖਤਮ ਕਰਨਾ ਤੇ ਸਰਕਾਰ ਵਿਰੁੱਧ ਅਵਾਜ਼ ਬੁਲੰਦ ਕਰਨ ਵਾਲੇ ਅਧਿਆਪਕਾਂ ਦੀ ਜ਼ੁਬਾਨਬੰਦੀ ਕਰਨਾ ਸੁਤੰਤਰ ਵਿਚਾਰਾਂ ਦੇ ਪ੍ਰਗਟਾਵੇ ਦੇ ਸੰਵਿਧਾਨਕ ਅਧਿਕਾਰਾਂ ਦੀ ਉਲੰਘਣਾ ਹੈ। ਚਾਹੀਦਾ ਤਾਂ ਇਹ ਸੀ ਕਿ ਅੰਦੋਲਨਕਾਰੀ ਅਧਿਆਪਕਾਂ ਨਾਲ ਸਰਕਾਰ ਵੱਲੋਂ ਹਮਦਰਦੀ ਨਾਲ ਗੱਲਬਾਤ ਕਰਕੇ ਉਨ੍ਹਾਂ ਦੀਆਂ ਮੰਗਾਂ ਦਾ ਨਿਪਟਾਰਾ ਕੀਤਾ ਜਾਂਦਾ। ਇਸ ਸਮੇਂ ਜਥੇਬੰਦੀ ਦੇ ਜਨਰਲ ਸਕੱਤਰ ਗੁਰਦਾਸ ਸਿੰਘ ਰਾਏਪੁਰ ਅਤੇ ਮੀਤ ਪ੍ਰਧਾਨਾਂ ਗੁਰਪ੍ਰੀਤ ਦਲੇਲਵਾਲਾ, ਲਖਵਿੰਦਰ ਮਾਨ ਨੇ ਕਿਹਾ ਕਿ ਸਰਕਾਰ ਪਹਿਲੀਆਂ ਸਰਕਾਰਾਂ ਵਾਂਗ ਅੰਦੋਲਨ ਨੂੰ ਦਬਾਉਣ ਲਈ ਲਾਠੀ-ਗੋਲੀ ਦਾ ਸਹਾਰਾ ਲੈ ਰਹੀ ਹੈ ਪਰ ਯਾਦ ਰਹੇ ਕਿ ਇਹ ਅੰਦੋਲਨ ਕਦੇ ਵੀ ਲਾਠੀ-ਗੋਲੀ ਨਾਲ ਦਬਾਇਆ ਨਹੀਂ ਜਾ ਸਕਦਾ। ਇਸ ਸਮੇਂ ਸੁਖਦੀਪ ਸਿੰਘ ਗਿੱਲ, ਗੁਰਵਿੰਦਰ ਮਾਖਾ, ਸੁਖਵਿੰਦਰ ਮਾਖਾ, ਹਰਦੀਪ ਸਿੰਘ ਰੋੜੀ, ਦਰਸ਼ਨ ਜਟਾਣਾ, ਮਨਪ੍ਰੀਤ ਸਿੰਘ ਖੈਰਾ, ਮੇਲਾ ਸਿੰਘ, ਪ੍ਰਭੂ ਰਾਮ, ਬਲਵੰਤ ਸਿੰਘ, ਬੂਟਾ ਸਿੰਘ ਤੱਗੜ, ਵਿਜੇ ਕੁਮਾਰ, ਅਨਿਲ ਜੈਨ, ਰਾਜਿੰਦਰ ਸਿੰਘ, ਪ੍ਰਗਟ ਸਿੰਘ ਰਿਉਂਦ, ਬੂਟਾ ਰਿਉਂਦ, ਦਿਲਬਾਗ ਰਿਉਂਦ, ਸੁਖਜਿੰਦਰ ਅਗਰੋਈਆ, ਬਚਿੱਤਰ ਜਟਾਣਾ, ਸਹਿਦੇਵ ਸਿੰਘ, ਰਾਵਿੰਦਰ ਕਾਂਸਲ, ਸਵਰਨ ਸਿੰਘ ਸਿੱਧੂ, ਕਿਰਤਪਾਲ ਸਿੰਘ ਨੇ ਕਿਹਾ ਕਿ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਕੱਚੇ ਅਧਿਆਪਕਾਂ ਦੇ ਅੰਦੋਲਨ ਨੂੰ ਜਿੱਤਣ ਲਈ ਹਰ ਤਰ੍ਹਾਂ ਦਾ ਸਹਿਯੋਗ ਕਰ ਰਹੀ ਹੈ ਅਤੇ ਕਰਦੀ ਰਹੇਗੀ।

## ਇੰਸ. ਜਗਜੀਤ ਸਿੰਘ ਨੇ ਥਾਣਾ ਸਿਟੀ ਦਾ ਚਾਰਜ ਸੰਭਾਲਿਆ



**ਜਗਰਾਓਂ (ਅਮਿਤ ਖੰਨਾ)**-ਸਥਾਨਕ ਪੁਲਸ ਲਾਈਨ ਵਿਖੇ ਤਾਇਨਾਤ ਇੰਸਪੈਕਟਰ ਜਗਜੀਤ ਸਿੰਘ ਨੂੰ ਪੁਲਸ ਜ਼ਿਲ੍ਹਾ ਲੁਧਿਆਣਾ ਦਿਹਾਤੀ ਦੇ ਮੁਖੀ ਨਵਨੀਤ ਸਿੰਘ ਬੈਂਸ ਵੱਲੋਂ ਨਿਰਦੇਸ਼ ਜਾਰੀ ਕਰਦਿਆਂ ਮੁੜ ਥਾਣਾ ਸਿਟੀ ਦੇ ਮੁਖੀ ਵਜੋਂ ਤਾਇਨਾਤ ਕੀਤਾ ਗਿਆ ਹੈ। ਸ਼ੁੱਕਰਵਾਰ ਥਾਣਾ ਸਿਟੀ ਵਿਖੇ ਅਹੁਦਾ ਸੰਭਾਲਣ ਮੌਕੇ ਇੰਸਪੈਕਟਰ ਜਗਜੀਤ ਸਿੰਘ ਦਾ 'ਆਪ' ਆਗੂਆਂ ਤੇ ਸ਼ਹਿਰੀਆਂ ਵੱਲੋਂ ਸਵਾਗਤ ਕੀਤਾ ਗਿਆ। ਇਸ ਮੌਕੇ ਇੰਸਪੈਕਟਰ ਜਗਜੀਤ ਸਿੰਘ ਨੇ ਕਿਹਾ ਕਿ ਜਗਰਾਓਂ ਸ਼ਹਿਰ ਉਨ੍ਹਾਂ ਲਈ ਨਵਾਂ ਨਹੀਂ ਹੈ। ਇਸ ਦੀ ਸੁਰੱਖਿਆ ਬਹਾਲ ਰੱਖਣ ਲਈ ਬਣਦੇ ਸੁਰੱਖਿਆ ਪ੍ਰਬੰਧ ਕੀਤੇ ਜਾਣਗੇ। ਉਨ੍ਹਾ ਸ਼ਹਿਰ 'ਚ ਵਹੀਕਲ ਚੋਰਾਂ ਤੇ ਝਪਟਮਾਰਾਂ ਨੂੰ ਨੱਥ ਪਾਉਣ ਲਈ ਸ਼ਹਿਰੀਆਂ ਦੇ ਸਹਿਯੋਗ ਨਾਲ ਹੀ ਵਿਸ਼ੇਸ਼ ਮੁਹਿੰਮ ਸ਼ੁਰੂ ਕਰਨ ਦਾ ਦਾਅਵਾ ਕੀਤਾ।

## ਭੀਮ ਆਰਮੀ ਦੀ ਟੀਮ ਨੇ ਚੰਦਰ ਸ਼ੇਖਰ ਦਾ ਘਰ ਜਾ ਕੇ ਜਾਣਿਆ ਹਾਲ-ਚਾਲ



**ਫਾਜ਼ਿਲਕਾ (ਕ੍ਰਿਸ਼ਨ ਸਿੰਘ)**-ਭੀਮ ਆਰਮੀ ਦੇ ਸੰਸਥਾਪਕ ਤੇ ਆਜ਼ਾਦ ਸਮਾਜ ਪਾਰਟੀ (ਏ.ਐੱਸ.ਪੀ.) ਦੇ ਕੌਮੀ ਪ੍ਰਧਾਨ ਐਡਵੋਕੇਟ ਚੰਦਰ ਸ਼ੇਖਰ ਆਜ਼ਾਦ 'ਤੇ ਕੁਝ ਅਣਪਛਾਤੇ ਵਿਅਕਤੀਆਂ ਵੱਲੋਂ ਉਨ੍ਹਾਂ ਦੀ ਕਾਰ 'ਤੇ ਹਮਲਾ ਕਰਨ ਤੋਂ ਬਾਅਦ ਭੀਮ ਆਰਮੀ ਜ਼ਿਲ੍ਹਾ ਫਾਜ਼ਿਲਕਾ ਦੇ ਵਰਕਰ ਉਨ੍ਹਾਂ ਦਾ ਹਾਲ ਚਾਲ ਪੁੱਛਣ ਲਈ ਉਨ੍ਹਾਂ ਦੇ ਘਰ ਪਹੁੰਚੇ। ਇਸ ਮੌਕੇ ਭੀਮ ਆਰਮੀ ਦੇ ਯੂਥ ਕਾਰਕੁਨ ਤੇ ਐੱਨ ਐੱਸ ਐੱਸ ਪੰਜਾਬ ਦੇ ਸੀਨੀਅਰ ਮੀਤ ਪ੍ਰਧਾਨ ਕੀਰਤੀ ਆਜ਼ਾਦ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਭੀਮ ਆਰਮੀ ਦੇ ਸੰਸਥਾਪਕ ਤੇ ਆਜ਼ਾਦ ਸਮਾਜ ਪਾਰਟੀ (ਏ ਐੱਸ ਪੀ) ਦੇ ਕੌਮੀ ਪ੍ਰਧਾਨ ਐਡਵੋਕੇਟ ਚੰਦਰ ਸ਼ੇਖਰ ਆਜ਼ਾਦ 'ਤੇ ਉੱਤਰ ਪ੍ਰਦੇਸ ਦੇ ਦੇਵਬੰਦ ਵਿੱਚ ਹਮਲਾ ਕੀਤਾ ਗਿਆ ਸੀ। ਉਸ ਦੀ ਕਾਰ 'ਤੇ ਅਣਪਛਾਤੇ ਵਿਅਕਤੀਆਂ ਨੇ ਗੋਲੀਆਂ ਨਾਲ ਹਮਲਾ ਕੀਤਾ ਸੀ, ਜਿਸ 'ਚੋਂ ਇੱਕ ਗੋਲੀ ਉਨ੍ਹਾਂ ਦੇ ਪੇਟ ਨੂੰ ਛੂਹ ਕੇ ਨਿਕਲੀ, ਜਿਸ 'ਚੋਂ ਉਹ ਵਾਲ-ਵਾਲ ਬਚ ਗਏ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਨੱਥੂ ਮੇਘਵਾਲ, ਐਡਵੋਕੇਟ ਮੁਕੇਸ਼ ਸਵਾਮੀ ਤੇ ਵਿਕਾਸ ਕੰਬੋਜ ਨੇ ਦੱਸਿਆ ਕਿ ਹੁਣ ਉਹ ਤੰਦਰੁਸਤ ਹਨ ਤੇ 9 ਜੁਲਾਈ ਨੂੰ ਸੂਰਤਗੜ੍ਹ ਵਿਖੇ ਸੰਵਿਧਾਨ ਭਾਈਚਾਰਾ ਸੰਮੇਲਨ ਕਰਨ ਲਈ ਆ ਰਹੇ ਹਨ। ਇਸ ਦੌਰਾਨ ਉਨ੍ਹਾਂ ਚੰਦਰ ਸ਼ੇਖਰ ਆਜ਼ਾਦ ਨੂੰ ਫਾਜ਼ਿਲਕਾ ਆਉਣ ਦਾ ਸੱਦਾ ਵੀ ਦਿੱਤਾ।

### ਸ਼ਰਧਾਂਜਲੀ ਸਮਾਰੋਹ 'ਤੇ ਵਿਸ਼ੇਸ਼

## ਗਰੀਬਾਂ ਦੇ ਹਾਮੀ ਤੇ ਧਾਰਮਿਕ ਖਿਆਲਾਂ ਵਾਲੇ ਸਨ ਸਰਦਾਰਨੀ ਰਣਜੀਤ ਕੌਰ



'ਮਾਂ ਹੁੰਦੀ ਏ ਮਾਂ ਓ ਦੁਨੀਆ ਵਾਲਿਓ', ਅਜਿਹੇ ਹੀ ਸਨ ਮਾਤਾ ਸਰਦਾਰਨੀ ਰਣਜੀਤ ਕੌਰ ਗਿੱਲ ਕਾਲੇਕੇ, ਜਿਨ੍ਹਾਂ ਦਾ ਜਨਮ ਜ਼ਿਲ੍ਹਾ ਮੋਗਾ ਦੇ ਪਿੰਡ ਝੰਡੇਆਣਾ ਵਿਖੇ ਪਿਤਾ ਬਚਨ ਸਿੰਘ ਦੇ ਗ੍ਰਹਿ ਮਾਤਾ ਹਰ ਕੌਰ ਦੇ ਕੁੱਖੋਂ ਹੋਇਆ। ਉਨ੍ਹਾਂ ਦਾ ਵਿਆਹ ਗੁਰਦੇਵ ਸਿੰਘ ਗਿੱਲ ਜ਼ਿਲ੍ਹਾ ਮੋਗਾ ਦੇ ਪਿੰਡ ਕਾਲੇਕੇ ਵਿਖੇ ਹੋਇਆ। ਉਨ੍ਹਾਂ ਦੇ ਘਰ ਇੱਕ ਪੁੱਤਰ ਨੇ ਜਨਮ ਲਿਆ। ਉਨ੍ਹਾਂ ਆਪਣੇ ਪੁੱਤਰ ਨੂੰ ਚੰਗੇ ਗੁਣਾਂ ਦੇ ਧਾਰਨੀ ਬਣਾਇਆ ਤੇ ਉਨ੍ਹਾਂ ਦੇ ਰਿਸ਼ਤੇ ਚੰਗੇ ਪਰਵਾਰਾਂ ਨਾਲ ਜੋੜੇ। ਮਾਤਾ ਸਰਦਾਰਨੀ ਰਣਜੀਤ ਕੌਰ ਧਾਰਮਿਕ ਵਿਚਾਰਾਂ ਦੇ ਸਨ ਤੇ ਧਾਰਮਿਕ ਕੰਮਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਂਦੇ ਸਨ। ਸੱਚੀ ਗੱਲ ਕਹਿਣ ਤੋਂ ਪਿੱਛੇ ਨਹੀਂ ਸੀ ਹਟਦੇ। ਉਨ੍ਹਾਂ ਅਪਣੇ ਬੱਚਿਆਂ ਨੂੰ ਸਿੱਖਿਅਤ ਕਰਨ ਦੇ ਨਾਲ ਨਾਲ ਨੈਤਿਕ ਕਦਰਾਂ-ਕੀਮਤਾਂ ਦੇ ਧਾਰਨੀ ਬਣਾਇਆ। ਮਾਤਾ ਜੀ ਦੇ ਦਿੱਤੇ ਸੰਸਕਾਰਾਂ ਦੀ ਬਦੌਲਤ ਹੀ ਉਨ੍ਹਾਂ ਦੇ ਪੁੱਤਰ ਜਗਸੀਰ ਸਿੰਘ ਗਿੱਲ ਕਾਲੇਕੇ ਨੇ ਵੱਡੇ ਕਾਰੋਬਾਰੀ ਵਜੋਂ ਨਾਮ ਖੱਟਿਆ ਤੇ ਉਨ੍ਹਾਂ ਦੇ ਪਰਿਵਾਰ ਦਾ ਨਾਂ ਬਾਘਾ ਪੁਰਾਣਾ ਹਲਕਾ ਹੀ ਨਹੀਂ ਜ਼ਿਲ੍ਹਾ ਮੋਗਾ ਦੇ ਵਿੱਚ ਵੀ ਪੂਰਾ ਮਾਣ ਸਨਮਾਨ ਹੈ ਤੇ ਉਨ੍ਹਾਂ ਦੇ ਪਰਿਵਾਰ ਦਾ ਨਾਮ ਵੀ ਆਰਥਿਕ ਪੱਖੋਂ ਜ਼ਿਲ੍ਹੇ ਦੇ ਨਾਮੀ ਪਰਿਵਾਰਾਂ ਵਿੱਚ ਆਉਂਦਾ ਹੈ। ਸਰਦਾਰਨੀ ਰਣਜੀਤ ਕੌਰ ਦਾ ਪੁੱਤਰ ਜਗਸੀਰ ਸਿੰਘ ਕਾਲੇਕੇ ਕਾਂਗਰਸ ਸਰਕਾਰ ਵੇਲੇ ਮਾਰਕਿਟ ਕਮੇਟੀ ਦਾ ਚੇਅਰਮੈਨ ਬਣੇ ਤੇ ਸਰਪੰਚ ਯੂਨੀਅਨ ਦੇ ਪ੍ਰਧਾਨ ਬਣੇ ਜੋ ਆਪਣਾ ਰਾਜਨੀਤਕ ਦੇ ਵਿੱਚ ਆਪਣਾ ਵੱਡਾ ਨਾਮ ਬਣਾਇਆ ਹੈ। ਸਰਦਾਰਨੀ ਰਣਜੀਤ ਕੌਰ 1 ਜੁਲਾਈ ਨੂੰ ਆਪਣੇ ਪਰਿਵਾਰ ਨੂੰ ਰੋਂਦਾ ਵਿਲਕਦਾ ਛੱਡ ਕੇ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ। ਉਨ੍ਹਾਂ ਨਮਿਤ ਰੱਖੇ ਸ੍ਰੀ ਸਹਿਜ ਪਾਠ ਦੇ ਭੋਗ ਤੇ ਅੰਤਿਮ ਅਰਦਾਸ ਅੱਜ 9 ਜੁਲਾਈ 2023 ਨੂੰ 12 ਤੋਂ 1 ਵਜੇ ਤੱਕ ਉਨ੍ਹਾਂ ਗ੍ਰਹਿ ਪਿੰਡ ਕਾਲੇਕੇ ਵਿਖੇ ਹੋਵੇਗੀ, ਜਿੱਥੇ ਸਮਾਜ ਦੇ ਹਰ ਵਰਗ ਦੇ ਲੋਕ ਮਾਤਾ ਜੀ ਨੂੰ ਸ਼ਰਧਾਂਜਲੀ ਭੇਟ ਕਰਨਗੇ।

*-ਮਨੀ ਸਿੰਗਲਾ, ਬਾਘਾ ਪੁਰਾਣਾ*

## ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਵੱਲੋਂ ਮੰਤਰੀਆਂ ਦੇ ਘਰਾਂ ਦੇ ਘਿਰਾਓ ਕਰਨ ਦਾ ਫੈਸਲਾ



**ਸਮਰਾਲਾ (ਸੁਰਜੀਤ ਸਿੰਘ)**-ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਲੁਧਿਆਣਾ ਵੱਲੋਂ ਜ਼ਿਲ੍ਹਾ ਕਮੇਟੀ ਦੀ ਮੀਟਿੰਗ ਸੁਖਵਿੰਦਰ ਸਿੰਘ ਲੀਲ੍ਹ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਪੰਜਾਬ ਅੰਦਰ ਕੰਮ ਕਰਦੇ ਮਾਣ-ਭੱਤਾ ਵਰਕਰਾਂ, ਪੈਨਸ਼ਨਰਾਂ, ਕੱਚੇ ਮੁਲਾਜ਼ਮਾਂ ਤੇ ਰੈਗੂਲਰ ਮੁਲਾਜ਼ਮਾਂ ਦੀਆਂ ਮੰਗਾਂ ਪੰਜਾਬ ਯੂ ਟੀ ਪੈਨਸ਼ਨਰ ਸਾਂਝੇ ਫਰੰਟ ਦੇ ਪ੍ਰੋਗਰਾਮ ਅਨੁਸਾਰ ਸਬੰਧੀ ਸੰਬੰਧੀ 'ਆਪ' ਸਰਕਾਰ ਵੱਲੋਂ ਕੀਤੀ ਜਾ ਰਹੀ ਟਾਲਮਟੋਲ ਦੇ ਮੀਟਿੰਗ ਵਿੱਚ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਸਾਂਝੇ ਫਰੰਟ ਦੇ ਕਨਵੀਨਰ ਸਾਥੀ ਠਾਕੁਰ ਸਿੰਘ ਤੇ ਪ੍ਰੇਮ ਸਾਗਰ ਸ਼ਰਮਾ ਨੂੰ ਸ਼ਰਧਾਂਜਲੀ ਭੇਟ ਕੀਤੀਆਂ ਗਈਆਂ। ਮੀਟਿੰਗ 'ਚ ਜੁਲਾਈ ਨੂੰ ਸੰਗਰੂਰ ਵਿਖੇ ਕੱਚੇ ਅਧਿਆਪਕਾਂ 'ਤੇ ਕੀਤੇ ਗਏ ਪੁਲਸ ਤਸ਼ੱਦਦ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਪੰਜਾਬ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਸਬੰਧੀ ਪੰਜਾਬ ਸਰਕਾਰ ਦਾ ਵਤੀਰਾ ਬਿਲਕੁਲ ਵੀ ਗੰਭੀਰ ਨਹੀਂ ਹੈ। ਉਨ੍ਹਾ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸਾਂਝੇ ਫਰੰਟ ਨੂੰ ਤਿੰਨ ਵਾਰ ਮੀਟਿੰਗ ਦਾ ਸਮਾਂ ਦੇ ਕੇ ਵੀ ਮੀਟਿੰਗ ਨਹੀਂ ਕੀਤੀ ਗਈ ਤੇ ਵਿੱਤ ਮੰਤਰੀ ਸ੍ਰੀ ਚੀਮਾ ਨਾਲ ਹੋਈਆਂ ਤਿੰਨ ਮੀਟਿੰਗਾਂ ਲਿੰਬਾ ਪੋਚੀ ਤੱਕ ਹੀ ਮਹਿਦੂਦ ਸਨ, ਜਿਸ ਕਾਰਨ ਪੰਜਾਬ ਦੇ ਮੁਲਾਜ਼ਮਾਂ, ਪੈਨਸ਼ਨਰਾਂ, ਕੱਚੇ ਮੁਲਾਜ਼ਮਾਂ ਤੇ ਮਾਣਭੱਤਾ ਵਰਕਰਾਂ 'ਚ ਪੰਜਾਬ ਸਰਕਾਰ ਖਿਲਾਫ ਰੋਸ ਤੇ ਗੁੱਸਾ ਹੈ। ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਜੇਕਰ ਕੈਬਨਿਟ ਸਬ ਕਮੇਟੀ ਵੱਲੋਂ 18 ਜੁਲਾਈ ਨੂੰ ਸਾਂਝੇ ਫਰੰਟ ਨਾਲ ਕੀਤੀ ਜਾ ਰਹੀ ਮੀਟਿੰਗ ਦੇ ਕੋਈ ਸਾਰਥਕ ਸਿੱਟੇ ਨਾ ਨਿਕਲੇ ਤਾਂ ਪੰਜ ਕੈਬਨਿਟ ਮੰਤਰੀਆਂ ਦੇ ਘਰਾਂ ਦੇ ਘਿਰਾਓ ਕੀਤੇ ਜਾਣਗੇ, ਜਿਸ ਤਹਿਤ ਲੁਧਿਆਣਾ ਵੱਲੋਂ 23 ਜੁਲਾਈ ਨੂੰ ਸੰਗਰੂਰ ਵਿਖੇ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾਂ ਦੇ ਘਰ ਦਾ ਘਿਰਾਓ ਅਤੇ 6 ਅਗਸਤ ਨੂੰ ਪਟਿਆਲਾ ਵਿਖੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਦੇ ਘਰ ਦੇ ਕੀਤੇ ਜਾ ਰਹੇ ਘਿਰਾਓ 'ਚ ਭਰਮੀ ਸ਼ਮੂਲੀਅਤ ਕੀਤੀ ਜਾਵੇਗੀ। ਮੀਟਿੰਗ 'ਚ ਰਮਨਜੀਤ ਸਿੰਘ ਸੰਧੂ, ਰੁਪਿੰਦਰਪਾਲ ਸਿੰਘ ਗਿੱਲ, ਰਜਿੰਦਰ ਜੰਡਿਆਲੀ, ਹਰਜੀਤ ਕੌਰ ਸਮਰਾਲਾ, ਜੰਗਪਾਲ ਸਿੰਘ, ਪਰਵੀਨ ਕੁਮਾਰੀ, ਪਿੰਕੀ, ਸਮੀ ਰਾਣੀ, ਰਾਧਾ ਰਾਣੀ, ਪ੍ਰੀਤੀ ਤੇ ਰੇਖਾ ਹਾਜ਼ਰ ਸਨ।

## ਟਾਇਲਾਂ ਧਸਣ ਕਾਰਨ ਪਏ ਟੋਏ 'ਚ ਫਰੂਟ ਰੇਹੜੀ ਪਲਟੀ



**ਤਪਾ ਮੰਡੀ (ਅਰੁਣ ਗੋਇਲ)**-ਸਥਾਨਕ ਰੂਪ ਚੰਦ ਰੋਡ ਸਥਿਤ ਡਾ. ਨਰੇਸ਼ ਡਾਕਟਰ ਵਾਲੀ ਗਲੀ 'ਚ ਇੰਟਰਲਾਕਿੰਗ ਟਾਇਲਾਂ ਧਸਣ ਕਾਰਨ ਪਏ ਟੋਏ ਕਾਰਨ ਇੱਕ ਫਲ ਫਰੂਟਾਂ ਦੀ ਭਰੀ ਰੇਹੜੀ ਪਲਟ ਗਈ। ਫਲ ਫਰੂਟ ਰੇਹੜੀ ਮਾਲਕ ਕੁਲਵੰਤ ਰਾਏ ਭਾਟੀਆ ਨੇ ਦੱਸਿਆ ਕਿ ਉਹ ਕਈ ਸਾਲਾਂ ਤੋਂ ਤੁਰ ਫਿਰ ਕੇ ਰੇਹੜੀ 'ਤੇ ਫਲ ਫਰੂਟ ਵੇਚਣ ਦਾ ਕੰਮ ਕਰਦਾ ਹੈ। ਅੱਜ ਸਵੇਰੇ ਜਦ ਉਹ ਡਾ.ਨਰੇਸ਼ ਵਾਲੀ ਗਲੀ 'ਚ ਜਾ ਰਿਹਾ ਸੀ ਤਾਂ ਇੰਟਰਲਾਕਿੰਗ ਟਾਇਲਾਂ ਧਸੀਆਂ ਪਈਆਂ ਸਨ ਤਾਂ ਅਚਾਨਕ ਰੇਹੜੀ ਦਾ ਇੱਕ ਟਾਇਰ ਟੋਏ 'ਚ ਪੈਣ ਕਾਰਨ ਰੇਹੜੀ ਪਲਟ ਕੇ ਫਰੂਟ ਦੂਰ-ਦੂਰ ਤੱਕ ਖਿੱਲਰ ਗਿਆ। ਇਸ ਘਟਨਾ 'ਚ ਉਸ ਦਾ ਹਜ਼ਾਰਾਂ ਰੁਪਏ ਦਾ ਫਰੂਟ ਖਰਾਬ ਹੋ ਗਏ। ਮੌਕੇ 'ਤੇ ਖੜ੍ਹੇ ਕੁਝ ਵਸਨੀਕਾਂ ਨੇ ਦੱਸਿਆ ਕਿ ਇਹ ਇੰਟਰਲਾਕਿੰਗ ਟਾਇਲਾਂ ਕਈ ਵਾਰ ਧਸ ਚੁੱਕੀਆਂ ਹਨ, ਜਿਨ੍ਹਾਂ ਨੂੰ ਆਪਣੇ ਪੱਲਿਉਂ ਹਜ਼ਾਰਾਂ ਰੁਪਏ ਖਰਚ ਕਰਕੇ ਠੀਕ ਕਰਵਾ ਚੁੱਕੇ ਹਾਂ ਪਰ ਸਮੱਸਿਆ ਦਾ ਹੱਲ ਨਾ ਹੋਣ ਕਾਰਨ ਬਾਰਿਸ਼ਾਂ ਦੇ ਦਿਨਾਂ 'ਚ ਪਾਣੀ ਪੈ ਕੇ ਧਰਤੀ ਹੇਠੋਂ ਖੋਖਲੇ ਹੋਈ ਪਈ ਹੈ। ਉਨ੍ਹਾਂ ਨਗਰ ਕੌਂਸਲ ਤਪਾ ਤੋਂ ਮੰਗ ਕੀਤੀ ਹੈ ਇਸ ਸਮੱਸਿਆ ਦਾ ਯੋਗ ਹੱਲ ਕੀਤਾ ਜਾਵੇ।

## ਜ਼ਮੀਨੀ ਮਾਮਲੇ 'ਚ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਤੇ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਆਹਮੋ-ਸਾਹਮਣੇ



**ਧੂਰੀ (ਸੁਖਦੇਵ ਧੂਰੀ)**-ਪਿੰਡ ਜਹਾਂਗੀਰ ਦੀ ਲੜਕੀ ਕਿਰਨਜੀਤ ਕੌਰ ਦਾ ਲਗਪਗ 17 ਵਿੱਘੇ ਜ਼ਮੀਨ ਦਾ ਵਿਵਾਦ ਪਿੰਡ ਦੇ ਹੀ ਵਿਅਕਤੀ ਨਾਲ ਲੰਬੇ ਸਮੇਂ ਤੋਂ ਚੱਲਦਾ ਆ ਰਿਹਾ ਹੈ ਜਿਸ ਸੰਬੰਧੀ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਕਿਰਨਜੀਤ ਕੌਰ ਦੇ ਹੱਕ ਵਿੱਚ ਪਿਛਲੇ ਲੰਬੇ ਸਮੇਂ ਤੋਂ ਸੰਘਰਸ਼ ਕਰਦੀ ਆ ਰਹੀ ਹੈ। ਜਿਸ ਤਹਿਤ ਹੁਣ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਧੂਰੀ ਵੱਲੋਂ ਕਿਰਨਜੀਤ ਕੌਰ ਦੇ ਹੱਕ ਵਿੱਚ ਪਿੰਡ ਜਹਾਂਗੀਰ ਦੀ ਉਕਤ ਜ਼ਮੀਨ ਵਿੱਚ ਧਰਨਾ ਲਗਾ ਕੇ ਤਿੱਖਾ ਸੰਘਰਸ਼ ਵਿੱਢ ਦਿੱਤਾ ਗਿਆ ਹੈ। ਇਸੇ ਮਾਮਲੇ ਵਿੱਚ ਉੱਥੇ ਹੀ ਹੁਣ ਦੂਜੀ ਧਿਰ ਸਾਬਕਾ ਸਰਪੰਚ ਗੁਰਚਰਨ ਸਿੰਘ ਜਹਾਂਗੀਰ ਦੇ ਹੱਕ ਵਿੱਚ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਬਲਾਕ ਧੂਰੀ ਡਟ ਚੁੱਕੀ ਹੈ। ਜਿਸ ਸੰਬੰਧੀ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਬਲਾਕ ਪ੍ਰਧਾਨ ਪ੍ਰਧਾਨ ਨਾਜਮ ਸਿੰਘ ਪੁੰਨਾਵਾਲ ਵੱਲੋਂ ਗੁਰਚਰਨ ਸਿੰਘ ਦੇ ਪਰਵਾਰ ਨੂੰ ਨਾਲ ਲੈ ਕੇ ਐੱਸ.ਪੀ. ਧੂਰੀ ਯੋਗੇਸ਼ ਸ਼ਰਮਾ ਅਤੇ ਡੀ.ਐੱਸ.ਪੀ ਧੂਰੀ ਕਰਨ ਸਿੰਘ ਸੰਧੂ ਨਾਲ ਮੁਲਾਕਾਤ ਕਰਨ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਗੁਰਚਰਨ ਸਿੰਘ ਨੇ ਇਹ ਜ਼ਮੀਨ ਕਾਨੂੰਨੀ ਪ੍ਰੀਕ੍ਰਿਆ ਮੁਤਾਬਿਕ ਆਪਣੇ ਨਾਂਅ 'ਤੇ ਕਰਵਾਈ ਹੈ ਪਰੰਤੂ ਦੂਜੀ ਧਿਰ ਦੇ ਨਾਲ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਲੱਗ ਕੇ ਗੁਰਚਰਨ ਸਿੰਘ ਨੂੰ ਤੰਗ ਪ੍ਰੇਸ਼ਾਨ ਕਰ ਰਹੇ ਹਨ, ਜਿਸ ਸੰਬੰਧੀ ਹੁਣ ਉਹ ਆਪਣੀ ਯੂਨੀਅਨ ਨੂੰ ਨਾਲ ਲੈ ਕੇ ਗੁਰਚਰਨ ਸਿੰਘ ਦੇ ਹੱਕ ਵਿੱਚ ਤਿੱਖਾ ਸੰਘਰਸ਼ ਕਰਨਗੇ। ਪਿੰਡ ਜਹਾਂਗੀਰ ਵਿਖੇ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਵੱਲੋਂ ਕਿਰਨਜੀਤ ਕੌਰ ਦੇ ਹੱਕ ਵਿੱਚ ਲਗਾਏ ਧਰਨੇ ਮੌਕੇ ਪ੍ਰਧਾਨ ਹਰਬੰਸ ਸਿੰਘ ਲੱਡਾ ਨੇ ਕਿਹਾ ਕਿ ਅਸੀਂ ਵਾਰ ਵਾਰ ਕਿਰਨਜੀਤ ਕੌਰ ਨੂੰ ਇਨਸਾਫ ਦਿਵਾਉਣ ਲਈ ਪ੍ਰਸ਼ਾਸਨ ਦੇ ਵੱਖ ਵੱਖ ਅਧਿਕਾਰੀਆਂ ਨੂੰ ਮਿਲ ਚੁੱਕੇ ਹਾਂ ਪਰੰਤੂ ਪ੍ਰਸ਼ਾਸਨ ਵੱਲੋਂ ਕਿਰਨਜੀਤ ਕੌਰ ਨੂੰ ਇਨਸਾਫ ਨਹੀਂ ਦਿੱਤਾ ਜਾ ਰਿਹਾ, ਜਿਸ ਦੇ ਚੱਲਦਿਆਂ ਹੁਣ ਸਾਨੂੰ ਖੇਤ ਵਿੱਚ ਹੀ ਪੱਕਾ ਮੋਰਚਾ ਲਗਾਉਣ ਲਈ ਮਜਬੂਰ ਹੋਣਾ ਪੈ ਰਿਹਾ ਹੈ ਅਤੇ ਹੁਣ ਸਾਡੀ ਯੂਨੀਅਨ ਕਿਰਨਜੀਤ ਕੌਰ ਨੂੰ ਇਸ ਜ਼ਮੀਨ ਵਿੱਚ ਜੀਰੀ ਦੀ ਫਸਲ ਲਗਵਾ ਕੇ ਇਨਸਾਫ ਦਿਵਾਵੇਗੀ।

ਇਸ ਸੰਬੰਧੀ ਐੱਸ.ਪੀ ਧੂਰੀ ਯੋਗੇਸ਼ ਸ਼ਰਮਾ ਅਤੇ ਡੀ.ਐੱਸ.ਪੀ ਧੂਰੀ ਕਰਨ ਸਿੰਘ ਸੰਧੂ ਨੇ ਕਿਹਾ ਕਿ ਪਿੰਡ ਜਹਾਂਗੀਰ ਵਿਖੇ ਦੋ ਧਿਰਾਂ ਵਿੱਚ ਜ਼ਮੀਨ ਨੂੰ ਲੈ ਕੇ ਵਿਵਾਦ ਚੱਲ ਰਿਹਾ ਹੈ, ਜਿਸ ਤਹਿਤ ਇੱਕ ਧਿਰ ਦੇ ਹੱਕ ਵਿੱਚ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਅਤੇ ਦੂਜੀ ਧਿਰ ਦੇ ਹੱਕ ਵਿੱਚ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਇਸ ਵਿਵਾਦਿਤ ਜ਼ਮੀਨ ਵਿੱਚ ਕਿਸੇ ਵੀ ਪ੍ਰਕਾਰ ਦੇ ਝਗੜੇ ਨੂੰ ਰੋਕਣ ਲਈ ਉਨ੍ਹਾਂ ਵੱਲੋਂ 145 ਦੀ ਕਾਰਵਾਈ ਦੀ ਸਿਫਾਰਸ਼ ਐੱਸ.ਡੀ.ਐੱਮ ਧੂਰੀ ਨੂੰ ਭੇਜੀ ਗਈ ਹੈ ਤਾਂ ਕਿ ਉਕਤ ਰੌਲੇ ਵਾਲੀ ਜ਼ਮੀਨ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਘਟਨਾ ਨਾ ਵਾਪਰ ਸਕੇ।

## 375 ਲੀਟਰ ਲਾਹਣ ਸਮੇਤ 4 ਗ੍ਰਿਫਤਾਰ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਬਲਕਾਰ ਸਿੰਘ ਡੀ.ਐਸ.ਪੀ (ਮਲੋਟ) ਦੀ ਨਿਗਰਾਨੀ ਹੇਠ ਅਤੇ ਐਸ.ਆਈ ਇਕਬਾਲ ਸਿੰਘ ਮੁੱਖ ਅਫਸਰ ਥਾਣਾ ਕਿੱਲਿਆਂਵਾਲੀ ਤੇ ਪੁਲਸ ਪਾਰਟੀ ਵੱਲੋਂ ਪਿੰਡ ਕੱਖਾਂਵਾਲੀ ਵਿਖੇ ਸਰਚ ਅਭਿਆਨ ਦੌਰਾਨ 4 ਮੁਕੱਦਮੇ ਦਰਜ ਕਰ 375 ਲੀਟਰ ਲਾਹਣ ਬਰਾਮਦ ਕਰਕੇ 4 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ।

ਪੁਲਸ ਵੱਲੋਂ ਲਖਵੀਰ ਸਿੰਘ ਉਰਫ ਸੋਨੂੰ ਪੁੱਤਰ ਜੀਤ ਸਿੰਘ ਵਾਸੀ ਪਿੰਡ ਕੱਖਾਂਵਾਲੀ ਵਿਖੇ 100 ਲੀਟਰ ਲਾਹਣ ਬਰਾਮਦ ਕੀਤੀ ਗਈ। ਜਿਸ 'ਤੇ ਪੁਲਸ ਵੱਲੋਂ ਐਕਸਾਇਜ਼ ਐਕਟ ਥਾਣਾ ਲੰਬੀ ਵਿਖੇ ਮਾਮਲਾ ਦਰਜ ਕੀਤਾ ਗਿਆ।

ਇਸੇ ਤਰ੍ਹਾਂ ਸੁਖਵਿੰਦਰ ਸਿੰਘ ਪੁੱਤਰ ਪ੍ਰਕਾਸ਼ ਸਿੰਘ ਵਾਸੀ ਪਿੰਡ ਕੱਖਾਂਵਾਲੀ ਤੋਂ 25 ਲੀਟਰ, ਗੁਰਪ੍ਰੀਤ ਸਿੰਘ ਉਰਫ ਗੋਪੀ ਪੁੱਤਰ ਰੇਸ਼ਮ ਸਿੰਘ ਵਾਸੀ ਪਿੰਡ ਕੱਖਾਂਵਾਲੀ ਤੋਂ 50 ਲੀਟਰ, ਗੁਰਮੀਤ ਪੁੱਤਰ ਰੇਸ਼ਮ ਸਿੰਘ ਵਾਸੀ ਪਿੰਡ ਕੱਖਾਂਵਾਲੀ ਤੋਂ 200 ਲੀਟਰ ਲਾਹਣ ਬਰਾਮਦ ਕੀਤੀ ਗਈ ਜਿਸ 'ਤੇ ਪੁਲਸ ਨੇ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕੀਤੀ।

## ...ਸ.ਫਾ 1 ਦੇ ਬਾਕੀ

### ਬੰਗਾਲ ਪੰਚਾਇਤੀ...

ਦੇ ਬੇਲਡਾਂਗਾ ਅਤੇ ਕੂਚਬਿਹਾਰ ਦੇ ਤੂਫਾਨਗੰਜ 'ਚ ਦੋ ਪਾਰਟੀ ਵਰਕਰਾਂ, ਜਦਕਿ ਮਾਲਦਾ ਦੇ ਮਾਨਿਕ ਚੌਕ 'ਚ ਟੀ ਐੱਮ ਸੀ ਨੇਤਾ ਦੇ ਰਿਸ਼ਤੇਦਾਰ ਦੀ ਹੱਤਿਆ ਕਰ ਦਿੱਤੀ ਗਈ। ਇਸ ਤੋਂ ਪਹਿਲਾਂ ਸ਼ੁੱਕਰਵਾਰ ਰੇਜੀਨਗਰ ਅਤੇ ਖਾਰਗ੍ਰਾਮ 'ਚ ਦੋ ਵਰਕਰਾਂ ਮਾਰੇ ਗਏ ਸਨ। ਕੁੱਲ ਮਿਲਾ ਕੇ ਅੱਠ ਵਰਕਰ ਮਾਰੇ ਗਏ। ਮੁਰਸ਼ੀਦਾਬਾਦ ਦੇ ਰੇਜੀਨਗਰ 'ਚ ਯਾਸਮੀਨ ਐੱਸ ਕੇ ਨਾਂਅ ਦੇ ਕਾਂਗਰਸ ਵਰਕਰ ਦਾ ਕਤਲ ਕਰ ਦਿੱਤਾ ਗਿਆ। ਉਥੇ ਹੀ ਪੂਰਬੀ ਬਰਦਵਾਨ 'ਚ ਸ਼ੁੱਕਰਵਾਰ ਰਾਤ 32 ਸਾਲਾ ਸੀ ਪੀ ਆਈ (ਐੱਮ) ਵਰਕਰ ਰਜਿਬੁਲ ਹੱਕ ਨੂੰ ਗੋਲੀ ਮਾਰ ਦਿੱਤੀ ਗਈ। ਸ਼ਨੀਵਾਰ ਸਵੇਰੇ ਉਸ ਨੇ ਕੋਲਕਾਤਾ ਦੇ ਐੱਨ ਆਰ ਐੱਸ ਮੈਡੀਕਲ ਕਾਲਜ 'ਚ ਦਮ ਤੋੜ ਦਿੱਤਾ।

ਉਤਰੀ 24 ਪਰਗਨਾ ਦੇ ਪੀਰਗਾਛਾ 'ਚ ਇੱਕ ਆਜ਼ਾਦ ਉਮੀਦਵਾਰ ਦੇ ਬੂਥ ਏਜੰਟ ਅਬਦੁੱਲਾ ਦੀ ਹੱਤਿਆ ਕਰ ਦਿੱਤੀ ਗਈ। ਜਦਕਿ ਕੂਚਬਿਹਾਰ ਦੇ ਫਲਿਮਾਰੀ 'ਚ ਸ਼ਨੀਵਾਰ ਸਵੇਰੇ ਭਾਜਪਾ ਦੇ ਪੋਲਿੰਗ ਏਜੰਟ ਮਾਧਵ ਵਿਸ਼ਵਾਸ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ।

ਨਾਦੀਆ ਜ਼ਿਲ੍ਹੇ ਦੇ ਹਰੀਨਘਾਟਾ ਇਲਾਕੇ 'ਚ ਟੀ ਐੱਮ ਸੀ ਵਿਚਾਲੇ ਝੜਪ 'ਚ ਆਈ ਐੱਸ ਐੱਫ ਵਰਕਰ ਦੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ 48 ਸਾਲਾ ਸਾਈਦੁਲ ਸ਼ੇਖ ਦੇ ਤੌਰ 'ਤੇ ਹੋਈ। ਬੰਗਾਲ ਦੀਆਂ ਕੁਝ ਸੀਟਾਂ 'ਤੇ ਕਾਂਗਰਸ-ਸੀ ਪੀ ਐੱਮ ਨੇ ਇੱਕ ਦੂਜੇ ਖਿਲਾਫ਼ ਉਮੀਦਵਾਰ ਨਹੀਂ ਉਤਾਰੇ। ਇਸ ਤਰ੍ਹਾਂ ਆਮ ਆਦਮੀ ਪਾਰਟੀ ਨੇ ਵੀ ਟੀ ਐੱਮ ਸੀ ਨਾਲ ਕੋਈ ਮੁਕਾਬਲਾ ਨਾ ਕਰਦੇ ਹੋਏ ਆਪਣੇ ਉਮੀਦਵਾਰ ਇਸ ਚੋਣ 'ਚ ਨਹੀਂ ਉਤਾਰੇ। ਐੱਨ ਪੀ ਪੀ ਨੇ ਵੀ ਕੋਈ ਦਾਅਵੇਦਾਰੀ ਪੇਸ਼ ਨਹੀਂ ਕੀਤੀ। ਸੱਤਾਧਾਰੀ ਤ੍ਰਿਣਮੂਲ ਕਾਂਗਰਸ ਜ਼ਿਲ੍ਹਾ ਕੌਂਸਲ ਦੀਆਂ ਸਾਰੀਆਂ 928 ਸੀਟਾਂ, ਪੰਚਾਇਤ ਸੰਮਤੀ ਦੀਆ 9,419 ਸੀਟਾਂ ਅਤੇ ਗ੍ਰਾਮ ਪੰਚਾਇਤਾਂ ਦੀਆ 61,591 ਸੀਟਾਂ 'ਤੇ ਚੋਣ ਲੜ ਰਹੀ ਹੈ। ਭਾਰਤੀ ਜਨਤਾ ਪਾਰਟੀ ਨੇ 897 ਜ਼ਿਲ੍ਹਾ ਕੌਂਸਲ, ਪੰਚਾਇਤ ਸੰਮਤੀ ਦੀਆਂ 7032 ਸੀਟਾਂ ਅਤੇ ਗ੍ਰਾਮ ਪੰਚਾਇਤ ਦੀਆਂ 38,475 ਸੀਟਾਂ 'ਤੇ ਉਮੀਦਵਾਰ ਉਤਾਰੇ ਹਨ। ਮਾਰਕਸਵਾਦੀ ਕਮਿਊਨਿਸਟ ਪਾਰਟੀ 747 ਜ਼ਿਲ੍ਹਾ ਕੌਂਸਲ, ਪੰਚਾਇਤ ਸੰਮਤੀ ਦੀਆਂ 6752 ਸੀਟਾਂ ਅਤੇ ਗ੍ਰਾਮ ਪੰਚਾਇਤ ਦੀਆ 35411 ਸੀਟਾਂ 'ਤੇ ਚੋਣ ਲੜ ਰਹੀ ਹੈ। ਕਾਂਗਰਸ 644 ਜ਼ਿਲ੍ਹਾ ਕੌਂਸਲ ਸੀਟਾਂ, ਪੰਚਾਇਤ ਸੰਮਤੀ ਦੀਆਂ 2197 ਸੀਟਾਂ ਅਤੇ ਗ੍ਰਾਮ ਪੰਚਾਇਤ ਦੀਆਂ 11,774 ਸੀਟਾਂ 'ਤੇ ਚੋਣ ਲੜ ਰਹੀ ਹੈ। ਚੋਣਾਂ ਲਈ ਸੂਬਾ ਪੁਲਸ ਦੇ 70,000 ਮੁਲਾਜ਼ਮਾਂ ਦੇ ਨਾਲ ਕੇਂਦਰੀ ਬਲਾਂ ਦੀਆਂ ਘੱਟੋ-ਘੱਟ 600 ਕੰਪਨੀਆਂ ਤਾਇਨਾਤ ਕੀਤੀਆ ਗਈਆਂ। ਪੱਛਮੀ ਬੰਗਾਲ ਦੀਆਂ ਪੇਂਡੂ ਇਲਾਕਿਆਂ ਦੀਆਂ 73887 ਸੀਟਾਂ 'ਤੇ 5.67 ਕਰੋੜ ਲੋਕ 2.06 ਲੱਖ ਉਮੀਦਵਾਰਾਂ ਦੀ ਕਿਸਮਤ ਦਾ ਫੈਸਲਾ ਕਰਨਗੇ। ਤ੍ਰਿਣਮੂਲ ਕਾਂਗਰਸ ਨੇ ਇੱਕ ਬਿਆਨ ਜਾਰੀ ਕਰਕੇ ਕਿਹਾ ਕਿ ਅੱਠ ਜੂਨ ਨੂੰ ਪੰਚਾਇਤੀ ਚੋਣਾਂ ਦਾ ਐਲਾਨ ਹੋਣ ਤੋਂ ਬਾਅਦ 27 ਲੋਕਾਂ ਦੀ ਮੌਤ ਹੋਈ ਹੈ ਅਤੇ ਉਨ੍ਹਾਂ 'ਚੋਂ 17 ਤ੍ਰਿਣਮੂਲ ਕਾਂਗਰਸ ਦੇ ਹਨ, ਜੋ ਕੁੱਲ ਮੌਤਾਂ ਦਾ 60 ਫੀਸਦੀ ਤੋਂ ਜ਼ਿਆਦਾ ਹੈ। ਉਨ੍ਹਾ ਕਿਹਾ ਕਿ ਜੇਕਰ ਤ੍ਰਿਣਮੂਲ ਸਹੀ ਮਾਇਨੇ 'ਚ ਹਿੰਸਾ ਭੜਕਾ ਰਹੀ ਹੁੰਦੀ, ਜਿਸ ਤਰ੍ਹਾਂ ਮੀਡੀਆ 'ਚ ਦੋਸ਼ ਲਾਇਆ ਜਾ ਰਿਹਾ ਹੈ, ਤਾਂ ਉਨ੍ਹਾਂ ਦੇ ਆਪਣੇ ਵਰਕਰਾਂ ਨੂੰ ਨਿਸ਼ਾਨਾ ਕਿਉਂ ਬਣਾਇਆ ਜਾਵੇਗਾ ਅਤੇ ਉਨ੍ਹਾਂ ਦੀ ਹੱਤਿਆ ਕਿਉਂ ਕੀਤੀ ਜਾਵੇਗੀ? ਵਿਰੋਧੀਆਂ ਨੇ ਹਾਰ ਮੰਨ ਲਈ ਹੈ ਅਤੇ ਹੁਣ ਮੀਡੀਆ 'ਚ ਆਪਣੇ ਸਹਿਯੋਗੀਆਂ ਦਾ ਇਸਤੇਮਾਲ ਕਰਦੇ ਹੋਏ ਇਸ ਕਹਾਣੀ ਨੂੰ ਆਕਾਰ ਦੇਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਹਿੰਸਾ ਨੇ ਚੋਣਾਂ ਨੂੰ ਕਿਸ ਤਰ੍ਹਾਂ ਪ੍ਰਭਾਵਤ ਕੀਤਾ।

### ਬੇਰੁਜ਼ਗਾਰ ਨੌਜਵਾਨਾਂ ਦੇ ਭਵਿੱਖ...

ਮੁਹੱਈਆ ਕਰਾਉਣ ਦਾ ਦਾਅਵਾ ਕੀਤਾ ਗਿਆ ਸੀ, ਪ੍ਰੰਤੂ ਰੁਜ਼ਗਾਰ ਦੇ ਸਾਧਨ ਪੈਦਾ ਕਰਨ ਦੀ ਬਜਾਇ ਕੇਵਲ ਕਾਰਪੋਰੇਟ ਘਰਾਣਿਆਂ ਨੂੰ ਪਬਲਿਕ ਸੈਕਟਰ ਤੋੜ ਕੇ ਉਸ ਦੇ ਹਵਾਲੇ ਕੀਤਾ ਜਾ ਰਿਹਾ ਹੈ। ਉਹਨਾ ਨੌਜਵਾਨ ਵਰਗ ਨੂੰ ਅਪੀਲ ਕਰਦਿਆਂ ਕਿਹਾ ਕਿ ਦੇਸ਼ ਦੇ ਭਵਿੱਖ ਲਈ ਨੌਜਵਾਨ ਏਕਤਾ ਤੇ ਅਗਵਾਈ ਸਮੇਂ ਦੀ ਮੁੱਖ ਲੋੜ ਹੈ।

ਇਸ ਸਮੇਂ ਸਾਬਕਾ ਨੌਜਵਾਨ ਆਗੂ ਕ੍ਰਿਸ਼ਨ ਚੌਹਾਨ ਅਤੇ ਟਰੇਡ ਯੂਨੀਅਨ ਆਗੂ ਐਡਵੋਕੇਟ ਕੁਲਵਿੰਦਰ ਉੱਡਤ ਨੇ ਕਿਹਾ ਕਿ ਸਮੇਂ ਦੀਆਂ ਸਰਕਾਰਾਂ ਨੌਜਵਾਨ ਵਰਗ ਨੂੰ ਹਥਿਆਰ ਦੀ ਤਰ੍ਹਾਂ ਵਰਤ ਰਹੀਆਂ ਹਨ ਅਤੇ ਰੁਜ਼ਗਾਰਹੀਣ ਨੌਜਵਾਨ ਨਸ਼ਿਆਂ ਦੀ ਦਲ-ਦਲ ਵਿੱਚ ਧੱਸ ਰਹੇ ਹਨ। ਉਹਨਾਂ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ, ਸਿੱਖਿਆ ਸਿਹਤ, ਹਰ ਇੱਕ ਲਈ ਮੁਫ਼ਤ ਤੇ ਲਾਜ਼ਮੀ ਦੀ ਮੰਗ ਕਰਦਿਆਂ ਕਿਹਾ ਕਿ ਪਬਲਿਕ ਸੈਕਟਰ ਨੂੰ ਬਚਾਉਣ ਲਈ ਇਮਾਨਦਾਰੀ ਨਾਲ ਪਹਿਰਾ ਦੇਣ, ਤਾਂ ਜੋ ਰੁਜ਼ਗਾਰ ਦੇ ਸਾਧਨ ਪੈਦਾ ਕੀਤੇ ਜਾ ਸਕਣ। ਇਸ ਸਮੇਂ ਕਾਨਫਰੰਸ ਰਜਿੰਦਰ ਹੀਰੇਵਾਲਾ, ਜਗਤਾਰ ਕਾਲਾ, ਹਰਪਾਲ ਫੱਤਾ ਅਤੇ ਹਰਪ੍ਰੀਤ ਮਾਨਸਾ ਦੇ ਪ੍ਰਧਾਨਗੀ ਮੰਡਲ ਹੇਠ ਹੋਈ, ਜਿਸ ਵਿੱਚ 21 ਮੈਂਬਰੀ ਜ਼ਿਲ੍ਹਾ ਕਮੇਟੀ ਦਾ ਪੈਨਲ ਪੇਸ਼ ਕੀਤਾ ਗਿਆ ਅਤੇ ਹਾਜ਼ਰ ਸਾਥੀਆਂ ਵੱਲੋਂ ਜਗਤਾਰ ਕਾਲਾ ਸਰਪ੍ਰਸਤ, ਰਜਿੰਦਰ ਹੀਰੇਵਾਲਾ ਜ਼ਿਲ੍ਹਾ ਪ੍ਰਧਾਨ, ਹਰਪ੍ਰੀਤ ਮਾਨਸਾ ਜਨਰਲ ਸਕੱਤਰ, ਹਰਪਾਲ ਫੱਤਾ ਵਿੱਤ ਸਕੱਤਰ ਅਤੇ ਗੁਰਪ੍ਰੀਤ ਹੀਰਕੇ ਪ੍ਰੈੱਸ ਸਕੱਤਰ, ਬਲਵਿੰਦਰ ਕੋਟ ਧਰਮੂ, ਜਸਪ੍ਰੀਤ ਸਿੰਘ, ਦਰਸ਼ਨ ਉੱਡਤ ਮੀਤ ਪ੍ਰਧਾਨ ਤੇ ਰੋਹਿਤ ਮਾਨਸਾ, ਮਨੀ ਭੁਪਾਲ, ਸੰਦੀਪ ਕੋਟ ਧਰਮੂ ਮੀਤ ਸਕੱਤਰ, ਖੁਸ਼ਪਿੰਦਰ ਚੌਹਾਨ, ਜਿੰਦਰ ਜੋਗਾ, ਚਿਮਨ ਲਾਲ ਕਾਕਾ, ਮਨਿੰਦਰ ਫਰੀਦਕੇ, ਕਾਲਾ ਟਾਹਲੀਆਂ ਅਤੇ ਮਲਕੀਤ ਮੰਦਰਾਂ ਵਰਕਿੰਗ ਕਮੇਟੀ ਮੈਂਬਰ ਚੁਣੇ ਗਏ। ਕਾਨਫਰੰਸ ਦੌਰਾਨ ਨਸ਼ਿਆਂ ਨੂੰ ਰੋਕਣ ਅਤੇ ਪੱਕੇ ਰੁਜ਼ਗਾਰ ਲਈ ਸਰਕਾਰ ਤੋਂ ਮਤਾ ਪਾਸ ਕਰਕੇ ਭੇਜਿਆ ਗਿਆ। ਕਾਨਫਰੰਸ ਮੌਕੇ ਟਰੇਡ ਯੂਨੀਅਨ ਆਗੂ ਕਰਨੈਲ ਭੀਖੀ, ਖੇਤ ਮਜ਼ਦੂਰ ਆਗੂ ਕੇਵਲ ਸਮਾਓਂ, ਕਿਸਾਨ ਸਭਾ ਰੂਪ ਸਿੰਘ ਢਿੱਲੋਂ, ਉਸਾਰੀ ਮਿਸਤਰੀ/ ਮਜ਼ਦੂਰ ਯੂਨੀਅਨ ਦੇ ਸੁਖਦੇਵ ਮਾਨਸਾ, ਮੁਲਾਜ਼ਮ ਆਗੂ ਮੱਖਣ ਮਾਨਸਾ, ਸੁਖਦੇਵ ਪੰਧੇਰ ਅਤੇ ਰਤਨ ਭੋਲਾ ਆਦਿ ਆਗੂਆਂ ਨੇ ਸੰਬੋਧਨ ਕੀਤਾ।

## ਮਾਨ ਵੱਲੋਂ ਡਾ. ਵਾਂਡਰ ਦਾ ਬਾਬਾ ਫ਼ਰੀਦ 'ਵਰਸਿਟੀ ਆਫ਼ ਹੈੱਲਥ ਸਾਇੰਸਜ਼ ਦੇ ਬੋਰਡ ਆਫ਼ ਮੈਨੇਜਮੈਂਟ ਦੇ ਚੇਅਰਮੈਨ ਵਜੋਂ ਨਿਯੁਕਤ ਹੋਣ 'ਤੇ ਸਵਾਗਤ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਮੁੱਖ ਮੰਤਰੀ ਭਗਵੰਤ ਮਾਨ ਨੇ ਸਨਿੱਚਰਵਾਰ ਨੂੰ ਪ੍ਰਸਿੱਧ ਕਾਰਡੀਓਲੋਜਿਸਟ ਡਾਕਟਰ ਗੁਰਪ੍ਰੀਤ ਸਿੰਘ ਵਾਂਡਰ ਨੂੰ ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਿਜ਼ ਦੇ ਬੋਰਡ ਆਫ਼ ਮੈਨੇਜਮੈਂਟ ਦੇ ਚੇਅਰਮੈਨ ਵਜੋਂ ਨਿਯੁਕਤ ਹੋਣ 'ਤੇ ਵਧਾਈ ਦਿੱਤੀ। ਜ਼ਿਕਰਯੋਗ ਹੈ ਕਿ ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਿਜ਼, ਐਕਟ, 1998 ਦੀ ਧਾਰਾ 27 (2) ਅਧੀਨ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦਿਆਂ ਪੰਜਾਬ ਦੇ ਰਾਜਪਾਲ ਅਤੇ ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਿਜ਼, ਫ਼ਰੀਦਕੋਟ ਦੇ ਚਾਂਸਲਰ ਨੇ ਪ੍ਰੋਫ਼ੈਸਰ ਅਤੇ ਡੀ ਐੱਮ ਸੀ ਕਾਲਜ ਅਤੇ ਹਸਪਤਾਲ, ਲੁਧਿਆਣਾ ਦੇ ਕਾਰਡੀਓਲੋਜੀ ਵਿਭਾਗ ਦੇ ਮੁਖੀ ਡਾ. ਗੁਰਪ੍ਰੀਤ ਸਿੰਘ ਵਾਂਡਰ ਨੂੰ ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਿਜ਼, ਫ਼ਰੀਦਕੋਟ ਦੇ ਬੋਰਡ ਆਫ਼ ਮੈਨੇਜਮੈਂਟ ਦੇ ਚੇਅਰਮੈਨ ਵਜੋਂ, ਨਿਯੁਕਤ ਕੀਤਾ ਹੈ, ਜਿਵੇਂ ਕਿ ਉਕਤ ਐਕਟ ਦੀ ਧਾਰਾ 27(4) ਵਿੱਚ ਨਿਰਧਾਰਤ ਕੀਤਾ ਗਿਆ ਹੈ ਕਿ ਇਹ ਨਿਯੁਕਤੀ 8 ਜੁਲਾਈ ਤੋਂ ਪੰਜ ਸਾਲਾਂ ਦੀ ਮਿਆਦ ਲਈ ਹੋਵੇਗੀ। ਇਸ ਨਿਯੁਕਤੀ ਦੀ ਸ਼ਲਾਘਾ ਕਰਦਿਆਂ ਮੁੱਖ ਮੰਤਰੀ ਨੇ ਆਸ ਪ੍ਰਗਟਾਈ ਕਿ ਯੂਨੀਵਰਸਿਟੀ ਡਾ. ਵਾਂਡਰ ਦੀ ਯੋਗ ਅਤੇ ਗਤੀਸ਼ੀਲ ਅਗਵਾਈ ਵਿੱਚ ਨਵੀਆਂ ਉਚਾਈਆਂ ਨੂੰ ਛੂਹੇਗੀ। ਉਨ੍ਹਾ ਸੂਬੇ ਦੇ ਇੱਕ ਉੱਘੇ ਕਾਰਡੀਓਲੋਜਿਸਟ ਵਜੋਂ ਡਾ. ਵਾਂਡਰ ਵੱਲੋਂ ਲੋਕਾਂ ਲਈ ਨਿਭਾਈਆਂ ਸ਼ਾਨਦਾਰ ਸੇਵਾਵਾਂ ਨੂੰ ਯਾਦ ਕੀਤਾ। ਮੁੱਖ ਮੰਤਰੀ ਨੇ ਮੋਗਾ ਦੇ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ, ਫ਼ਰੀਦਕੋਟ ਦੇ ਵਿਧਾਇਕ ਡਾ. ਗੁਰਦਿੱਤ ਸਿੰਘ ਸੇਖੋਂ, ਉੱਘੇ ਆਈ ਸਰਜਨ (ਅੱਖਾਂ ਦੇ ਸਰਜਨ) ਡਾ. ਪੀ ਐੱਸ ਬਰਾੜ, ਡੀ ਐੱਮ (ਕਾਰਡੀਓਲੋਜੀ) ਅਤੇ ਡੀ ਐੱਮ ਸੀ ਦੇ ਕਾਰਡੀਓਲੋਜੀ ਵਿਭਾਗ ਦੇ ਮੁਖੀ ਡਾ. ਬਿਸ਼ਵ ਮੋਹਨ, ਡੀ.ਐੱਮ.ਸੀ. ਦੇ ਨਿਊਰੋਲੋਜੀ ਵਿਭਾਗ ਦੇ ਮੁਖੀ ਡਾ. ਰਜਿੰਦਰ ਬਾਂਸਲ, ਪ੍ਰੋ. ਅਤੇ ਐੱਚ ਓ ਡੀ ਪਲਮੋਨਰੀ (ਫੇਫੜਿਆਂ ਤੇ ਸਾਹ ਸਬੰਧੀ) ਮੈਡੀਸਨ, ਸਰਕਾਰੀ ਮੈਡੀਕਲ ਕਾਲਜ ਪਟਿਆਲਾ ਡਾ. ਵਿਸ਼ਾਲ ਚੋਪੜਾ ਅਤੇ ਸਾਬਕਾ ਪ੍ਰਿੰਸੀਪਲ ਸਰਕਾਰੀ ਮੈਡੀਕਲ ਕਾਲਜ ਪਟਿਆਲਾ ਡਾ. ਕੇ ਕੇ ਅਗਰਵਾਲ ਯੂਨੀਵਰਸਿਟੀ ਦੇ ਪ੍ਰਬੰਧਕੀ ਬੋਰਡ ਦੇ ਮੈਂਬਰਾਂ ਵਜੋਂ ਸ਼ਾਮਲ ਕੀਤੇ ਜਾਣ 'ਤੇ ਵਧਾਈ ਦਿੱਤੀ।

### ਸ਼੍ਰੋਮਣੀ ਕਮੇਟੀ ਵੱਲੋਂ...

ਸਰੂਪਾਂ ਨੂੰ ਡਿਜੀਟਾਈਜ਼ ਕਰਨ ਵਾਸਤੇ ਪ੍ਰਾਜੈਕਟ ਸਥਾਪਤ ਕਰਨ ਨੂੰ ਵੀ ਪ੍ਰਵਾਨਗੀ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਬਿਰਧ ਹੋ ਚੁੱਕੇ ਪਾਵਨ ਸਰੂਪਾਂ ਦੇ ਸਸਕਾਰ ਲਈ ਪੁੱਜਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ 'ਚੋਂ ਪੁਰਾਤਨ ਹੱਥ ਲਿਖਤ ਸਰੂਪਾਂ ਦੀ ਪਛਾਣ ਕਰਕੇ ਇਸ ਤਹਿਤ ਡਿਜੀਟਾਈਜ਼ ਕੀਤਾ ਜਾਵੇਗਾ। ਉਹਨਾ ਦੱਸਿਆ ਕਿ ਲੰਗਰ ਸ੍ਰੀ ਗੁਰੂ ਰਾਮਦਾਸ ਜੀ ਵਿਖੇ ਹੋਈਆਂ ਪ੍ਰਬੰਧਕੀ ਬੇਨਿਯਮੀਆਂ ਦੇ ਮਾਮਲੇ 'ਚ ਮੁਅੱਤਲ ਕੀਤੇ ਮੁਲਾਜ਼ਮਾਂ ਵੱਲੋਂ ਪੁੱਜੇ ਪੱਖ ਵਿਚਾਰਨ ਲਈ ਪੰਜ ਮੈਂਬਰੀ ਕਮੇਟੀ ਬਣਾ ਦਿੱਤੀ ਗਈ ਹੈ। ਇਸ ਕਮੇਟੀ ਵਿਚ ਬਲਦੇਵ ਸਿੰਘ ਕਿਆਮਪੁਰ, ਗੁਰਚਰਨ ਸਿੰਘ ਗਰੇਵਾਲ, ਬਾਬਾ ਗੁਰਪ੍ਰੀਤ ਸਿੰਘ, ਸ਼ੇਰ ਸਿੰਘ ਮੰਡਵਾਲਾ ਅਤੇ ਸੁਰਜੀਤ ਸਿੰਘ ਤੁਗਲਵਾਲ ਨੂੰ ਸ਼ਾਮਲ ਕੀਤਾ ਹੈ। ਉਹਨਾ ਕਿਹਾ ਕਿ ਅਸੀਂ ਸਮਝਦੇ ਹਾਂ ਕਿ ਅਜਿਹੇ ਕਾਨੂੰਨ ਦੇਸ਼ ਦੀ ਘੱਟ ਗਿਣਤੀ ਲੋਕਾਂ ਦੀ ਹੋਂਦ ਅਤੇ ਉਨ੍ਹਾਂ ਦੀਆਂ ਧਾਰਮਿਕ ਰਸਮਾਂ, ਪਰੰਪਰਾਵਾਂ ਤੇ ਸੱਭਿਆਚਾਰ ਦਾ ਘਾਣ ਕਰਨ ਦੇ ਬਰਾਬਰ ਹਨ। ਉਨ੍ਹਾ ਕਿਹਾ ਕਿ ਅਸੀਂ ਇਸ ਅਧਾਰ 'ਤੇ ਦੇਸ਼ ਦੀ ਸਰਕਾਰ ਵੱਲੋਂ ਲਿਆਂਦੇ ਮਤੇ ਦਾ ਸਖਤ ਵਿਰੋਧ ਕਰਦੇ ਹਾਂ।

### ਵਿਸ਼ਵ ਦਾ ਸਭ ਤੋਂ...

ਮਿਲੀ ਸਕੀ। ਭਰਤ ਵਿਆਹਿਆ ਹੈ ਅਤੇ ਉਸ ਦੇ 2 ਬੱਚੇ ਹਨ। ਭਰਤ ਨੂੰ ਲੱਗਾ ਕਿ ਉਸ ਨੂੰ ਤਾਂ ਸਿੱਖਿਆ ਨਹੀਂ ਮਿਲ ਸਕੀ, ਪਰ ਉਸ ਦੇ ਬੱਚਿਆਂ ਨੂੰ ਸਿੱਖਿਆ ਲੈਣੀ ਚਾਹੀਦੀ ਹੈ। ਉਨ੍ਹਾ ਦੀ ਸਿੱਖਿਆ ਪੂਰੀ ਹੋ ਚੁੱਕੀ ਹੈ। ਭਰਤ ਦੀ ਕੁੱਲ ਜਾਇਦਾਦ ਕਰੀਬ 7.50 ਕਰੋੜ ਰੁਪਏ ਹੈ। ਉਸ ਦੀ ਮਹੀਨੇ ਦੀ ਆਮਦਨ 90,000 ਰੁਪਏ ਤੋਂ ਜ਼ਿਆਦਾ ਹੈ। ਜੈਨ ਕੋਲ ਮੁੰਬਈ 'ਚ 2 ਫਲੈਟ ਹਨ, ਜਿਨ੍ਹਾਂ ਦੀ ਕੀਮਤ 1.5 ਕਰੋੜ ਰੁਪਏ ਹੈ। ਠਾਣੇ 'ਚ 2 ਦੁਕਾਨਾਂ ਹਨ। ਉਸ ਤੋਂ ਉਸ ਨੂੰ ਪ੍ਰਤੀ ਮਹੀਨੇ 30,000 ਰੁਪਏ ਕਿਰਾਇਆ ਮਿਲਦਾ ਹੈ।

ਭਰਤ ਛੱਤਰਪਤੀ ਸ਼ਿਵਾਜੀ ਮਹਾਰਾਜ ਟਰਮੀਨਲ, ਆਜ਼ਾਦ ਮੈਦਾਨ ਇਲਾਕਿਆਂ 'ਚ ਭੀਖ ਮੰਗਦਾ ਹੈ। ਭਰਤ ਰੋਜ਼ਾਨਾ 10 ਤੋਂ 12 ਘੰਟੇ ਭੀਖ ਮੰਗਦਾ ਹੈ। ਭਰਤ ਪਰੇਲ 'ਚ ਡੂਪਲੇਕਸ 'ਚ ਆਪਣੇ ਪਰਵਾਰ ਨਾਲ ਰਹਿੰਦਾ ਹੈ। ਉਸ ਦੇ ਪਰਵਾਰ ਨੇ ਉਸ ਨੂੰ ਕਈ ਵਾਰ ਭੀਖ ਨਾ ਮੰਗਣ ਲਈ ਮਨਾਉਣ ਦੀ ਕੋਸ਼ਿਸ਼ ਕੀਤੀ, ਪਰ ਕੋਈ ਫਾਇਦਾ ਨਹੀਂ ਹੋਇਆ। ਭਰਤ ਭੀਖ ਮੰਗਦਾ ਰਿਹਾ। ਉਸ ਦੇ ਪਰਵਾਰ ਦੇ ਕੁਝ ਮੈਂਬਰ ਸਟੇਸ਼ਨਰੀ ਦੀ ਦੁਕਾਨ ਚਲਾਉਂਦੇ ਹਨ।

### ਰੋਡਵੇਜ਼ ਬੱਸ-ਕਰੂਜ਼ਰ...

ਟੱਕਰ ਹੋ ਗਈ। ਟੱਕਰ ਏਨੀ ਜ਼ਬਰਦਸਤ ਸੀ ਕਿ ਇਸ ਹਾਦਸੇ 'ਚ ਕਰੂਜ਼ਰ ਦੇ ਪਰਖੱਚੇ ਉਡ ਗਏ। ਹਾਦਸੇ 'ਚ 4 ਵਿਅਕਤੀਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਉਥੇ ਹੀ ਬਾਅਦ 'ਚ 2 ਹੋਰਨਾਂ ਨੇ ਹਸਪਤਾਲ 'ਚ ਦਮ ਤੋੜ ਦਿੱਤਾ। ਕਰੂਜ਼ਰ 'ਚ ਫਸੀਆਂ ਲਾਸ਼ਾਂ ਨੂੰ ਕੱਢਿਆ ਗਿਆ ਤਾਂ ਉਥੇ ਮਰਨ ਵਾਲਿਆਂ ਦੀ ਗਿਣਤੀ 8 ਹੋ ਗਈ। ਮ੍ਰਿਤਕਾਂ 'ਚ ਸਾਰੇ ਕਰੂਜ਼ਰ ਸਵਾਰ ਦੱਸੇ ਗਏ ਹਨ। ਹਾਦਸੇ 'ਚ ਰੋਡਵੇਜ਼ ਦਾ ਬੱਸ ਡਰਾਈਵਰ ਵੀ ਜ਼ਖ਼ਮੀ ਹੋ ਗਿਆ।

### ਸਿੰਧੂ, ਸੇਨ...

ਜਾਪਾਨ ਦੀ ਯਾਮਾਗੁਚੀ ਨਾਲ, ਜਦਕਿ ਸੇਨ ਦਾ ਜਾਪਾਨ ਦੇ ਹੀ ਚੌਥੇ ਨੰਬਰ ਦੇ ਕੇਂਟਾ ਨਿਸ਼ਿਮੋਤੋ ਨਾਲ ਹੋਵੇਗਾ। ਪੀ ਵੀ ਸਿੰਧੂ ਦਾ ਜਾਪਾਨ ਦੀ ਖਿਡਾਰੀ ਖਿਲਾਫ਼ ਰਿਕਾਰਡ 14-10 ਹੈ। ਇਨ੍ਹਾਂ ਦੋਵਾਂ ਵਿਚਾਲੇ ਪਿਛਲਾ ਮੁਕਾਬਲਾ ਪਿਛਲੇ ਸਾਲ ਸਿੰਗਾਪੁਰ ਓਪਨ 'ਚ ਖੇਡਿਆ ਗਿਆ ਸੀ, ਜਿਸ 'ਚ ਜਾਪਾਨੀ ਖਿਡਾਰੀ ਨੇ ਜਿੱਤ ਦਰਜ ਕੀਤੀ ਸੀ।

### ਖੂਬਸੂਰਤ ਪਾਕਿਸਤਾਨੀ...

ਨੇ ਜਾਂਚ ਸ਼ੁਰੂ ਕੀਤੀ। ਇਸ ਤੋਂ ਠੀਕ ਪਹਿਲਾਂ ਉਨ੍ਹਾ ਨੇ ਫਰਵਰੀ 2023 'ਚ ਜ਼ਾਰਾ ਦਾ ਨੰਬਰ ਬਲਾਕ ਕਰ ਦਿੱਤਾ ਸੀ। ਇਸ ਤੋਂ ਬਾਅਦ ਕੁਰੂਲਕਰ ਨੂੰ ਇੱਕ ਅਣਪਛਾਤੇ ਭਾਰਤੀ ਨੰਬਰ ਤੋਂ ਵਟਸਐਪ 'ਤੇ ਮੈਸੇਜ ਮਿਲਿਆ ਕਿ ਤੁਸੀਂ ਮੇਰਾ ਨੰਬਰ ਕਿਉਂ ਬਲਾਕ ਕਰ ਦਿੱਤਾ। ਦੋਸ਼ ਪੱਤਰ ਮੁਤਾਬਕ ਗੱਲਬਾਤ ਦੇ ਰਿਕਾਰਡ ਤੋਂ ਪਤਾ ਚੱਲਿਆ ਕਿ ਕੁਰੂਲਕਰ ਨੇ ਪਾਕਿਸਤਾਨੀ ਏਜੰਟ ਦੇ ਨਾਲ ਆਪਣਾ ਨਿੱਜੀ ਅਤੇ ਅਧਿਕਾਰਤ ਪ੍ਰੋਗਰਾਮ ਅਤੇ ਸਥਾਨ ਸਾਂਝਾ ਕੀਤਾ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**

ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

9July-PAGE-3-Majha-23.qxd 7/8/2023 10:15 PM Page 1



# ਜੰਮੂ ਦੇ ਅਲਟ੍ਰਾਸਾਊਂਡ ਸਕੈਨਿੰਗ ਸੈਂਟਰ ਦਾ ਪਰਦਾਫਾਸ਼

## ਗੁਰਦਾਸਪੁਰ ਸ਼ਹਿਰ ਦੀ ਦਲਾਲ ਔਰਤ ਸਮੇਤ ਕੁੱਝ ਹੋਰ ਔਰਤਾਂ ਵੀ ਕਾਨੂੰਨੀ ਸ਼ਿਕੰਜੇ 'ਚ ਫਸੀਆਂ



**ਗੁਰਦਾਸਪੁਰ** (ਜਨਕ ਮਹਾਜਨ)-ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੀਆਂ ਹਦਾਇਤਾਂ ਤਹਿਤ ਸਿਹਤ ਵਿਭਾਗ ਦੀ ਟੀਮ ਵੱਲੋਂ ਜੰਮੂ ਵਿਖੇ ਲਿੰਗ ਨਿਰਧਾਰਤ ਕਰਨ ਵਾਲੇ ਇੱਕ ਅਲਟ੍ਰਾਸਾਊਂਡ ਸਕੈਨਿੰਗ ਸੈਂਟਰ ਦਾ ਪਰਦਾਫਾਸ਼ ਕੀਤਾ ਗਿਆ ਹੈ। ਸਿਵਲ ਸਰਜਨ ਗੁਰਦਾਸਪੁਰ ਡਾ. ਹਰਭਜਨ ਰਾਮ ਮਾਂਡੀ ਦੀ ਅਗਵਾਈ ਹੇਠ ਸਿਹਤ ਵਿਭਾਗ ਦੀ ਇੱਕ ਸਾਂਝੀ ਟੀਮ ਦਾ ਗਠਨ ਕੀਤਾ ਗਿਆ ਜਿਸ ਵਿੱਚ ਡਾ. ਰਜਿੰਦਰ ਕੌਰ ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ ਗੁਰਦਾਸਪੁਰ, ਡਾ. ਹਰਪ੍ਰੀਤ ਸਿੰਘ ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ ਲੁਧਿਆਣਾ, ਡਾ. ਰਾਜ ਕੁਮਾਰ ਜ਼ਿਲ੍ਹਾ ਭਲਾਈ ਅਫ਼ਸਰ ਪਠਾਨਕੋਟ ਸ਼ਾਮਿਲ ਸਨ। ਇਸ ਟੀਮ ਵੱਲੋਂ ਲੁਧਿਆਣਾ ਸ਼ਹਿਰ ਤੋਂ ਇੱਕ ਨਕਲੀ ਗਾਹਕ ਤਿਆਰ ਕੀਤਾ ਗਿਆ ਜਿਸ ਨੇ ਗੁਰਦਾਸਪੁਰ ਸ਼ਹਿਰ ਦੇ ਮੁਹੱਲਾ ਪ੍ਰੇਮ ਨਗਰ ਦੀ ਦਲਾਲ ਸਰਬਜੀਤ ਕੌਰ ਨਾਲ ਰਾਬਤਾ ਕੀਤਾ। ਨਕਲੀ ਗਾਹਕ ਸਰਬਜੀਤ ਕੌਰ ਆਪਣੀ ਗੱਡੀ 'ਤੇ ਲੁਧਿਆਣਾ ਤੋਂ ਜੰਮੂ ਲਈ ਰਵਾਨਾ ਹੋਈ ਅਤੇ ਰਸਤੇ ਵਿਚੋਂ ਪਠਾਨਕੋਟ ਨੇੜੇ ਮਲਕਪੁਰ ਤੋਂ ਦਲਾਲ ਸਰਬਜੀਤ ਕੌਰ ਉਸ ਨਾਲ ਕਾਰ ਵਿੱਚ ਬੈਠ ਗਈ। ਸਰਬਜੀਤ ਕੌਰ ਉਸ ਔਰਤ ਨੂੰ ਜੰਮੂ ਸ਼ਹਿਰ ਦੇ ਕਰਨਾ ਅਲਟ੍ਰਾਸਾਊਂਡ ਸਕੈਨਿੰਗ ਸੈਂਟਰ ਵਿਖੇ ਲੈ ਗਈ ਅਤੇ 20,000 ਰੁਪਏ ਵਿੱਚ ਲਿੰਗ ਟੈਸਟ ਕਰਨ ਦਾ ਸੌਦਾ ਤਹਿ ਹੋ ਗਿਆ ਅਤੇ ਨਕਲੀ ਗਾਹਕ ਨੇ ਉਹ ਨੋਟ ਜਿਨ੍ਹਾਂ ਦੇ ਨੰਬਰ ਪਹਿਲਾਂ ਹੀ ਸਿਹਤ ਵਿਭਾਗ ਨੇ ਨੋਟ ਕੀਤੇ ਹੋਏ ਸਨ ਟੈਸਟ ਕਰਨ ਵਾਲਿਆਂ ਨੂੰ ਦੇ ਦਿੱਤੇ।

ਨਕਲੀ ਗਾਹਕ ਦੀ ਗੱਡੀ 'ਤੇ ਸਿਹਤ ਵਿਭਾਗ ਵੱਲੋਂ ਟਰੈਕਰ ਲਗਾਇਆ ਹੋਇਆ ਸੀ, ਜਿਸ ਦਾ ਪਿੱਛਾ ਕਰਦੇ ਹੋਏ ਸਿਵਲ ਸਰਜਨ ਡਾ. ਹਰਭਜਨ ਸਿੰਘ ਤੇ ਉਨ੍ਹਾਂ ਦੀ ਟੀਮ ਮੌਕੇ 'ਤੇ ਪਹੁੰਚ ਗਈ ਅਤੇ ਉਨ੍ਹਾਂ ਲਿੰਗ ਨਿਰਧਾਰਨ ਕਰਨ ਵਾਲੇ ਦੋਸ਼ੀਆਂ ਨੂੰ ਰੰਗੇ ਹੱਥੀਂ ਫੜ ਲਿਆ। ਉਨ੍ਹਾਂ ਨੇ ਨਕਲੀ ਗਾਹਕ ਵੱਲੋਂ ਦਿੱਤੇ ਰੁਪਿਆਂ ਨੂੰ ਵੀ ਰਿਕਵਰ ਕਰ ਲਿਆ। ਇਸਦੇ ਨਾਲ ਹੀ ਜਦੋਂ ਸਿਹਤ ਵਿਭਾਗ ਦੀ ਟੀਮ ਨੇ ਓਥੇ ਛਾਪਾ ਮਾਰਿਆ ਤਾਂ ਓਥੇ ਪਹਿਲਾਂ ਹੀ ਜ਼ਿਲ੍ਹਾ ਗੁਰਦਾਸਪੁਰ ਦੀਆਂ ਚਾਰ ਹੋਰ ਗਰਭਵਤੀ ਔਰਤਾਂ ਲਿੰਗ ਨਿਰਧਾਰਨ ਟੈਸਟ ਕਰਾਉਣ ਲਈ ਆਈਆਂ ਹੋਈਆਂ ਸਨ ਅਤੇ ਉਨ੍ਹਾਂ ਨੇ ਵੀ ਆਪਣਾ ਟੈਸਟ ਕਰਵਾ ਲਿਆ ਸੀ। ਇਸ ਦੌਰਾਨ ਸਿਵਲ ਸਰਜਨ ਡਾ. ਹਰਭਜਨ ਰਾਮ ਨੇ ਤੁਰੰਤ ਜੰਮੂ ਦੇ ਸਿਵਲ ਸਰਜਨ ਅਤੇ ਲੋਕਲ ਪੁਲਸ ਨੂੰ ਮੌਕੇ 'ਤੇ ਬੁਲਾ ਲਿਆ ਅਤੇ ਸਾਰੇ ਦੋਸ਼ੀਆਂ ਨੂੰ ਕਾਨੂੰਨ ਹਵਾਲੇ ਕਰ ਦਿੱਤਾ। ਸਿਵਲ ਸਰਜਨ ਡਾ. ਹਰਭਜਨ ਰਾਮ ਨੇ ਕਿਹਾ ਕਿ ਜੰਮੂ ਪੁਲਸ ਵੱਲੋਂ ਦੋਸ਼ੀਆਂ ਨੂੰ ਕਾਬੂ ਕਰਕੇ ਕਾਨੂੰਨੀ ਕਾਰਵਾਈ ਆਰੰਭ ਕਰ ਦਿੱਤੀ ਗਈ ਹੈ।

# ਤਹਿਸੀਲਦਾਰ ਥਿੰਦ ਨੇ ਆਈਲੈਟਸ ਸੈਂਟਰਾਂ ਦੀ ਕੀਤੀ ਚੈਕਿੰਗ




ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਡਿਪਟੀ ਕਮਿਸ਼ਨਰ ਬਲਦੀਪ ਕੌਰ ਵੱਲੋਂ ਜ਼ਿਲੇ ਅੰਦਰ ਚੱਲ ਰਹੇ ਅਣਅਧਿਕਾਰਤ ਆਈਲੈਟਸ ਸੈਂਟਰਾਂ ਖਿਲਾਫ ਵਿੱਢੀ ਮੁਹਿੰਮ ਤਹਿਤ ਸਥਾਨਕ ਸ਼ਹਿਰ ਵਿਖੇ ਅਣ ਅਧਿਕਾਰਤ ਢੰਗ ਨਾਲ ਚੱਲ ਰਹੇ ਆਈਲੈਟਸ ਸੈਂਟਰਾਂ 'ਤੇ ਕਾਰਵਾਈ ਕਰਨ ਲਈ ਸਰਬਜੀਤ ਸਿੰਘ ਥਿੰਦ ਤਹਿਸੀਲਦਾਰ ਪੱਟੀ ਵੱਲੋਂ ਆਪਣੀ ਟੀਮ ਸਮੇਤ ਚੈਕਿੰਗ ਕੀਤੀ। ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਸਰਬਜੀਤ ਸਿੰਘ ਥਿੰਦ ਤਹਿਸੀਲਦਾਰ ਪੱਟੀ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਬਲਦੀਪ ਕੌਰ ਵੱਲੋਂ ਜਾਰੀ ਹਦਾਇਤਾਂ 'ਤੇ ਉਨ੍ਹਾਂ ਨੇ ਆਪਣੀ ਟੀਮ ਸਮੇਤ ਸਥਾਨਕ ਪੁਲਸ ਦੇ ਸਹਿਯੋਗ ਨਾਲ ਸ਼ਹਿਰ 'ਚ ਖੁੱਲ੍ਹੇ ਵੱਖ-ਵੱਖ ਸੈਂਟਰਾਂ ਦੀ ਚੈਕਿੰਗ ਕੀਤੀ ਤਾਂ ਪਤਾ ਲੱਗਾ ਕਿ ਕਈ ਸੈਂਟਰ ਅਜਿਹੇ ਹਨ ਜਿਨ੍ਹਾਂ ਕੋਲ ਕੋਲ ਲਾਇਸੰਸ ਹੈ ਹੀ ਨਹੀਂ ਹੈ। ਕਈ ਸੈਂਟਰ ਬੰਦ ਹੋ ਚੁੱਕੇ ਸਨ।

ਉਨ੍ਹਾਂ ਦੱਸਿਆ ਕਿ ਚੈਕਿੰਗ ਮੌਕੇ 'ਤੇ ਕੁੱਝ ਸੈਂਟਰਾਂ ਕੋਲ ਲਾਇਸੰਸ ਅਤੇ ਹੋਰ ਕਾਗਜ਼ਾਤ ਮੁਕੰਮਲ ਮਿਲੇ ਹਨ।

ਤਹਿਸੀਲਦਾਰ ਸਰਬਜੀਤ ਸਿੰਘ ਨੇ ਦੱਸਿਆ ਕਿ ਪ੍ਰਸ਼ਾਸਨ ਨੂੰ ਸ਼ਿਕਾਇਤ ਮਿਲੀ ਸੀ ਕਿ ਕਈ ਸੈਂਟਰ ਦੇ ਮਾਲਕ ਮਨਮਰਜ਼ੀ ਨਾਲ ਬੱਚਿਆਂ ਤੋਂ ਫੀਸ ਤਾਂ ਲੈ ਰਹੇ ਹਨ ਪਰ ਸਰਕਾਰ ਕੋਲੋਂ ਲਾਇਸੰਸ ਲੈਣਾ ਜ਼ਰੂਰੀ ਨਹੀਂ ਸਮਝਦੇ।

ਇਸ ਮੌਕੇ ਉਨ੍ਹਾਂ ਨਾਲ ਐੱਸਡੀਐੱਮ ਅਨਿਲ ਗੁਪਤਾ ਦੇ ਸਟੈਨੋ ਸੁਖਵਿੰਦਰ ਸਿੰਘ ਅਤੇ ਪੁਲਸ ਪ੍ਰਸ਼ਾਸਨ ਦੇ ਅਧਿਕਾਰੀ ਹਾਜ਼ਰ ਸਨ। ਤਹਿਸੀਲਦਾਰ ਵੱਲੋਂ ਸ਼ਹਿਰ ਦੀਆਂ ਵੱਖ-ਵੱਖ ਥਾਵਾਂ 'ਤੇ ਚੱਲਦੇ ਕਈ ਸੈਂਟਰਾਂ ਦੀ ਜਾਂਚ ਪੜਤਾਲ ਕੀਤੀ।

# ਡੀ ਓ ਏ/ਸੀ ਐੱਨ ਆਈ ਵੱਲੋਂ ਨਸ਼ੱਈਆਂ ਤੇ ਐੱਚਆਈਵੀ ਏਡਜ਼ ਦੇ ਮਰੀਜ਼ਾਂ ਲਈ ਕਾਊਂਸਲਿੰਗ ਸੇਵਾ ਸ਼ੁਰੂ




ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਖੇਤਰ ਵਿੱਚ ਵੱਧ ਰਹੀ ਨਸ਼ੇ ਦੀ ਲਤ ਅਤੇ ਐੱਚਆਈਵੀ-ਏਡਜ਼ ਦੀ ਲਾਗ ਦਾ ਮੁਕਾਬਲਾ ਕਰਨ ਲਈ ਆਪਣੇ ਯਤਨਾਂ ਨੂੰ ਜਾਰੀ ਰੱਖਦੇ ਹੋਏ ਡਾਇਓਸਿਸ ਆਫ਼ ਅੰਮ੍ਰਿਤਸਰ (ਡੀਓਏ), ਚਰਚ ਆਫ਼ ਨਾਰਥ ਇੰਡੀਆ (ਸੀਐੱਨਆਈ) ਨੇ ਸ਼ਰਾਬ ਦੀ ਦੁਰਵਰਤੋਂ, ਜਿਨਸੀ ਸ਼ੋਸ਼ਣ ਅਤੇ ਘਰੇਲੂ ਬਦਸਲੂਕੀ ਅਤੇ ਸਮਾਜਿਕ ਮਹੱਤਵ ਵਾਲੇ ਹੋਰ ਵੱਖ-ਵੱਖ ਮੁੱਦਿਆਂ ਤੋਂ ਪ੍ਰਭਾਵਿਤ ਲੋਕਾਂ ਨੂੰ ਹੱਲ ਪ੍ਰਦਾਨ ਕਰਨ ਲਈ ਟਰਨਿੰਗ ਪੁਆਇੰਟ ਨਾਮਕ ਕੇਂਦਰ ਦਾ ਨੀਂਹ ਪੱਥਰ ਰੱਖਿਆ ਹੈ। ਇਨ੍ਹਾਂ ਸਾਰੀਆਂ ਸਮੱਸਿਆਵਾਂ ਤੋਂ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਇੱਥੇ ਕਾਊਂਸਲਰ ਉਪਲਬਧ ਹੋਣਗੇ।

'ਟਰਨਿੰਗ ਪੁਆਇੰਟ' ਵੱਖ-ਵੱਖ ਸਮਾਜਿਕ ਮੁੱਦਿਆਂ ਤੋਂ ਪ੍ਰਭਾਵਿਤ ਲੋਕਾਂ ਨੂੰ ਆਮ ਜੀਵਨ ਜਿਉਣ ਦਾ ਮੌਕਾ ਦੇਣ ਲਈ ਕਾਊਂਸਲਿੰਗ ਅਤੇ ਸਹੂਲਤਾਂ ਪ੍ਰਦਾਨ ਕਰੇਗਾ। ਮੋਸਟ ਰੈਵ ਡਾ. ਪੀ. ਕੇ. ਸਾਮੰਤਾਰਾਏ, ਬਿਸ਼ਪ, ਡਾਇਓਸਿਸ ਓਫ ਅੰਮ੍ਰਿਤਸਰ, ਚਰਚ ਆਫ਼ ਨਾਰਥ ਇੰਡੀਆ ਨੇ ਕਿਹਾ ਕਿ ਇਹ ਪਹਿਲਕਦਮੀ ਡਾਇਓਸਿਸ ਦੇ 'ਲਵ ਇਨ ਐਕਸ਼ਨ' ਪ੍ਰੋਗਰਾਮ ਦਾ ਹਿੱਸਾ ਹੈ। ਪੀੜਤਾਂ ਨੂੰ ਸੁਣਨ ਅਤੇ ਉਨ੍ਹਾਂ ਨੂੰ ਸਲਾਹ ਦੇਣ ਲਈ ਇੱਥੇ ਕਾਊਂਸਲਰ ਉਪਲਬਧ ਹੋਣਗੇ।

ਬਿਸ਼ਪ ਨੇ ਕਿਹਾ ਕਿ ਇੱਕ ਸਰਵੇਖਣ ਦੌਰਾਨ ਡਾਇਓਸਿਸ ਦੇ ਸਾਹਮਣੇ ਐੱਚਆਈਵੀ-ਏਡਜ਼ ਦੇ ਘੱਟੋ-ਘੱਟ 13 ਮਾਮਲਿਆਂ ਅਤੇ ਕਈ ਹੋਰ ਸਮਾਜਿਕ ਮੁੱਦਿਆਂ ਤੋਂ ਇਲਾਵਾ ਤਪਦਿਕ, ਜਿਨਸੀ ਸ਼ੋਸ਼ਣ, ਟਰਾਂਸਜੈਂਡਰ ਮੁੱਦੇ, ਸ਼ਰਾਬੀਪਣ ਅਤੇ ਘਰੇਲੂ ਹਿੰਸਾ ਦੇ ਕਈ ਸਮਾਜਿਕ ਮੁੱਦੇ ਆਏ ਹਨ। ਵਲੰਟੀਅਰ ਪਹਿਲਾਂ ਵੀ ਇਨ੍ਹਾਂ ਮੁੱਦਿਆਂ ਤੋਂ ਪ੍ਰਭਾਵਿਤ ਲੋਕਾਂ ਵਿਚਕਾਰ ਕੰਮ ਕਰ ਰਹੇ ਹਨ ਪਰ ਫਿਰ ਵੀ ਇਕ ਕੇਂਦਰ ਜਾਂ ਦਫ਼ਤਰ ਦੀ ਲੋੜ ਹੈ ਜਿੱਥੇ ਲੋਕ ਕਾਊਂਸਲਿੰਗ ਲਈ ਜਾ ਸਕਣ। ਅਸੀਂ ਇਹ ਕੇਂਦਰ ਡੋਗਰ ਪਿੰਡ ਵਿੱਚ ਖੋਲ੍ਹਣਾ ਚਾਹੁੰਦੇ ਹਾਂ। ਬਾਅਦ ਵਿੱਚ ਇੱਥੇ ਇੱਕ ਨਸ਼ਾ ਛੁਡਾਊ ਕੇਂਦਰ ਵੀ ਸਥਾਪਿਤ ਕੀਤਾ ਜਾਵੇਗਾ।

ਅਸੀਂ ਸਰਕਾਰੀ ਸਹੂਲਤਾਂ ਦੀ ਵੀ ਵੱਧ ਤੋਂ ਵੱਧ ਵਰਤੋਂ ਕਰਾਂਗੇ। ਇਸ ਪਹਿਲਕਦਮੀ ਦਾ ਉਦੇਸ਼ ਪ੍ਰਭਾਵਿਤ ਲੋਕਾਂ ਨੂੰ ਇਕ ਸੰਪੂਰਨ ਜੀਵਨ ਜਿਉਣ ਦਾ ਮੌਕਾ ਦੇਣਾ ਹੈ। ਪ੍ਰਭੂ ਯਿਸੂ ਮਸੀਹ ਲੋਕਾਂ ਨੂੰ ਉਨ੍ਹਾਂ ਦੇ ਪਾਪਾਂ ਤੋਂ ਬਚਾਉਣ ਲਈ ਸਲੀਬ ਉੱਤੇ ਮਰੇ ਸਨ। ਉਹ ਚਾਹੁੰਦੇ ਹਨ ਕਿ ਲੋਕ ਸੰਪੂਰਨ ਜੀਵਨ ਜੀਣ ਪਰ ਨਸ਼ਾਖੋਰੀ ਅਤੇ ਹੋਰ ਕਈ ਸਮਾਜਿਕ ਸਮੱਸਿਆਵਾਂ ਲੋਕਾਂ ਤੋਂ ਇਹ ਮੌਕਾ ਖੋਹ ਰਹੀਆਂ ਹਨ।

# ਕੋਟ ਸੰਤੋਖ ਰਾਏ 'ਚ 10, ਸਿੱਧਵਾਂ ਵਿਖੇ 19 ਤੇ ਮੋਚਪੁਰ 28 ਨੂੰ ਲਗਾਏ ਜਾਣਗੇ ਵਿਸ਼ੇਸ਼ ਕੈਂਪ



ਧਾਰੀਵਾਲ (ਮਨਦੀਪ ਵਿੱਕੀ)-ਪੰਜਾਬ ਸਰਕਾਰ ਵੱਲੋਂ ਅਧਿਕਾਰੀਆਂ ਨੂੰ ਲੋਕਾਂ ਵਿੱਚ ਜਾ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣਨ ਦੀਆਂ ਦਿੱਤੀਆਂ ਹਦਾਇਤਾਂ ਤਹਿਤ ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਇਸ ਮਹੀਨੇ ਦੌਰਾਨ ਪਿੰਡ ਕੋਟ ਸੰਤੋਖ ਰਾਏ, ਸਿੱਧਵਾਂ ਅਤੇ ਮੋਚਪੁਰ ਵਿਖੇ ਵਿਸ਼ੇਸ਼ ਕੈਂਪ ਲਗਾ ਕੇ ਸਥਾਨਕ ਲੋਕਾਂ ਦੀਆਂ ਸਮੱਸਿਆਵਾਂ ਸੁਣਨ ਦਾ ਪ੍ਰੋਗਰਾਮ ਨਿਰਧਾਰਤ ਕੀਤਾ ਗਿਆ ਹੈ। ਡਾ. ਹਿਮਾਂਸ਼ੂ ਅਗਰਵਾਲ ਵੱਲੋਂ 10 ਜੁਲਾਈ ਨੂੰ ਧਾਰੀਵਾਲ ਬਲਾਕ ਦੇ ਪਿੰਡ ਕੋਟ ਸੰਤੋਖ ਰਾਏ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਮਿਸ਼ਨ ਆਬਾਦ ਤਹਿਤ ਵਿਸ਼ੇਸ਼ ਕੈਂਪ ਲਗਾਇਆ ਜਾਵੇਗਾ। ਇਸ ਕੈਂਪ ਵਿੱਚ ਪਿੰਡ ਕੋਟ ਸੰਤੋਖ ਰਾਏ ਤੋਂ ਇਲਾਵਾ ਛੋਟੇਪੁਰ, ਆਲੋਵਾਲ, ਸੰਘਰ ਅਤੇ ਅਖਲਾਸਪੁਰ ਦੇ ਵਸਨੀਕ ਭਾਗ ਲੈਣਗੇ। ਉਨ੍ਹਾਂ ਦੱਸਿਆ ਕਿ ਇਸ ਕੈਂਪ ਦੌਰਾਨ ਵੱਖ-ਵੱਖ ਵਿਭਾਗਾਂ ਵੱਲੋਂ ਵਿਸ਼ੇਸ਼ ਸਟਾਲ ਲਗਾ ਕੇ ਪੰਜਾਬ ਸਰਕਾਰ ਦੀਆਂ ਭਲਾਈ ਯੋਜਨਾਵਾਂ ਦਾ ਲਾਭ ਦਿੱਤਾ ਜਾਵੇਗਾ। ਇਸਦੇ ਨਾਲ ਹੀ ਜਾਤੀ ਸਰਟੀਫਿਕੇਟ, ਰਿਹਾਇਸ਼ ਸਰਟੀਫਿਕੇਟ, ਰੂਰਲ ਏਰੀਆ ਅਤੇ ਬਾਰਡਰ ਏਰੀਆ ਸਰਟੀਫਿਕੇਟ, ਪੈਨਸ਼ਨ ਨਾਲ ਸਬੰਧਤ ਸੁਵਿਧਾਵਾਂ, ਸਿਹਤ ਵਿਭਾਗ ਨਾਲ ਸਬੰਧਤ ਸੁਵਿਧਾਵਾਂ, ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨਾਲ ਸਬੰਧਤ ਕੰਮ, ਮਨਰੇਗਾ ਨਾਲ ਸਬੰਧਤ ਕੰਮ, ਵਾਟਰ ਸਪਲਾਈ ਅਤੇ ਜਲ ਸਪਲਾਈ ਵਿਭਾਗ ਨਾਲ ਸਬੰਧਤ ਕੰਮ, ਆਧਾਰ ਕਾਰਡ ਸੁਵਿਧਾ ਤੋਂ ਇਲਾਵਾ ਮਿਲਟਰੀ, ਪੈਰਾ ਮਿਲਟਰੀ, ਪੁਲਸ, ਬੀਐੱਸਐੱਫ਼, ਸੀਆਰਪੀਐੱਫ਼ ਆਦਿ ਸੁਰੱਖਿਆ ਫੋਰਸਾਂ ਵਿੱਚ ਭਰਤੀ ਹੋਣ ਦੀ ਜਾਣਕਾਰੀ ਦੇਣ ਦੇ ਕੇ ਨੌਜਵਾਨਾਂ ਨੂੰ ਸੁਰੱਖਿਆ ਫ਼ੋਰਸਾਂ ਵਿੱਚ ਭਰਤੀ ਹੋਣ ਲਈ ਪ੍ਰੇਰਤ ਕੀਤਾ ਜਾਵੇਗਾ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪਿੰਡ ਕੋਟ ਸੰਤੋਖ ਰਾਏ ਦੇ ਆਬਾਦ ਕੈਂਪ ਦੌਰਾਨ ਜਿਥੇ ਸਿਹਤ ਵਿਭਾਗ ਵੱਲੋਂ ਮੁਫ਼ਤ ਮੈਡੀਕਲ ਕੈਂਪ ਲਗਾਇਆ ਜਾਵੇਗਾ। ਉਸਦੇ ਨਾਲ ਹੀ ਕੈਂਪ ਵਿੱਚ ਢਿਲੋਂ ਸਕੈਨ ਸੈਂਟਰ ਧਾਰੀਵਾਲ ਵੱਲੋਂ ਮੁਫ਼ਤ ਸਕੈਨਿੰਗ ਦਾ ਕੈਂਪ ਵੀ ਲਗਾਇਆ ਜਾਵੇਗਾ ਜਿਸ ਵਿੱਚ ਮਰੀਜ਼ ਕਿਸੇ ਵੀ ਤਰਾਂ ਦੇ ਸਕੈਨ, ਜੋ ਕਿ ਡਾਕਟਰਾਂ ਵੱਲੋਂ ਉਨ੍ਹਾਂ ਨੂੰ ਕਰਵਾਉਣ ਲਈ ਕਿਹਾ ਗਿਆ ਹੈ, ਬਿਲਕੁਲ ਮੁਫ਼ਤ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ 19 ਜੁਲਾਈ ਨੂੰ ਗੁਰਦਾਸਪੁਰ ਬਲਾਕ ਦੇ ਪਿੰਡ ਸਿੱਧਵਾਂ ਵਿਖੇ ਆਬਾਦ ਕੈਂਪ ਲਗਾਇਆ ਜਾਵੇਗਾ ਜਿਸ ਵਿੱਚ ਪਿੰਡ ਚੌੜ, ਸਿੱਧਵਾਂ, ਕੋਟਲ ਮੋਹੀਆਂ ਅਤੇ ਪਰਸੋ ਕਾਨਰਪੁਰ ਦੇ ਵਸਨੀਕ ਭਾਗ ਲੈਣਗੇ। ਇਸੇ ਤਰਾਂ ਹੀ 28 ਜੁਲਾਈ ਨੂੰ ਕਾਹਨੂੰਵਾਨ ਬਲਾਕ ਦੇ ਪਿੰਡ ਮੋਚਪੁਰ ਵਿਖੇ ਆਬਾਦ ਕੈਂਪ ਲੱਗੇਗਾ ਜਿਸ ਵਿੱਚ ਪਿੰਡ ਨੂੰਨ, ਫੱਤੂਬਰਕਤ, ਬੱਢਾ ਬਾਲਾ, ਫੁੱਲੜਾ ਅਤੇ ਮੋਚਪੁਰ ਦੇ ਵਸਨੀਕ ਭਾਗ ਲੈਣਗੇ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕੈਂਪ ਲੱਗਣ ਵਾਲੇ ਪਿੰਡਾਂ ਅਤੇ ਆਸ-ਪਾਸ ਦੇ ਪਿੰਡਾਂ ਦੇ ਵਸਨੀਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਇਨ੍ਹਾਂ ਕੈਂਪਾਂ ਵਿੱਚ ਪੁੱਜ ਕੇ ਲਾਭ ਉਠਾਉਣ।

# ਮਹਾਂਮਾਰੀ ਤੋਂ ਬਾਅਦ ਭਾਰਤੀਆਂ 'ਚ ਮਾਨਸਿਕ ਤਣਾਅ ਦਾ ਪੱਧਰ ਵਧਿਆ

**ਅੰਮ੍ਰਿਤਸਰ** : ਭਾਰਤ ਵਿੱਚ ਬੇਅਰਜ਼ ਕੰਜ਼ਿਊਮਰ ਹੈਲਥ ਡਿਵੀਜ਼ਨ ਦੇ ਨੰਬਰ 1 ਸਿਰਦਰਦ ਰਾਹਤ ਬ੍ਰਾਂਡ ਸੈਰੀਡੋਨ ਨੇ ਆਪਣੇ ਰਾਸ਼ਟਰੀ ਸਿਰਦਰਦ ਸਰਵੇਖਣ ਦਾ ਦੂਜਾ ਸੰਸਕਰਣ ਜਾਰੀ ਕੀਤਾ ਹੈ। ਇਹ ਵਿਸਤ੍ਰਿਤ ਰਿਪੋਰਟ ਮਹਾਂਮਾਰੀ ਤੋਂ ਬਾਅਦ ਦੇ ਯੁੱਗ ਵਿੱਚ ਵਿਅਕਤੀਆਂ ਵਿੱਚ ਮਾਨਸਿਕ ਤਣਾਅ ਦੇ ਵਧ ਰਹੇ ਪ੍ਰਸਾਰ ਨੂੰ ਦਰਸਾਉਂਦੀ ਹੈ ਅਤੇ ਵਿਭਿੰਨ ਖੇਤਰਾਂ ਅਤੇ ਜਨਸੰਖਿਆ ਵਿੱਚ ਸਿਰਦਰਦ ਨਾਲ ਇਸ ਦੇ ਸਬੰਧਾਂ ਦੀ ਪੜਚੋਲ ਕਰਦੀ ਹੈ। ਇਸ ਰਿਪੋਰਟ ਵਿੱਚ ਖੁਲਾਸਾ ਹੋਇਆ ਹੈ ਕਿ 3 ਵਿੱਚੋਂ 1 ਵਿਅਕਤੀ ਨੇ ਮਹਿਸੂਸ ਕੀਤਾ ਕਿ ਮਹਾਂਮਾਰੀ ਤੋਂ ਬਾਅਦ ਉਨ੍ਹਾਂ ਦੇ ਤਣਾਅ ਦੇ ਪੱਧਰ ਵਿੱਚ ਵਾਧਾ ਹੋਇਆ ਹੈ। 'ਦਿ ਨਿਊ ਸੈਰੀਡੋਨ ਹੈਡੇਕ ਰਿਪੋਰਟ' ਬਾਰੇ ਟਿੱਪਣੀ ਕਰਦੇ ਹੋਏ ਸੰਦੀਪ ਵਰਮਾ ਕੰਟਰੀ ਹੈੱਡ ਬੇਅਰ ਕੰਜ਼ਿਊਮਰ ਹੈਲਥ ਇੰਡੀਆ ਨੇ ਕਿਹਾ ਕਿ ਬਾਇਰ ਵਿਖੇ ਅਸੀਂ ਆਤਮ-ਸੰਭਾਲ ਨੂੰ ਤਰਜੀਹ ਦਿੰਦੇ ਹਾਂ ਅਤੇ ਪਹੁੰਚਯੋਗ ਸਿਹਤ ਸੰਭਾਲ ਨੂੰ ਆਪਣੇ ਮਿਸ਼ਨ ਵਿੱਚ ਸਭ ਤੋਂ ਅੱਗੇ ਰੱਖਦੇ ਹਾਂ।

# ਡਿਪਟੀ ਕਮਿਸ਼ਨਰ ਨੇ ਹੜ੍ਹਾਂ ਦੀ ਰੋਕਥਾਮ ਦੇ ਪ੍ਰਬੰਧਾਂ ਦਾ ਲਿਆ ਜਾਇਜ਼ਾ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਬਰਸਾਤੀ ਮੌਸਮ ਨੂੰ ਧਿਆਨ ਵਿੱਚ ਰੱਖਦੇ ਹੋਏ ਵੱਖ-ਵੱਖ ਵਿਭਾਗਾਂ ਦੇ ਮੁੱਖੀਆਂ ਵਲੋਂ ਕੀਤੇ ਗਏ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਡਿਪਟੀ ਕਮਿਸ਼ਨਰ ਅਮਿਤ ਤਲਵਾੜ ਨੇ ਮੀਟਿੰਗ ਕੀਤੀ। ਉਨ੍ਹਾਂ ਅਧਿਕਾਰੀਆਂ ਨੂੰ ਨਿਰਦੇਸ਼ ਦਿੰਦਿਆਂ ਕਿਹਾ ਕਿ ਹੜ੍ਹਾਂ ਤੋਂ ਬਚਾਓ ਲਈ ਜੋ ਵੀ ਸਾਮਾਨ ਖਰੀਦਣਾ ਹੈ ਉਹ ਸਮੇਂ ਸਿਰ ਖਰੀਦ ਕਰ ਲਿਆ ਜਾਵੇ ਅਤੇ ਡਰੇਨਾਂ ਦੀ ਸਫਾਈ ਨੂੰ ਯਕੀਨੀ ਬਣਾਇਆ ਜਾਵੇ।

ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਮੰਡੀ ਅਫਸਰ ਨੂੰ ਹਦਾਇਤ ਕਰਦਿਆਂ ਕਿਹਾ ਕਿ ਹੜ੍ਹਾਂ ਦੀ ਸਥਿਤੀ ਵਿੱਚ ਮੰਡੀਆਂ ਦੀ ਸਾਫ ਸਫਾਈ ਦਾ ਪ੍ਰਬੰਧ ਕੀਤਾ ਜਾਵੇ। ਰਾਵੀ ਦਰਿਆ ਦੇ ਨਾਲ ਲੱਗਦੇ ਇਲਾਕਿਆਂ ਵਿਚ ਹੜ੍ਹ ਦੀ ਸਥਿਤੀ ਨਾਲ ਨਿਪਟਣ ਲਈ ਅਧਿਕਾਰੀਆਂ ਦੀਆਂ ਪਿੰਡ ਪੱਧਰ ਉਤੇ ਡਿਊਟੀਆਂ ਲਗਾਉਣ, ਲੋਕਾਂ ਨੂੰ ਸੁੱਰਖਿਅਤ ਥਾਵਾਂ ਤੇ ਲਿਜਾਣ, ਉਨ੍ਹਾਂ ਦੇ ਖਾਣ-ਪੀਣ ਦਾ ਪ੍ਰਬੰਧ ਕਰਨ ਅਤੇ ਪਸ਼ੂਆਂ ਦੇ ਚਾਰੇ ਆਦਿ ਦਾ ਪ੍ਰਬੰਧ ਕਰਨ ਲਈ ਤਿਆਰ ਰਹਿਣ ਵਾਸਤੇ ਵੀ ਕਿਹਾ। ਸ਼੍ਰੀ ਤਲਵਾੜ ਨੇ ਕਿਹਾ ਕਿ ਉਹ ਵੱਖ-ਵੱਖ ਵਿਭਾਗਾਂ ਵੱਲੋਂ ਕੀਤੇ ਗਏ ਪ੍ਰਬੰਧਾਂ ਦਾ ਖੁਦ ਮੌਕੇ ਉਤੇ ਜਾ ਕੇ ਨਿਰੀਖਣ ਕਰਨਗੇ ਅਤੇ ਕਿਸੇ ਵੀ ਕੰਮ ਵਿਚ ਕੁਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਕਿਹਾ ਕਿ ਹੜ੍ਹਾਂ ਦੇ ਮੌਕੇ ਕੰਮ ਆਉਣ ਵਾਲੇ ਸਰੋਤ ਜਿਵੇਂ ਕਿ ਫੌਜ, ਬੀ.ਐਸ.ਐਫ. ,ਐਨ.ਡੀ.ਆਰ.ਐਫ਼, ਸਬੰਧਤ ਵਿਭਾਗ ਅਤੇ ਪਿੰਡਾਂ ਅਨੁਸਾਰ ਗੋਤਾਖੋਰਾਂ ਦੀਆਂ ਲਿਸਟਾਂ ਵੀ ਬਣਾ ਲਈਆਂ ਜਾਣ ਤਾਂ ਜੋ ਲੋੜ ਪੈਣ ਉਨ੍ਹਾਂ ਦੀ ਮਦਦ ਲਈ ਜਾ ਸਕੇ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਅਮਨਦੀਪ ਕੌਰ, ਐਸਡੀਐਮਜ਼ ਸਿਮਰਦੀਪ ਸਿੰਘ, ਅਰਵਿੰਦਰਪਾਲ ਸਿੰਘ ਅਜਨਾਲਾ, ਰਾਜੇਸ਼ ਸ਼ਰਮਾ ਲੋਪੋਕੇ, ਜ਼ਿਲ੍ਹਾ ਮਾਲ ਅਫਸਰ ਰਾਮ ਕਿਸ਼ਨ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜਰ ਸਨ।

# ਕਿਰਨਦੀਪ ਕੁਲਾਰ ਵੱਲੋਂ ਆਈਲੈਟਸ 'ਚ 8.5 ਬੈਂਡ ਹਾਸਲ




ਤਰਨ ਤਾਰਨ (ਪ੍ਰਿਤਪਾਲ ਸਿੰਘ)-ਇਲਾਕੇ ਦੀ ਨਾਮਵਰ ਸੰਸਥਾ ਇੰਪੀਰਿਆ ਇੰਸਟੀਚਿਊਟ, ਗੋਇੰਦਵਾਲ ਸਾਹਿਬ ਡਾਕਟਰ ਰਮਨਦੀਪ ਕੌਰ ਰੰਧਾਵਾ ਦੇ ਦਿਸ਼ਾ-ਨਿਰਦੇਸ਼ ਹੇਠ ਚੱਲ ਰਹੀ ਹੈ, ਜਿਨ੍ਹਾਂ ਨੇ ਖੁਦ ਵੀ ਆਈਲੈਟਸ ਦੇ ਰੀਡਿੰਗ ਵਿੱਚ 9 ਬੈਂਡ ਅਤੇ ਓਵਰਆਲ 8.5 ਬੈਂਡ ਹਾਸਲ ਕੀਤੇ ਹੋਏ ਹਨ। ਇਸ ਸੰਸਥਾ ਦੀ ਵਿਦਿਆਰਥਣ ਕਿਰਨਦੀਪ ਕੁਲਾਰ ਨੇ ਆਈਲੈਟਸ ਲਿਸਨਿੰਗ ਵਿੱਚ 8.5 ਅਤੇ ਓਵਰਆਲ 7.5 ਬੈਂਡ ਹਾਸਲ ਕਰਕੇ ਆਪਣੇ ਮਾਤਾ-ਪਿਤਾ ਅਤੇ ਸੰਸਥਾ ਦਾ ਨਾਮ ਰੌਸ਼ਨ ਕੀਤਾ। ਡਾਇਰੈਕਟਰ ਜਤਿੰਦਰਪਾਲ ਸਿੰਘ ਰੰਧਾਵਾ ਨੇ ਦੱਸਿਆ ਕਿ ਇਸ ਕਾਮਯਾਬੀ ਦਾ ਸਿਹਰਾ ਸੰਸਥਾ ਦੇ ਮੁਖੀ ਰਵਿੰਦਰ ਕੌਰ ਅਤੇ ਉੱਚ ਕੋਟੀ ਦੇ ਅਧਿਆਪਕਾਂ ਨੂੰ ਜਾਂਦਾ ਹੈ ਜੋ ਕਿ ਆਈਲੈਟਸ ਵਿੱਚ 8 ਬੈਂਡ ਤੋਂ ਵੱਧ ਹਾਸਲ ਕਰ ਚੁੱਕੇ ਹਨ। ਉਨ੍ਹਾਂ ਕਿਰਨਦੀਪ ਕੁਲਾਰ ਦੇ ਮਾਤਾ-ਪਿਤਾ ਨੂੰ ਵਧਾਈ ਦਿੱਤੀ ਅਤੇ ਦੱਸਿਆ ਕਿ ਸਾਡੀ ਸੰਸਥਾ ਵਿਦਿਆਰਥੀਆਂ ਨੂੰ ਕਾਮਯਾਬ ਕਰਨ ਲਈ ਵਚਨਬੱਧ ਰਹੇਗੀ।

# ਸਰਕਾਰ ਪੈਨਸ਼ਨਰਾਂ 'ਤੇ ਥੋਪਿਆ ਦੋ ਸੌ ਰੁਪਏ ਟੈਕਸ ਤੁਰੰਤ ਵਾਪਸ ਲਵੇ: ਬਾਬਾ, ਤਲਵੰਡੀ



ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-ਪੈਨਸ਼ਨਰਜ਼ ਵੈੱਲਫੇਅਰ ਫੈਡਰੇਸ਼ਨ ਦੀ ਹੰਗਾਮੀ ਮੀਟਿੰਗ ਹੋਈ, ਜਿਸ ਵਿਚ ਪ੍ਰਧਾਨ ਰਣਜੀਤ ਸਿੰਘ ਤਲਵੰਡੀ, ਸੂਬਾ ਆਗੂ ਬਾਬਾ ਅਮਰਜੀਤ ਸਿੰਘ ਅਤੇ ਸੁਖਦੇਵ ਸਿੰਘ ਉਚੇਚੇ ਤੌਰ 'ਤੇ ਸ਼ਾਮਲ ਹੋਏ। ਵੱਖ-ਵੱਖ ਆਗੂਆਂ ਨੇ ਸਰਕਾਰ ਖਿਲਾਫ ਨਾਅਰੇਬਾਜ਼ੀ ਕਰਦਿਆਂ ਕਿਹਾ ਕਿ ਪੈਨਸ਼ਨਰਾਂ ਕੋਲੋਂ 200 ਰੁਪਏ ਮਹੀਨਾ ਵਿਕਾਸ ਦੇ ਨਾਂਅ 'ਤੇ ਟੈਕਸ ਕੱਟਣ ਦੀ ਅਸੀਂ ਸਖਤ ਸ਼ਬਦਾਂ ਵਿਚ ਨਿਖੇਧੀ ਕਰਦੇ ਹਾਂ ਅਤੇ ਇਸ ਬਲੋੜੇ ਹੁਕਮ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕਰਦੇ ਹਾਂ। ਉਨ੍ਹਾਂ ਕਿਹਾ ਕਿ ਸਾਡੀਆਂ ਲੰਬੇ ਸਮੇਂ ਤੋਂ ਚਲਦੀਆਂ ਆ ਰਹੀਆਂ ਮੰਗਾਂ ਡੀ. ਏ. ਦੀਆਂ ਕਿਸ਼ਤਾਂ, ਪੇ-ਕਮਿਸ਼ਨ ਦੇ ਹੁਕਮਾਂ ਅਨੁਸਾਰ ਦਾ ਬਕਾਇਆ ਦਿੱਤਾ ਜਾਵੇ, ਏਰੀਅਰ ਵੀ ਦਿੱਤਾ ਜਾਵੇ। ਇਸ ਮੌਕੇ ਇਕਬਾਲ ਸਿੰਘ, ਜਸਪਾਲ ਸ਼ਰਮਾ, ਪਵਿੱਤਰ ਸਿੰਘ, ਤਰਸੇਮ ਸਿੰਘ, ਗੋਕਲ ਦੇਵ, ਦਲਬੀਰ ਸਿੰਘ, ਸਤਪਾਲ ਸਿੰਘ ਗੋਪਾਲਪੁਰਾ, ਪਲਵਿੰਦਰ ਸਿੰਘ ਪੰਨੂ, ਜਗਦੀਸ਼ ਅਰੋੜਾ, ਸੁਰਜੀਤ ਸਿੰਘ ਖਾਲਸਾ, ਬਲਵਿੰਦਰ ਸਿੰਘ ਢਪਈਆ, ਮੁੱਚਪਾਲ ਸਿੰਘ, ਸਤਨਾਮ ਸਿੰਘ, ਅਜੀਤ ਸਿੰਘ, ਕੇਵਲ ਕ੍ਰਿਸ਼ਨ, ਰਘਬੀਰ ਸਿੰਘ ਅਤੇ ਲੱਖਾ ਸਿੰਘ ਆਦਿ ਹਾਜ਼ਰ ਸਨ।

# ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਵਿਦਿਆਰਥੀਆਂ ਨਾਲ ਕਰੀਅਰ ਬਾਬਤ ਕਾਊਂਸਲਿੰਗ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ) ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਅੰਮ੍ਰਿਤਸਰ ਵਿਖੇ ਅੱਜ ਸਰਕਾਰੀ ਸੀਨੀ. ਸੈਕੰ. ਸਕੂਲ ਛੀਤਾ ਕਲਾਂ ਦੇ ਗਿਆਰ੍ਹਵੀਂ ਅਤੇ ਬਾਰ੍ਹਵੀਂ ਦੇ ਵਿਦਿਆਰਥੀਆਂ ਨਾਲ ਕਰੀਅਰ ਕਾਊਂਸਲਿੰਗ ਕੀਤੀ ਗਈ। ਡਿਪਟੀ ਡਾਇਰੈਕਟਰ ਰੋਜ਼ਗਾਰ ਉਤਪੱਤੀ ਅਤੇ ਸਿਖਲਾਈ ਅੰਮ੍ਰਿਤਸਰ ਵਿਕਰਮ ਜੀਤ ਵੱਲੋ ਪ੍ਰਾਰਥੀਆਂ ਨੂੰ ਦਸਵੀਂ ਅਤੇ ਬਾਰਵੀਂ ਤੋਂ ਬਾਅਦ ਹੋਣ ਵਾਲੇ ਕੋਰਸ ਬਾਰੇ ਅਤੇ ਵੱਖਰੇ-ਵੱਖਰੇ ਕੈਰੀਅਰ ਸਬੰਧੀ ਵਿਸਥਾਰਪੂਰਵਕ ਦੱਸਿਆ ਗਿਆ। ਇਸ ਤੋਂ ਇਲਾਵਾ ਬਿਊਰੋ ਦੀਆਂ ਚੱਲ ਰਹੀਆਂ ਗਤੀਵਿਧੀਆਂ ਜਿਵੇਂ ਕਿ ਆਨ ਲਾਈਨ/ਮੈਨੂਅਲ ਰਜਿਸਟਰੇਸ਼ਨ, ਪਲੇਸਮੈਂਟ ਕੈਂਪ, ਬੁੱਕ ਕੈਫੇ, ਸਵੈ ਰੋਜ਼ਗਾਰ ਅਤੇ ਪੀਐਸਡੀਐਮ ਦੇ ਸਕਿੱਲ ਕੋਰਸਾਂ ਸਬੰਧੀ ਸਕੀਮਾਂ ਅਤੇ ਵਿਦੇਸ਼ੀ ਕੌਂਸਲਿੰਗ ਬਾਰੇ ਵਿਸਥਾਰਪੂਰਵਕ ਦੱਸਿਆ ਗਿਆ। ਇਸ ਮੌਕੇ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਅੰਮ੍ਰਿਤਸਰ ਵੱਲੋਂ ਰੋਜ਼ਗਾਰ ਅਫਸਰ ਨਰੇਸ਼ ਕੁਮਾਰ, ਡਿਪਟੀ ਸੀਈਓ ਤੀਰਥਪਾਲ ਸਿੰਘ, ਕਰੀਅਰ ਕੌਂਸਲਰ ਗੌਰਵ ਕੁਮਾਰ, ਪੀਐਸਡੀਐਮ ਵੱਲੋਂ ਸਵਰਾਜ ਸਿੰਘ ਅਤੇ ਜ਼ਿਲ੍ਹਾ ਗਾਈਡੈਂਸ ਕੌਂਸਲਰ ਜਸਬੀਰ ਸਿੰਘ ਅਤੇ ਸਕੂਲ ਦੇ ਅਧਿਆਪਕ ਆਦਿ ਹਾਜ਼ਰ ਸਨ।

# ਚੇਅਰਮੈਨ ਪੰਨੂੰ ਨੇ ਲੋਕਾਂ ਦੀਆਂ ਦਰਪੇਸ਼ ਮੁਸ਼ਕਲਾਂ ਸੁਣੀਆਂ



ਫਤਹਿਗੜ੍ਹ ਚੂੜੀਆਂ (ਜਸਦੇਵ ਮਾਨ)-ਸ. ਬਲਬੀਰ ਸਿੰਘ ਪੰਨੂੰ, ਚੇਅਰਮੈਨ ਪਨਸਪ ਪੰਜਾਬ ਅਤੇ ਹਲਕਾ ਇੰਚਾਰਜ ਫਤਿਹਗੜ੍ਹ ਚੂੜੀਆਂ ਵੱਲੋਂ ਆਲੀਵਾਲ ਆਪਣੇ ਗ੍ਰਹਿ ਦਫਤਰ ਵਿੱਚ ਲੋਕਾਂ ਦੀਆਂ ਮੁਸ਼ਕਿਲਾਂ ਸੁਣੀਆਂ ਗਈਆਂ ਤੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਮੁਸ਼ਕਿਲਾਂ ਹੱਲ ਕਰਨ ਦੇ ਦਿਸ਼ਾ ਨਿਰਦੇਸ਼ ਦਿੱਤੇ ਅਤੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਦਾ ਲਾਭ ਲੋਕਾਂ ਤੱਕ ਪੁੱਜਦਾ ਕਰਨ ਨੂੰ ਯਕੀਨੀ ਬਣਾਇਆ ਜਾਵੇ। ਇਸ ਮੌਕੇ ਗੱਲਬਾਤ ਦੌਰਾਨ ਚੇਅਰਮੈਨ ਪੰਨੂੰ ਨੇ ਕਿਹਾ ਕਿ ਮੁੱਖ ਮੰਤਰੀ, ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪੰਜਾਬ ਸਰਕਾਰ ਸੂਬੇ ਨੂੰ 'ਰੰਗਲਾ ਪੰਜਾਬ' ਬਣਾਉਣ ਦੇ ਭਰਪੂਰ ਯਤਨ ਕਰ ਰਹੀ ਹੈ ਅਤੇ ਪੰਜਾਬ ਨੂੰ ਰੰਗਲਾ ਬਣਾਉਣ ਲਈ ਹਰੇਕ ਖੇਤਰ ਵਿੱਚ ਚਹੁੰਪੱਖੀ ਵਿਕਾਸ ਦੇ ਕੰਮ ਕੀਤੇ ਜਾ ਰਹੇ ਹਨ।

ਫਤਿਹਗੜ੍ਹ ਚੂੜੀਆਂ ਵਿਧਾਨ ਸਭਾ ਹਲਕੇ ਦੇ ਵਿਕਾਸ ਕਾਰਜਾਂ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਹਲਕੇ ਅੰਦਰ ਵਿਕਾਸ ਕੰਮ ਪਹਿਲ ਦੇ ਆਧਾਰ ਤੇ ਕਰਵਾਏ ਜਾ ਰਹੇ ਹਨ, ਜਿਸ ਦੇ ਚੱਲਦਿਆਂ ਪਿੰਡਾਂ ਅੰਦਰ ਲੋਕਾਂ ਦੀ ਵੱਡੀ ਸਮੱਸਿਆ ਗੰਦੇ ਪਾਣੀ ਦੇ ਨਿਕਾਸੀ ਦੇ ਹੱਲ ਲਈ ਛੱਪੜਾਂ ਦਾ ਨਵੀਨੀਕਰਨ ਕੀਤਾ ਜਾ ਰਿਹਾ ਹੈ, ਨੌਜਵਾਨਾਂ ਨੂੰ ਖੇਡਾਂ ਵੱਲ ਆਕਰਸ਼ਿਤ ਕਰਨ ਦੇ ਮੰਤਵ ਨਾਲ ਪਿੰਡਾਂ ਅੰਦਰ ਖੇਡ ਸਟੇਡੀਅਮ ਉਸਾਰੇ ਜਾ ਰਹੇ ਹਨ ਅਤੇ ਲੋਕਾਂ ਦੀਆਂ ਮੁਸ਼ਕਿਲਾਂ ਪਹਿਲ ਦੇ ਆਧਾਰ ਤੇ ਹੱਲ ਕਰਨ ਨੂੰ ਯਕੀਨੀ ਬਣਾਇਆ ਗਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਹਲਕੇ ਅੰਦਰ ਸੜਕਾਂ ਦੀ ਮੁਰੰਮਤ ਅਤੇ ਉਸਾਰੀ ਲਈ ਸਬੰਧਤ ਵਿਭਾਗਾਂ ਵਲੋਂ ਕਾਰਵਾਈ ਕੀਤੀ ਜਾ ਰਹੀ ਹੈ। ਜਲਦ ਸੜਕਾਂ ਦੀ ਉਸਾਰੀ ਕਰਵਾ ਕੇ ਲੋਕਾਂ ਨੂੰ ਆਵਾਜਾਈ ਦੀਆਂ ਬਿਹਤਰ ਸਹੂਲਤਾਂ ਪ੍ਰਦਾਨ ਕੀਤੀਆਂ ਜਾਣਗੀਆਂ।

# ਭਾਂਡਿਆਂ ਦੀ ਦੁਕਾਨ ਨੂੰ ਭਿਆਨਕ ਅੱਗ ਲੱਗੀ



ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)-ਭਾਂਡਿਆਂ ਵਾਲੇ ਬਾਜ਼ਾਰ ਵਿਚ ਮੁਨੀਮ ਕੁਲਦੀਪ ਦੀ ਹੱਟੀ ਨੂੰ ਭਿਆਨਕ ਅੱਗ ਲੱਗਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਮੌਕੇ ਤੋਂ ਇਕੱਤਰ ਕੀਤੀ ਜਾਣਕਾਰੀ ਅਨੁਸਾਰ ਅੱਗ ਰਾਤ ਨੂੰ ਕਰੀਬ ਇਕ ਦੋ ਵਜੇ ਤੋਂ ਸੁਲਘ ਰਹੀ ਸੀ ਜਿਸ ਨੇ ਸਵੇਰੇ ਕਰੀਬ 6 ਵਜੇ ਭਿਆਨਕ ਰੂਪ ਧਾਰ ਲਿਆ। ਮੌਕੇ 'ਤੇ ਪਹੁੰਚੀਆਂ ਨਗਰ ਕੌਂਸਲ ਦੀਆਂ ਦੋ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਨੇ ਅੱਗ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ ਪਰ ਅੱਗ ਇੰਨੀ ਭਿਆਨਕ ਸੀ ਕਿ ਅੰਮ੍ਰਿਤਸਰ ਤੋਂ ਵੀ ਗੱਡੀਆਂ ਮੰਗਵਾਈਆਂ ਗਈਆਂ, ਜਿਨ੍ਹਾਂ ਨੇ ਅੱਗ ਤੇ ਕਾਬੂ ਪਾਇਆ।

ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਦੁਕਾਨ ਦੇ ਮਾਲਕ ਕੁਲਦੀਪ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਦਾ ਕਰੀਬ 15 ਤੋਂ 20 ਲੱਖ ਤੱਕ ਨੁਕਸਾਨ ਹੋ ਗਿਆ ਹੈ। ਸ਼ਹਿਰ ਵਾਸੀਆਂ ਨੇ ਵੀ ਅੱਗ ਬੁਝਾਉਣ ਵਿਚ ਮਦਦ ਕੀਤੀ। ਮੌਕੇ 'ਤੇ ਤਹਿਸੀਲਦਾਰ ਮੈਡਮ ਇਕਵਿੰਦਰ ਕੌਰ, ਆਮ ਆਦਮੀ ਪਾਰਟੀ ਆਗੂ ਸਰਬਜੀਤ ਸਿੰਘ ਤੋਂ ਇਲਾਵਾ ਪੁਲਸ ਦੇ ਆਲਾ ਅਧਿਕਾਰੀ ਪਹੁੰਚੇ ਹੋਏ ਸਨ। ਅੱਗ ਉਪਰ ਕਾਬੂ ਦੁਪਹਿਰ ਕਰੀਬ ਦੋ ਵਜੇ ਤੱਕ ਪਾਇਆ ਗਿਆ। ਦੇਰ ਸ਼ਾਮ ਤੱਕ ਵੀ ਅੱਗ ਦੀਆਂ ਛੋਟੀਆਂ ਛੋਟੀਆਂ ਲਪਟਾਂ ਨਿਕਲ ਰਹੀਆਂ ਸਨ। ਸਰਦਾਰ ਹਰਭਜਨ ਸਿੰਘ ਕੈਬਨਿਟ ਮੰਤਰੀ ਨੇ ਦੁਕਾਨਦਾਰ ਨਾਲ ਫੋਨ 'ਤੇ ਦੁੱਖ ਸਾਂਝਾ ਕੀਤਾ। ਦੁਕਾਨਦਾਰਾਂ ਨੇ ਰੋਸ ਵਜੋਂ ਆਪਣੀਆਂ ਦੁਕਾਨਾਂ ਬੰਦ ਰੱਖੀਆਂ। ਬਰਤਨ ਬਾਜ਼ਾਰ ਯੂਨੀਅਨ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਪੀੜਤ ਦੁਕਾਨਦਾਰ ਨੂੰ ਵੱਧ ਤੋਂ ਵੱਧ ਮੁਆਵਜ਼ਾ ਦਿੱਤਾ ਜਾਵੇ।

# ਮਲੂਕ ਵਾਲੀ ਦਾ ਸੁਖਵਿੰਦਰ ਸਿੰਘ ਸਾਥੀਆਂ ਸਮੇਤ 'ਆਪ' 'ਚ ਸ਼ਾਮਲ



ਬਟਾਲਾ/ਫ਼ਤਿਹਗੜ੍ਹ ਚੂੜੀਆਂ (ਤਰਲੋਕ ਬੱਗਾ)-ਆਮ ਆਦਮੀ ਪਾਰਟੀ ਇਮਾਨਦਾਰ ਬੇਦਾਗ ਅਤੇ ਆਮ ਲੋਕਾਂ ਦੀ ਪਾਰਟੀ ਹੈ ਅਤੇ ਸਾਫ-ਸੁਥਰੇ ਅਕਸ ਵਾਲੇ ਵਿਅਕਤੀਆਂ ਦਾ ਇੱਥੇ ਸਵਾਗਤ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਫਤਿਹਗੜ੍ਹ ਚੂੜੀਆਂ ਦੇ ਇੰਚਾਰਜ ਚੇਅਰਮੈਨ ਬਲਬੀਰ ਸਿੰਘ ਪੰਨੂੰ ਨੇ ਪਿੰਡ ਮਲੂਕ ਵਾਲੀ ਤੋਂ ਸਾਬਕਾ ਮੈਂਬਰ ਸੁਖਵਿੰਦਰ ਸਿੰਘ ਸਮੇਤ ਅਨੇਕਾਂ ਪਰਿਵਾਰ ਨੂੰ ਆਮ ਆਦਮੀ ਪਾਰਟੀ ਵਿਚ ਸ਼ਾਮਲ ਕਰਨ ਮੌਕੇ ਕੀਤਾ.। ਇਸ ਮੌਕੇ ਚੇਅਰਮੈਨ ਬਲਬੀਰ ਸਿੰਘ ਪੰਨੂ ਨੇ ਕਿਹਾ ਕਿ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਹਰ ਇੱਕ ਵਿਅਕਤੀ ਨੂੰ ਬਰਾਬਰ ਮਾਣ ਸਤਿਕਾਰ ਦਿੱਤਾ ਜਾਵੇਗਾ। ਮਨਰੇਗਾ ਵਿਚ ਕੰਮ ਕਰਨ ਵਾਲਿਆਂ ਦੀਆਂ ਮੁਸ਼ਕਿਲਾਂ ਵੀ ਸੁਣੀਆਂ। ਇਸ ਮੌਕੇ ਸ਼ਾਮਲ ਹੋਣ ਵਾਲਿਆਂ ਵਿਚ ਸਾਬਕਾ ਮੈਂਬਰ (ਅਕਾਲੀ ਦਲ) ਸੁਖਵਿੰਦਰ ਸਿੰਘ, ਸਾਬਕਾ ਮੈਂਬਰ ਮੁਖਤਾਰ ਮਸੀਹ, ਸਾਬਕਾ ਮੈਂਬਰ ਕਿਰਨਦੀਪ ਕੌਰ, ਸਾਬਕਾ ਮੈਂਬਰ ਜੋਗਿੰਦਰ ਕੌਰ, ਸਰਦੂਲ ਸਿੰਘ, ਦਲਬੀਰ ਮਸੀਹ, ਜਗੀਰ ਮਸੀਹ, ਮਕਬੂਲ ਮਸੀਹ, ਅਵਤਾਰ ਸਿੰਘ, ਬਲਵਿੰਦਰ ਸਿੰਘ, ਸੁਖਵਿੰਦਰ ਸਿੰਘ ਫੌਜੀ, ਮੰਗਾ ਮਸੀਹ, ਸੰਦੀਪ ਮਸੀਹ, ਰਾਜਵਿੰਦਰ ਕੌਰ, ਰਾਜ ਕੌਰ, ਸਵਿੰਦਰ ਸਿੰਘ, ਕਮਲਦੀਪ ਸਿੰਘ, ਸਰਦੂਲ ਮਲੂਕਵਾਲੀਆ, ਅਬਦਲ ਮਸੀਹ, ਅਲੀਸਾ, ਜੁਗਰਾਜ ਸਿੰਘ ਕਾਹਲੋਂ, ਅਵਤਾਰ ਸਿੰਘ ਅਤੇ ਰਣਜੀਤ ਸਿੰਘ ਹਾਜ਼ਰ ਸਨ।

# ਚਰਨਜੀਤ ਸਿੰਘ ਜਵਾਹਰ ਨਵੋਦਿਆ ਵਿਦਿਆਲਾ ਟੈਸਟ 'ਚੋਂ ਅੱਵਲ



ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)-ਸਰਕਾਰੀ ਐਲੀਮੈਂਟਰੀ ਸਕੂਲ ਝਬਾਲ ਕਲਾਂ (ਲੜਕੇ) ਦਾ ਵਿਦਿਆਰਥੀ ਅਧਿਆਪਕਾਂ ਦੀ ਮਿਹਨਤ ਸਦਕਾ ਜਵਾਹਰ ਨਵੋਦਿਆ ਵਿਦਿਆਲਿਆ ਵੱਲੋਂ ਕਰਵਾਏ ਟੈਸਟ ਬਲਾਕ ਗੰਡੀਵਿੰਡ 'ਚੋਂ ਅਵੱਲ ਆਇਆ।

ਇਸ ਮੌਕੇ ਅਧਿਆਪਕਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੱਵਲ ਆਇਆ ਚਰਨਜੀਤ ਸਿੰਘ ਪੁੱਤਰ ਮੇਜਰ ਸਿੰਘ ਵਾਸੀ ਝਬਾਲ ਬਹੁਤ ਹੀ ਮਿਹਨਤੀ ਅਤੇ ਹੋਣਹਾਰ ਵਿਦਿਆਰਥੀ ਹੈ। ਇਸ ਮੌਕੇ ਅਧਿਆਪਕਾਂ ਨੇ ਚਰਨਜੀਤ ਸਿੰਘ ਨੂੰ ਸਨਮਾਨਿਤ ਕਰਦਿਆਂ ਮੂੰਹ ਮਿੱਠਾ ਕਰਵਾ ਕੇ ਵਧਾਈ ਦਿੱਤੀ ਤੇ ਭਵਿੱਖ 'ਚ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸੁਖਵਿੰਦਰ ਕੌਰ ਮੁੱਖ ਅਧਿਆਪਕਾ, ਹਰਵਿੰਦਰ ਕੌਰ, ਪੂਜਾ ਵਰਮਾ, ਸ਼ਾਇਰੀ, ਸ਼ੈਫਾਲੀ, ਬਲਵਿੰਦਰ ਸਿੰਘ ਅਤੇ ਰੀਟਾ ਰਾਣੀ ਸਟਾਫ ਹਾਜ਼ਰ ਸੀ।

# ਅਮਰੀਕਾ ਤੇ ਕੈਨੇਡਾ ਫੇਰੀ ਉਪਰੰਤ ਬਾਬਾ ਬਲਬੀਰ ਸਿੰਘ ਪੰਜਾਬ ਪਰਤੇ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਗੁਰੂ ਮਹਾਰਾਜ ਦੇ ਇਤਿਹਾਸਕ ਸ਼ਸਤਰਾਂ ਸਮੇਤ ਅਮਰੀਕਾ, ਕੈਨੇਡਾ ਦੀ ਧਰਮ ਪ੍ਰਚਾਰ ਯਾਤਰਾ ਤੋਂ ਬੀਤੇ ਦਿਨ ਸ਼ਹੀਦ ਸਰਦਾਰ ਭਗਤ ਸਿੰਘ ਹਵਾਈ ਅੱਡੇ ਰਾਹੀਂ ਪੰਜਾਬ ਪਰਤ ਆਏ ਹਨ। ਉਨ੍ਹਾਂ ਵੱਲੋਂ ਆਪ ਦੇ ਨਾਲ ਲਿਜਾਈਆਂ ਗਈਆਂ ਗੁਰੂ ਮਹਾਰਾਜ ਦੀਆਂ ਪਵਿੱਤਰ ਨਿਸ਼ਾਨੀਆਂ ਸ਼ਸਤਰਾਂ ਅਤੇ ਬਾਬਾ ਜੀ ਦੇ ਸਵਾਗਤ ਲਈ ਵੱਡੀ ਗਿਣਤੀ ਵਿਚ ਨਿਹੰਗ ਸਿੰਘ ਫੌਜਾਂ ਨੇ ਏਅਰਪੋਰਟ ਤੇ ਬੈਂਡ ਵਾਜਿਆਂ, ਨਗਾਰਿਆਂ, ਢੋਲਾਂ, ਨਰਸਿੰਙਿਆਂ ਦੀਆਂ ਧੁਨਾਂ ਅਤੇ ਫੁੱਲਾਂ ਦੀ ਵਰਖਾ ਤੇ ਹਾਰਾਂ ਨਾਲ ਖਾਲਸਾਈ ਜੈਕਾਰਿਆਂ ਦੀ ਗੂੰਜ ਵਿਚ ਪੁਰਜ਼ੋਰ ਸੁਆਗਤ ਕੀਤਾ। ਇਸ ਸਮੇਂ ਦਿਲਜੀਤ ਸਿੰਘ ਬੇਦੀ ਸਕੱਤਰ ਬੁੱਢਾ ਦਲ, ਬਾਬਾ ਕਰਨਰਾਜਬੀਰ ਸਿੰਘ ਐਡਵੋਕੇਟ, ਬਾਬਾ ਜਸਕਰਨ ਸਿੰਘ ਤੁੜ, ਸਰਵਣ ਸਿੰਘ ਮਝੈਲ, ਬਾਬਾ ਵਿਸ਼ਵਪ੍ਰਤਾਪ ਸਿੰਘ ਸਮਾਣਾ, ਬਾਬਾ ਸੁਖਦੇਵ ਸਿੰਘ ਸੁਖਾ, ਬਾਬਾ ਸੁਖਵਿੰਦਰ ਸਿੰਘ ਮੌਰ ਮੁੱਖ ਪ੍ਰਚਾਰਕ, ਬਾਬਾ ਕਰਮ ਸਿੰਘ ਪਟਿਆਲਾ, ਬਾਬਾ ਬਘੇਲ ਸਿੰਘ, ਬਾਬਾ ਸਤਨਾਮ ਸਿੰਘ ਮਠਿਆਈਸਰ, ਬਾਬਾ ਬੂਟਾ ਸਿੰਘ ਲੰਬਵਾਲੀ, ਬਾਬਾ ਸ਼ੇਰ ਸਿੰਘ ਜੱਸੀ ਬਾਗ਼, ਬਾਬਾ ਪਰਮਜੀਤ ਸਿੰਘ, ਬਾਬਾ ਸ਼ੇਰ ਸਿੰਘ ਸਿਵੀਆ, ਬਾਬਾ ਕਰਮ ਸਿੰਘ ਪਟਿਆਲਾ, ਬਾਬਾ ਗੁਰਪ੍ਰੀਤ ਸਿੰਘ ਵੜੀ ਸਾਹਿਬ, ਬਾਬਾ ਭੁਪਿੰਦਰ ਸਿੰਘ, ਬਾਬਾ ਸਰਵਣ ਸਿੰਘ ਮਝੈਲ, ਬਾਬਾ ਕੁਲਵਿੰਦਰ ਸਿੰਘ, ਬਾਬਾ ਜੋਗਾ ਸਿੰਘ, ਬਾਬਾ ਸਰਬਜੀਤ ਸਿੰਘ ਸੋਲਖੀਆਂ, ਬਾਬਾ ਸਰਬਜੀਤ ਸਿੰਘ ਕਟਾਰ ਸਾਹਿਬ, ਬਾਬਾ ਕਰਮ ਸਿੰਘ ਜ਼ੀਰਕਪੁਰ, ਬਾਬਾ ਗੁਰਮੁੱਖ ਸਿੰਘ ਗੜ੍ਹਵੱਈ, ਬਾਬਾ ਗੋਰਾ ਸਿੰਘ, ਬਾਬਾ ਬਲਵਿੰਦਰ ਸਿੰਘ ਬਿੱਟੂ ਪਟਿਆਲਾ, ਬਾਬਾ ਬਲਦੇਵ ਸਿੰਘ ਪਟਿਆਲਾ, ਬਾਬਾ ਰਣਜੋਧ ਸਿੰਘ, ਬਾਬਾ ਹਰਪ੍ਰੀਤ ਸਿੰਘ ਹੈਪੀ, ਬਾਬਾ ਭਗਤ ਸਿੰਘ ਬਹਾਦਰਗੜ੍ਹ ਪਟਿਆਲਾ, ਬਾਬਾ ਸ਼ਮਸ਼ੇਰ ਸਿੰਘ, ਬਾਬਾ ਭੁਪਿੰਦਰ ਸਿੰਘ, ਪਰਮਜੀਤ ਸਿੰਘ ਬਾਜਵਾ, ਇੰਦਰਪਾਲ ਸਿੰਘ ਫੌਜੀ ਹਜ਼ੂਰ ਸਾਹਿਬ, ਬਾਬਾ ਮਲੂਕ ਸਿੰਘ ਲਾਡੀ, ਬਾਬਾ ਚਰਨ ਸਿੰਘ ਫਤਿਹਗੜ੍ਹ, ਬਾਬਾ ਗੁਰਬਚਨ ਸਿੰਘ, ਬਾਬਾ ਜਸਬੀਰ ਸਿਮਘ ਨਿਹੰਗ, ਬਾਬਾ ਗਗਨ ਸਿੰਘ ਆਦਿ ਸ਼ਾਮਲ ਸਨ।

# ਕੇਨਰਾ ਰੋਬੇਕਾ ਵੱਲੋਂ 'ਕੇਨਰਾ ਰੋਬੇਕੋ ਮਲਟੀ ਕੈਪ ਫੰਡ' ਲਾਂਚ

ਚੰਡੀਗੜ੍ਹ : ਭਾਰਤ ਦੇ ਦੂਜੇ ਸਭ ਤੋਂ ਪੁਰਾਣੇ ਮਿਊਚੁਅਲ ਫੰਡ ਕੇਨਰਾ ਰੋਬੇਕੋ ਮਿਊਚੁਅਲ ਫੰਡ ਨੇ ਅੱਜ ਕੇਨਰਾ ਰੋਬੇਕੋ ਮਲਟੀ ਕੈਪ ਫੰਡ ਲਾਂਚ ਕਰਨ ਦਾ ਐਲਾਨ ਕੀਤਾ ਹੈ। ਇਹ ਇੱਕ ਅਜਿਹਾ ਸਮਾਧਾਨ ਹੈ ਜਿਹੜਾ ਨਿਵੇਸ਼ਕਾਂ ਨੂੰ ਇਕਵਿਟੀ ਬਾਜ਼ਾਰਾਂ ਦਾ ਲਾਭ ਲੈਣ 'ਚ ਸਮਰੱਥ ਬਣਾਉਣ ਦੇ ਨਾਲ ਹੀ ਲਾਰਜ, ਮਿਡ ਅਤੇ ਸਮਾਲ ਕੈਪ ਸ਼ੇਅਰਾਂ 'ਚ ਵਿਭਿੰਨ ਨਿਵੇਸ਼ ਦੇ ਮਾਧਿਅਮ ਨਾਲ ਲੰਮੇਂ ਸਮੇਂ 'ਚ ਪੂੰਜੀ ਵਾਧਾ ਕਰਦਾ ਹੈ। ਨਵਾਂ ਫੰਡ ਆਫਰ ਵਿਭਿੰਨ ਬਾਜ਼ਾਰ ਪੂੰਜੀਕਰਣ ਵਾਲੀਆਂ ਕੰਪਨੀਆਂ 'ਚ ਨਿਵੇਸ਼ ਕਰਦਾ ਹੈ।

ਪੋਰਟਫੋਲੀਓ ਦਾ ਸੁਚੇਤ ਪ੍ਰਬੰਧਨ ਜਿਥੇ ਵਧੀਆ ਰਿਟਰਨ ਹਾਸਲ ਕਰਨ 'ਚ ਮਦਦ ਕਰ ਸਕਦਾ ਹੈ, ਉੱਥੇ ਹੀ ਵਿਭਿੰਨਤਾ ਪੋਰਟਫੋਲੀਓ ਦੇ ਸੰਪੂਰਣ ਖਤਰਿਆਂ ਨੂੰ ਘੱਟ ਕਰਨ 'ਚ ਮਦਦ ਕਰਨ ਦਾ ਕੰਮ ਕਰਦਾ ਹੈ। ਕੇਨਰਾ ਰੋਬੇਕੋ ਮਿਊਚੁਅਲ ਫੰਡ ਦੇ ਸੀਈਓ ਰਜਨੀਸ਼ ਨਰੂਲਾ ਨੇ ਕਿਹਾ ਕਿ ਕੇਨਰਾ ਰੋਬੇਕੋ ਮਲਟੀ ਕੈਪ ਫੰਡ ਨਿਵੇਸ਼ ਦੇ ਇੱਕਮੁਸ਼ਤ ਅਤੇ ਐੱਸਆਈਪੀ ਦੋਵਾਂ ਤਰੀਕਿਆਂ ਦੇ ਮਾਧਿਅਮ ਨਾਲ ਲੰਮਾਂ ਸਮਾਂ ਪੈਸਾ ਬਣਾਉਣ ਦੇ ਵਧੀਆ ਮੌਕਿਆਂ 'ਚੋਂ ਇੱਕ ਹੋ ਸਕਦਾ ਹੈ।

# ਬੱਲਸਰਾਏ ਦੇ ਸਮਾਰਟ ਸਕੂਲ 'ਚ ਲੱਗੇ 15 ਰੋਜ਼ਾ ਸਮਰ ਕੈਂਪ ਦਾ ਬੀ ਐੱਨ ਓ ਵੱਲੋਂ ਨਿਰੀਖਣ



ਬੁਤਾਲਾ (ਨਿਰਮਲ ਸਿੰਘ ਸੰਘਾ)-ਸਿੱਖਿਆ ਜ਼ਿਲ੍ਹਾ ਸਿੱਖਿਆ ਅਫਸਰ ਸੁਸ਼ੀਲ ਕੁਮਾਰ ਤੁਲੀ ਦੇ ਨਿਰਦੇਸ਼ਾਂ ਤੇ ਬੀਐਨਓ ਨਿਰਤੇਜ ਕੌਰ ਭੰਗੂ ਵੱਲੋਂ ਬਲਾਕ ਰਈਆ-1 ਦੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਬਲਸਰਾਏ, ਅੰਮ੍ਰਿਤਸਰ ਵਿੱਚ ਲੱਗੇ ਸਮਰ ਕੈਂਪ ਦਾ ਨਿਰੀਖਣ ਕੀਤਾ ਗਿਆ। ਬੀਐੱਨਓ ਨਵਤੇਜ ਕੌਰ ਭੰਗੂ ਨੇ ਕਿਹਾ ਕਿ ਛੇਵੀਂ ਜਮਾਤ ਤੋਂ ਅੱਠਵੀ ਜਮਾਤ ਦੇ ਬੱਚਿਆਂ ਨੂੰ ਸਕਿੱਲ ਭਰਪੂਰ ਬਣਾਉਣ ਲਈ ਬਲਾਕ ਰਈਆ -1 ਦੇ ਵੱਖ-ਵੱਖ ਸਰਕਾਰੀ ਸਕੂਲਾਂ ਵਿਚ 15 ਰੋਜ਼ਾ ਸਮਰ ਕੈਂਪ ਲਗਾਏ ਗਏ ਹਨ। ਉਨ੍ਹਾਂ ਕਿਹਾ ਕਿ ਬੱਚਿਆਂ ਨੂੰ ਬੌਧਿਕ, ਰਚਨਾਤਮਿਕ ਅਤੇ ਕਿਰਿਆਤਮਕ ਪੱਧਰ 'ਤੇ ਯੋਗ ਬਣਾਉਣ ਲਈ ਸਿੱਖਿਆ ਦਿੱਤੀ ਜਾਵੇਗੀ ਤੇ ਬੱਚਿਆਂ ਦਾ ਹਰ ਪੱਖ ਤੋਂ ਖਿਆਲ ਰੱਖਿਆ ਜਾਵੇਗਾ ਤੇ ਘਰੇਲੂ ਸਮਾਜਿਕ ਸਿੱਖਿਆ ਖੇਤਰ ਵਿੱਚ ਨਿਪੁੰਨ ਬਣਾਉਣ ਲਈ ਯੋਗ ਸਿੱਖਿਆ ਪ੍ਰਦਾਨ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਮਰ ਕੈਂਪ ਵਿੱਚ ਬੱਚੇ ਵੱਧ-ਚੜ੍ਹ ਕੇ ਹਿੱਸਾ ਲੈ ਰਹੇ ਹਨ। ਇਸ ਮੌਕੇ ਪ੍ਰਿੰਸੀਪਲ ਨਰਿੰਦਰ ਕੌਰ, ਸਿਧਾਰਥ ਸ਼ਰਮਾ, ਕੁਲਜੀਤ ਸਿੰਘ, ਸੁਖਵਿੰਦਰ ਸਿੰਘ ਬਿੱਟਾ, ਰੀਨਾ ਕੁਮਾਰੀ, ਪਿੰਕੀ ਰਾਣੀ, ਸੰਦੀਪ ਸਿੰਘ, ਜਸਵੀਰ ਸਿੰਘ, ਅਮਰਜੀਤ ਸਿੰਘ, ਸਵਿਆ ਕਟਾਰੀਆ, ਜਗਤਾਰ ਸਿੰਘ, ਬਖਤੌਰ ਸਿੰਘ, ਦਵਿੰਦਰ ਕੌਰ, ਵਿਨੋਦ ਕੁਮਾਰ, ਬਲਜੀਤ ਕੌਰ ਅਤੇ ਕੇਵਲ ਕ੍ਰਿਸ਼ਨ ਆਦਿ ਹਾਜ਼ਰ ਸਨ।

# ਥੋੜ੍ਹੀ ਜਿਹੀ ਬਾਰਸ਼ ਪੈਣ 'ਤੇ ਹੀ ਆਰ ਡੀ ਖੋਸਲਾ ਸਕੂਲ ਦਾ ਗੇਟ ਲੰਘਣਾ ਹੋ ਜਾਂਦੈ ਔਖਾ



ਬਟਾਲਾ (ਤਰਲੋਕ ਬੱਗਾ)-ਸਾਬਕਾ ਵਿਧਾਇਕ ਅਸ਼ਵਨੀ ਸੇਖੜੀ ਦੀ ਕੋਠੀ ਤੋਂ ਲੈ ਕੇ ਆਰ ਡੀ ਖੋਸਲਾ ਡੀਏਵੀ ਮਾਡਲ ਸੀਨੀਅਰ ਸਕੂਲ ਤੱਕ ਜਿਥੇ ਥੋੜ੍ਹੀ ਜਿਹੀ ਬਾਰਿਸ਼ ਹੋਣ ਨਾਲ ਪਾਣੀ ਭਰ ਜਾਂਦਾ ਹੈ ਅਤੇ ਸਕੂਲ ਜਾਣ ਵਾਲੇ ਬੱਚਿਆਂ ਅਤੇ ਰਾਹਗੀਰਾਂ ਦਾ ਲੰਘਣਾ ਮੁਸ਼ਕਿਲ ਹੋ ਜਾਂਦਾ ਹੈ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਇਲਾਕਾ ਨਿਵਾਸੀਆਂ ਨੇ ਦੱਸਿਆ ਕਿ ਜਦੋਂ ਵੀ ਥੋੜ੍ਹੀ ਜਿਹੀ ਬਾਰਿਸ਼ ਹੁੰਦੀ ਹੈ ਤਾਂ ਸਕੂਲ ਦੇ ਅੱਗੇ ਇੰਨਾ ਕੁ ਪਾਣੀ ਭਰ ਜਾਂਦਾ ਹੈ ਕਿ ਅਸੀਂ ਨਾ ਤਾਂ ਆਪਣੇ ਬੱਚਿਆਂ ਨੂੰ ਸਕੂਲ ਛੱਡਣ ਜਾ ਸਕਦੇ ਹਾਂ ਅਤੇ ਨਾ ਹੀ ਸਕੂਲੋਂ ਵਾਪਿਸ ਲਿਆ ਸਕਦੇ ਹਾਂ। ਪ੍ਰੰਤੂ ਪ੍ਰਸ਼ਾਸਨ ਨੇ ਕਦੇ ਵੀ ਇਸ ਮਸਲੇ ਵੱਲ ਧਿਆਨ ਨਹੀਂ ਦਿੱਤਾ। ਕਿਸੇ ਵੀ ਸਰਕਾਰ ਨੇ ਇਸ ਸਮੱਸਿਆ ਨੂੰ ਹੱਲ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਹੁਣ ਲੋਕਾਂ ਨੂੰ ਭਗਵੰਤ ਮਾਨ ਸਰਕਾਰ ਆਉਣ ਨਾਲ ਆਸ ਦੀ ਕਿਰਨ ਵਿਖਾਈ ਦਿੱਤੀ ਸੀ ਪਰੰਤੂ ਇਸ ਸਰਕਾਰ ਨੇ ਵੀ ਫਿਲਹਾਲ ਇਧਰ ਕੋਈ ਧਿਆਨ ਨਹੀਂ ਦਿੱਤਾ।

ਇਲਾਕਾ ਨਿਵਾਸੀਆਂ ਨੇ ਪੰਜਾਬ ਸਰਕਾਰ ਅਤੇ ਪ੍ਰਸ਼ਾਸਨ ਤੋਂ ਇਹ ਮੰਗ ਕੀਤੀ ਹੈ ਕਿ ਇਸ ਰੋਡ 'ਤੇ ਜੋ ਪਾਣੀ ਖੜਾ ਹੁੰਦਾ ਹੈ ਉਸ ਦਾ ਹੱਲ ਛੇਤੀ ਤੋਂ ਛੇਤੀ ਕੀਤਾ ਜਾਵੇ ਤਾਂ ਕਿ ਇਥੋਂ ਰਾਹਗੀਰਾਂ ਨੂੰ ਅਤੇ ਸਕੂਲ ਜਾਣ ਵਾਲੇ ਬੱਚਿਆਂ ਨੂੰ ਕਿਸੇ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ।

# ਸਿਹਤ ਵਿਭਾਗ ਕਰਮਚਾਰੀ ਯੂਨੀਅਨ ਨੇ ਅਹੁਦੇਦਾਰੇ ਥਾਪੇ



ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਸਿਵਲ ਹਸਪਤਾਲ ਪੱਟੀ ਵਿਖੇ ਪੈਰਾ-ਮੈਡੀਕਲ ਸਟਾਫ ਤੇ ਸਿਹਤ ਕਰਮਚਾਰੀ ਯੂਨੀਅਨ ਵੱਲੋਂ ਅਹੁਦੇਦਾਰਾਂ ਦੀ ਚੋਣ ਕਰਕੇ ਉਨ੍ਹਾਂ ਨੂੰ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ। ਸਿਹਤ ਸਰਬਸੰਮਤੀ ਨਾਲ ਜੱਗ ਰਾਮ ਨੂੰ ਪ੍ਰਧਾਨ, ਹਰਬੰਸਪਾਲ ਸਿੰਘ ਸੀਨੀਅਰ ਮੀਤ ਪ੍ਰਧਾਨ, ਓਮਪ੍ਰਕਾਸ਼ ਜਨਰਲ ਸਕੱਤਰ, ਜਗਤਾਰ ਸਿੰਘ ਵਿੱਤ ਸਕੱਤਰ, ਹਰਦੀਪ ਕੌਰ, ਇੰਦਰਜੀਤ ਕੌਰ, ਜੁਗਰਾਜ ਸਿੰਘ, ਮਨਜੀਤ ਕੌਰ ਮੀਤ ਪ੍ਰਧਾਨ, ਗਗਨਦੀਪ ਜੁਆਇੰਟ ਸਕੱਤਰ, ਅਮਨਦੀਪ ਸਿੰਘ ਪ੍ਰੈਸ ਸਕੱਤਰ, ਤਰਸੇਮ ਚੰਦ ਪ੍ਰਚਾਰ ਸਕੱਤਰ, ਨਰੇਸ਼ ਕੁਮਾਰ ਦਫਤਰ ਸਕੱਤਰ, ਵੀਨਾ, ਕਸ਼ਮੀਰ ਕੌਰ, ਜਸਬੀਰ ਸਿੰਘ, ਗੌਰਵ ਕੁਮਾਰ ਨੂੰ ਕਮੇਟੀ ਮੈਂਬਰ ਚੁਣਿਆ ਗਿਆ। ਚੁਣੇ ਗਏ ਅਹੁਦੇਦਾਰਾਂ ਨੇ ਆਖਿਆ ਕਿ ਜਿਹੜੀ ਜ਼ਿੰਮੇਵਾਰੀ ਉਨ੍ਹਾਂ ਨੂੰ ਸਟਾਫ ਦੇ ਕਰਮਚਾਰੀਆਂ ਵੱਲੋਂ ਸੌਂਪੀ ਗਈ ਹੈ ਉਸ 'ਤੇ ਪੂਰੀ ਇਮਾਨਦਾਰੀ ਨਾਲ ਖਰਾ ਉਤਰਨ ਦੀ ਪੂਰੀ ਕੋਸ਼ਿਸ਼ ਕੀਤੀ ਜਾਵੇਗੀ। ਇਸ ਮੌਕੇ ਸਰਬਜੀਤ ਸਿੰਘ ਪੱਟੀ ਅਤੇ ਜੋਗਾ ਸਿੰਘ ਬਲਾਕ ਪ੍ਰਧਾਨ ਨੇ ਸੰਬੋਧਨ ਕਰਦਿਆਂ ਕਿਹਾ ਕਿ ਹਰ ਤਰ੍ਹਾਂ ਦੇ ਕੱਚੇ ਕਾਮੇ ਪੱਕੇ ਕੀਤੇ ਜਾਣ, ਦਰਜਾ ਚਾਰ ਮੁਲਾਜ਼ਮਾਂ ਦੀਆਂ ਖਾਲੀ ਪਈਆਂ ਅਸਾਮੀਆਂ ਰੈਗੂਲਰ ਅਤੇ ਪੂਰੇ ਗਰੇਡ ਸਮੇਤ ਭਰੀਆਂ ਜਾਣ , ਦਰਜਾ ਚਾਰ ਮੁਲਾਜ਼ਮਾਂ ਦੀਆਂ ਪ੍ਰਮੋਸ਼ਨਾਂ ਯੋਗਤਾ ਅਨੁਸਾਰ ਕੀਤੀਆਂ ਜਾਣ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਜਾਵੇ ਅਤੇ ਠੇਕਾ ਅਧਾਰਤ ਕੰਮ ਕਰਦੇ ਮੁਲਾਜ਼ਮਾਂ ਦੀਆਂ ਤਨਖਾਹਾਂ ਦਾ ਭੁਗਤਾਨ ਕੀਤਾ ਜਾਵੇ। ਪਰਖ ਕਾਲ ਦਾ ਸਮਾਂ ਘਟਾਇਆ ਜਾਵੇ। ਇਸ ਮੌਕੇ ਪਸਸਫ ਬਲਾਕ ਪ੍ਰਧਾਨ ਜੋਗਾ ਸਿੰਘ ਤਾਲਮੇਲ ਕਮੇਟੀ ਦੇ ਜ਼ਿਲ੍ਹਾ ਕਨਵੀਨਰ ਸਰਬਜੀਤ ਸਿੰਘ ਪੱਟੀ ਆਦਿ ਹਾਜ਼ਰ ਸਨ ।

# ਮੀਂਹ ਕਾਰਨ ਨੁਕਸਾਨੀਆਂ ਫਸਲਾਂ ਦਾ ਡੀ ਸੀ ਨੇ ਲਿਆ ਜਾਇਜ਼ਾ



ਸਰਾਏ ਅਮਾਨਤ ਖਾਂ (ਮੱਖਣ ਮਨੋਜ)-ਅੱਡਾ ਝਬਾਲ ਵਿੱਚੋਂ ਲੰਘਦੀ ਡਰੇਨ ਦੀ ਸਬੰਧਿਤ ਮਹਿਕਮੇ ਵੱਲੋਂ ਸਮੇਂ ਸਿਰ ਸਫਾਈ ਨਾ ਕਰਵਾਉਣ ਕਰਕੇ ਇਸ ਵਿੱਚ ਉੱਗੀ ਬੂਟੀ ਕਾਰਨ ਮੀਂਹ ਦਾ ਪਾਣੀ ਖੇਤਾਂ ਵਿੱਚ ਭਰ ਜਾਣ ਨਾਲ ਕਿਸਾਨਾਂ ਦੀ ਹਜ਼ਾਰਾਂ ਏਕੜ ਤਬਾਹ ਹੋਈਆਂ ਫਸਲਾਂ ਦਾ ਜਾਇਜ਼ਾ ਲੈਣ ਲਈ ਡਿਪਟੀ ਕਮਿਸ਼ਨਰ ਬਲਦੀਪ ਕੌਰ ਝਬਾਲ ਪੁੱਜੇ। ਇਸ ਮੌਕੇ ਉਨ੍ਹਾਂ ਨੇ ਮੀਂਹ ਦੇ ਪਾਣੀ ਨਾਲ ਪ੍ਰਭਾਵਿਤ ਹੋਈਆਂ ਫਸਲਾਂ ਅਤੇ ਡਰੇਨ ਵਿੱਚ ਉੱਗੀ ਬੂਟੀ ਦਾ ਜਾਇਜ਼ਾ ਲੈਂਦਿਆਂ ਕਿਹਾ ਕਿ ਡਰੇਨ ਦੀ ਸਮੇਂ ਸਿਰ ਸਫਾਈ ਨਾ ਹੋਣ ਦੇ ਕਾਰਨਾਂ ਦਾ ਸਬੰਧਿਤ ਮਹਿਕਮੇ ਵੱਲੋਂ ਪਤਾ ਲਗਾ ਕੇ ਅਣਗਹਿਲੀ ਕਰਨ ਵਾਲੇ ਅਧਿਕਾਰੀਆਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਅੱਡਾ ਝਬਾਲ ਵਿੱਚ ਦੁਕਾਨਦਾਰਾਂ ਵੱਲੋਂ ਡਰੇਨ ਦੀ ਜਗ੍ਹਾ 'ਤੇ ਕੀਤੇ ਗਏ ਕਬਜ਼ਿਆਂ ਨੂੰ ਹਟਾ ਕੇ ਪਾਣੀ ਦੀ ਨਿਕਾਸੀ ਵਿੱਚ ਰੁਕਾਵਟ ਪੈਦਾ ਕਰ ਰਹੀ ਬੂਟੀ ਨੂੰ ਬਾਹਰ ਕੱਢਿਆ ਜਾਵੇਗਾ। ਉਨ੍ਹਾਂ ਕਿਹਾ ਕਿ ਡਰੇਨ ਦੀ ਸਫਾਈ ਸਬੰਧੀ ਮਹਿਕਮੇ ਵੱਲੋਂ ਵਰਤੀ ਗਈ ਅਣਗਹਿਲੀ ਦੇ ਕਾਰਨਾਂ ਦਾ ਪਤਾ ਲਗਾਇਆਂ ਜਾਵੇਗਾ। ਭਾਵੇਂਕਿ ਡਰੇਨ ਦੀ ਸਫਾਈ ਲਈ ਕਿਸਾਨਾਂ ਵੱਲੋਂ ਲਗਾਏ ਗਏ ਧਰਨਿਆਂ ਤੋਂ ਬਾਅਦ ਡਰੇਨ ਵਿਭਾਗ ਦੇ ਅਧਿਕਾਰੀਆਂ ਵੱਲੋਂ ਬੂਟੀ ਬਾਹਰ ਕੱਢਣ ਲਈ ਮਸ਼ੀਨਾਂ ਲਗਾਈਆਂ ਗਈਆਂ ਹਨ ਪਰ ਪਾਣੀ ਦੇ ਤੇਜ਼ ਵਹਾਅ ਕਾਰਨ ਬਾਹਰ ਕੱਢੀ ਗਈ।

ਬੂਟੀ ਮੁੜ ਕਿਸਾਨਾਂ ਦੇ ਖੇਤਾਂ ਵਿੱਚ ਜਾ ਕੇ ਬਚੀਆਂ ਫਸਲਾਂ ਦਾ ਨੁਕਸਾਨ ਕਰ ਰਹੀ ਹੈ। ਇਸ ਮੌਕੇ ਨਾਇਬ ਤਹਿਸੀਲਦਾਰ ਜਸਵਿੰਦਰ ਸਿੰਘ, ਐਕਸੀਅਨ ਵਿਸ਼ਾਲ ਮਹਿਤਾ, ਸਬ-ਇੰਸਪੈਕਟਰ ਕੇਵਲ ਸਿੰਘ ਸਮੇਤ ਮਾਲ ਤੇ ਡਰੇਨ ਵਿਭਾਗ ਦੇ ਅਧਿਕਾਰੀ ਹਾਜ਼ਰ ਸਨ।

# ਝੰਜੀਆਂ ਖੁਰਦ ਵਿਖੇ 19ਵਾਂ ਕਬੱਡੀ ਟੂਰਨਾਮੈਂਟ ਕਰਵਾਇਆ



ਫਤਿਹਗੜ੍ਹ ਚੂੜੀਆਂ (ਜਸਦੇਵ ਮਾਨ)-ਹਲਕਾ ਫਤਿਹਗੜ੍ਹ ਚੂੜੀਆਂ ਅਧੀਨ ਆਉਂਦੇ ਪਿੰਡ ਝੰਜੀਆਂ ਖੁਰਦ ਵਿਖੇ ਧੰਨ-ਧੰਨ ਬਾਬਾ ਗੁਲਾਬ ਸ਼ਾਹ ਦੀ ਯਾਦ ਵਿਚ 19ਵਾਂ ਕਬੱਡੀ ਟੂਰਨਾਮੈਂਟ ਕਰਵਾਇਆ ਗਿਆ ਜਿਸ ਵਿੱਚ ਨਾਮਵਰ ਟੀਮਾਂ ਨੇ ਭਾਗ ਲਿਆ। ਪ੍ਰਬੰਧਕਾਂ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਹ ਕਬੱਡੀ ਟੂਰਨਾਮੈਂਟ ਯਾਦਗਾਰੀ ਹੋ ਨਿੱਬੜਿਆ। ਜੇਤੂ ਟੀਮਾਂ ਨੂੰ ਟਰਾਫੀਆਂ ਅਤੇ ਨਕਦ ਰਾਸ਼ੀ ਦੇ ਕੇ ਸਨਮਾਨਿਤ ਕੀਤਾ ਗਿਆ। ਉਨ੍ਹਾਂ ਕਿਹਾ ਕਿ ਅਜਿਹੇ ਟੂਰਨਾਮੈਂਟ ਪਿੰਡ-ਪਿੰਡ ਹੋਣੇ ਚਾਹੀਦੇ ਹਨ, ਜਿਸ ਨਾਲ ਅਜੋਕੇ ਨੌਜਵਾਨਾਂ ਦਾ ਖੇਡਾਂ ਵੱਲ ਰੁਝਾਨ ਵਧੇਗਾ ਅਤੇ ਨਸ਼ਿਆਂ ਨੂੰ ਠੱਲ੍ਹ ਪਾਈ ਜਾ ਸਕੇ। ਉਨ੍ਹਾਂ ਦੱਸਿਆ ਕਿ ਕਬੱਡੀ ਟੂਰਨਾਮੈਂਟ ਪੂਰੇ ਪਿੰਡ ਦੇ ਸਹਿਯੋਗ ਨਾਲ ਕਰਵਾਇਆ ਗਿਆ ਅਤੇ ਭਵਿੱਖ 'ਚ ਹੋਰ ਵੀ ਵੱਡੀ ਪੱਧਰ 'ਤੇ ਕਬੱਡੀ ਦੇ ਮੈਚ ਕਰਵਾਏ ਜਾਇਆ ਕਰਨਗੇ। ਇਸ ਮੌਕੇ ਬਾਬਾ ਗੁਰਮੀਤ ਸਿੰਘ ਝੰਜੀਆਂ, ਬਾਬਾ ਸੁਖਦੇਵ ਸਿੰਘ, ਗੋਪੀ ਕਬੱਡੀ, ਮੇਜਰ ਫੌਜੀ, ਅਰਸ਼ਦੀਪ ਸਿੰਘ, ਰੋਜ਼ੀ ਰੰਧਾਵਾ, ਦਲੇਰ ਸਿੰਘ, ਜੋਗਾ ਯੂ. ਪੀ. ਗਗਨ ਰੰਧਾਵਾ ਆਦਿ ਪ੍ਰਬੰਧਕ ਹਾਜ਼ਰ ਸਨ।

# ਸਰਕਾਰ ਦੀਆਂ ਮਜ਼ਦੂਰ ਵਿਰੋਧੀ ਨੀਤੀਆਂ ਖਿਲਾਫ ਲੇਬਰ ਭਵਨ ਮੁਹਾਲੀ ਅੱਗੇ ਰੋਸ ਰੈਲੀ 14 ਨੂੰ : ਦੇਵੀ ਕੁਮਾਰੀ

**ਫਰੀਦਕੋਟ ਤੋਂ ਵੱਡੇ ਕਾਫਲੇ ਸਮੇਤ ਹੋਵਾਂਗੇ ਰੈਲੀ 'ਚ ਸ਼ਾਮਲ : ਕੌਸ਼ਲ, ਗੁਰਨਾਮ ਸਿੰਘ**



**ਫਰੀਦਕੋਟ (ਐਲਿਗਜੈਂਡਰ ਡਿਸੂਜਾ)**-ਪੰਜਾਬ ਸਰਕਾਰ ਦੀਆਂ ਸਨਅਤੀ ਮਜ਼ਦੂਰਾਂ ਤੇ ਖੇਤ ਮਜ਼ਦੂਰਾਂ ਦੀਆਂ ਹੱਕੀ ਮੰਗਾਂ ਪ੍ਰਤੀ ਬੇਰੁਖੀ ਦਾ ਵਤੀਰਾ ਧਾਰਨ ਕਰਨ ਤੇ ਭੁੱਖੇ ਮਾਰਨ ਦੀਆਂ ਨੀਤੀਆਂ ਖਿਲਾਫ ਪੰਜਾਬ ਦੀਆਂ ਚਾਰ ਪ੍ਰਮੁੱਖ ਟਰੇਡ ਯੂਨੀਅਨਾਂ ਦੇ ਸਾਂਝੇ ਸੱਦੇ 'ਤੇ 14 ਜੁਲਾਈ ਨੂੰ ਮੁਹਾਲੀ ਦੇ ਲੇਬਰ ਭਵਨ ਅੱਗੇ ਵਿਸ਼ਾਲ ਰੋਸ ਰੈਲੀ ਕੀਤੀ ਜਾਵੇਗੀ। ਇਹ ਐਲਾਨ ਸਥਾਨਕ ਸ਼ਹੀਦ ਕਾਮਰੇਡ ਅਮੋਲਕ ਭਵਨ ਵਿਖੇ ਟਰੇਡ ਯੂਨੀਅਨ ਤੇ ਪੰਜਾਬ ਖੇਤ ਮਜ਼ਦੂਰ ਸਭਾ ਦੀ ਸਾਂਝੀ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਬੀਬੀ ਦੇਵੀ ਕੁਮਾਰੀ ਸੂਬਾ ਜਨਰਲ ਸਕੱਤਰ ਨੇ ਕਰਦਿਆਂ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੇ ਵੀ ਕੇਂਦਰ ਦੀ ਮੋਦੀ ਸਰਕਾਰ ਦੀ ਨੀਤੀ 'ਤੇ ਚੱਲਦੇ ਹੋਏ ਕਾਰਖਾਨੇਦਾਰਾਂ ਤੇ ਵੱਡੇ ਕਾਰੋਬਾਰੀਆਂ ਨਾਲ ਮਿਲੀਭੁਗਤ ਕਰਕੇ ਮਜ਼ਦੂਰ ਜਮਾਤ ਦਾ ਅੰਨ੍ਹਾ ਸ਼ੋਸ਼ਣ ਕਰਨ ਦੀ ਖੁੱਲ੍ਹੀ ਛੁੱਟੀ ਦੇ ਦਿੱਤੀ ਹੈ। ਮੀਟਿੰਗ ਨੂੰ ਟਰੇਡ ਯੂਨੀਅਨ ਆਗੂ ਅਸ਼ੋਕ ਕੌਸ਼ਲ, ਗਿਆਨ ਸੈਦਪੁਰੀ, ਕਾਮਰੇਡ ਗੁਰਨਾਮ ਸਿੰਘ, ਕਾਮਰੇਡ ਦਰਸ਼ਨ ਸਿੰਘ ਜਿਊਣਵਾਲਾ, ਜਗਤਾਰ ਸਿੰਘ ਭਾਣਾ, ਭਲਵਿੰਦਰ ਸਿੰਘ ਔਲਖ, ਚਰਨਜੀਤ ਚੰਮੇਲੀ ਨੇ ਵੀ ਸੰਬੋਧਨ ਕੀਤਾ ਤੇ ਮੰਗ ਕੀਤੀ ਕਿ ਗੈਰ-ਹੁਨਰਮੰਦ ਮਜ਼ਦੂਰ ਦੀ ਘੱਟ ਤੋਂ ਘੱਟ ਉਜ਼ਰਤ 26,000 ਰੁਪਏ ਮਹੀਨਾ ਨਿਸ਼ਚਿਤ ਕੀਤੀ ਜਾਵੇ। ਇਸ ਤੋਂ ਇਲਾਵਾ ਆਂਗਨਵਾੜੀ ਵਰਕਰਾਂ, ਹੈਲਪਰਾਂ ਤੇ ਆਸ਼ਾ ਵਰਕਰਾਂ ਨੂੰ ਘੱਟ ਤੋਂ ਘੱਟ ਉਜ਼ਰਤਾਂ ਦੇ ਘੇਰੇ 'ਚ ਲਿਆਂਦਾ ਜਾਵੇ, ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ, ਠੇਕਾ ਭਰਤੀ ਤੇ ਆਊਟਸੋਰਸ ਮੁਲਾਜ਼ਮਾਂ ਨੂੰ ਬਿਨਾਂ ਭੇਦਭਾਵ ਦੇ ਰੈਗੂਲਰ ਕੀਤਾ ਜਾਵੇ, ਮਨਰੇਗਾ ਮਜ਼ਦੂਰਾਂ ਦੀ ਦਿਹਾੜੀ 700 ਰੁਪਏ ਕਰਕੇ ਸਾਲ ਵਿੱਚ 200 ਦਿਨ ਕੰਮ ਦਿੱਤਾ ਜਾਵੇ, ਭੱਠਾ ਮਜ਼ਦੂਰਾਂ ਤੇ ਉਸਾਰੀ ਮਜ਼ਦੂਰਾਂ ਦੀਆਂ ਮੰਗਾਂ ਪ੍ਰਵਾਨ ਕੀਤੀਆਂ ਜਾਣ ਤੇ ਮਜ਼ਦੂਰ ਵਿਰੋਧੀ ਚਾਰ ਲੇਬਰ ਕੋਡ ਰੱਦ ਕੀਤੇ ਜਾਣ। ਇਸ ਮੌਕੇ ਗੁਰਚਰਨ ਸਿੰਘ ਮਾਨ, ਸੁਖਦਰਸ਼ਨ ਸ਼ਰਮਾ ਤੇ ਕਿਸਾਨ ਆਗੂ ਸੁਖਜਿੰਦਰ ਸਿੰਘ ਤੂੰਬੜਭੰਨ ਨੇ ਦੱਸਿਆ ਕਿ ਫਰੀਦਕੋਟ ਜ਼ਿਲ੍ਹੇ ਤੋਂ ਵੱਡੀ ਗਿਣਤੀ 'ਚ ਖੇਤ ਮਜ਼ਦੂਰ, ਨਰੇਗਾ ਮਜ਼ਦੂਰ, ਆਸ਼ਾ ਵਰਕਰ, ਪੈਨਸ਼ਨਰ, ਠੇਕਾ ਤੇ ਆਊਟਸੋਰਸ ਮੁਲਾਜ਼ਮ 'ਏਟਕ' ਦੇ ਝੰਡੇ ਹੇਠ 14 ਦੀ ਮੁਹਾਲੀ ਰੈਲੀ ਵਿੱਚ ਭਾਗ ਲੈਣਗੇ।

# ਕੱਚੇ ਸਫਾਈ ਸੇਵਕਾਂ ਵੱਲੋਂ ਪਾਵਰਕਾਮ ਖਿਲਾਫ ਨਾਅਰੇਬਾਜ਼ੀ



ਪਾਵਰਕਾਮ ਦਫਤਰ ਸਾਹਮਣੇ ਨਾਅਰੇਬਾਜ਼ੀ ਕਰਦੇ ਸਫਾਈ ਸੇਵਕ।

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਇਥੇ ਪਾਰਟ ਟਾਇਮ ਇੰਪਲਾਈਜ਼ ਪਾਵਰਕਾਮ ਤੇ ਟ੍ਰਾਂਸਕੋ ਸਫਾਈ ਸੇਵਕਾਂ ਦੀ ਮੀਟਿੰਗ ਹੋਈ, ਜਿਸ ਦੌਰਾਨ ਪਿਛਲੇ ਕਈ ਮਹੀਨਿਆਂ ਤੋਂ ਤਨਖਾਹਾਂ, ਬੋਨਸ, ਏਰੀਅਲ ਦੇ ਬਿੱਲਾਂ ਦੀ ਅਦਾਇਗੀ ਨਾ ਹੋਣ ਦੇ ਰੋਸ ਵਜੋਂ ਪਾਵਰਕਾਮ ਮੈਨੇਜਮੈਂਟ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ। ਮੀਟਿੰਗ ਵਿੱਚ ਬਹੁਤ ਸਾਰੀਆਂ ਔਰਤਾਂ ਸਫਾਈ ਸੇਵਕਾਂ ਨੇ ਹਿੱਸਾ ਲਿਆ।

ਉਪਰੰਤ ਸਫਾਈ ਸੇਵਕਾਂ ਵੱਲੋਂ ਜਥੇਬੰਦੀ ਤੇ ਸੂਬਾ ਪ੍ਰਧਾਨ ਦੀ ਅਗਵਾਈ ਹੇਠ ਵਧੀਕ ਨਿਗਰਾਨ ਇੰਜੀਨੀਅਰ ਡਵੀਜ਼ਨ ਪਾਤੜਾਂ ਦੇ ਨਾਂ ਮੰਗ ਪੱਤਰ ਸਹਾਇਕ ਇੰਜੀਨੀਅਰ ਨੂੰ ਦਿੱਤਾ ਗਿਆ। ਮੰਗ ਪੱਤਰ ਹਾਸਲ ਕਰਨ ਉਪਰੰਤ ਉਨ੍ਹਾ ਭਰੋਸਾ ਦਿਵਾਇਆ ਕਿ ਤਨਖਾਹਾਂ ਦੀ ਅਦਾਇਗੀ 13 ਜੁਲਾਈ ਤੋਂ ਪਹਿਲਾਂ ਪਹਿਲਾਂ ਕਰਨ ਦੇ ਨਾਲ-ਨਾਲ ਬੋਨਸ ਦੀ ਅਦਾਇਗੀ ਨੂੰ ਵੀ ਜਲਦੀ ਤੋਂ ਜਲਦੀ ਕਰਵਾ ਦਿੱਤਾ ਜਾਵੇਗਾ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਸੂਬਾ ਪ੍ਰਧਾਨ ਸਰਦਾਰ ਸਿੰਘ ਗੱਜੂਮਾਜਰਾ ਨੇ ਕਿਹਾ ਕਿ ਜੇਕਰ ਬੋਨਸ ਦੀ ਅਦਾਇਗੀ ਪੰਦਰਾਂ ਦਿਨਾਂ ਦੇ ਅੰਦਰ-ਅੰਦਰ ਨਹੀਂ ਹੁੰਦੀ ਤਾਂ ਸਫਾਈ ਕਰਮਚਾਰੀ 26 ਜੁਲਾਈ ਤੋਂ ਗਰਿਡਾਂ ਦੀ ਸਫਾਈ ਦਾ ਕੰਮ ਕਾਰ ਛੱਡ ਕੇ ਓ ਤੇ ਐੱਮ ਮੰਡਲ ਦਫਤਰ ਪਾਤੜਾਂ ਨੂੰ ਤਾਲੇ ਲਗਾ ਕੇ ਅਣਮਿੱਥੇ ਸਮੇਂ ਲਈ ਧਰਨਾ ਦੇਣ ਲਈ ਮਜਬੂਰ ਹੋਣਗੇ।

# ਪੰਜਾਬ ਐਂਡ ਯੂ ਟੀ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝੇ ਫਰੰਟ ਦੀ ਮੀਟਿੰਗ



**ਮੁੱਲਾਂਪੁਰ ਦਾਖਾ (ਪੱਤਰ ਪ੍ਰੇਰਕ)**-ਪੰਜਾਬ ਐਂਡ ਯੂ. ਟੀ. ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝੇ ਫਰੰਟ ਦੀ ਮੀਟਿੰਗ ਪੈਨਸ਼ਨਰ ਭਵਨ ਲੁਧਿਆਣਾ ਵਿਖੇ ਚੇਅਰਮੈਨ ਦਲੀਪ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਵੱਖ-ਵੱਖ ਜਥੇਬੰਦੀਆਂ ਦੇ ਆਗੂ ਸ਼ਾਮਲ ਹੋਏ, ਜਿਸ ਵਿੱਚ ਪੈਨਸ਼ਨਰ ਜੁਆਇੰਟ ਫਰੰਟ ਦੇ ਦਰਸ਼ਨ ਸਿੰਘ ਉਟਾਲ, ਰਜਿੰਦਰ ਕੁਮਾਰ, ਪੰਜਾਬ ਪੈਨਸ਼ਨਰ ਯੂਨੀਅਨ ਤੋਂ ਗੁਰਮੇਲ ਸਿੰਘ ਮੈਲਡੇ, ਦਰਸ਼ਨ ਸਿੰਘ ਥਰੀਕੇ, ਮਨਜੀਤ ਸਿੰਘ ਮਨਸੂਰਾਂ, ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨਰ ਯੂਨੀਅਨ ਤੋਂ ਬਲਵੀਰ ਸਿੰਘ ਮਾਨ, ਪੁਲਸ ਪੈਨਸ਼ਨਰ ਐਸੋਸੀਏਸ਼ਨ ਮੇਜਰ ਸਿੰਘ ਨੱਤ, ਸੁਸ਼ੀਲ ਕੁਮਾਰ, ਡੀ.ਐੱਮ.ਐੱਫ. ਤੋਂ ਰਮਨਜੀਤ ਸਿੰਘ ਸੰਧੂ, ਸੁਖਵਿੰਦਰ ਸਿੰਘ ਲੀਲ੍ਹ, ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680/22 ਵੱਲੋਂ ਹਰਬੰਸ ਸਿੰਘ ਪੰਧੇਰ, ਸੁਰਿੰਦਰ ਸਿੰਘ ਬੈਂਸ, ਨਿਰਭੈ ਸਿੰਘ, ਅਸ਼ੋਕ ਕੁਮਾਰ ਮੱਟੂ, ਵਿਨੋਦ ਕੁਮਾਰ, ਜਸਮੇਲ ਸਿੰਘ ਮੋਹੀ, ਸ਼ਾਮਲ ਹੋਏ। ਗੁਰਮੇਲ ਸਿੰਘ ਮੈਲਡੇ, ਦਲੀਪ ਸਿੰਘ, ਰਮਨਜੀਤ ਸਿੰਘ ਸੰਧੂ ਨੇ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪੈਨਸ਼ਨਰਾਂ ਦਾ 200/- ਰੁਪਇਆ ਵਿਕਾਸ ਫੰਡ ਦੇ ਨਾਮ 'ਤੇ ਕੱਟ ਕੇ ਜੱਜੀਆ ਟੈਕਸ ਲਾਉਣ, ਪੈਨਸ਼ਨ ਸੋਧ ਫਾਰਮੂਲਾ 2.59 ਲਾਗੂ ਨਾ ਕਰਨ, ਸੰਗਰੂਰ ਵਿਖੇ ਅਧਿਆਪਕਾਂ 'ਤੇ ਕੀਤੇ ਗਏ ਲਾਠੀਚਾਰਜ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਮੀਟਿੰਗ ਵਿੱਚ ਇਸ ਗੱਲ 'ਤੇ ਵੀ ਅਫਸੋਸ ਪ੍ਰਗਟ ਕੀਤਾ ਗਿਆ ਕਿ ਮੁੱਖ ਮੰਤਰੀ ਪੰਜਾਬ ਵੱਲੋਂ ਸਾਂਝੇ ਫਰੰਟ ਨਾਲ ਮੀਟਿੰਗਾਂ ਦਾ ਸਮਾਂ ਤੈਅ ਕਰਕੇ ਉਨ੍ਹਾਂ 'ਤੇ ਪੂਰੇ ਨਹੀਂ ਉਤਰਦੇ ਤੇ ਮੀਟਿੰਗਾਂ ਨੂੰ ਅੱਗੇ ਤੋਂ ਅੱਗੇ ਪਾ ਦਿੰਦੇ ਹਨ। ਮੁੱਖ ਮੰਤਰੀ ਵੱਲੋਂ ਅਜਿਹਾ ਕਰਨ 'ਤੇ ਪੈਨਸ਼ਨਰਾਂ ਤੇ ਮੁਲਾਜ਼ਮਾਂ ਵਿੱਚ ਭਾਰੀ ਰੋਸ ਤੇ ਬੇਚੈਨੀ ਪਾਈ ਜਾ ਰਹੀ ਹੈ।

ਇਸ ਲਈ ਪੰਜਾਬ ਵਿੱਚ 23 ਜੁਲਾਈ ਨੂੰ ਵਿੱਤ ਮੰਤਰੀ ਹਰਪਾਲ ਸਿੰਘ ਚੀਮਾਂ, 30 ਜੁਲਾਈ ਲਾਲ ਸਿੰਘ ਪੱਟੀ, 6 ਅਗਸਤ ਡਾਕਟਰ ਬਲਵੀਰ ਸਿੰਘ ਪਟਿਆਲਾ, 13 ਅਗਸਤ ਨੂੰ ਬਲਕਾਰ ਸਿੰਘ ਕਰਤਾਰਪੁਰ, ਮੈਂਬਰ ਕੈਬਨਿਟ ਸਭ ਕਮੇਟੀ ਦੀ ਰਿਹਾਇਸ਼ ਵੱਲ ਵੱਡੇ ਰੋਸ ਮਾਰਚ ਕੀਤੇ ਜਾਣਗੇ। ਲੋਕ ਸੰਪਰਕ ਵਿਭਾਗ ਦੇ ਮੁਲਾਜ਼ਮ ਪ੍ਰਭਜੋਤ ਸਿੰਘ ਦੀ ਅਚਾਨਕ ਐਕਸੀਡੈਂਟ ਵਿੱਚ ਹੋਈ ਮੌਤ 'ਤੇ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਇਸ ਮੌਕੇ ਫੈਸਲਾ ਕੀਤਾ ਕਿ ਜ਼ਿਲ੍ਹਾ ਕਮੇਟੀ ਦੇ ਗਠਨ ਸਬੰਧੀ ਅਗਲੀ ਮੀਟਿੰਗ 15 ਜੁਲਾਈ 2023 ਨੂੰ ਪੈਨਸ਼ਨ ਭਵਨ ਲੁਧਿਆਣਾ ਵਿਖੇ ਹੋਵੇਗੀ। ਮੀਟਿੰਗ ਵਿੱਚ ਜ਼ਿਲ੍ਹਾ ਲੁਧਿਆਣਾ ਦੀਆਂ ਸਮੂਹ ਯੂਨੀਅਨਾਂ ਨੂੰ ਸ਼ਾਮਲ ਹੋਣ ਦਾ ਵੀ ਸੱਦਾ ਦਿੱਤਾ।

## ਕਾਤਰਾਂ

### ਇੰਗਲਿਸ਼ ਸਟੂਡੀਓ ਨੇ ਲਵਾਇਆ ਕੈਨੇਡਾ ਦਾ ਸਟੱਡੀ ਵੀਜ਼ਾ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਇੰਗਲਿਸ਼ ਸਟੂਡੀਓ ਸੰਸਥਾ, ਜੋ ਕੋਟਕਪੂਰਾ ਰੋਡ 'ਤੇ ਬਾਘਾ ਪੁਰਾਣਾ ਵਿਖੇ ਪੈਟ੍ਰੋਲ ਪੰਪ ਦੇ ਸਾਹਮਣੇ ਹੈ, ਇਥੇ ਵਿਦਿਆਰਥੀਆਂ ਨੂੰ ਸਾਰੀਆਂ ਆਧੁਨਿਕ ਤੇ ਬੁਨਿਆਦੀ ਸਹੂਲਤਾਂ ਪ੍ਰਧਾਨ ਕੀਤੀਆਂ ਜਾਂਦੀਆਂ ਹਨ। ਇਥੇ ਆਈਲਟਸ ਕਰਕੇ ਵਿਦਿਆਰਥੀ ਆਪਣੇ ਵਿਦੇਸ਼ ਜਾਣ ਦੇ ਸੁਪਨਿਆਂ ਨੂੰ ਸਾਕਾਰ ਕਰ ਰਹੇ ਹਨ। ਇਸ ਵਾਰ ਇਸ ਸੰਸਥਾ ਨੇ ਵਿਦਿਆਰਥੀ ਅਰਮਾਨਪ੍ਰੀਤ ਪੁੱਤਰ ਅੰਗਰੇਜ ਸਿੰਘ ਵਾਸੀ ਪਿੰਡ ਮਾੜੀ ਮੁਸਤਫਾ ਦਾ ਕੈਨੇਡਾ ਦੇ ਕੌਨੇਸਟੋਗਾ ਕਾਲਜ ਦਾ ਸਟੱਡੀ ਵੀਜ਼ਾ ਬਹੁਤ ਹੀ ਘੱਟ ਸਮੇਂ ਵਿੱਚ ਲਗਵਾ ਕੇ ਦਿੱਤਾ ਹੈ। ਸੰਸਥਾ ਦੇ ਮੁਖੀ ਪੰਕਜ ਬਾਂਸਲ ਤੇ ਗੌਰਵ ਕਾਲੜਾ ਨੇ ਵਿਦਿਆਰਥੀ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

### 16 ਲੱਖ ਦੀ ਧੋਖਾਧੜੀ ਦੇ ਦੋਸ਼ 'ਚ ਔਰਤ ਵਿਰੁੱਧ ਮਾਮਲਾ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਵਿਦੇਸ਼ ਭੇਜਣ ਦੇ ਨਾਂਅ 'ਤੇ 16 ਲੱਖ ਰੁਪਏ ਦੀ ਧੋਖਾਧੜੀ ਕਰਨ ਦੇ ਦੋਸ਼ 'ਚ ਥਾਣਾ ਸਰਹਿੰਦ ਪੁਲਸ ਵੱਲੋਂ ਇੱਕ ਔਰਤ ਵਿਰੁੱਧ ਮੁਕੱਦਮਾ ਦਰਜ ਕੀਤੇ ਜਾਣ ਦਾ ਸਮਾਚਾਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਬਲਵੀਰ ਸਿੰਘ ਵਾਸੀ ਪਿੰਡ ਸਿੱਧੂਪੁਰ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦੋਸ਼ ਲਗਾਏ ਕਿ ਸੁਖਵਿੰਦਰ ਕੌਰ ਉਰਫ ਸੀਮਾ ਰਾਣੀ ਵਾਸੀ ਸਮਰਾਲਾ ਨੇ ਉਸ ਤੋਂ 16 ਲੱਖ ਰੁਪਏ ਲੈ ਕੇ ਉਸ ਦੇ ਲੜਕੇ ਮਿੱਠੂ ਰਾਮ, ਭਤੀਜੀ ਪ੍ਰੀਤਮ ਕੌਰ, ਜਵਾਈ ਮੋਨੂੰ ਰਾਮ ਤੇ ਦੋਹਤੇ ਮਨਵੀਰ ਸਿੰਘ ਨੂੰ ਇਟਲੀ ਭੇਜਣ ਦੀ ਭੇਜਣ ਦੀ ਬਜਾਏ ਸਰਬੀਆ ਦੇਸ਼ 'ਚ ਭੇਜ ਕੇ ਉਨ੍ਹਾਂ ਨਾਲ ਜਾਅਲਸਾਜ਼ੀ ਤੇ ਧੋਖਾਧੜੀ ਕੀਤੀ ਹੈ। ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਥਾਣਾ ਸਰਹਿੰਦ ਦੀ ਪੁਲਸ ਨੇ ਸੁਖਵਿੰਦਰ ਕੌਰ ਉਰਫ ਸੀਮਾ ਰਾਣੀ ਵਿਰੁੱਧ ਅ/ਧ 406,420 ਆਈ.ਪੀ.ਸੀ. ਤਹਿਤ ਮੁਕੱਦਮਾ ਦਰਜ ਕਰਦਿਆਂ ਮਾਮਲੇ ਦੀ ਤਫਤੀਸ਼ ਸ਼ੁਰੂ ਕਰ ਦਿੱਤੀ ਹੈ।

### ਦੁਕਾਨਾਂ ਦੀ ਮਾਲਕੀ ਨੂੰ ਲੈ ਕੇ ਹੋਈ ਲੜਾਈ 'ਚ 4 ਨਾਮਜ਼ਦ

**ਜਲਾਲਾਬਾਦ (ਜੀਤ ਕੁਮਾਰ)**-ਪਿੰਡ ਲੱਧੂਵਾਲਾ ਉਤਾੜ ਵਿਖੇ ਦੁਕਾਨਾਂ ਦੀ ਮਾਲਕੀ ਨੂੰ ਲੈ ਕੇ ਹੋਈ ਲੜਾਈ ਦੇ ਸਬੰਧ ਵਿੱਚ ਥਾਣਾ ਵੈਰੋਕੇ ਦੀ ਪੁਲਸ ਵੱਲੋਂ 4 ਵਿਅਕਤੀਆਂ ਖਿਲਾਫ ਪਰਚਾ ਦਰਜ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਮੁਦੱਈ ਗੁਰਮੇਲ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਫੱਤਣ ਵਾਲਾ ਨੇ ਪੁਲਸ ਕੋਲ ਆਪਣੇ ਬਿਆਨ ਦਰਜ ਕਰਵਾਏ ਹਨ ਕਿ ਬੱਸ ਅੱਡਾ ਪੁਲ ਨਹਿਰ ਲੱਧੂਵਾਲਾ ਉਤਾੜ ਵਿਖੇ ਉਸ ਨੂੰ ਵੰਡ ਵਿੱਚ ਦੁਕਾਨਾਂ ਮਿਲੀਆਂ ਸਨ, ਪਰ ਰਣਦੀਪ ਸਿੰਘ ਵਗੈਰਾ ਦਾ ਕਹਿਣਾ ਹੈ ਕਿ ਇਹ ਦੁਕਾਨਾਂ ਮੇਰੀਆਂ ਹਨ, ਜਿਸ ਸਬੰਧੀ ਉਸ ਨੇ ਦੁਬਾਰਾ ਮਿਣਤੀ ਕਰਵਾਉਣ ਲਈ ਤਹਿਸੀਲਦਾਰ ਜਲਾਲਾਬਾਦ ਦੇ ਕੋਲ ਦਰਖਾਸਤ ਦਿੱਤੀ ਸੀ ਤੇ ਅਜੇ ਮਿਣਤੀ ਹੋਣੀ ਸੀ, ਪਰ ਰਣਦੀਪ ਸਿੰਘ ਪੁੱਤਰ ਸੁਖਪਾਲ ਸਿੰਘ, ਹਰਮਨ ਸਿੰਘ ਪੁੱਤਰ ਰਣਦੀਪ ਸਿੰਘ ਵਾਸੀਆਨ ਫੱਤਣਵਾਲਾ ਤੇ ਦਿਲਬਾਗ ਸਿੰਘ ਪੁੱਤਰ ਮੋਹਨ ਸਿੰਘ ਅਤੇ ਪਰਵਿੰਦਰ ਸਿੰਘ ਪੁੱਤਰ ਦਿਲਬਾਗ ਸਿੰਘ ਵਾਸੀਆਨ ਕਿੰਗਰਾ ਲਕੇਰ ਵਾਲਾ ਨੇ 2 ਜੁਲਾਈ 2023 ਨੂੰ ਦੁਕਾਨ 'ਚ ਧੱਕੇ ਨਾਲ ਵੜ ਕੇ ਕਿਰਾਏਦਾਰਾਂ ਨੂੰ ਬਾਹਰ ਕੱਢ ਦਿੱਤਾ ਤੇ ਭੰਨ ਤੋੜ ਕੀਤੀ ਅਤੇ ਧਮਕੀਆਂ ਵੀ ਦਿੱਤੀਆਂ। ਪੁਲਸ ਵੱਲੋਂ ਉਕਤ ਵਿਅਕਤੀਆਂ ਵਿਰੁੱਧ ਪਰਚਾ ਦਰਜ ਕਰਨ ਉਪਰੰਤ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

### ਸਿਹਤ ਵਿਭਾਗ ਵੱਲੋਂ ਦੁਕਾਨਾਂ ਦੀ ਚੈਕਿੰਗ

**ਸਮਰਾਲਾ (ਸੁਰਜੀਤ ਸਿੰਘ)**-ਅੱਜ ਸ਼ਹਿਰ ਵਿੱਚ ਸਿਵਲ ਹਸਪਤਾਲ ਦੇ ਸੀਨੀਅਰ ਮੈਡੀਕਲ ਅਫਸਰ ਡਾਕਟਰ ਤਾਰਕਜੋਤ ਸਿੰਘ ਅਤੇ ਨਗਰ ਕੌਂਸਲ ਸਮਰਾਲਾ ਦੇ ਕਾਰਜ ਸਾਧਕ ਅਫਸਰ ਪੁਸ਼ਪਿੰਦਰ ਕੁਮਾਰ ਦੀ ਅਗਵਾਈ ਹੇਠ ਸਿਵਲ ਹਸਪਤਾਲ ਸਮਰਾਲਾ ਅਤੇ ਨਗਰ ਕੌਂਸਲ ਸਮਰਾਲਾ ਦੀ ਟੀਮ ਵੱਲੋਂ ਖਾਣ-ਪੀਣ ਦੀਆਂ ਦੁਕਾਨਾਂ, ਰੇਹੜੀਆਂ, ਕਨਫੈਕਸ਼ਨਰੀ, ਸਬਜ਼ੀਆਂ ਅਤੇ ਫਲਾਂ ਦੀਆਂ ਦੁਕਾਨਾਂ ਅਤੇ ਰੇਹੜੀਆਂ ਦੀ ਚੈਕਿੰਗ ਕੀਤੀ ਗਈ। ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਨੂੰ ਸਖਤ ਚਿਤਾਵਨੀ ਦਿੱਤੀ ਗਈ। ਦੂਸ਼ਿਤ ਪਦਾਰਥਾਂ ਨੂੰ ਮੌਕੇ 'ਤੇ ਨਸ਼ਟ ਕਰਵਾਇਆ। ਡਾ. ਤਾਰਕਜੋਤ ਸਿੰਘ ਨੇ ਦੱਸਿਆ ਕਿ ਬਰਸਾਤੀ ਮੌਸਮ 'ਚ ਬਿਮਾਰੀਆਂ ਹੋਣ ਦਾ ਖਤਰਾ ਵਧ ਜਾਂਦਾ ਹੈ। ਇਸ ਮੌਸਮ ਵਿੱਚ ਖਾਣ ਪੀਣ ਦੀ ਚੀਜ਼ਾਂ ਜਲਦੀ ਖਰਾਬ ਹੋ ਜਾਂਦੀਆਂ ਹਨ। ਲੋਕਾਂ ਨੂੰ ਖੁੱਲ੍ਹੀਆਂ ਪਈਆਂ ਵਸਤਾਂ ਖਾਣ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਦੁਕਾਨਦਾਰਾਂ ਤੇ ਰੇਹੜੀਆਂ ਵਾਲਿਆਂ ਨੂੰ ਖਾਣ ਪੀਣ ਦੀਆਂ ਵਸਤਾਂ ਸਾਫ- ਸੁਥਰੀਆਂ ਅਤੇ ਢਕ ਕੇ ਰੱਖਣੀਆਂ ਚਾਹੀਦੀਆਂ ਹਨ। ਫਲ ਕੱਟ ਕੇ ਨਹੀਂ ਰੱਖਣੇ ਚਾਹੀਦੇ ਹਨ। ਗ੍ਰਾਹਕ ਨੂੰ ਸਾਫ-ਸੁਥਰਾ ਸਮਾਨ ਦੇਣਾ ਦੁਕਾਨਦਾਰ ਦੀ ਜ਼ਿੰਮੇਵਾਰੀ ਹੈ।

# ਆਈਲਟਸ ਤੇ ਇਮੀਗ੍ਰੇਸ਼ਨ ਕੇਂਦਰਾਂ ਦੀ ਜਾਂਚ, 11 ਕੀਤੇ ਸੀਲ




**ਸੰਗਰੂਰ (ਪ੍ਰਵੀਨ ਸਿੰਘ)**

ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਦੀਆਂ ਹਦਾਇਤਾਂ 'ਤੇ ਐੱਸ.ਡੀ.ਐੱਮ. ਸੰਗਰੂਰ ਨਵਰੀਤ ਕੌਰ ਸੇਖੋਂ ਤੇ ਡੀ.ਐੱਸ.ਪੀ. ਅਜੇਪਾਲ ਸਿੰਘ ਦੀ ਅਗਵਾਈ ਹੇਠਲੀਆਂ ਤਿੰਨ ਟੀਮਾਂ ਵੱਲੋਂ ਸੰਗਰੂਰ ਸਬ ਡਵੀਜ਼ਨ ਵਿੱਚ ਚੱਲ ਰਹੇ ਵੱਖ-ਵੱਖ ਆਈਲਟਸ ਕੇਂਦਰਾਂ ਤੇ ਇਮੀਗ੍ਰੇਸ਼ਨ ਕੇਂਦਰਾਂ ਦੇ ਦਸਤਾਵੇਜ਼ਾਂ ਦੀ ਅਚਨਚੇਤ ਜਾਂਚ ਕਰਨ ਲਈ ਮੁਹਿੰਮ ਚਲਾਈ ਗਈ। ਇਸ ਬਾਰੇ ਹੋਰ ਜਾਣਕਾਰੀ ਦਿੰਦਿਆਂ ਐੱਸ.ਡੀ.ਐੱਮ. ਨਵਰੀਤ ਕੌਰ ਸੇਖੋਂ ਨੇ ਕਿਹਾ ਕਿ ਇਸ ਮੁਹਿੰਮ ਦੌਰਾਨ ਇਨ੍ਹਾਂ ਕੇਂਦਰਾਂ ਦੇ ਮਾਲਕਾਂ ਤੇ ਨੁਮਾਇੰਦਿਆਂ ਤੋਂ ਆਈਲਟਸ ਕੇਂਦਰਾਂ ਦੇ ਲਾਇਸੰਸ ਦੀ ਸਥਿਤੀ ਦਾ ਜਾਇਜ਼ਾ ਲਿਆ ਗਿਆ ਅਤੇ ਤਰੁੱਟੀਆਂ ਸਾਹਮਣੇ ਆਉਣ 'ਤੇ ਮੌਕੇ 'ਤੇ ਹੀ 11 ਆਈਲਟਸ ਤੇ ਇੰਮੀਗ੍ਰੇਸ਼ਨ ਕੇਂਦਰਾਂ ਨੂੰ ਸੀਲ ਕਰਵਾਇਆ ਗਿਆ। ਉਨ੍ਹਾਂ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਕਿਸੇ ਵੀ ਆਈਲਟਸ ਜਾਂ ਇਮੀਗ੍ਰੇਸ਼ਨ ਸੈਂਟਰ ਨੂੰ ਲੋਕਾਂ ਦੇ ਭਵਿੱਖ ਨਾਲ ਖਿਲਵਾੜ ਕਰਨ ਦੀ ਆਗਿਆ ਨਹੀਂ ਦਿੱਤੀ ਜਾਵੇਗੀ ਤੇ ਜਿਹੜੇ ਵੀ ਆਈਲਟਸ ਜਾਂ ਇਮੀਗ੍ਰੇਸ਼ਨ ਕੇਂਦਰ ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਦੀ ਉਲੰਘਣਾ ਕਰਦੇ ਪਾਏ ਜਾਣਗੇ, ਉਨ੍ਹਾਂ ਨੂੰ ਸੀਲ ਕਰਕੇ ਮਾਲਕਾਂ ਖਿਲਾਫ਼ ਕਾਨੂੰਨ ਮੁਤਾਬਕ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਐੱਸ.ਡੀ.ਐੱਮ. ਨੇ ਦੱਸਿਆ ਕਿ ਅੱਜ ਤਿੰਨ ਵੱਖ ਵੱਖ ਟੀਮਾਂ ਵੱਲੋਂ ਇਨ੍ਹਾਂ ਕੇਂਦਰਾਂ ਵਿੱਚ ਦਸਤਾਵੇਜ਼ਾਂ ਦੀ ਬਾਰੀਕੀ ਨਾਲ ਜਾਂਚ ਕੀਤੀ ਗਈ ਹੈ ਅਤੇ ਭਵਿੱਖ ਵਿੱਚ ਵੀ ਇਸ ਮੁਹਿੰਮ ਨੂੰ ਲਗਾਤਾਰ ਜਾਰੀ ਰੱਖਿਆ ਜਾਵੇਗਾ। ਉਨ੍ਹਾ ਦੱਸਿਆ ਕਿ ਸੰਗਰੂਰ 'ਚ ਕਰੀਬ ਡੇਢ ਦਰਜਨ ਕੇਂਦਰਾਂ ਦੀ ਜਾਂਚ ਪੜਤਾਲ ਵਿੱਚੋਂ 11 ਨੂੰ ਨਿਯਮਾਂ ਦੀ ਉਲੰਘਣਾ ਕਰਦੇ ਪਾਇਆ ਗਿਆ ਤੇ ਮੁੱਢਲੀ ਪੜਤਾਲ ਦੌਰਾਨ ਲੋੜੀਂਦੇ ਦਸਤਾਵੇਜ਼ ਉਪਲਬਧ ਨਾ ਪਾਏ ਜਾਣ 'ਤੇ 11 ਕੇਂਦਰ ਸੀਲ ਕੀਤੇ ਗਏ ਹਨ ਅਤੇ ਅਗਲੇਰੀ ਕਾਰਵਾਈ ਜਾਰੀ ਹੈ।

# ਮੀਂਹ ਦੇ ਪਾਣੀ ਦੀ ਨਿਕਾਸੀ ਨੇ ਸ਼ਹਿਰ ਦੇ ਵਿਕਾਸ ਕੰਮਾਂ ਦੀ ਖੋਲ੍ਹੀ ਪੋਲ

**ਅਗਰਵਾਲ ਗਲੀ ਦੇ ਲੋਕਾਂ ਨੇ ਸੜਕ ਨੂੰ ਉੱਚਾ ਕਰਨ ਦੀ ਕੀਤੀ ਮੰਗ**



**ਜਲਾਲਾਬਾਦ (ਜੀਤ ਕੁਮਾਰ)**

ਇਲਾਕੇ ਵਿੱਚ ਸ਼ਨੀਵਾਰ ਨੂੰ ਸਵੇਰ ਤੋਂ ਲਗਾਤਾਰ ਆਏ ਮੀਂਹ ਦੇ ਨਾਲ ਜਿੱਥੇ ਪਿਛਲੇ ਕਈ ਦਿਨਾਂ ਤੋਂ ਕਹਿਰ ਦੀ ਪੈ ਰਹੀ ਗਰਮੀ ਤੋਂ ਰਾਹਤ ਮਿਲ ਗਈ ਹੈ, ਉਥੇ ਇਸ ਦੇ ਨਾਲ ਹੀ ਭਾਰੀ ਮੀਂਹ ਦੇ ਆਉਣ ਨਾਲ ਜਲਾਲਾਬਾਦ ਸ਼ਹਿਰ ਵਿੱਚ ਲਗਭਗ ਹਰ ਗਲੀ ਤੇ ਮੁਹੱਲੇ ਵਿੱਚ ਮੀਂਹ ਦਾ ਪਾਣੀ ਜਮ੍ਹਾਂ ਹੋ ਗਿਆ। ਕਈ ਸੜਕਾਂ ਵਿੱਚ ਇੱਕ ਤੋਂ ਦੋ ਫੁੱਟ ਤੱਕ ਮੀਂਹ ਦਾ ਪਾਣੀ ਜਮ੍ਹਾਂ ਹੋ ਗਿਆ ਅਤੇ ਨਿਕਾਸੀ ਹੋਣ ਵਿੱਚ ਭਾਰੀ ਰੁਕਾਵਟ ਪੈਦਾ ਹੋਣ ਕਾਰਨ ਜਲਾਲਾਬਾਦ ਸ਼ਹਿਰ ਵਿੱਚ ਪਿਛਲੇ ਸਮੇਂ ਦੌਰਾਨ ਕੀਤੇ ਗਏ ਵਿਕਾਸ ਦੇ ਕੰਮਾਂ ਦੀ ਪੋਲ ਖੁੱਲ੍ਹ ਗਈ ਹੈ। ਮੀਂਹ ਦਾ ਪਾਣੀ ਕਈ ਘੰਟੇ ਤੱਕ ਸੜਕਾਂ 'ਤੇ ਜਮ੍ਹਾਂ ਰਹਿਣ ਕਾਰਨ ਲੋਕਾਂ ਨੂੰ ਭਾਰੀ ਮੁਸ਼ਕਲ ਦਾ ਸਾਹਮਣਾ ਕਰਨਾ ਪਿਆ।

ਇਸੇ ਤਰ੍ਹਾਂ ਹੀ ਜਲਾਲਾਬਾਦ ਵਿੱਚ ਸ਼ਾਮੇ ਸੋਡੇ ਵਾਲੇ ਚੌਂਕ ਤੋਂ ਲੈ ਕੇ ਬਾਬਾ ਬਚਨ ਦਾਸ ਵਾਸੀ ਗਲੀ, ਜਿਸ ਨੂੰ ਪਿਛਲੀ ਕਾਂਗਰਸ ਸਰਕਾਰ ਦੌਰਾਨ ਉੱਚਾ ਕੀਤਾ ਗਿਆ ਸੀ, ਪਰ ਅਗਰਵਾਲ ਗਲੀ ਜੋਕਿ ਨੀਵੀਂ ਹੈ ਤੇ ਇਸੇ ਕਾਰਨ ਮੀਂਹ ਦੇ ਪਾਣੀ ਦੀ ਨਿਕਾਸੀ ਵਿੱਚ ਰੁਕਾਵਟ ਪੈਦਾ ਹੋ ਗਈ ਹੈ। ਅੱਜ ਆਏ ਮੀਂਹ ਨਾਲ ਅਗਰਵਾਲ ਗਲੀ ਵਿੱਚ ਦੋ ਫੁੱਟ ਤੱਕ ਮੀਂਹ ਦਾ ਪਾਣੀ ਇਕੱਠਾ ਹੋ ਗਿਆ, ਜੋ ਲੋਕਾਂ ਲਈ ਪ੍ਰੇਸ਼ਾਨ ਦਾ ਕਾਰਨ ਬਣਿਆ ਰਿਹਾ। ਅਗਰਵਾਲ ਗਲੀ ਦੇ ਵਾਸੀਆਂ ਗੌਰਵ ਮਲੂਜਾ, ਸ਼ਾਮ ਲਾਲ ਸ਼ਰਮਾ, ਮੋਹਮੀ ਮਿੱਡਾ, ਲਵਲੀ ਫਟੇਲਾ, ਗੁਰਮੀਤ ਸਿੰਘ ਸਿਡਾਨਾ, ਅਮਿਤ ਬਜਾਜ, ਲਾਲ ਚੰਦ ਸ਼ਰਮਾ, ਰਾਜੇਸ਼ ਬਜਾਜ ਕਾਕਾ, ਸ਼ੰਪੀ ਬਜਾਜ, ਵਿਜੇ ਬਜਾਜ ਨੇ ਕਿਹਾ ਕਿ ਅਗਰਵਾਲ ਗਲੀ ਦੇ ਲੋਕਾਂ ਨਾਲ ਮਤਰੇਈ ਮਾਂ ਵਾਲਾ ਵਿਹਾਰ ਕੀਤਾ ਗਿਆ ਹੈ, ਕਿਉਂਕਿ ਸ਼ਾਮਾ ਸੋਡੇਵਾਲਾ ਤੋਂ ਬਾਬਾ ਬਚਨ ਦਾਸ ਵਾਲੀ ਗਲੀ ਨੂੰ ਪਿਛਲੀ ਕਾਂਗਰਸ ਸਰਕਾਰ ਦੇ ਦੌਰਾਨ ਉੱਚਾ ਕੀਤਾ ਗਿਆ ਸੀ, ਪਰ ਇਸ ਦੇ ਅੱਗੇ ਅਗਰਵਾਲ ਗਲੀ ਕਾਫੀ ਨੀਵੀਂ ਹੈ ਤੇ ਇਸ ਸੜਕ ਨੂੰ ਉੱਚਾ ਨਹੀਂ ਕੀਤਾ ਗਿਆ। ਜਿਸ ਦੇ ਕਾਰਨ ਜਦੋਂ ਵੀ ਮੀਂਹ ਆਉਂਦਾ ਹੈ ਤਾਂ ਇਸ ਗਲੀ ਵਿੱਚ ਮੀਂਹ ਦਾ ਪਾਣੀ ਕਈ ਘੰਟੇ ਜਮ੍ਹਾਂ ਰਹਿੰਦਾ ਹੈ। ਇਸ ਲਈ ਉਨ੍ਹਾਂ ਦੀ ਮੰਗ ਹੈ ਕਿ ਅਗਰਵਾਲ ਗਲੀ ਨੂੰ ਉੱਚਾ ਕਰਕੇ ਨਿਰਮਾਣ ਕਰਵਾਇਆ ਜਾਵੇ ਤਾਂ ਕਿ ਇਸ ਗਲੀ ਵਿੱਚ ਮੀਂਹ ਦੇ ਪਾਣੀ ਦੇ ਜਮ੍ਹਾਂ ਰਹਿਣ ਕਾਰਨ ਆ ਰਹੀ ਮੁਸ਼ਕਲ ਤੋਂ ਰਾਹਤ ਮਿਲ ਸਕੇ।

ਉਧਰ, ਅੱਜ ਲਗਭਗ ਸਾਰਾ ਦਿਨ ਇਲਾਕੇ ਵਿੱਚ ਮੀਂਹ ਪੈਣ ਨੂੰ ਝੋਨੇ ਦੀ ਫਸਲ ਲਈ ਵੀ ਲਾਭਦਾਇਕ ਦੱਸਿਆ ਜਾ ਰਿਹਾ ਹੈ। ਕਿਸਾਨਾਂ ਦਾ ਕਹਿਣਾ ਹੈ ਕਿ ਝੋਨੇ ਦੀ ਫਸਲ ਲਈ ਮੀਂਹ ਫਾਇਦੇਮੰਦ ਸਾਬਿਤ ਹੋਵੇਗਾ।

# ਪ੍ਰੈੱਸ ਕਲੱਬ ਮਹਿਲ ਕਲਾਂ ਨੇ 18ਵੀਂ ਵਰ੍ਹੇਗੰਢ ਮਨਾਈ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਪ੍ਰੈੱਸ ਕਲੱਬ ਰਜਿ: ਮਹਿਲ ਕਲਾਂ (ਬਰਨਾਲਾ) ਦੀ ਵਿਸ਼ੇਸ਼ ਮੀਟਿੰਗ ਇਥੇ ਕਲੱਬ ਦੇ ਜਨਰਲ ਸਕੱਤਰ ਬਲਜਿੰਦਰ ਸਿੰਘ ਢਿੱਲੋਂ ਦੀ ਅਗਵਾਈ ਹੇਠ ਹੋਈ।

ਇਸ ਮੌਕੇ ਆਗੂਆਂ ਨੇ ਕਲੱਬ ਦੀਆਂ ਸਰਗਰਮੀਆਂ, ਪ੍ਰਾਪਤੀਆਂ ਬਾਰੇ ਵਿਸਥਾਰ-ਪੂਰਬਕ ਚਾਨਣਾ ਪਾਇਆ। ਕਲੱਬ ਪ੍ਰਧਾਨ ਬਲਵਿੰਦਰ ਸਿੰਘ ਵਜੀਦਕੇ, ਚੇਅਰਮੈਨ ਅਵਤਾਰ ਸਿੰਘ ਅਣਖੀ, ਉਪ ਚੇਅਰਮੈਨ ਸੋਨੀ ਮਾਂਗੇਵਾਲ ਨੇ ਦੱਸਿਆ ਕਿ ਪ੍ਰੈੱਸ ਕਲੱਬ ਰਜਿ: ਮਹਿਲ ਕਲਾਂ 7 ਜੁਲਾਈ 2005 ਨੂੰ ਹੋਂਦ 'ਚ ਆਇਆ ਸੀ।

ਕਲੱਬ ਆਪਣੀ 18 ਵੀਂ ਵਰ੍ਹੇਗੰਢ ਜੋਸ਼ੋ ਖਰੋਸ਼ ਨਾਲ ਮਨਾ ਰਿਹਾ ਹੈ। ਬੀਤੇ ਸਮੇਂ ਦੌਰਾਨ ਪ੍ਰੈੱਸ ਕਲੱਬ ਨੇ ਜਿਥੇ ਪੱਤਰਕਾਰਾਂ ਦੀਆਂ ਹੱਕੀ ਮੰਗਾਂ, ਜਬਰ, ਜ਼ੁਲਮ, ਧੱਕੇਸ਼ਾਹੀ ਖਿਲਾਫ ਡਟ ਕੇ ਅਵਾਜ਼ ਬੁਲੰਦ ਕੀਤੀ, ਉਥੇ ਸਮਾਜ ਸੇਵਾ ਦੇ ਖੇਤਰ 'ਚ ਖੂਨਦਾਨ ਕੈਂਪ, ਮੈਡੀਕਲ ਕੈਂਪ, ਲੋੜਵੰਦਾਂ, ਬੇਸਹਾਰਾ, ਬਿਪਤਾ ਮਾਰੇ ਲੋਕਾਂ ਦੀ ਸਹਾਇਤਾ ਕਰਕੇ ਆਪਣਾ ਨਾਂਅ ਕਮਾਇਆ ਹੈ। ਕਲੱਬ ਵੱਲੋਂ ਸ਼ੁਰੂ ਕੀਤੀ ਮੁਹਿੰਮ ਨੂੰ ਨਿਰੰਤਰ ਜਾਰੀ ਰੱਖਿਆ ਜਾਵੇਗਾ। ਇਸ ਮੌਕੇ ਕਲੱਬ ਦੇ ਬਾਨੀ ਸਰਪ੍ਰਸਤ ਕਾਮਰੇਡ ਪ੍ਰੀਤਮ ਸਿੰਘ ਦਰਦੀ ਨੂੰ ਯਾਦ ਕਰਦਿਆਂ ਉਨ੍ਹਾ ਦੀ ਪਹਿਲੀ ਬਰਸੀ ਜੋਸ਼ੋ ਖਰੋਸ਼ ਨਾਲ ਮਨਾਉਣ ਬਾਰੇ ਵੀ ਵਿਚਾਰ ਚਰਚਾ ਕੀਤੀ ਗਈ।

ਮੁੱਖ ਬੁਲਾਰੇ ਡਾ. ਜਗਰਾਜ ਸਿੰਘ ਮੂੰਮ ਨੇ ਫੀਲਡ 'ਚ ਕੰਮ ਕਰਦੇ ਸਮੂਹ ਪੱਤਰਕਾਰ ਭਾਈਚਾਰੇ ਦੀਆਂ ਭਖਦੀਆਂ ਮੰਗਾਂ ਨੂੰ ਪਹਿਲ ਦੇ ਅਧਾਰ 'ਤੇ ਲਾਗੂ ਕਰਨ, ਪੱਤਰਕਾਰਾਂ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਮੁੱਖ ਮੰਤਰੀ ਭਗਵੰਤ ਮਾਨ ਤੋਂ ਪੁਰਜ਼ੋਰ ਮੰਗ ਕੀਤੀ। ਇਸ ਮੌਕੇ ਕਲੱਬ ਦੇ ਸੀਨੀ: ਮੀਤ ਪ੍ਰਧਾਨ ਜਗਸੀਰ ਸਿੰਘ ਸਹਿਜੜਾ, ਮੀਤ ਪ੍ਰਧਾਨ ਮੇਘ ਰਾਜ ਜੋਸ਼ੀ, ਸੁਖਵੀਰ ਸਿੰਘ ਜਗਦੇ, ਸਕੱਤਰ ਬਲਵੰਤ ਸਿੰਘ ਚੁਹਾਣਕੇ, ਗੁਰਪ੍ਰੀਤ ਸਿੰਘ ਅਣਖੀ, ਰਾਜਵਿੰਦਰ ਸਿੰਘ ਖਾਲਸਾ, ਪ੍ਰਦੀਪ ਸਿੰਘ ਲੋਹਗੜ੍ਹ ਆਦਿ ਹਾਜ਼ਰ ਸਨ।

# ਡੀ ਏ ਵੀ ਸੈਂਟਨਰੀ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਪਾਈਆਂ ਧੁੰਮਾਂ



**ਜਗਰਾਓਂ (ਨਛੱਤਰ ਸੰਧੂ, ਸੰਜੀਵ ਅਰੋੜਾ)**-ਡੀ ਏ ਵੀ ਸੈਂਟਨਰੀ ਪਬਲਿਕ ਸਕੂਲ ਜਗਰਾਉਂ ਵਿਖੇ ਵਿਦਿਆਰਥੀਆਂ ਦੀਆਂ ਬਾਕਮਾਲ ਕਾਰਗੁਜ਼ਾਰੀਆਂ ਲਈ ਇਨਾਮ ਵੰਡ ਪ੍ਰੋਗਰਾਮ ਉਲੀਕਿਆ ਗਿਆ। ਸਾਲ 2022-2023 ਵਿੱਚ ਕਰਵਾਏ ਐੱਸ ਓ ਐੱਫ ਇੰਟਰਨੈਸ਼ਨਲ ਸੋਸ਼ਲ ਸਾਇੰਸ ਓਲੰਪੀਆਡ ਦੇ ਜੇਤੂਆਂ ਬਾਰੇ ਜਾਣਕਾਰੀ ਪ੍ਰਦਾਨ ਕਰਦਿਆਂ ਸਕੂਲ ਦੇ ਪ੍ਰਿੰਸੀਪਲ ਸ੍ਰੀ ਵੇਦ ਵਰਤ ਪਲਾਹਾ ਨੇ ਦੱਸਿਆ ਕਿ ਇਸ ਪ੍ਰਤੀਯੋਗਤਾ ਵਿੱਚ ਵਿਦਿਆਰਥੀਆਂ ਨੇ ਜੋਸ਼ ਨਾਲ ਭਾਗ ਲਿਆ ਸੀ, ਜਿਸ ਵਿੱਚੋਂ ਅਰਲੀਨ ਕੌਰ, ਅੱਵਲ ਨੂਰ ਕੌਰ, ਹਰਸ਼ਿਤਾ ਵਰਮਾ, ਗੌਰਵ ਬਾਂਸਲ, ਗੀਤਾਂਜਲੀ ਬਹਿਲ, ਨਵਿਕਾ ਗੁਪਤਾ, ਦਕਸ਼ ਅਰੋੜਾ, ਆਰਵ ਮਿੱਤਲ ਆਦਿ ਵਿਦਿਆਰਥੀਆਂ ਨੂੰ ਉੱਤਮਤਾ ਦਾ ਸੋਨ ਤਮਗਾ ਪ੍ਰਾਪਤ ਹੋਇਆ। ਨੈਸ਼ਨਲ ਸਾਇਬਰ ਓਲੰਪੀਆਡ ਵਿੱਚ ਵੀ ਹਰਸ਼ਿਤ ਸਿੰਗਲਾ, ਸਹਿਬਾਜ ਸਿੰਘ ਗਿੱਲ, ਹਰਸ਼ ਵਰਧਨ ਖੁਰਾਣਾ, ਅਬਤੀਕਾ, ਅਰਸ਼ਵੀਰ ਕੌਰ, ਦਕਸ਼ ਅਰੋੜਾ, ਅਜਿੰਦਰਪਾਲ ਸਿੰਘ, ਸਤਨਾਮ ਸਿੰਘ ਆਦਿ ਵਿਦਿਆਰਥੀਆਂ ਨੂੰ ਉੱਤਮਤਾ ਦੇ ਸੋਨ ਤਮਗੇ ਪ੍ਰਾਪਤ ਹੋਏ। ਇਨ੍ਹਾਂ ਵਿਦਿਆਰਥੀਆਂ ਤੋਂ ਇਲਾਵਾ ਜ਼ੋਨਲ ਲੈਵਲ 'ਤੇ ਪ੍ਰਿੰਕਲ ਗੋਇਲ, ਕੰਨਵ ਕੁਮਾਰ, ਅਜਿੰਦਰਪਾਲ ਸਿੰਘ, ਕਿੰਜਲ ਸ਼ਰਮਾ, ਗੁਨਵ ਪਾਂਡੇ ਤੇ ਜਤਿਨ ਕੁਮਾਰ ਨੇ ਜ਼ੋਨਲ ਉੱਤਮਤਾ ਦੇ ਸਰਟੀਫਿਕੇਟ ਤੇ ਇਨਾਮ ਪ੍ਰਾਪਤ ਕੀਤੇ। ਸਤਨਾਮ ਸਿੰਘ ਨੇ ਬਰੋਨਜ਼ ਮੈਡਲ ਤੇ 1000 ਰੁ: ਦਾ ਨਕਦ ਇਨਾਮ ਜਿੱਤਿਆ। ਸਕੂਲ ਦੇ ਗਣਿਤ ਵਿਭਾਗ ਦੇ ਅਧਿਆਪਕ ਸ੍ਰੀਮਤੀ ਮੀਨੂੰ ਨੂੰ ਬੈਸਟ ਡਿਸਟ੍ਰਿਕਟ ਅਧਿਆਪਕ ਵਜੋਂ ਟਰਾਫੀ ਨਾਲ ਸਨਮਾਨਿਆ ਗਿਆ। ਅੰਤ 'ਚ ਸਕੂਲ ਪ੍ਰਿੰਸੀਪਲ ਨੇ ਵਿਦਿਆਰਥੀਆਂ ਨੂੰ ਹੋਰ ਜੋਸ਼ ਤੇ ਲਗਨ ਨਾਲ ਪ੍ਰਤੀਯੋਗਤਾਵਾਂ ਵਿੱਚ ਭਾਗ ਲੈਣ ਲਈ ਪ੍ਰੇਰਿਆ। ਇਨਾਮ ਵੰਡ ਮੌਕੇ ਪ੍ਰਿੰਸੀਪਲ ਸਾਹਿਬ ਦੇ ਨਾਲ ਸਕੂਲ ਸਟਾਫ ਵੀ ਮੌਜੂਦ ਸੀ। ਅਧਿਆਪਕਾਂ ਦੀ ਮਿਹਨਤ ਤੇ ਲਗਨ ਲਈ ਵੀ ਪ੍ਰਿੰਸੀਪਲ ਸਾਹਿਬ ਨੇ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਕੀਤੀ।

# ਵਿਕਾਸ ਕਾਰਜਾਂ ਤੇ ਲੋਕ ਭਲਾਈ ਸਕੀਮਾਂ ਦਾ ਲਾਭ ਦੇਣ ਸੰਬੰਧੀ ਅਣਗਹਿਲੀ ਬਰਦਾਸ਼ਤ ਨਹੀਂ : ਅਮਨ ਅਰੋੜਾ

**ਕੈਬਨਿਟ ਮੰਤਰੀ ਵੱਲੋਂ ਬੱਚਤ ਭਵਨ ਵਿਖੇ ਜ਼ਿਲ੍ਹੇ ਦੇ ਵਿਕਾਸ ਕਾਰਜਾਂ ਦੀ ਸਮੀਖਿਆ ਲਈ ਮੀਟਿੰਗ**



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਪੰਜਾਬ ਦੇ ਨਵੀਂ ਤੇ ਨਵਿਆਉਣਯੋਗ ਊਰਜਾ ਸਰੋਤ, ਗਵਰਨੈਂਸ ਰਿਫਾਰਮਜ਼, ਪ੍ਰਿੰਟਿੰਗ ਤੇ ਸਟੇਸ਼ਨਰੀ, ਸ਼ਿਕਾਇਤਾਂ ਤੇ ਰੋਜ਼ਗਾਰ ਜਨਰੇਸ਼ਨ ਤੇ ਟ੍ਰੇਨਿੰਗ ਮੰਤਰੀ ਸ਼੍ਰੀ ਅਮਨ ਅਰੋੜਾ ਨੇ ਜ਼ਿਲ੍ਹੇ ਦੇ ਵਿਕਾਸ ਕਾਰਜਾਂ ਦੀ ਸਮੀਖਿਆ ਕਰਨ ਲਈ ਬੱਚਤ ਭਵਨ ਵਿਖੇ ਅਧਿਕਾਰੀਆਂ ਦੀ ਕੀਤੀ ਮੀਟਿੰਗ ਦੌਰਾਨ ਅਧਿਕਾਰੀਆਂ ਨੂੰ ਕਿਹਾ ਕਿ ਵਿਕਾਸ ਕਾਰਜਾਂ ਸਬੰਧੀ ਤੇ ਲੋਕਾਂ ਨੂੰ ਲੋਕ ਭਲਾਈ ਸਕੀਮਾਂ ਦਾ ਲਾਭ ਦੇਣ ਸਬੰਧੀ ਕਿਸੇ ਕਿਸਮ ਦੀ ਅਣਗਹਿਲੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਕੈਬਨਿਟ ਮੰਤਰੀ ਨੇ ਕਿਹਾ ਕਿ ਪਿੰਡਾਂ ਵਿੱਚ ਹੋਣ ਵਾਲੇ ਵਿਕਾਸ ਕਾਰਜਾਂ ਬਾਰੇ ਟੀਮਾਂ ਬਣਾ ਕੇ ਸਰਵੇ ਕਰਵਾਇਆ ਜਾਵੇ ਤੇ ਹੋਣ ਵਾਲੇ ਕੰਮਾਂ ਦਾ ਐਸਟੀਮੇਟ ਤਿਆਰ ਕੀਤਾ ਜਾਵੇ ਤਾਂ ਜੋ ਇਹ ਵਿਕਾਸ ਕਾਰਜ ਸਮੇਂ ਸਿਰ ਸ਼ੁਰੂ ਕਰਕੇ ਮੁਕੰਮਲ ਕੀਤੇ ਜਾ ਸਕਣ। ਉਨ੍ਹਾ ਕਿਹਾ ਕਿ ਇਸ ਤਰ੍ਹਾਂ ਕਰਨ ਨਾਲ ਜਿੱਥੇ ਪਿੰਡਾਂ ਵਿੱਚ ਹੋਣ ਵਾਲੇ ਕੰਮਾਂ ਦੀ ਪੂਰੀ ਜਾਣਕਾਰੀ ਹੋਵੇਗੀ, ਉਥੇ ਹੀ ਸਰਕਾਰ ਵੱਲੋਂ ਵਿਕਾਸ ਕਾਰਜਾਂ ਲਈ ਦਿੱਤੀਆਂ ਜਾਂਦੀਆਂ ਗ੍ਰਾਂਟਾਂ ਨਾਲ ਇਹ ਕੰਮ ਸੁਚੱਜੇ ਢੰਗ ਨਾਲ ਮੁਕੰਮਲ ਕੀਤੇ ਜਾ ਸਕਣਗੇ। ਮੀਟਿੰਗ ਉਪਰੰਤ ਮੀਡੀਆ ਵੱਲੋਂ ਅਣਅਧਿਕਾਰਤ ਕਲੋਨੀਆਂ ਬਾਰੇ ਪੁੱਛੇ ਗਏ ਇੱਕ ਸਵਾਲ ਦੇ ਜਵਾਬ 'ਚ ਸ਼੍ਰੀ ਅਰੋੜਾ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੀਆਂ ਗਲਤ ਨੀਤੀਆਂ ਕਾਰਨ ਕੁਝ ਲੀਡਰਾਂ, ਕੁਝ ਅਧਿਕਾਰੀਆਂ ਤੇ ਕੁਝ ਕਲੋਨਾਈਜ਼ਰਾਂ ਨੇ ਆਪਣੇ ਫਾਇਦੇ ਲਈ ਅਣਅਧਿਕਾਰਤ ਕਲੋਨੀਆਂ ਕੱਟੀਆਂ, ਜਿਸ ਦਾ ਅੱਜ ਆਮ ਲੋਕਾਂ ਨੂੰ ਖਮਿਆਜ਼ਾ ਭੁਗਤਣਾ ਪੈ ਰਿਹਾ ਹੈ। ਉਨ੍ਹਾ ਕਿਹਾ ਕਿ ਸਾਡੀ ਸਰਕਾਰ ਨੇ ਕਲੋਨੀਆਂ ਕੱਟਣ ਲਈ ਪੋਰਟਲ ਜਾਰੀ ਕੀਤਾ ਗਿਆ ਹੈ ਤੇ ਜੇਕਰ ਕੋਈ ਛੋਟੀ ਕਲੋਨੀ ਕੱਟਣਾ ਚਾਹੁੰਦਾ ਹੈ ਤਾਂ ਉਹ ਆਪਣੇ ਮੁਕੰਮਲ ਕਾਗਜ਼ ਜਮ੍ਹਾਂ ਕਰਵਾ ਕੇ 15 ਦਿਨਾਂ ਅੰਦਰ ਐੱਨ.ਓ.ਸੀ. ਹਾਸਲ ਕਰ ਸਕਦਾ ਹੈ।

ਅਰੋੜਾ ਨੇ ਦੱਸਿਆ ਕਿ ਸਰਕਾਰ ਵੱਲੋਂ ਬਣਾਈ ਪਾਲਿਸੀ ਦੇ ਦੂਜੇ ਫੇਜ਼ ਵਿੱਚ ਪੰਜਾਬ ਦੇ 5773 ਪਿੰਡਾਂ ਨੂੰ ਲਿਸਟ ਵਿੱਚੋਂ ਕੱਢਿਆ ਗਿਆ, ਜਿੱਥੇ ਕਿ ਐੱਨ.ਓ.ਸੀ. ਲੈਣ ਦੀ ਜ਼ਰੂਰਤ ਨਹੀਂ ਹੋਵੇਗੀ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਸ੍ਰ. ਭਗਵੰਤ ਮਾਨ ਇਸ ਮਾਮਲੇ ਨੂੰ ਪੂਰੀ ਗੰਭੀਰਤਾ ਨਾਲ ਵਿਚਾਰ ਰਹੇ ਹਨ ਤੇ ਛੇਤੀ ਹੀ ਇਸ ਦਾ ਹੱਲ ਹੋ ਜਾਵੇਗੀ। ਮੀਟਿੰਗ ਦੌਰਾਨ ਵਿਧਾਇਕ ਬਸੀ ਪਠਾਣਾ ਰੁਪਿੰਦਰ ਸਿੰਘ ਹੈਪੀ ਤੇ ਵਿਧਾਇਕ ਫ਼ਤਹਿਗੜ੍ਹ ਸਾਹਿਬ ਲਖਵੀਰ ਸਿੰਘ ਰਾਏ ਵੱਲੋਂ ਆਟਾ ਦਾਲ ਸਕੀਮ ਦੇ ਕਾਰਡਾਂ ਦੀ ਰੀਵੈਰੀਫਿਕੇਸ਼ਨ ਵਿੱਚ ਕਈ ਯੋਗ ਲਾਭਪਾਤਰੀਆਂ ਦਾ ਕਾਰਡ ਕੱਟਣ ਦਾ ਮਾਮਲਾ ਧਿਆਨ 'ਚ ਲਿਆਉਣ 'ਤੇ ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਨੇ ਕਿਹਾ ਕਿ ਲੋੜਵੰਦਾਂ ਦੇ ਹੱਕਾਂ 'ਤੇ ਡਾਕਾ ਮਾਰਨ ਵਾਲੇ ਕਿਸੇ ਵੀ ਅਧਿਕਾਰੀ ਜਾਂ ਕਰਮਚਾਰੀ ਨੂੰ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾ ਕਿਹਾ ਕਿ ਜਿਹੜੇ ਅਧਿਕਾਰੀਆਂ ਜਾਂ ਕਰਮਚਾਰੀਆਂ ਨੇ ਰਾਸ਼ਨ ਕਾਰਡਾਂ ਦੀ ਰੀਵੈਰੀਫਿਕੇਸ਼ਨ ਦੌਰਾਨ ਕਿਸੇ ਤਰ੍ਹਾਂ ਦੇ ਵਿਤਕਰੇ ਤਹਿਤ ਯੋਗ ਲਾਭਪਾਤਰੀਆਂ ਦੇ ਕਾਰਡ ਕੱਟੇ ਹਨ, ਉਨ੍ਹਾਂ ਦੀ ਲਿਸਟ ਬਣਾ ਕੇ ਭੇਜੀ ਜਾਵੇ ਤੇ ਉਹ ਸਰਕਾਰ ਦੇ ਧਿਆਨ 'ਚ ਲਿਆ ਕੇ ਇਨ੍ਹਾਂ 'ਤੇ ਸਖਤ ਕਾਰਵਾਈ ਕਰਵਾਉਣਗੇ ਤਾਂ ਜੋ ਕੋਈ ਹੋਰ ਅਜਿਹੀ ਗਲਤੀ ਨਾ ਕਰ ਸਕੇ। ਸ਼੍ਰੀ ਅਰੋੜਾ ਨੇ ਡਿਪਟੀ ਕਮਿਸ਼ਨਰ ਪਰਨੀਤ ਸ਼ੇਰਗਿੱਲ ਨੂੰ ਕਿਹਾ ਕਿ ਜ਼ਿਲ੍ਹੇ ਵਿੱਚ ਬਣੇ ਹੋਏ ਆਮ ਆਦਮੀ ਕਲੀਨਿਕਾਂ ਦਾ ਦੌਰਾ ਕਰਕੇ ਉਥੇ ਆਮ ਲੋਕਾਂ ਨੂੰ ਪੇਸ਼ ਆਉਣ ਵਾਲੀਆਂ ਮੁਸ਼ਕਲਾਂ, ਜੇਕਰ ਕੋਈ ਹੋਣ, ਦਾ ਤੁਰੰਤ ਹੱਲ ਕਰਵਾਇਆ ਜਾਵੇ। ਉਨ੍ਹਾਂ ਵਿਕਾਸ ਕਾਰਜਾਂ ਲਈ ਜਾਰੀ ਗ੍ਰਾਂਟਾਂ ਦੇ ਵਰਤੋਂ ਸਰਟੀਫਿਕੇਟ ਜਮ੍ਹਾਂ ਨਾ ਕਰਵਾਉਣ ਵਾਲੇ ਅਧਿਕਾਰੀਆਂ ਨੂੰ ਤਾੜਨਾ ਕੀਤੀ ਕਿ ਅਜਿਹੀ ਕੋਤਾਹੀ ਨਾ ਕੀਤੀ ਜਾਵੇ ਤੇ ਵਰਤੋਂ ਸਰਟੀਫਿਕੇਟ 15 ਦਿਨਾਂ 'ਚ ਜਮ੍ਹਾਂ ਕਰਵਾਏ ਜਾਣ। ਇਸ ਮੌਕੇ ਉਨ੍ਹਾ 'ਸਾਥ ਟਾਈਮ ਬੈਂਕ' ਪ੍ਰੋਗਰਾਮ 'ਚ ਸ਼ਲਾਘਾਯੋਗ ਕਾਰਗੁਜ਼ਾਰੀ ਵਾਲੇ ਵਿਦਿਆਰਥੀਆਂ ਨੂੰ ਸ਼ਲਾਘਾ ਪੱਤਰ ਵੀ ਵੰਡੇ।

# ਐਕਸਪਰਟ ਨੇ 7 ਦਿਨਾਂ 'ਚ ਲਵਾਇਆ ਵਿਜ਼ਟਰ ਵੀਜ਼ਾ



**ਬਾਘਾ ਪੁਰਾਣਾ (ਮਨੀ ਸਿੰਗਲਾ)**

ਸਥਾਨਕ ਸ਼ਹਿਰ ਅੰਦਰ ਮੋਗਾ ਰੋਡ 'ਤੇ ਸ਼ਿਵ ਮੰਦਰ ਦੇ ਨਾਲ ਇੰਡੀਆ ਬੈਂਕ ਦੇ ਉੱਪਰ ਸਥਿਤ ਨਾਮਵਰ ਸੰਸਥਾ ਐਕਸਪਰਟ ਇਮੀਗ੍ਰੇਸ਼ਨ ਐਂਡ ਐਜੂਕੇਸ਼ਨ ਸਰਵਿਸ ਬਾਘਾ ਪੁਰਾਣਾ ਵਿਦੇਸ਼ ਜਾਣ ਦੇ ਚਾਹਵਾਨ ਲੋਕਾਂ ਦੇ ਵਿਦੇਸ਼ ਜਾਣ ਦੇ ਸੁਪਨੇ ਪੂਰੇ ਕਰ ਰਹੀ ਹੈ। ਇਸ ਮੌਕੇ ਸੰਸਥਾ ਦੇ ਮੁਖੀ ਦੇਵਾਂਸ਼ ਗੋਇਲ ਨੇ ਦੱਸਿਆ ਕਿ ਸੰਸਥਾ ਵੱਲੋਂ ਵਿਦੇਸ਼ ਭੇਜਣ ਦੇ ਲੰਮੇ ਤਜਰਬੇ ਤਹਿਤ ਗੁਰਜੀਤ ਕੌਰ ਸੋਨੀ ਪਤਨੀ ਹਰਦੀਪ ਸੋਨੀ ਲੰਗਿਆਣਾ ਨਵਾਂ (ਨਿਗਾਹੇ ਵਾਲੇ) ਦਾ ਵਿਜ਼ਟਰ ਵੀਜ਼ਾ ਇੱਕ ਰਿਫਿਊਜ਼ਲ ਤੋਂ ਬਾਅਦ ਸਿਰਫ 7 ਦਿਨਾਂ ਵਿੱਚ ਲਗਵਾ ਕੇ ਦਿੱਤਾ ਹੈ। ਇਸ ਖੁਸ਼ੀ ਦੇ ਮੌਕੇ 'ਤੇ ਸੰਸਥਾ ਦੇ ਮੁਖੀ ਦੇਵੰਸ਼ ਗੋਇਲ ਨੇ ਕਿਹਾ ਕਿ ਕਾਬਲ ਟੀਮ ਦੇ ਉਪਰਾਲੇ ਕਰਕੇ ਇਨ੍ਹਾਂ ਦਾ ਵੀਜ਼ਾ ਬਹੁਤ ਹੀ ਘੱਟ ਸਮੇਂ 'ਚ ਲੱਗਾ ਹੈ। ਗੁਰਜੀਤ ਕੌਰ ਸੋਨੀ ਨੇ ਕਿਹਾ ਕਿ ਇਸ ਸੰਸਥਾ ਵੱਲੋਂ ਹਮੇਸ਼ਾ ਹੀ ਕਾਨੂੰਨੀ ਢੰਗ ਨਾਲ ਤੇ ਪਾਰਦਰਸ਼ੀ ਤਰੀਕੇ ਨਾਲ ਲੋਕਾਂ ਦੇ ਵੀਜ਼ੇ ਲਗਵਾਏ ਜਾਂਦੇ ਹਨ। ਇਸ ਮੌਕੇ ਸੰਸਥਾ ਮੁਖੀ ਦੇਵਾਂਸ਼ ਗੋਇਲ ਨੇ ਹਰਦੀਪ ਸੋਨੀ ਤੇ ਉਨ੍ਹਾਂ ਦੀ ਧਰਮ ਪਤਨੀ ਗੁਰਜੀਤ ਕੌਰ ਨੂੰ ਵਧਾਈ ਦਿੱਤੀ।

# ਕੋਟਕਪੂਰਾ ਵਸਨੀਕਾਂ ਨੂੰ ਸਾਰਾ ਸਾਲ ਸਾਫ ਪਾਣੀ ਸਪਲਾਈ ਕਰਨ ਦੀਆਂ ਹਦਾਇਤਾਂ

**ਪਹਿਲਾਂ 365 ਦਿਨਾਂ 'ਚੋਂ 200 ਦਿਨ ਬੰਦ ਰਹਿੰਦਾ ਸੀ ਸੂਆ**

**ਕੋਟਕਪੂਰਾ (ਰਛਪਾਲ ਭੁੱਲਰ)**

ਪੰਜਾਬ ਵਿਧਾਨ ਸਭਾ ਦੇ ਸਪੀਕਰ ਮਾਣਯੋਗ ਕੁਲਤਾਰ ਸਿੰਘ ਸੰਧਵਾਂ ਦੀਆਂ ਵਿਸ਼ੇਸ਼ ਹਦਾਇਤਾਂ 'ਤੇ ਸ਼ਹਿਰ ਵਾਸੀਆਂ ਨੂੰ ਪੂਰਾ ਸਾਲ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਲਈ ਸਬੰਧਤ ਵਿਭਾਗ ਵੱਲੋਂ ਇੱਕ ਵਿਸ਼ੇਸ਼ ਪ੍ਰੋਜੈਕਟ ਤਿਆਰ ਕੀਤਾ ਗਿਆ ਹੈ, ਜਿਸ ਦੇ ਸ਼ੁਰੂ ਹੋਣ ਨਾਲ ਸ਼ਹਿਰ ਵਾਸੀਆਂ ਨੂੰ ਦਰਪੇਸ਼ ਪੀਣ ਵਾਲੇ ਪਾਣੀ ਦੀ ਸਮੱਸਿਆ ਦਾ ਪੂਰਨ ਹੱਲ ਹੋ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮਨਪ੍ਰੀਤ ਸਿੰਘ ਧਾਲੀਵਾਲ ਪੀ.ਆਰ.ਓ. ਸਪੀਕਰ ਪੰਜਾਬ ਵਿਧਾਨ ਸਭਾ ਨੇ ਦੱਸਿਆ ਕਿ ਸ਼ਹਿਰ ਵਾਸੀਆਂ ਨੂੰ ਲੰਮੇ ਸਮੇਂ ਤੋਂ ਪੀਣ ਵਾਲੇ ਪਾਣੀ ਦੀ ਸਮੱਸਿਆ ਆ ਰਹੀ ਸੀ ਤੇ ਇਹ ਸਮੱਸਿਆ ਬਹੁਤ ਪੁਰਾਣੀ ਹੈ। ਉਨ੍ਹਾ ਦੱਸਿਆ ਕਿ ਸਪੀਕਰ ਸੰਧਵਾਂ ਦੇ ਧਿਆਨ 'ਚ ਆਉਣ 'ਤੇ ਇਸ ਸਬੰਧੀ ਅੰਕੜੇ ਇਕੱਠੇ ਕੀਤੇ ਗਏ ਤਾਂ ਪਤਾ ਲੱਗਾ ਕਿ ਇੱਥੋਂ ਲੰਘ ਰਿਹਾ ਰਜਬਾਹਾ ਸਾਲ ਦੇ 365 ਦਿਨਾਂ 'ਚੋਂ 200 ਦਿਨ ਤਾਂ ਬੰਦ ਹੀ ਰਹਿੰਦਾ ਹੈ, ਜਿਸ ਦੇ ਚੱਲਦਿਆਂ ਸ਼ਹਿਰ 'ਚ ਪੀਣ ਵਾਲੇ ਪਾਣੀ ਦੀ ਸਫਾਈ ਸੁਚੱਜੇ ਢੰਗ ਨਾਲ ਨਹੀਂ ਹੋ ਸਕਦੀ। ਇਸ ਸਮੱਸਿਆ ਦੇ ਹੱਲ ਲਈ ਸਪੀਕਰ ਸੰਧਵਾਂ ਵੱਲੋਂ ਵਾਟਰ ਵਰਕਸ ਵਿਭਾਗ ਦੇ ਉੱਚ ਅਧਿਕਾਰੀਆਂ ਦੀਆਂ ਡਿਊਟੀਆਂ ਲਾਈਆਂ ਗਈਆਂ ਸਨ। ਇਸ ਡਿਊਟੀ ਨੂੰ ਪੂਰਾ ਕਰਦਿਆਂ ਵਿਭਾਗ ਦੇ ਉੱਚ ਅਧਿਕਾਰੀਆਂ ਵੱਲੋਂ ਸਾਨੂੰ ਸੂਚਿਤ ਕੀਤਾ ਗਿਆ ਹੈ ਕਿ ਇਸ ਸਮੱਸਿਆ ਦੇ ਹੱਲ ਲਈ ਇੱਕ ਵਿਸ਼ੇਸ਼ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਹੈ, ਜੋ ਬਹੁਤ ਜਲਦੀ ਹੀ ਇੱਥੇ ਲੱਗ ਜਾਵੇਗਾ, ਜਿਸ ਨਾਲ ਸਾਲ ਦੇ 365 ਦਿਨ ਲਗਾਤਾਰ ਸ਼ਹਿਰ ਵਾਸੀਆਂ ਨੂੰ ਪੀਣ ਵਾਲੇ ਪਾਣੀ ਦੀ ਸਪਲਾਈ ਹੋ ਸਕੇਗੀ। ਮਨੀ ਧਾਲੀਵਾਲ ਨੇ ਦਾਅਵਾ ਕੀਤਾ ਕਿ ਹੁਣ ਸਪੀਕਰ ਸੰਧਵਾਂ ਨੇ ਨਿੱਜੀ ਦਿਲਚਸਪੀ ਲੈ ਕੇ ਸ਼ਹਿਰ ਵਾਸੀਆਂ ਨੂੰ ਸਾਰਾ ਸਾਲ ਅਰਥਾਤ 365 ਦਿਨ ਸਾਫ ਸੁਥਰਾ ਪਾਣੀ ਸਪਲਾਈ ਕਰਨ ਦੀ ਵਿਊਂਤਬੰਦੀ ਸਬੰਧੀ ਵਾਟਰ ਵਰਕਸ ਵਿਭਾਗ ਦੇ ਅਧਿਕਾਰੀਆਂ ਨੂੰ ਸਖਤ ਹਦਾਇਤਾਂ ਜਾਰੀ ਕੀਤੀਆਂ ਹਨ। ਇਸ ਮੌਕੇ ਉਪਰੋਕਤ ਤੋਂ ਇਲਾਵਾ ਐਕਸੀਅਨ ਸੁਪਿੰਦਰ ਸਿੰਘ, ਗੁਰਪਾਲ ਸਿੰਘ ਐੱਸ ਡੀ ਓ, ਮਨਦੀਪ ਮੌਂਗਾ ਸੈਕਟਰੀ ਰੈੱਡ ਕਰਾਸ ਸੁਸਾਇਟੀ, ਗੈਰੀ ਵੜਿੰਗ ਤੇ ਦੀਪਕ ਮੌਂਗਾ ਆਦਿ ਹਾਜ਼ਰ ਸਨ।

# ਸਿਹਤ ਕਰਮੀਆਂ ਵਿਸ਼ਵ ਜ਼ੂਨੋਸਿਸ ਦਿਵਸ ਮੌਕੇ ਲੋਕਾਂ ਨੂੰ ਕੀਤਾ ਜਾਗਰੂਕ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**

ਸਿਵਲ ਸਰਜਨ ਬਠਿੰਡਾ ਡਾ. ਤੇਜਵੰਤ ਸਿੰਘ ਢਿੱਲੋਂ ਦੇ ਦਿਸ਼ਾ ਨਿਰਦੇਸ਼ਾਂ 'ਤੇ ਡਾਕਟਰ ਗੁਰਮੇਲ ਸਿੰਘ ਸੀਨੀਅਰ ਮੈਡੀਕਲ ਅਫਸਰ ਬਾਲਿਆਂਵਾਲੀ ਦੀ ਯੋਗ ਅਗਵਾਈ ਬਲਾਕ ਬਾਲਿਆਂਵਾਲੀ ਦੇ ਵੱਖ ਵੱਖ ਪਿੰਡਾਂ 'ਚ ਵਿਸ਼ਵ ਜ਼ੂਨੋਸਿਸ ਦਿਵਸ ਮਨਾਇਆ ਗਿਆ। ਇਸ ਮੌਕੇ ਸੀਨੀਅਰ ਮੈਡੀਕਲ ਅਫਸਰ ਬਾਲਿਆਂਵਾਲੀ ਡਾਕਟਰ ਗੁਰਮੇਲ ਸਿੰਘ ਨੇ ਦੱਸਿਆ ਕਿ ਇਸ ਦਿਵਸ ਮਨਾਉਣ ਦਾ ਮੁੱਖ ਮਕਸਦ ਜ਼ੂਨੋਸਿਸ ਇਨਫੈਕਸ਼ਨਾਂ ਬਾਰੇ ਲੋਕਾਂ 'ਚ ਜਾਣਕਾਰੀ ਤੇ ਜਾਗਰੂਕਤਾ ਫੈਲਾਉਣਾ ਹੈ। ਉਨ੍ਹਾਂ ਦੱਸਿਆ ਕਿ ਜ਼ੂਨੋਟਿਕ ਇਨਫੈਕਸ਼ਨ ਉਹ ਬਿਮਾਰੀ ਹੈ, ਜੋ ਜਾਨਵਰਾਂ ਤੋਂ ਮਨੁੱਖਾਂ ਤੱਕ ਫੈਲ ਸਕਦੀ ਹੈ। ਇਸ ਦੇ ਨਾਲ ਹੀ ਕੁਝ ਖਾਸ ਹਾਲਤਾਂ 'ਚ ਇਹ ਲਾਗ ਮਨੁੱਖਾਂ ਤੋਂ ਜਾਨਵਰਾਂ 'ਚ ਵੀ ਫੈਲ ਸਕਦੀ ਹੈ। ਅਜਿਹੀ ਸਥਿਤੀ ਨੂੰ ਰਿਵਰਸ ਜ਼ੂਨੋਸਿਸ ਕਿਹਾ ਜਾਂਦਾ ਹੈ।

ਜ਼ੂਨੋਟਿਕ ਸੰਕਰਮਣ ਕਿਸੇ ਲਾਗ ਵਾਲੇ ਜਾਨਵਰ ਦੀ ਲਾਰ, ਖੂਨ, ਪਿਸ਼ਬ ਜਾਂ ਸਰੀਰ ਦੇ ਹੋਰ ਤਰਲ ਪਦਾਰਥਾਂ ਨਾਲ ਸਿੱਧੇ ਜਾਂ ਅਸਿੱਧੇ ਸੰਪਰਕ ਦੁਆਰਾ ਮਨੁੱਖਾਂ 'ਚ ਫੈਲ ਸਕਦਾ ਹੈ। ਵੈਕਟਰ ਬੋਰਨ ਬਿਮਾਰੀਆਂ ਵੀ ਇਸ ਕਿਸਮ ਦੀਆਂ ਬਿਮਾਰੀਆਂ 'ਚ ਆਉਂਦੀਆਂ ਹਨ, ਜੋ ਚਿੱਚੜਾਂ, ਮੱਛਰਾਂ ਜਾਂ ਪਿੱਸੂ ਦੁਆਰਾ ਫੈਲਦੀਆਂ ਹਨ। ਜ਼ੂਨੋਟਿਕ ਬਿਮਾਰੀਆਂ ਬੈਕਟੀਰੀਆ, ਵਾਇਰਸ, ਫੰਜਾਈ ਜਾਂ ਪਰਜੀਵੀਆਂ ਕਾਰਨ ਹੋ ਸਕਦੀਆਂ ਹਨ, ਜੋ ਕਈ ਵਾਰ ਮਨੁੱਖਾਂ ਵਿੱਚ ਗੰਭੀਰ ਤੇ ਇੱਥੋਂ ਤੱਕ ਕਿ ਘਾਤਕ ਪ੍ਰਭਾਵ ਵੀ ਦਿਖਾ ਸਕਦੀਆਂ ਹਨ। ਵਰਤਮਾਨ 'ਚ ਦੁਨੀਆ ਭਰ ਵਿੱਚ 200 ਤੋਂ ਵੱਧ ਜਾਣੀਆਂ ਜਾਂਦੀਆਂ ਜ਼ੂਨੋਟਿਕ ਬਿਮਾਰੀਆਂ ਹਨ।

ਬਲਾਕ ਐਜੂਕੇਟਰ ਜਗਤਾਰ ਸਿੰਘ ਨੇ ਸਾਵਧਾਨੀਆਂ ਬਾਰੇ ਦੱਸਦਿਆਂ ਕਿਹਾ ਕਿ ਸਾਨੂੰ ਸਮੇਂ ਸਿਰ ਆਪਣੇ ਪਾਲਤੂ ਜਾਨਵਰਾਂ/ਕੁੱਤਿਆਂ ਆਦਿ ਦਾ ਟੀਕਾਕਰਨ ਸਮੇਂ ਸਿਰ ਕਰਵਾਉਣਾ ਚਾਹੀਦਾ ਹੈ। ਇਸ ਤੋਂ ਇਲਾਵਾ ਰੋਗਾਂ ਤੋਂ ਪੀੜਤ ਪਸ਼ੂਆਂ ਦੇ ਦੁੱਧ ਤੋਂ ਵੀ ਕਈ ਬਿਮਾਰੀਆਂ ਲੱਗਣ ਦਾ ਖਤਰਾ ਹੁੰਦਾ ਹੈ, ਇਸ ਲਈ ਦੁੱਧ ਨੂੰ ਚੰਗੀ ਤਰ੍ਹਾਂ ਉਬਾਲ ਕੇ ਪੀਓ। ਇਸੇ ਤਰ੍ਹਾਂ ਮੀਟ ਨੂੰ ਚੰਗੀ ਤਰ੍ਹਾਂ ਪਾਣੀ ਨਾਲ ਧੋਤਾ ਜਾਵੇ ਤੇ ਉਸ ਨੂੰ ਬਣਾਉਣ ਵੇਲੇ ਚੰਗੀ ਤਰ੍ਹਾਂ ਉਬਾਲੋ ਭਾਵ ਜ਼ਿਆਦਾ ਦੇਰ ਤੱਕ ਪਕਾਇਆ ਜਾਵੇ। ਇਸ ਮੌਕੇ ਡਾ. ਕਮਲਜੀਤ ਸਿੰਘ, ਸੀ ਐੱਚ ਓ ਡਾ. ਯੋਗਿਤਾ ਧੂਰੀਆਂ, ਏ ਐੱਨ ਐੱਮ ਬਲਵਿੰਦਰ ਕੌਰ, ਸਿਹਤ ਕਰਮਚਾਰੀ ਸਤੀਸ਼ ਕੁਮਾਰ ਤੇ ਆਸ਼ਾ ਵਰਕਰ ਆਦਿ ਸ਼ਾਮਲ ਸਨ।

# ਆਪਣੇ ਸਿਹਤ ਰਿਕਾਰਡ ਨੂੰ ਡਿਜੀਟਲ ਰੱਖਣ ਲਈ ਬਣਾਓ ਆਭਾ ਆਈ ਡੀ : ਡਾ. ਦਵਿੰਦਰਜੀਤ ਕੌਰ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਿਵਲ ਸਰਜਨ ਫਤਿਹਗੜ੍ਹ ਸਾਹਿਬ ਡਾ. ਦਵਿੰਦਰਜੀਤ ਕੌਰ ਦੀ ਅਗਵਾਈ ਵਿੱਚ ਆਮ ਲੋਕਾਂ ਨੂੰ ਆਪਣੇ ਸਿਹਤ ਰਿਕਾਰਡ ਨੂੰ ਡਿਜੀਟਲ ਰੱਖਣ ਲਈ ਆਭਾ ਆਈ ਡੀ (ਆਯੁਸ਼ਮਾਨ ਭਾਰਤ ਹੈਲਥ ਅਕਾਊਂਟ) ਬਣਾਉਣ ਲਈ ਜ਼ਿਲ੍ਹਾ ਹਸਪਤਾਲ ਵਿਖੇ ਜਾਗਰੂਕ ਕੀਤਾ ਜਾ ਰਿਹਾ ਹੈ, ਜਿਸ ਵਿੱਚ ਜਾਣਕਾਰੀ ਦਿੰਦੇ ਸਿਵਲ ਸਰਜਨ ਡਾ. ਦਵਿੰਦਰਜੀਤ ਕੌਰ ਨੇ ਦੱਸਿਆ ਕਿ ਇਹ ਸਰਕਾਰ ਦਾ ਇੱਕ ਅਹਿਮ ਪ੍ਰੋਜੈਕਟ ਹੈ, ਜਿਸ ਤਹਿਤ ਕੋਈ ਵੀ ਵਿਅਕਤੀ ਆਪਣਾ ਆਭਾ ਨੰਬਰ ਜਨਰੇਟ ਕਰਕੇ ਆਪਣੇ ਸਿਹਤ ਰਿਕਾਰਡ ਨੂੰ ਡਿਜੀਟਲ ਰੱਖ ਸਕਦਾ ਹੈ। ਉਨ੍ਹਾ ਕਿਹਾ ਕਿ ਆਪਣੇ ਮੋਬਾਇਲ ਵਿੱਚ ਪਲੇ ਸਟੋਰ 'ਚ ਜਾ ਕੇ ਆਭਾ ਐਪ ਨੂੰ ਆਪਣੇ ਮੋਬਾਇਲ ਵਿੱਚ ਡਾਊਨਲੋਡ ਕਰਕੇ ਆਪਣੇ ਅਧਾਰ ਨੰਬਰ ਜਾਂ ਮੋਬਾਇਲ ਨੰਬਰ ਨਾਲ ਆਯੁਸ਼ਮਾਨ ਭਾਰਤ ਹੈਲਥ ਅਕਾਊਂਟ ਬਣਾ ਸਕਦਾ ਹੈ। ਉਨ੍ਹਾ ਕਿਹਾ ਕਿ ਆਭਾ ਆਈ ਡੀ ਨੰਬਰ ਜਨਰੇਟ ਹੋਣ 'ਤੇ ਸਿਹਤ ਨਾਲ ਸਬੰਧਤ ਸਾਰੇ ਵੇਰਵੇ ਤੇ ਰਿਪੋਰਟਾਂ ਇੱਕ ਹੀ ਥਾਂ 'ਤੇ ਮੋਬਾਇਲ ਐਪਲੀਕੇਸ਼ਨ 'ਚ ਸਕੈਨ ਕਰਕੇ ਰੱਖੀਆਂ ਜਾ ਸਕਦੀਆਂ ਹਨ ਤੇ ਬਿਮਾਰ ਹੋਣ ਦੀ ਸੂਰਤ ਵਿੱਚ ਡਾਕਟਰ ਨੂੰ ਦਿਖਾਉਣ ਲਈ ਮਰੀਜ਼ ਨੂੰ ਰਿਪੋਰਟਾਂ ਦੀ ਹਾਰਡ ਕਾਪੀ ਚੁੱਕਣ ਦੀ ਜ਼ਰੂਰਤ ਨਹੀਂ ਹੋਵੇਗੀ, ਬਲਕਿ ਮਰੀਜ਼ ਆਭਾ ਆਈ ਡੀ ਨਾਲ ਸਿਹਤ ਸਬੰਧੀ ਸਾਰੀਆਂ ਰਿਪੋਰਟਾਂ ਆਪਣੇ ਡਾਕਟਰ ਨੂੰ ਦਿਖਾ ਸਕੇਗਾ।

ਇਸ ਨਾਲ ਪੁਰਾਣਾ ਰਿਕਾਰਡ ਦੇਖ ਕੇ ਡਾਕਟਰ ਨੂੰ ਇਲਾਜ ਕਰਨਾ ਵੀ ਸੌਖਾ ਹੋਵੇਗਾ। ਕੋਈ ਵੀ ਵਿਅਕਤੀ ਜਨਰੇਟ ਹੋਏ ਆਭਾ ਨੰਬਰ, ਜਿਸ ਉਪਰ ਉਸ ਦਾ ਨਾਮ ਤੇ ਆਈ. ਡੀ. ਨੰਬਰ ਮੌਜੂਦ ਹੋਵੇਗਾ, ਦਾ ਪ੍ਰਿੰਟ ਕਰਵਾ ਕੇ ਉਸ ਨੂੰ ਲੈਮੀਨੇਸ਼ਨ ਕਰਵਾ ਕੇ ਆਪਣੇ ਕੋਲ ਰੱਖ ਸਕਦਾ ਹੈ। ਉਨ੍ਹਾ ਕਿਹਾ ਕਿ ਹਸਪਤਾਲਾਂ 'ਚ ਅਜਿਹੇ ਬੈਨਰ/ਪੋਸਟਰ ਲਗਾਉਣ ਨਾਲ ਹਸਪਤਾਲਾਂ ਵਿੱਚ ਆਪਣਾ ਇਲਾਜ ਕਰਵਾਉਣ ਆਏ ਮਰੀਜ਼ਾਂ ਨੂੰ ਇਹ ਕਾਰਡ ਬਣਾਉਣ ਦੇ ਲਾਭ ਨੂੰ ਸਮਝਦੇ ਹੋਏ ਕੋਡ ਸਕੈਨ ਕਰਕੇ ਆਪਣਾ ਆਭਾ ਨੰਬਰ ਜਨਰੇਟ ਕਰਨ 'ਚ ਅਸਾਨੀ ਹੋਵੇਗੀ।

# ਸੈਂਕੜੇ ਪੈਨਸ਼ਨਰਾਂ ਵੱਲੋਂ ਮੰਗਾਂ ਸੰਬੰਧੀ ਸਰਕਾਰ ਖਿਲਾਫ ਰੈਲੀ ਤੇ ਮੁਜ਼ਾਹਰਾ



**ਸੰਗਰੂਰ (ਪ੍ਰਵੀਨ ਸਿੰਘ)**-ਆਲ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਜ਼ਿਲ੍ਹਾ ਸੰਗਰੂਰ ਵੱਲੋਂ ਸਰਪ੍ਰਸਤ ਸ੍ਰੀ ਜਗਦੀਸ਼ ਸ਼ਰਮਾ, ਸੀਨੀ. ਮੀਤ ਪ੍ਰਧਾਨ ਸੁਰਿੰਦਰ ਬਾਲੀਆ ਤੇ ਪ੍ਰਲਸ ਪ੍ਰਧਾਨ ਅਜਮੇਰ ਸਿੰਘ ਦੀ ਅਗਵਾਈ ਵਿੱਚ ਡਿਪਟੀ ਕਮਿਸ਼ਨਰ ਸੰਗਰੂਰ ਦੇ ਦਫਤਰ ਅੱਗੇ ਸੈਂਕੜੇ ਪੈਨਸ਼ਨਰਾਂ ਵੱਲੋਂ ਆਪਣੀਆਂ ਮੰਗਾਂ ਸੰਬੰਧੀ ਪੰਜਾਬ ਸਰਕਾਰ ਦੇ ਅੜੀਅਲ, ਪੈਨਸ਼ਨ ਵਿਰੋਧੀ ਰਵੱਈਏ ਖਿਲਾਫ ਵਿਸ਼ਾਲ ਰੈਲੀ ਤੇ ਮੁਜ਼ਾਹਾਰਾ ਕਰਕੇ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ। ਸਰਕਾਰ ਦੀ ਮੰਗਾਂ ਬਾਰੇ ਟਾਲ-ਮਟੋਲ, ਡੰਗ ਟਪਾਊ ਤੇ ਝੂਠੇ ਲਾਰਿਆਂ ਦੀ ਪੰਡ ਫੂਕ ਕੇ ਰੋਸ ਤੇ ਰੋਹ ਦਾ ਪ੍ਰਗਟਾਵਾ ਕੀਤਾ।

ਰੈਲੀ ਨੂੰ ਸੰਬੋਧਨ ਕਰਦਿਆਂ ਜਗਦੀਸ਼ ਸ਼ਰਮਾ, ਸੁਰਿੰਦਰ ਬਾਲੀਆ, ਬਿੱਕਰ ਸਿੰਘ ਸਿਬੀਆ, ਭਰਤ ਹਰੀ ਸਿੰਘ, ਸ਼ਿਵ ਕੁਮਾਰ ਨੇ ਦੱਸਿਆ ਕਿ ਸਰਕਾਰ ਵੱਲੋਂ ਛੇਵੇਂ ਤਨਖਾਹ ਕਮਿਸ਼ਨ ਦੇ ਫੈਸਲੇ ਅਨੁਸਾਰ 1-1-2016 ਤੋਂ 30-06-2021 ਤੱਕ ਦੇ ਬਕਾਏ, ਡੀ ਏ ਦੀਆਂ 8% ਕਿਸ਼ਤਾਂ, 1-1-2006 ਤੋਂ ਪਹਿਲਾਂ ਦੇ ਪੈਨਸ਼ਨਰਾਂ ਦੀ ਨੋਸ਼ਨਲ ਫਿਕਸੇਸ਼ਨ, ਲੀਵ ਇੰਨਕੈਸ਼ਮੈਂਟ ਦੇ ਬਕਾਏ ਤੇ 2.59 ਦਾ ਗੁਣਾਂਕ ਨਾ ਦੇ ਕੇ ਪੈਨਸ਼ਨਰਾਂ ਨਾਲ ਬੇ-ਇਨਸਾਫੀ ਕੀਤੀ ਹੈ। ਇਸ ਤੋਂ ਇਲਾਵਾ 2015 ਤੋਂ 198 ਮਹੀਨਿਆਂ ਦੇ ਕਰੋੜਾਂ ਰੁਪਏ ਦੇ ਬਕਾਏ ਸੰਬੰਧੀ ਚੁੱਪੀ ਸਾਧ ਰੱਖੀ ਹੈ, ਜਦੋਂਕਿ ਜੁਡੀਸ਼ੀਅਲ ਅਧਿਕਾਰੀਆਂ ਤੇ ਆਈ ਏ ਐੱਸ/ਆਈ ਪੀ ਐੱਸ ਅਧਿਕਾਰੀਆਂ ਨੂੰ ਬਕਾਏ ਸਮੇਤ ਡੀ ਏ ਆਦਿ ਦੀ ਅਦਾਇਗੀ ਕਰ ਚੁੱਕੀ ਹੈ। ਸੈਂਕੜੇ ਪੈਨਸ਼ਨਰ ਬਕਾਏ ਦੀ ਉਡੀਕ ਵਿੱਚ ਮਰ ਗਏ ਹਨ, ਬਜ਼ੁਰਗ ਬਿਮਾਰ ਤੇ ਕਮਜ਼ੋਰ ਪੈਨਸ਼ਨਰਾਂ ਨਾਲ ਸਰਕਾਰ ਵੱਲੋਂ ਵਿਕਾਸ ਦੇ ਨਾਂਅ 'ਤੇ 200/- ਰੁਪਏ ਮਹੀਨਾ ਟੈਕਸ ਲਾ ਕੇ ਜੱਗੋ ਤੇਰਵੀਂ ਕਰ ਦਿੱਤੀ ਹੈ, ਜਿਸ ਦੀ ਸਖਤ ਲਫਜ਼ਾਂ 'ਚ ਨਿਖੇਧੀ ਕੀਤੀ। ਪੈਨਸ਼ਨਰ ਹਮੇਸ਼ਾ ਹੀ ਸਰਕਾਰ ਨਾਲ ਟੇਬਲ-ਟਾਕ ਕਰਕੇ ਮਸਲੇ ਹੱਲ ਕਰਨ ਦੇ ਹੱਕ ਵਿੱਚ ਹਨ, ਪਰ ਸਰਕਾਰ ਦੀ ਕੈਬਨਿਟ ਸਬ-ਕਮੇਟੀ ਨਿਸਚਤ ਮੀਟਿੰਗਾਂ ਤੋਂ ਭੱਜ ਜਾਂਦੀ ਹੈ। ਉਨ੍ਹਾਂ ਐਲਾਨ ਕੀਤਾ ਕਿ ਜੇਕਰ 18 ਜੁਲਾਈ 2023 ਨੂੰ ਹੋਣ ਵਾਲੀ ਮੀਟਿੰਗ ਵਿੱਚ ਮੰਗਾਂ ਪ੍ਰਵਾਨ ਨਾ ਕੀਤੀਆਂ ਤਾਂ ਪੰਜਾਬ ਯੂ ਟੀ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਦੇ ਫੈਸਲੇ ਅਨੁਸਾਰ 23 ਜੁਲਾਈ 2023 ਨੂੰ ਵਿੱਤ ਮੰਤਰੀ ਹਰਪਾਲ ਸਿੰਘ ਚੀਮਾਂ ਦੀ ਰਿਹਾਇਸ਼ ਸੰਗਰੂਰ ਵਿਖੇ ਪੰਜਾਬ ਦੇ ਹਜ਼ਾਰਾਂ ਪੈਨਸ਼ਨਰਾਂ ਵੱਲੋਂ ਧਰਨਾ ਤੇ ਘਿਰਾਓ ਕੀਤਾ ਜਾਵੇਗਾ। ਉਸ ਉਪਰੰਤ ਬਾਕੀ ਕੈਬਨਿਟ ਸਬ-ਕਮੇਟੀ ਦੇ ਮੰਤਰੀਆਂ ਦੇ ਘਰਾਂ ਅੱਗੇ ਰੋਸ ਮੁਜ਼ਾਹਾਰੇ ਕੀਤੇ ਜਾਣਗੇ।

ਇਸ ਮੌਕੇ ਰਾਮ ਲਾਲ ਸ਼ਰਮਾ, ਕੁਲਵੰਤ ਸਿੰਘ, ਤਾਰਾ ਸਿੰਘ, ਸਤਨਾਮ ਸਿੰਘ ਬਾਜਵਾ, ਬਲਵੀਰ ਸਿੰਘ ਰਤਨ, ਸ਼ਿਵ ਕੁਮਾਰ, ਮੋਹਨ ਸਿੰਘ, ਮੰਗਲ ਰਾਣਾ, ਜਸਮੇਲ ਉੱਪਲੀ, ਸੁਖਦੇਵ ਸਿੰਘ, ਬਲਵੰਤ ਸਿੰਘ ਢਿੱਲੋਂ, ਗੁਰਚਰਨ ਸਿੰਘ, ਹਵਾ ਸਿੰਘ, ਭੀਮ ਸੈਨ, ਗੁਰੰਜਟ ਸਾਰੋਂ, ਰੂਪ ਸਿੰਘ ਚਾਂਗਲੀ, ਸੁਖਵਿੰਦਰ ਸਿੰਘ ਖੇੜੀ, ਜਗਦੇਵ ਸਿੰਘ ਤੂੰਗਾਂ ਆਦਿ ਹਾਜ਼ਰ ਹਨ।

# ਦੋ ਮਾਸੂਮਾਂ ਦੀ ਵਿਧਵਾ ਮਾਂ ਦਾ ਤੇਜ਼ ਮੀਂਹ ਨਾਲ ਡਿੱਗਾ ਮਕਾਨ

## ਮਕਾਨ ਬਣਾਉਣ ਲਈ ਸਰਕਾਰ ਤੋਂ ਕੀਤੀ ਮੁਆਵਜ਼ੇ ਦੀ ਮੰਗ



**ਮਮਦੋਟ (ਹਰਪਾਲ ਸਿੰਘ ਸੋਢੀ)**

ਜਿੱਥੇ ਭਾਰਤ ਸਰਕਾਰ ਤੇ ਪੰਜਾਬ ਸਰਕਾਰ ਵੱਲੋਂ ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ ਗ਼ਰੀਬੀ ਰੇਖਾ ਤੋਂ ਹੇਠਾਂ ਰਹਿੰਦੇ ਪਰਿਵਾਰਾਂ ਨੂੰ ਪੱਕੇ ਮਕਾਨ ਬਣਾ ਕੇ ਦਿੱਤੇ ਜਾ ਰਹੇ ਹਨ, ਉਥੇ ਕੁਝ ਅਜਿਹੇ ਵੀ ਪਰਿਵਾਰ ਹਨ, ਜੋ ਅਜੇ ਤੱਕ ਇਨ੍ਹਾਂ ਸਕੀਮਾਂ ਤੋਂ ਵਾਂਝੇ ਵੀ ਹਨ ਤੇ ਕੁਦਰਤੀ ਕਰੋਪੀ ਦਾ ਸ਼ਿਕਾਰ ਹੋਣ ਕਾਰਨ ਉਨ੍ਹਾਂ ਦੀ ਸਿਰ ਦੀ ਛੱਤ ਵੀ ਡਿੱਗ ਪਈ ਹੈ। ਵਿਧਾਨ ਸਭਾ ਹਲਕਾ ਗੁਰੂ ਹਰਸਹਾਏ ਤੇ ਬਲਾਕ ਮਮਦੋਟ ਅਧੀਨ ਪੈਂਦੇ ਪਿੰਡ ਰਾਜਾ ਰਾਏ ਦੀ ਇੱਕ ਗਰੀਬ, ਬੇਸਹਾਰਾ ਵਿਧਵਾ ਲਾਚਾਰ ਔਰਤ 'ਤੇ ਕੁਦਰਤ ਦਾ ਕਹਿਰ ਉਸ ਸਮੇਂ ਵਰਤਿਆ, ਜਦੋਂ ਉਸ ਦਾ ਇੱਕੋ ਇੱਕ ਕੱਚਾ ਮਕਾਨ ਸ਼ਨੀਵਾਰ ਸਵੇਰੇ ਪੈ ਰਹੀ ਭਾਰੀ ਬਾਰਸ਼ ਕਾਰਨ ਡਿੱਗ ਪਿਆ। ਪੱਤਰਕਾਰਾਂ ਨੂੰ ਆਪਣਾ ਦੁੱਖੜਾ ਸੁਣਾਉਂਦਿਆਂ ਜਸਬੀਰ ਕੌਰ ਪਤਨੀ ਸਵ; ਜੋਗਿੰਦਰ ਸਿੰਘ ਨੇ ਦੱਸਿਆ ਕਿ 10 ਸਾਲ ਪਹਿਲਾਂ ਉਸ ਦੇ ਪਤੀ ਜੋਗਿੰਦਰ ਸਿੰਘ ਦੀ ਭਰ ਜਵਾਨੀ ਵਿੱਚ ਮੌਤ ਹੋ ਗਈ ਸੀ। ਉਸ ਸਮੇਂ ਉਸ ਦੀ ਬੇਟੀ ਪ੍ਰਿਯੰਕਾ ਰਾਣੀ ਕੁੱਖ ਵਿੱਚ ਸੀ ਤੇ ਬੇਟਾ ਅਮਨਦੀਪ ਸਿੰਘ ਗੋਦੀ 'ਚ ਸੀ। ਉਸ ਨੇ ਦੱਸਿਆ ਕਿ ਉਸ ਕੋਲ ਕੋਈ ਜ਼ਮੀਨ ਵਗੈਰਾ ਨਹੀਂ ਹੈ ਤੇ ਘਰ ਦਾ ਗੁਜ਼ਾਰਾ ਬਹੁਤ ਹੀ ਮੁਸ਼ਕਲ ਨਾਲ ਚੱਲਦਾ ਹੈ, ਉਪਰੋਂ ਉਸ ਦਾ ਇੱਕੋ ਇੱਕ ਕੱਚਾ ਮਕਾਨ ਡਿੱਗਣ ਨਾਲ ਉਸ ਨੂੰ ਆਪਣੇ ਬੱਚਿਆਂ ਨਾਲ ਇੱਕ ਝੌਂਪੜੀ 'ਚ ਰਹਿਣਾ ਪੈ ਰਿਹਾ ਹੈ। ਉਸ ਕੋਲ ਇਸ ਵੇਲੇ ਮਕਾਨ ਬਣਾਉਣ ਵਾਸਤੇ ਕੋਈ ਵੀ ਪੈਸੇ ਆਦਿ ਨਹੀਂ ਹੈ ਤੇ ਨਾ ਹੀ ਘਰ ਵਿੱਚ ਕਮਾਈ ਕਰਨ ਵਾਲਾ ਵਿਅਕਤੀ ਹੈ, ਇਸ ਲਈ ਉਸ ਨੇ ਪੰਜਾਬ ਸਰਕਾਰ, ਹਲਕਾ ਵਿਧਾਇਕ ਤੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਪੁਰਜ਼ੋਰ ਮੰਗ ਕੀਤੀ ਹੈ ਕਿ ਉਸ ਦੀ ਮਾਲੀ ਸਹਾਇਤਾ ਕੀਤੀ ਜਾਵੇ। ਇਸ ਸਬੰਧੀ ਜਦੋਂ ਸਾਬਕਾ ਕੈਬਨਿਟ ਮੰਤਰੀ ਹਲਕਾ ਵਿਧਾਇਕ ਫੌਜਾ ਸਿੰਘ ਸਰਾਰੀ ਨਾਲ ਗੱਲਬਾਤ ਕੀਤੀ ਤਾਂ ਉਨ੍ਹਾ ਕਿਹਾ ਕਿ ਇਸ ਗਰੀਬ ਵਿਧਵਾ ਔਰਤ ਦੀ ਪੰਜਾਬ ਸਰਕਾਰ ਪਾਸੋਂ ਹਰ ਸੰਭਵ ਮਦਦ ਕੀਤੀ ਜਾਵੇਗੀ।

# ਅੰਦੋਲਨਕਾਰੀ ਸਿੱਖਿਆ ਪ੍ਰੋਵਾਈਡਰ ਮਨਪ੍ਰੀਤ ਕੌਰ ਤੇ ਇੰਦਰਜੀਤ ਸਿੰਘ ਦੀਆਂ ਸੇਵਾਵਾਂ ਖਤਮ ਕਰਨਾ ਮੰਦਭਾਗਾ : ਜੀ ਟੀ ਯੂ

- ਅੰਦੋਲਨਕਾਰੀਆਂ ਦੀ ਜ਼ਬਾਨਬੰਦੀ ਕਰਨਾ ਸੁਤੰਤਰ ਵਿਚਾਰਾਂ ਦੇ ਪ੍ਰਗਟਾਵੇ ਦੇ ਸੰਵਿਧਾਨਕ ਹੱਕ ਦੀ ਉਲੰਘਣਾ : ਭੁੱਟੋ
- ਲਾਠੀ-ਗੋਲ਼ੀ ਨਾਲ ਅੰਦੋਲਨਾਂ ਨੂੰ ਦਬਾਇਆ ਨਹੀਂ ਜਾ ਸਕਦਾ : ਗਿੱਲ



ਅਧਿਆਪਕ ਦੀ ਹਮਾਇਤ ਤੇ ਗੌਰਮਿੰਟ ਟੀਚਰਜ਼ ਪੰਜਾਬ ਦੇ ਅਹੁਦੇਦਾਰ ਸਾਂਝੀ ਤਸਵੀਰ 'ਚ।

**ਜ਼ੀਰਾ (ਨਰਿੰਦਰ ਅਨੇਜਾ)**-ਸੇਵਾਵਾਂ ਰੈਗੂਲਰ ਕਰਾਉਣ ਲਈ ਅੰਦੋਲਨ ਕਰ ਰਹੇ ਕੱਚੇ ਅਧਿਆਪਕਾਂ ਦੀ ਕਾਰਕੁਨ ਅੰਦੋਲਨਕਾਰੀ ਅਧਿਆਪਕਾ ਮਨਪ੍ਰੀਤ ਕੌਰ ਸੰਗਰੂਰ ਤੇ ਇੰਦਰਜੀਤ ਸਿੰਘ ਮਾਨਸਾ ਦੀਆਂ ਪੰਜਾਬ ਸਰਕਾਰ ਵੱਲੋਂ ਸੇਵਾਵਾਂ ਖਤਮ ਕਰਨ ਦਾ ਪੱਤਰ ਜਾਰੀ ਕਰਨ ਨੂੰ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਇਕਾਈ ਫਿਰੋਜ਼ਪੁਰ ਦੇ ਆਗੂਆਂ ਨੇ ਮੰਦਭਾਗਾ ਦੱਸਿਆ ਹੈ, ਕਿਉਂਕਿ ਪਿਛਲੇ ਕਈ ਦਿਨਾਂ ਤੋਂ ਕੱਚੇ ਅਧਿਆਪਕ ਆਪਣੀਆਂ ਸੇਵਾਵਾਂ ਰੈਗੂਲਰ ਕਰਾਉਣ ਲਈ ਸੰਗਰੂਰ ਵਿਖੇ ਟੈਂਕੀ 'ਤੇ ਅੰਦੋਲਨਕਾਰ ਕਰ ਰਹੇ ਹਨ ਤੇ ਬੀਤੀ ਪਹਿਲੀ ਜੁਲਾਈ ਨੂੰ ਵੀ ਸਰਕਾਰ ਦੀ ਸ਼ਹਿ 'ਤੇ ਪੁਲਸ ਨੇ ਅਧਿਆਪਕਾਂ 'ਤੇ ਗੈਰ-ਮਨੁੱਖੀ ਤਸ਼ੱਦਦ ਕੀਤਾ ਸੀ। ਇਸ ਸਮੇਂ ਗੌਰਮਿੰਟ ਟੀਚਰਜ਼ ਯੂਨੀਅਨ ਫਿਰੋਜ਼ਪੁਰ ਦੇ ਪ੍ਰਧਾਨ ਬਲਵਿੰਦਰ ਸਿੰਘ ਭੁੱਟੋ, ਸੀਨੀਅਰ ਮੀਤ ਪ੍ਰਧਾਨ ਰਾਜੀਵ ਹਾਂਡਾ ਤੇ ਬਲਵਿੰਦਰ ਸਿੰਘ ਸੰਧੂ ਨੇ ਕਿਹਾ ਅੰਦੋਲਨਕਾਰੀ ਅਧਿਆਪਕਾਂ ਦੀਆਂ ਸੇਵਾਵਾਂ ਰੈਗੂਲਰ ਕਰਨ ਦੀ ਬਜਾਏ ਉਨ੍ਹਾਂ ਦੀਆਂ ਸੇਵਾਵਾਂ ਖਤਮ ਕਰਨਾ ਤੇ ਸਰਕਾਰ ਵਿਰੁੱਧ ਅਵਾਜ਼ ਬੁਲੰਦ ਕਰਨ ਵਾਲੇ ਅਧਿਆਪਕਾਂ ਦੀ ਜ਼ੁਬਾਨਬੰਦੀ ਕਰਨਾ ਸੁਤੰਤਰ ਵਿਚਾਰਾਂ ਦੇ ਪ੍ਰਗਟਾਵੇ ਦੇ ਸੰਵਿਧਾਨਕ ਅਧਿਕਾਰਾਂ ਦੀ ਉਲੰਘਣਾ ਹੈ, ਸਗੋਂ ਚਾਹੀਦਾ ਤਾਂ ਇਹ ਸੀ ਕਿ ਅੰਦੋਲਨਕਾਰੀ ਅਧਿਆਪਕਾਂ ਨਾਲ ਸਰਕਾਰ ਵੱਲੋਂ ਹਮਦਰਦੀ ਨਾਲ ਗੱਲਬਾਤ ਕਰਕੇ ਉਨ੍ਹਾਂ ਦੀਆਂ ਮੰਗਾਂ ਦਾ ਨਿਪਟਾਰਾ ਕੀਤਾ ਜਾਂਦਾ।

ਇਸ ਸਮੇਂ ਜਥੇਬੰਦੀ ਦੇ ਜਨਰਲ ਸਕੱਤਰ ਜਗਸੀਰ ਸਿੰਘ ਗਿੱਲ, ਗੁਰਚਰਨ ਸਿੰਘ ਕਲਸੀ ਨੇ ਕਿਹਾ ਕਿ ਸਰਕਾਰ ਪਹਿਲੀਆਂ ਸਰਕਾਰਾਂ ਵਾਂਗ ਅੰਦੋਲਨ ਨੂੰ ਦਬਾਉਣ ਲਈ ਲਾਠੀ-ਗੋਲ਼ੀ ਦਾ ਸਹਾਰਾ ਲੈ ਰਹੀ ਹੈ, ਪਰ ਯਾਦ ਰਹੇ ਕਿ ਇਹ ਅੰਦੋਲਨ ਕਦੇ ਵੀ ਲਾਠੀ-ਗੋਲ਼ੀ ਨਾਲ ਦਬਾਇਆ ਨਹੀਂ ਜਾ ਸਕਦਾ। ਇਸ ਸਮੇਂ ਭੁਪਿੰਦਰ ਸਿੰਘ, ਸੁਖਵਿੰਦਰ ਸਿੰਘ, ਰਾਜਿੰਦਰ ਸਿੰਘ ਰਾਜਾ, ਸੰਦੀਪ ਸਹਿਗਲ, ਪ੍ਰੇਮ ਸਿੰਘ, ਬਲਜਿੰਦਰ ਸਿੰਘ ਨੇ ਕਿਹਾ ਕਿ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਕੱਚੇ ਅਧਿਆਪਕਾਂ ਦੇ ਅੰਦੋਲਨ ਨੂੰ ਜਿੱਤਣ ਲਈ ਹਰ ਤਰ੍ਹਾਂ ਦਾ ਸਹਿਯੋਗ ਕਰ ਰਹੀ ਹੈ ਤੇ ਕਰਦੀ ਰਹੇਗੀ।

## ਕਾਤਰਾਂ

### ਮੀਡੀਆ ਪਲੇਟਫਾਰਮ ਨੇ ਡਰਾਈਵਰ ਪ੍ਰਭਜੋਤ ਸਿੰਘ ਦੀ ਬੇਵਕਤੀ ਮੌਤ 'ਤੇ ਕੀਤਾ ਦੁੱਖ ਦਾ ਪ੍ਰਗਟਾਵਾ

**ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)**-ਮੀਡੀਆ ਪਲੇਟਫਾਰਮ ਖੰਨਾ ਨਾਲ ਜੁੜੇ ਪੱਤਰਕਾਰਾਂ ਨੇ ਜ਼ਿਲ੍ਹਾ ਲੋਕ ਸੰਪਰਕ ਦਫਤਰ ਲੁਧਿਆਣਾ ਵਿਖੇ ਤੈਨਾਤ ਡਰਾਈਵਰ ਪ੍ਰਭਜੋਤ ਸਿੰਘ ਵਾਸੀ ਖੰਨਾ ਦੀ ਬੀਤੇ ਕੱਲ੍ਹ ਸਾਹਨੇਵਾਲ ਨੇੜੇ ਇੱਕ ਮੰਦਭਾਗੇ ਸੜਕ ਹਾਦਸੇ 'ਚ ਹੋਈ ਬੇਵਕਤੀ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਸਮੂਹ ਪੱਤਰਕਾਰਾਂ ਨੇ ਦੁੱਖ ਦੀ ਇਸ ਘੜੀ 'ਚ ਇੱਕ ਸ਼ੋਕ ਮਤੇ ਰਾਹੀਂ ਕਿਹਾ ਹੈ ਕਿ ਪ੍ਰਭਜੋਤ ਸਿੰਘ ਦੀ ਬੇਵਕਤੀ ਮੌਤ ਪਰਵਾਰ ਲਈ ਅਸਹਿ ਸਦਮਾ ਹੈ ਅਤੇ ਨਾ ਪੂਰਾ ਹੋਣ ਵਾਲਾ ਘਾਟਾ ਹੈ। ਮੀਡੀਆ ਪਲੇਟਫਾਰਮ ਨਾਲ ਜੁੜੇ ਪੱਤਰਕਾਰਾਂ ਜੋਗਿੰਦਰ ਸਿੰਘ ਓਬਰਾਏ, ਹਰਪ੍ਰੀਤ ਸਿੰਘ ਪ੍ਰਿੰਸ, ਰਾਜ ਕੁਮਾਰ ਮੈਨਰੋ, ਕੁਲਵਿੰਦਰ ਸਿੰਘ ਬੇਦੀ, ਕੁਲਵਿੰਦਰ ਸਿੰਘ ਰਾਏ, ਪਰਮਜੀਤ ਸਿੰਘ ਧੀਮਾਨ, ਕੇਵਲ ਕ੍ਰਿਸ਼ਨ, ਪ੍ਰਭਜੋਤ ਸਿੰਘ ਭੱਟੀ, ਪਰਮਿੰਦਰ ਸਿੰਘ ਮੋਨੂੰ, ਰਣਧੀਰ ਸਿੰਘ ਧੀਰਾ, ਸਨੇਹਇੰਦਰ ਸਿੰਘ ਮੀਲੂ, ਅਭਿਸ਼ੇਕ ਮੈਨਰੋ, ਰਾਜੇਸ਼ ਰਾਜਾ, ਸੰਜੇ ਸੈਣੀ, ਸੁਖਵਿੰਦਰ ਸਿੰਘ ਆਦਿ ਨੇ ਜਿੱਥੇ ਵਿੱਛੜੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਕੀਤੀ, ਉਥੇ ਪੀੜਤ ਪਰਵਾਰ ਨਾਲ ਹਮਦਰਦੀ ਦਾ ਇਜ਼ਹਾਰ ਕੀਤਾ।

### ਅਧਰੰਗ ਤੋਂ ਪੀੜਤ ਨੌਜਵਾਨ ਨੂੰ ਘਰ ਪਹੁੰਚਾਇਆ

**ਕੋਟਕਪੂਰਾ (ਰਛਪਾਲ ਭੁੱਲਰ)**-ਏਮਜ਼ ਬਠਿੰਡਾ ਤੋਂ ਜਾਣਕਾਰ ਡਾਕਟਰ ਦੇ ਆਏ ਫੋਨ ਨੇ ਆਰ.ਟੀ.ਆਈ. ਐਂਡ ਹਿਊਮਨ ਰਾਈਟਸ ਸੰਸਥਾ ਦੇ ਰਾਸ਼ਟਰੀ ਪ੍ਰਧਾਨ ਸੁਨੀਸ਼ ਨਾਰੰਗ ਦੀਆਂ ਜ਼ਿੰਮੇਵਾਰੀਆਂ 'ਚ ਵਾਧਾ ਕਰ ਦਿੱਤਾ, ਕਿਉਂਕਿ ਡਾ. ਅਮਿਤ ਨਾਰੰਗ ਨੂੰ ਪੁਲਸ ਵੱਲੋਂ ਹਸਪਤਾਲ 'ਚ ਦਾਖਲ ਕਰਵਾਏ ਗਏ ਮਰੀਜ਼ ਦੀ ਸਮਝ ਨਹੀਂ ਆ ਰਹੀ ਸੀ। ਵਟਸਅਪ ਰਾਹੀਂ ਭੇਜੀ ਤਸਵੀਰ ਤੋਂ ਜਦੋਂ ਸੁਨੀਸ਼ ਨਾਰੰਗ ਨੂੰ ਪਤਾ ਲੱਗਾ ਕਿ ਇਹ ਲੜਕਾ ਕੋਟਕਪੂਰੇ ਦਾ ਵਸਨੀਕ ਹੈ ਤਾਂ ਉਸ ਦੇ ਪਰਿਵਾਰ ਦਾ ਪਤਾ ਕਰਕੇ ਸਾਰੀ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਅਧਰੰਗ ਦਾ ਦੌਰੇ ਪੈਣ ਕਾਰਨ ਪੁਲਸ ਨੇ ਉਕਤ ਨੌਜਵਾਨ ਨੂੰ ਡੱਬਵਾਲੀ ਰੋਡ ਬਠਿੰਡਾ ਵਿਖੇ ਸਥਿਤ ਏਮਜ਼ ਹਸਪਤਾਲ 'ਚ ਦਾਖਲ ਕਰਵਾ ਦਿੱਤਾ, ਪਰ ਉੱਥੋਂ ਦਾ ਸਟਾਫ ਮਰੀਜ਼ ਦੇ ਵਾਰਸਾਂ ਦੀ ਸਹਿਮਤੀ ਤੋਂ ਬਿਨਾਂ ਇਲਾਜ ਕਰਨ ਤੋਂ ਅਸਮਰੱਥ ਸੀ। ਸੁਨੀਸ਼ ਨਾਰੰਗ ਤੇ ਜ਼ਿਲ੍ਹਾ ਉੱਪ ਪ੍ਰਧਾਨ ਡਾ. ਸੰਜੇ ਥਾਪਰ ਨੇ ਉਕਤ ਨੌਜਵਾਨ ਦੇ ਘਰ ਪੁੱਜ ਕੇ ਦੱਸਿਆ ਕਿ ਉਨ੍ਹਾ ਦਾ ਲੜਕਾ ਅਧਰੰਗ ਦੇ ਦੌਰੇ ਕਾਰਨ ਬੋਲਣ ਦੇ ਸਮਰੱਥ ਨਹੀਂ ਰਿਹਾ। ਇਲਾਜ ਤੋਂ ਬਾਅਦ ਆਰ ਟੀ ਆਈ ਹਿਊਮਨ ਰਾਈਟਸ ਦੀ ਟੀਮ ਨੇ ਉਕਤ ਲੜਕੇ ਨੂੰ ਉਸ ਦੇ ਘਰ ਸੁਰੱਖਿਅਤ ਪਹੁੰਚਾਉਣ ਦੀਆਂ ਸੇਵਾਵਾਂ ਨਿਭਾਈਆਂ।

### ਸਪਰਿੰਗ ਡਿਊ ਸਕੂਲ 'ਚ ਵਣ ਮਹਾਂਉਤਸਵ ਮਨਾਇਆ

**ਜਗਰਾਓਂ (ਅਮਿਤ ਖੰਨਾ)**-ਇਲਾਕੇ ਦੀ ਪ੍ਰਸਿੱਧ ਸੰਸਥਾ ਸਪਰਿੰਗ ਡਿਊ ਸਕੂਲ ਨਾਨਕਸਰ ਵਿਖੇ ਵਣ ਮਹਾਂਉਤਸਵ ਮਨਾਇਆ ਗਿਆ, ਜਿਸ ਤਹਿਤ ਸਕੂਲ ਸਟਾਫ ਤੇ ਬੱਚਿਆਂ ਵੱਲੋਂ ਸਕੂਲ ਦੇ ਆਲੇ-ਦੁਆਲੇ ਖਾਲੀ ਪਏ ਸਥਾਨਾਂ ਤੇ ਸਕੂਲ ਗਰਾਊਂਡ ਵਿੱਚ ਛਾਂਦਾਰ, ਫਲਾਂ ਤੇ ਫੁੱਲਾਂ ਵਾਲੇ ਪੌਦੇ ਲਗਾਏ ਗਏ। ਇਸ ਦੌਰਾਨ ਵਾਇਸ ਪ੍ਰਿੰਸੀਪਲ ਬੇਅੰਤ ਕੁਮਾਰ ਨੇ ਅੱਜ ਦੇ ਸਮੇਂ 'ਚ ਦਰੱਖਤਾਂ ਦੀ ਮਹੱਤਤਾ ਬਾਰੇ ਦੱਸਿਆ। ਇਸ ਮੌਕੇ ਸਕੂਲ ਅਧਿਆਪਕਾ ਮੈਡਮ ਗੁਰਦੀਪ ਕੌਰ ਨੇ ਵਣ ਮਹਾਂਉਤਸਵ 'ਤੇ ਭਾਸ਼ਣ ਦਿੱਤਾ ਤੇ ਬੱਚਿਆਂ 'ਚੋਂ ਅਰਮਾਨ ਸੰਗਰਾਉ, ਖੁਸ਼ਪਿੰਦਰ ਕੌਰ ਨੇ ਵਣ ਮਹਾਂਉਤਸਵ 'ਤੇ ਕਵਿਤਾ ਸੁਣਾਈ। ਪ੍ਰਿੰਸੀਪਲ ਨਵਨੀਤ ਚੌਹਾਨ ਨੇ ਸਕੂਲ ਵੱਲੋਂ ਕੀਤੇ ਇਸ ਉਪਰਾਲੇ ਦੀ ਪ੍ਰਸੰਸਾ ਕੀਤੀ। ਇਸ ਸਮੇਂ ਸਮੂਹ ਮੈਨੇਜਮੈਂਟ ਵੱਲੋਂ ਚੇਅਰਮੈਨ ਬਲਦੇਵ ਬਾਵਾ, ਪ੍ਰਧਾਨ ਮਨਜੋਤ ਕੁਮਾਰ, ਮੈਨੇਜਿੰਗ ਡਾਇਰੈਕਟਰ ਸੁਖਵਿੰਦਰ ਸਿੰਘ ਛਾਬੜਾ, ਮੈਨੇਜਰ ਮਨਦੀਪ ਚੌਹਾਨ ਆਦਿ ਹਾਜ਼ਰ ਸਨ।

# ਪੈਨਸ਼ਨਰਾਂ ਨੇ ਫੂਕੀ ਪਾਵਰਕਾਮ ਮੈਨੇਜਮੈਂਟ ਤੇ ਪੰਜਾਬ ਸਰਕਾਰ ਦੀ ਅਰਥੀ



**ਮੋਗਾ (ਅਮਰਜੀਤ ਬੱਬਰੀ)**

ਪੈਨਸ਼ਨਰਜ਼ ਐਸੋਸੀਏਸ਼ਨ ਪਾਵਰਕੌਮ ਐਂਡ ਟਰਾਂਸਕੋ ਸਿਟੀ ਮੰਡਲ ਮੋਗਾ ਵੱਲੋਂ ਸਟੇਟ ਕਮੇਟੀ ਦੇ ਫੈਸਲੇ ਮੁਤਾਬਕ ਸਾਥੀ ਬਲੌਰ ਸਿੰਘ ਦੀ ਪ੍ਰਧਾਨਗੀ ਹੇਠ ਡਵੀਜ਼ਨ ਦਫਤਰ ਦੇ ਸਾਹਮਣੇ ਆਪਣੀਆਂ ਮੰਗਾਂ ਸੰਬਧੀ ਪਾਵਰਕਾਮ ਮੈਨੇਜਮੈਂਟ ਤੇ ਪੰਜਾਬ ਸਰਕਾਰ ਦੀ ਅਰਥੀ ਸਾੜੀ ਗਈ ਅਤੇ ਰੋਸ ਰੈਲੀ ਕੀਤੀ ਗਈ। ਰੈਲੀ ਨੂੰ ਸੰਬੋਧਨ ਕਰਦੇ ਹੋਏ ਸਟੇਟ ਆਗੂ ਸਾਥੀ ਜੰਗੀਰ ਸਿੰਘ, ਸਾਥੀ ਬਲੌਰ ਸਿੰਘ ਪ੍ਰਧਾਨ ਤੇ ਸਾਥੀ ਬਲਵਿੰਦਰ ਸਿੰਘ ਸਕੱਤਰ ਨੇ ਦੱਸਿਆ ਕਿ ਪਿਛਲੇ ਲੰਬੇ ਸਮੇਂ ਤੋਂ ਪਾਵਰਕਾਮ ਮੈਨੇਜਮੈਂਟ ਵੱਲੋਂ ਜਥੇਬੰਦੀ ਨਾਲ ਵਾਰ ਵਾਰ ਮੀਟਿੰਗ ਕਰਨ ਤੋਂ ਬਾਅਦ ਵੀ ਪੈਨਸ਼ਨਰਜ਼ ਦੀਆਂ ਮੰਗਾਂ ਮੰਨਣ ਤੋਂ ਇਨਕਾਰੀ ਹੋ ਗਈ ਹੈ। ਪਿਛਲੇ ਦਿਨੀਂ 30 ਜੂਨ ਨੂੰ ਬਿਜਲੀ ਮੰਤਰੀ ਦੀ ਪ੍ਰਧਾਨਗੀ ਹੇਠ ਪਾਵਰਕਾਮ ਮੈਨੇਜਮੈਂਟ ਨਾਲ ਜਥੇਬੰਦੀ ਦੀ ਮੀਟਿੰਗ ਹੋਈ। ਮੀਟਿੰਗ ਵਿੱਚ ਹੋਈਆਂ ਸਹਿਮਤੀਆਂ ਬਾਰੇ ਵੀ ਮੈਨੇਜਮੈਂਟ ਨੇ ਟਾਲ ਮਟੋਲ ਦੀ ਧਾਰਨ ਧਾਰਨ ਕੀਤੀ ਹੋਈ ਹੈ। ਇਸੇ ਤਰ੍ਹਾਂ ਹੀ ਪੰਜਾਬ ਸਰਕਾਰ ਵੱਲੋਂ ਪੰਜਾਬ ਯੂ. ਟੀ. ਮੁਲਾਜ਼ਮ ਐਂਡ ਪੈਨਸ਼ਨਰਜ਼ ਸਾਂਝਾਂ ਫੱਰਟ ਨੂੰ ਮੀਟਿੰਗ ਦਾ ਸਮਾਂ ਦੇਣ ਤੋਂ ਵਾਰ ਵਾਰ ਟਾਲ ਮਟੋਲ ਕਰਕੇ ਸਮਾਂ ਲੰਘਾਇਆ ਜਾ ਰਿਹਾ ਹੈ। ਆਗੂਆਂ ਨੇ ਦੱਸਿਆ ਕਿ ਪੰਜਾਬ ਯੂ ਟੀ ਮੁਲਾਜ਼ਮਾਂ ਤੇ ਪੈਨਸ਼ਨਰਜ਼ ਦਾ ਸਾਂਝਾ ਫਰੰਟ ਵੱਲੋਂ ਸੰਘਰਸ਼ ਤੇਜ਼ ਕਰਦੇ ਹੋਏ ਪੰਜਾਬ ਸਰਕਾਰ ਦੇ ਪੰਜ ਮੰਤਰੀਆਂ ਦੇ ਘਰਾਂ ਸਾਹਮਣੇ ਵਿਸ਼ਾਲ ਨੇ ਦਿੱਤੇ ਜਾਣਗੇ। ਪਾਵਰਕਾਮ ਦੀ ਮੈਨੇਜਮੈਂਟ ਵਿਰੁੱਧ ਡਵੀਜ਼ਨਾਂ ਦੀਆਂ ਅਰਥੀ ਫੂਕ ਰੈਲੀਆਂ ਤੋਂ ਬਾਅਦ 20 ਜੁਲਾਈ ਤੋਂ 20 ਅਗਸਤ ਤੱਕ ਸਰਕਲ ਪੱਧਰ ਦੀਆਂ ਕਨਵੈਨਸ਼ਨਾਂ ਕੀਤੀਆਂ ਜਾਣਗੀਆਂ। ਸਤੰਬਰ ਦੇ ਪਹਿਲੇ ਹਫਤੇ ਸਟੇਟ ਪੱਧਰ ਦਾ ਪਟਿਆਲਾ ਪਟਿਆਲਾ ਹੈੱਡ ਆਫਿਸ ਦੇ ਸਾਹਮਣੇ ਧਰਨਾ ਦਿੱਤਾ ਜਾਵੇਗਾ। ਅੱਜ ਦੀ ਰੋਸ ਰੈਲੀ ਵਿੱਚ ਸਾਥੀ ਸਵਿੰਦਰ ਸਿੰਘ, ਰਣਜੀਤ ਸਿੰਘ, ਧਿਆਨ ਸਿੰਘ, ਲਖਵੀਰ ਸਿੰਘ ਤੇ ਹੋਰ ਸਾਥੀ ਸ਼ਾਮਲ ਸਨ।

# ਪ੍ਰੇਮ ਵਿਆਹ ਤੋਂ ਬਾਅਦ ਪਤਨੀ ਦਾ ਕਤਲ



**ਬੁਢਲਾਡਾ (ਰੀਤਵਾਲ)**-ਨੇੜਲੇ ਪਿੰਡ ਹਸਨਪੁਰ ਵਿਖੇ ਇਸ਼ਕ ਪਿਆਰ ਵਿਆਹ ਤੋਂ ਬਾਅਦ ਪਤਨੀ ਦੇ ਚਰਿੱਤਰ 'ਤੇ ਸ਼ੱਕ ਹੋਣ 'ਤੇ ਪਤੀ ਵੱਲੋਂ ਪਤਨੀ ਦਾ ਕਤਲ ਕਰਨ ਦਾ ਸਮਾਚਾਰ ਮਿਲਿਆ ਹੈ। ਜਾਣਕਾਰੀ ਅਨੁਸਾਰ ਲੜਕੀ ਦੇ ਭਰਾ ਬਲਵਿੰਦਰ ਸਿੰਘ ਵਾਸੀ ਘੱਦੂਵਾਲਾ ਨੇ ਦੱਸਿਆ ਕਿ ਉਸ ਦੀ ਭੈਣ ਜਸਵੀਰ ਕੌਰ ਅਮਨੀ ਵਾਸੀ ਪਿੰਡ ਘੁੱਦੂਵਾਲਾ ਕਰੀਬ ਢਾਈ ਸਾਲ ਪਹਿਲਾਂ ਪ੍ਰੇਮ ਵਿਆਹ ਪਰਿਵਾਰਕ ਸਹਿਮਤੀ ਨਾਲ ਪਿੰਡ ਹਸਨਪੁਰ ਦੇ ਯਾਦਵਿੰਦਰ ਸਿੰਘ ਯਾਦੂ ਪੁੱਤਰ ਬਲਵਿੰਦਰ ਸਿੰਘ ਨਾਲ ਹੋਇਆ ਸੀ, ਪ੍ਰੰਤੂ ਕੁਝ ਸਮੇਂ ਬਾਅਦ ਪਤੀ-ਪਤਨੀ 'ਚ ਆਪਸੀ ਮੱਤਭੇਦ ਕਾਰਨ ਲੜਾਈ ਝਗੜਾ ਹੁੰਦਾ ਰਹਿੰਦਾ ਸੀ ਅਤੇ ਯਾਦਵਿੰਦਰ ਸਿੰਘ ਮੇਰੀ ਭੈਣ ਦੇ ਚਰਿੱਤਰ 'ਤੇ ਸ਼ੱਕ ਕਰਦਾ ਸੀ। ਬੀਤੀ ਰਾਤ ਯਾਦਵਿੰਦਰ ਸਿੰਘ ਨੇ ਮੇਰੀ ਭੈਣ ਦਾ ਗਲਾ ਘੋਟ ਕੇ ਕਤਲ ਕਰ ਦਿੱਤਾ ਅਤੇ ਲਾਸ਼ ਨੂੰ ਪੱਖੇ ਨਾਲ ਲਟਕਾ ਕੇ ਖੁਦਕੁਸ਼ੀ ਹੋਣ ਦਾ ਡਰਾਮਾ ਕੀਤਾ। ਮੇਰੀ ਭੈਣ ਕੋਲ 2 ਸਾਲ ਦਾ ਲੜਕਾ ਹੈ। ਥਾਣਾ ਸਦਰ ਪੁਲਸ ਦੇ ਐੱਸ.ਐੱਚ.ਓ. ਮੇਲਾ ਸਿੰਘ ਨੇ ਦੱਸਿਆ ਕਿ ਲੜਕੀ ਦੇ ਭਰਾ ਬਲਵਿੰਦਰ ਸਿੰਘ ਦੇ ਬਿਆਨਾਂ 'ਤੇ ਪਤੀ ਯਾਦਵਿੰਦਰ ਸਿੰਘ ਯਾਦੂ ਖਿਲਾਫ ਕਤਲ ਦਾ ਮੁਕੱਦਮਾ ਦਰਜ ਕਰਕੇ ਮਾਮਲੇ ਦੀ ਗੰਭੀਰਤਾ ਨਾਲ ਪੜਤਾਲ ਕੀਤੀ ਜਾ ਰਹੀ ਹੈ।

# ਉੱਘੇ ਕਬੱਡੀ ਖਿਡਾਰੀ ਜਗਦੀਪ ਸਿੰਘ ਉਰਫ ਵੈਲੀ ਦੀ ਸੜਕ ਹਾਦਸੇ 'ਚ ਮੌਤ



**ਮੋਗਾ (ਅਮਰਜੀਤ ਬੱਬਰੀ)**

ਮੋਗਾ ਜ਼ਿਲ੍ਹੇ ਦੇ ਪਿੰਡ ਰਾਮੂੰਵਾਲਾ ਕਲਾਂ ਨਿਵਾਸੀ ਰਾਸ਼ਟਰੀ ਤੇ ਅੰਤਰਰਾਸ਼ਟਰੀ ਕਬੱਡੀ ਖਿਡਾਰੀ ਜਗਦੀਪ ਸਿੰਘ ਉਰਫ਼ ਵੈਲੀ ਦੀ ਸੜਕ ਹਾਦਸੇ ਵਿੱਚ ਮੌਤ ਹੋ ਗਈ, ਜਦ ਕਿ ਉਸ ਦੇ ਤਾਏ ਦਾ ਲੜਕਾ ਗੰਭੀਰ ਜ਼ਖਮੀ ਹੋ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਬੀਤੀ ਸ਼ਾਮ ਜਗਦੀਪ ਸਿੰਘ ਉਰਫ ਵੈਲੀ ਆਪਣੇ ਤਾਏ ਦੇ ਬੇਟੇ ਨਾਲ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਮੋਗਾ ਵਿਖੇ ਜਿੰਮ ਲਗਵਾਉਣ ਤੋਂ ਬਾਅਦ ਵਾਪਸ ਪਿੰਡ ਜਾ ਰਹੇ ਸਨ ਤੇ ਜਦ ਉਹ ਕੋਟਕਪੂਰਾ ਬਾਈਪਾਸ ਮੇਨ ਰੋਡ 'ਤੇ ਚੜ੍ਹਨ ਲੱਗੇ ਤਾਂ ਆ ਰਹੀ ਇੱਕ ਤੇਜ਼ ਰਫ਼ਤਾਰ ਬਲੈਰੋ ਗੱਡੀ ਦੀ ਲਪੇਟ 'ਚ ਆ ਗਏ, ਜਿਸ ਦੌਰਾਨ ਮੋਟਰਸਾਈਕਲ ਚਲਾ ਰਹੇ ਜਗਦੀਪ ਸਿੰਘ ਦੀ ਮੌਕੇ 'ਤੇ ਮੌਤ ਹੋ ਗਈ, ਜਦਕਿ ਉਸ ਦੇ ਤਾਏ ਦਾ ਬੇਟਾ ਸਤਨਾਮ ਸਿੰਘ ਜ਼ਖ਼ਮੀ ਹੋ ਗਿਆ। ਜਗਦੀਪ ਸਿੰਘ ਦੀ ਮੌਤ ਨਾਲ ਪਿੰਡ ਤੇ ਕਬੱਡੀ ਖੇਡ ਜਗਤ ਵਿੱਚ ਸੋਗ ਦੀ ਲਹਿਰ ਹੈ।

# ਮਿੰਨੀ ਬੱਸ ਅਪ੍ਰੇਟਰਾਂ ਨੇ ਥਾਣੇ ਅੱਗੇ ਬੱਸਾਂ ਲਾ ਕੀਤਾ ਰੋਸ ਪ੍ਰਦਰਸ਼ਨ



**ਮੋਗਾ (ਅਮਰਜੀਤ ਬੱਬਰੀ)**-ਵੱਖ-ਵੱਖ ਪਿੰਡਾਂ ਨੂੰ ਜਾਂਦੀਆਂ ਮਿੰਨੀ ਬੱਸਾਂ ਵਾਲਿਆਂ ਵੱਲੋਂ ਮੰਗਾਂ ਨੂੰ ਲੈ ਕੇ ਥਾਣਾ ਸਿਟੀ ਮੋਗਾ ਦੇ ਬਾਹਰ ਬੱਸਾਂ ਲਾ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਟਰਾਂਸਪੋਰਟ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਨਰੋਤਮ ਪੁਰੀ ਨੇ ਕਿਹਾ ਕਿ ਮਿੰਨੀ ਬੱਸ ਆਪ੍ਰੇਟਰਾਂ ਦੀ ਮੰਗ ਹੈ ਕਿ ਉਨ੍ਹਾਂ ਦਾ ਕਾਰੋਬਾਰ ਈ-ਰਿਕਸ਼ਾ ਤੇ ਚਾਰ-ਪਹੀਆ ਟੈਂਪੂ ਵਾਹਨ ਖ਼ਰਾਬ ਕਰ ਰਹੇ ਹਨ। ਇਸ ਲਈ ਉਨ੍ਹਾਂ ਦੀ ਮੰਗ ਹੈ ਕਿ ਇਹ ਚਾਰ-ਪਹੀਆ ਟੈਂਪੂ ਵਾਹਨ ਜਲਦੀ ਤੋਂ ਜਲਦੀ ਬੰਦ ਕੀਤੇ ਜਾਣ। ਉਨ੍ਹਾ ਕਿਹਾ ਕਿ ਅਸੀਂ ਮਿੰਨੀ ਬੱਸ ਆਪ੍ਰੇਟਰ ਇੰਨਾ ਟੈਕਸ ਸਰਕਾਰ ਨੂੰ ਦਿੰਦੇ ਹਾਂ, ਪਰ ਉਸ ਦੇ ਬਾਵਜੂਦ ਇਹ ਟੈਂਪੂਆਂ ਵਾਲੇ ਅਤੇ ਈ-ਰਿਕਸ਼ਾ ਚਾਲਕ ਬਿਨਾਂ ਕਿਸੇ ਟੈਕਸ ਤੋਂ ਆਪਣੀ ਮਨਮਰਜ਼ੀ ਨਾਲ ਸਾਡੀਆਂ ਸਵਾਰੀਆਂ ਚੁੱਕ ਕੇ ਸਾਨੂੰ ਖ਼ਰਾਬ ਕਰ ਰਹੇ ਹਨ। ਉਨ੍ਹਾ ਕਿਹਾ ਕਿ ਸਮੇਂ-ਸਮੇਂ ਦੀਆਂ ਸਰਕਾਰਾਂ ਵਾਅਦੇ ਕਰਦੀਆਂ ਹਨ, ਪਰ ਸਾਡੀਆਂ ਮੰਗਾਂ ਨਹੀਂ ਮੰਨੀਆਂ ਜਾਂਦੀਆਂ।

ਉਨ੍ਹਾ ਸਰਕਾਰ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਜਦੋਂ ਤੱਕ ਇਹ ਟੈਂਪੂ ਬੰਦ ਨਹੀਂ ਹੁੰਦੇ, ਉਦੋਂ ਤੱਕ ਮਿੰਨੀ ਬੱਸਾਂ ਵਾਲੇ ਸੰਘਰਸ਼ ਕਰਨਗੇ। ਉਨ੍ਹਾ ਕਿਹਾ ਕਿ ਸ਼ਹਿਰ ਤੋਂ ਪਿੰਡ ਨੂੰ ਨਾਜਾਇਜ਼ ਚੱਲ ਰਹੇ ਟੈਂਪੂ, ਮਿੰਨੀ ਬੱਸਾਂ ਵਾਲੇ ਪੰਜਾਬ ਹਰਿਆਣਾ ਹਾਈਕੋਰਟ ਦੇ ਫ਼ੈਸਲੇ ਦੀਆਂ ਧੱਜੀਆਂ ਉਡਾ ਕੇ ਚੱਲਦੇ ਹਨ।

ਇਸੇ ਤਰ੍ਹਾਂ ਈ-ਰਿਕਸ਼ਾ ਵੀ ਧੱਕੇ ਨਾਲ ਬੱਸਾਂ ਅੱਗੇ ਚੱਲ ਰਹੇ ਹਨ। ਬੱਸਾਂ ਖਰਚਾ ਪੂਰਾ ਨਹੀਂ ਕਰ ਰਹੀਆਂ ਤੇ ਸੁਣਵਾਈ ਨਹੀਂ ਹੋ ਰਹੀ। ਜੇਕਰ ਅਸੀਂ ਕਿਸੇ ਟੈਂਪੂ ਜਾਂ ਈ-ਰਿਕਸ਼ਾ ਨੂੰ ਰੋਕਦੇ ਹਾਂ ਤਾਂ ਸਾਡੇ ਖ਼ਿਲਾਫ਼ ਦਰਖਾਸਤ ਦਿੰਦੇ ਹਨ।

# ਓਰੀਐਂਟ ਇੰਟਰਨੈਸ਼ਨਲ ਸਕੂਲ ਤੇ ਸਪੋਰਟਸ ਅਕੈਡਮੀ 'ਚ ਹੱਥਾਂ ਦੀ ਸਫਾਈ ਦੀ ਵਰਕਸ਼ਾਪ



**ਮਾਛੀਵਾੜਾ ਸਾਹਿਬ (ਜਗਦੀਸ਼ ਰਾਏ, ਸ਼ੈਂਕੀ ਸ਼ਰਮਾ)**-ਫੋਰਟਿਸ ਹਸਪਤਾਲ, ਫੇਰੋਕਲੀਨ ਅਤੇ ਫਾਸਟਵੇਅ ਨਿਊਜ਼ ਚੈਨਲ ਦੇ ਸਾਂਝੇ ਸਹਿਯੋਗ ਨਾਲ ਓਰੀਐਂਟ ਇੰਟਰਨੈਸ਼ਨਲ ਸਕੂਲ ਅਤੇ ਸਪੋਰਟਸ ਅਕੈਡਮੀ ਵਿੱਚ ਹੱਥਾਂ ਦੀ ਸਫਾਈ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਵਰਕਸ਼ਾਪ ਦਾ ਸੰਚਾਲਨ ਫੋਰਟਿਸ ਹਸਪਤਾਲ ਲੁਧਿਆਣਾ ਵਿਖੇ ਸਲਾਹਕਾਰ ਮਾਈਕ੍ਰੋਬਾਇਓਲੋਜਿਸਟ ਅਤੇ ਇਨਫੈਕਸ਼ਨ ਕੰਟਰੋਲ ਅਫਸਰ ਡਾ. ਬੇਨਿਕਾ ਕਾਜਲਾ ਨੇ ਕੀਤਾ। ਡਾ. ਬੇਨਿਕਾ ਨੇ ਸਿਹਤ ਸੰਬੰਧੀ ਵੱਖ-ਵੱਖ ਸਮੱਸਿਆਵਾਂ ਤੋਂ ਬਚਣ ਲਈ ਲਗਭਗ 20 ਸੈਕਿੰਡ ਤੱਕ ਸਾਬਣ ਨਾਲ ਹੱਥਾਂ ਦੀ ਸਫਾਈ ਕਰਨ ਦੇ ਸਹੀ ਤਰੀਕੇ 'ਤੇ ਜ਼ੋਰ ਦਿੱਤਾ। ਉਨ੍ਹਾਂ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ ਕਿ ਹੱਥ ਵਾਇਰਸ ਅਤੇ ਕੀਟਾਣੂਆਂ ਨੂੰ ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਵਿੱਚ ਤਬਦੀਲ ਕਰਨ ਵਿੱਚ ਬਹੁਤ ਵੱਡੀ ਭੂਮਿਕਾ ਨਿਭਾਉਂਦੇ ਹਨ। ਓਰੀਐਂਟ ਇੰਟਰਨੈਸ਼ਨਲ ਸਕੂਲ ਅਤੇ ਸਪੋਰਟਸ ਅਕੈਡਮੀ ਦੇ ਵਿਦਿਆਰਥੀਆਂ ਨੇ ਹੱਥਾਂ ਦੀ ਸਫਾਈ ਨੂੰ ਕਾਇਮ ਰੱਖਣ ਅਤੇ ਦੂਜਿਆਂ ਨੂੰ ਪ੍ਰੇਰਿਤ ਕਰਨ ਲਈ ਸਹੁੰ ਚੁੱਕੀ। ਸਕੂਲ ਦੇ ਚੇਅਰਮੈਨ ਵਿਕਰਮ ਸ਼ਰਮਾ ਨੇ ਸਕੂਲੀ ਵਿਦਿਆਰਥੀਆਂ ਲਈ ਅਜਿਹੇ ਸ਼ਾਨਦਾਰ ਜਾਗਰੂਕਤਾ ਸੈਸ਼ਨ ਦਾ ਆਯੋਜਨ ਕਰਨ ਲਈ ਟੀਮ ਫੋਰਟਿਸ, ਟੀਮ ਫੇਰੋਕਲੀਨ ਅਤੇ ਫਾਸਟਵੇਅ ਦਾ ਧੰਨਵਾਦ ਕੀਤਾ। ਸਕੂਲ ਪ੍ਰਿੰਸੀਪਲ ਰਜਤ ਸ਼ਰਮਾ ਨੇ ਇਸ ਜਾਗਰੂਕਤਾ ਸੈਸ਼ਨ ਦਾ ਸੰਚਾਲਨ ਕਰਨ ਲਈ ਡਾ. ਬੇਨਿਕਾ ਕਾਜਲਾ ਨੂੰ ਮੋਮੈਂਟੋ ਭੇਟ ਕਰਕੇ ਸਨਮਾਨਤ ਕੀਤਾ। ਇਸ ਮੌਕੇ ਵਾਈਸ ਪ੍ਰਿੰਸੀਪਲ ਨਵਜੋਤ ਕੌਰ, ਸਟਾਫ ਮੈਂਬਰ ਨਵਪ੍ਰੀਤ ਕੌਰ, ਦਮਨਪ੍ਰੀਤ ਕੌਰ, ਮਨਜੀਤ ਕੌਰ, ਦੁਰਗੇਸ਼, ਅਨੁਪਮਾ ਜੈਨ, ਬਲਵਿੰਦਰ ਕੌਰ, ਮਨਪ੍ਰੀਤ ਕੌਰ, ਪਰਮਜੀਤ ਕੌਰ, ਹਰਪ੍ਰੀਤ ਕੌਰ ਤੇ ਹੋਰ ਹਾਜ਼ਰ ਸਨ।

# ਨਹਿਰੀ ਮਹਿਕਮਾ ਮਜ਼ਦੂਰਾਂ ਦਾ ਪੀ ਰਿਹੈ ਖ਼ੂਨ : ਲਖਵੀਰ ਲੱਖਾ

## ਕਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਨਹਿਰੀ ਵਿਭਾਗ ਦੇ ਦਫਤਰ ਅੱਗੇ ਧਰਨਾ



ਰੋਸ ਪ੍ਰਦਰਸ਼ਨ ਕਰਦੇ ਕਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਤੇ ਵਰਕਰ।

**ਮੋਗਾ (ਅਮਰਜੀਤ ਬੱਬਰੀ)**-ਕਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਨੇ ਸਥਾਨਕ ਨਹਿਰੀ ਮਹਿਕਮੇ ਦੇ ਦਫਤਰ ਅੱਗੇ ਧਰਨਾ ਲਗਾਇਆ। ਕਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਦਰਸ਼ਨ ਸਿੰਘ ਤਾਰੇ ਵਾਲਾ ਨੇ ਪ੍ਰੈੱਸ ਨੂੰ ਜਾਣਕਾਰੀ ਦਿੱਤੀ ਕਿ ਪਿੰਡ ਨਿਧਾਂਵਾਲਾ ਦੇ ਨਰੇਗਾ ਮਜ਼ਦੂਰਾਂ ਨੂੰ ਬੀ ਡੀ ਪੀ ਓ ਮੋਗਾ ਨੇ ਡਰੇਨ ਦੀ ਸਫਾਈ ਦਾ ਕੰਮ ਕਰਨ ਲਈ ਅਲਾਟ ਕੀਤਾ। ਮਜ਼ਦੂਰਾਂ ਨੇ ਡਰੇਨ ਵਿੱਚੋਂ ਘਾਹ-ਫੂਸ ਕੱਢਣ ਲਈ ਕੁੰਡੀਆਂ ਵੀ ਪੱਲਿਓਂ ਖਰਚ ਕਰਕੇ ਬਣਾਈਆਂ। ਡਰੇਨ 'ਚ ਬਹੁਤ ਗੰਦ ਹੈ। ਭੈੜੇ ਮੁਸ਼ਕ ਕਰਕੇ ਖੜਨਾ ਵੀ ਮੁਸ਼ਕਲ ਹੈ। ਗੰਦੇ ਤੇ ਗਰਮ ਪਾਣੀ ਵਿੱਚ ਮਜ਼ਦੂਰ ਮਰਦ-ਔਰਤਾਂ ਕੰਮ ਬਹੁਤ ਔਖੀਆਈ ਨਾਲ ਕਰ ਰਹੇ ਹਨ, ਪਰ ਨਹਿਰੀ ਮਹਿਕਮੇ ਦੇ ਕਰਮਚਾਰੀ, ਜੋ ਏ ਸੀ ਕਮਰਿਆਂ ਵਿੱਚ ਬੈਠੇ ਹਨ, ਉਹ ਮੌਕੇ ਦੀ ਹਾਲਤ ਨੂੰ ਸਮਝੇ ਬਿਨਾਂ ਕੀਤੇ ਕੰਮ ਤੋਂ ਸੰਤੁਸ਼ਟ ਨਹੀਂ। ਉਨ੍ਹਾਂ ਨੇ 27 ਰੁਪੈ ਦਿਹਾੜੀ ਦਿੱਤੀ ਹੈ।

ਉਨ੍ਹਾ ਦੱਸਿਆ ਕਿ ਕਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਲਖਵੀਰ ਸਿੰਘ ਲੱਖਾ ਸੂਬਾ ਕਮੇਟੀ ਮੈਂਬਰ ਦੀ ਅਗਵਾਈ 'ਚ ਵਫਦ ਨੇ 4 ਜੁਲਾਈ ਨੂੰ ਬੀ ਡੀ ਪੀ ਓ ਦਫਤਰ ਮੋਗਾ ਵਿਖੇ ਨਰੇਗਾ ਕੰਮ ਨਾਲ ਜੁੜੀ ਮੈਡਮ ਨੂੰ ਮਿਲ ਕੇ ਦੱਸਿਆ ਸੀ ਕਿ ਮਹਿਕਮਾ ਨਹਿਰ ਦਿਹਾੜੀ 27 ਰੁਪਏ ਲਾ ਰਿਹਾ ਹੈ। ਮੈਡਮ ਨੇ ਕਿਹਾ ਸੀ ਕਿ ਦਿਹਾੜੀ ਘੱਟ ਨਹੀਂ ਲਾਉਣਗੇ, ਪਰ ਨਹਿਰੀ ਮਹਿਕਮੇ ਨੇ ਦਿਹਾੜੀ 27 ਰੁਪੈ ਹੀ ਦਿੱਤੀ।

ਉਨ੍ਹਾਂ ਪੰਜਾਬ ਸਰਕਾਰ ਨੂੰ ਪੁੱਛਿਆ ਕਿ 27 ਰੁਪੈ ਦਿਹਾੜੀ ਦਾ ਰੂਲ ਬਣਾ ਕੇ ਮਜ਼ਦੂਰਾਂ ਦਾ ਖੂਨ ਪੀਤਾ ਜਾ ਰਿਹਾ ਹੈ। ਮਜ਼ਦੂਰ ਇਹ ਬਰਦਾਸ਼ਤ ਨਹੀਂ ਕਰਨਗੇ। ਉਨ੍ਹਾਂ ਕਿਹਾ ਕਿ ਅੱਜ ਦਾ ਧਰਨਾ ਨਿਧਾਂਵਾਲਾ ਕਮੇਟੀ ਨੇ ਹੀ ਲਾਇਆ ਹੈ, ਜੇ ਲੋੜ ਪਈ ਤਾਂ ਘੋਲ ਨੂੰ ਹੋਰ ਵਿਸ਼ਾਲ ਤੇ ਤਿੱਖਾ ਕੀਤਾ ਜਾਵੇਗਾ। ਧਰਨੇ 'ਚ ਨਿਧਾਂਵਾਲਾ ਦੇ ਮਜ਼ਦੂਰ ਆਗੂ ਰਾਜ ਸਿੰਘ ਮੇਟ, ਪਰਮਜੀਤ ਕੌਰ, ਜਗਰੂਪ ਸਿੰਘ, ਕਰਮਜੀਤ ਕੌਰ ਤੇ ਅਮਨਦੀਪ ਕੌਰ ਹਾਜ਼ਰ ਸਨ।

# ਭਾਰੀ ਮੀਂਹ ਪੈਣ ਨਾਲ ਗਰੀਬ ਦੇ ਮਕਾਨ ਦੀ ਛੱਤ ਡਿੱਗੀ



ਕੱਚੇ ਕਮਰੇ ਦੀ ਡਿੱਗੀ ਹੋਈ ਛੱਤ ਤੇ ਨੁਕਸਾਨਿਆ ਸਮਾਨ।

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਅੱਜ ਪਏ ਭਾਰੀ ਮੀਂਹ ਕਾਰਨ ਪਿੰਡ ਹਾਕੇ ਵਾਲਾ ਦੇ ਇਕ ਗਰੀਬ ਪਰਿਵਾਰ ਦੇ ਮਕਾਨ ਦੀ ਛੱਤ ਡਿੱਗ ਪਈ। ਛੱਤ ਡਿੱਗਣ ਕਾਰਨ ਅੰਦਰ ਪਿਆ ਸਾਮਾਨ ਨੁਕਸਾਨਿਆ ਗਿਆ, ਜਦਕਿ ਕਮਰੇ ਦੇ ਅੰਦਰ ਸੁੱਤਾ ਪਿਆ ਇੱਕ ਲੜਕਾ ਵਾਲ ਵਾਲ ਬਚ ਗਿਆ। ਪੀੜਤ ਸੰਦੀਪ ਪੁੱਤਰ ਬਾਸ਼ਾ ਪਿੰਡ ਹਾਕੇ ਵਾਲਾ ਨੇ ਦੱਸਿਆ ਕਿ ਉਹ ਗਰੀਬ ਪਰਿਵਾਰ ਨਾਲ ਸਬੰਧਤ ਹੈ ਤੇ ਉਸ ਦਾ ਪਿਤਾ ਮਿਹਨਤ ਮਜ਼ਦੂਰੀ ਕਰਨ ਲਈ ਬਾਹਰ ਗਿਆ ਹੋਇਆ ਹੈ। ਉਸ ਨੇ ਦੱਸਿਆ ਕਿ ਉਸ ਦਾ ਮਕਾਨ ਖ਼ਸਤਾ ਹਾਲਤ 'ਚ ਹੈ ਤੇ ਪਹਿਲਾਂ ਹੀ ਤੁਲਾਂ ਦੇ ਸਹਾਰੇ ਖੜਾ ਸੀ। ਉਹ ਆਪਣੇ ਖ਼ਸਤਾ ਹਾਲਤ ਮਕਾਨ 'ਚ ਹੀ ਦਿਨ ਕੱਟੀ ਕਰ ਰਿਹਾ ਸੀ, ਜਿਸ ਕਾਰਨ ਉਸ ਨੂੰ ਹਰ ਸਮੇਂ ਜਾਨ ਮਾਲ ਦਾ ਖ਼ਤਰਾ ਬਣਿਆ ਰਹਿੰਦਾ ਹੈ। ਉਸ ਨੇ ਦੱਸਿਆ ਕਿ ਅੱਜ ਪਏ ਭਾਰੀ ਮੀਂਹ ਕਾਰਨ ਉਸ ਦੇ ਕਮਰੇ ਦੀ ਕਾਨਿਆਂ ਵਾਲੀ ਛੱਤ ਡਿੱਗ ਪਈ। ਛੱਤ ਡਿੱਗਣ ਸਮੇਂ ਉਹ ਅੰਦਰ ਪਿਆ ਹੋਇਆ ਸੀ ਕਿ ਅਚਾਨਕ ਕਮਰੇ ਦੀ ਛੱਤ ਡਿੱਗ ਪਈ, ਜਿਸ ਦੇ ਕਾਰਨ ਉਹ ਵਾਲ ਵਾਲ ਬਚ ਗਿਆ, ਪਰ ਅੰਦਰ ਪਿਆ ਉਸ ਦਾ ਘਰੇਲੂ ਸਾਮਾਨ ਨੁਕਸਾਨਿਆ ਗਿਆ।ਸੰਦੀਪ ਕੁਮਾਰ ਨੇ ਕਿਹਾ ਆਰਥਿਕ ਪੱਖੋਂ ਕਮਜ਼ੋਰ ਹੋਣ ਕਾਰਨ ਉਸ ਦਾ ਪਿਤਾ ਆਪਣੇ ਮਕਾਨ ਦੀ ਉਸਾਰੀ ਕਰਨ 'ਚ ਅਸਮਰੱਥ ਹੈ।ਉਸ ਨੇ ਪੰਜਾਬ ਸਰਕਾਰ ਤੇ ਸਬੰਧਤ ਵਿਭਾਗ ਦੇ ਉੱਚ ਅਧਿਕਾਰੀਆਂ ਤੋਂ ਮੰਗ ਕੀਤੀ ਕਿ ਉਸ ਨੂੰ ਮਕਾਨ ਬਣਾਉਣ ਲਈ ਪ੍ਰਧਾਨ ਮੰਤਰੀ ਗ੍ਰਾਮੀਣ ਆਵਾਸ ਯੋਜਨਾ ਅਧੀਨ ਗ੍ਰਾਂਟ ਦਿੱਤੀ ਜਾਵੇ।

# ਡੀ ਸੀ ਵੱਲੋਂ ਆਊਟਸੋਰਸ ਮੁਲਾਜ਼ਮਾਂ ਨੂੰ ਬਹਾਲ ਕਰਨ ਦਾ ਭਰੋਸਾ

- ਐਕਸ਼ਨ ਕਮੇਟੀ ਵੱਲੋਂ ਪਹਿਲੀ ਅਗਸਤ ਤੱਕ ਧਰਨਾ ਮੁਲਤਵੀ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**

ਪੰਜਾਬ ਮਿਊਂਸਪਲ ਵਰਕਰਜ਼ ਯੂਨੀਅਨ ਵੱਲੋਂ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਬੀਤੇ ਦਿਨ ਜੀ ਟੀ ਰੋਡ ਜਾਮ ਤੋਂ ਬਾਅਦ ਮੌਕੇ 'ਤੇ ਪਹੁੰਚੇ ਐੱਸ ਡੀ ਐੱਮ ਰਾਮਪੁਰਾ ਫੂਲ ਵੱਲੋਂ ਕੀਤੇ ਵਾਅਦੇ ਮੁਤਾਬਕ ਨਗਰ ਕੌਂਸਲ ਰਾਮਪੁਰਾ ਫੂਲ ਦੇ 13 ਆਊਟਸੋਰਸ ਮੁਲਾਜ਼ਮਾਂ ਨੂੰ ਬਹਾਲ ਕਰਵਾਉਣ ਵਾਲੀ ਐਕਸ਼ਨ ਕਮੇਟੀ ਦੀ ਡੀ ਸੀ ਬਠਿੰਡਾ, ਐੱਸ ਐੱਸ ਪੀ ਬਠਿੰਡਾ, ਐੱਸ ਡੀ ਐੱਮ ਰਾਮਪੁਰਾ ਫੂਲ, ਈ ਓ ਨਗਰ ਕੌਂਸਲ ਰਾਮਪੁਰਾ ਫੂਲ ਨਾਲ ਡੀ ਸੀ ਦਫਤਰ ਬਠਿੰਡਾ ਵਿਖੇ ਵਧੀਆ ਮਹੌਲ 'ਚ ਮੀਟਿੰਗ ਹੋਈ। ਐਕਸ਼ਨ ਕਮੇਟੀ ਦੇ ਡੈਪੂਟੇਸ਼ਨ ਵਿੱਚ ਪੰਜਾਬ ਮਿਊਂਸਪਲ ਵਰਕਰਜ਼ ਯੂਨੀਅਨ ਦੇ ਸੂਬਾ ਪ੍ਰਧਾਨ ਅਮਨਦੀਪ ਸਿੰਘ ਜ਼ੀਰਾ, ਸੂਬਾ ਜੁਆਇੰਟ ਸਕੱਤਰ ਜਤਿੰਦਰ ਕੁਮਾਰ ਫਰੀਦਕੋਟ, ਜ਼ਿਲ੍ਹਾ ਪ੍ਰਧਾਨ ਪਰਮਜੀਤ ਸਿੰਘ, ਪੰਜਾਬ ਰਿਟਾਇਰ ਮਿਊਂਸਪਲ ਵਰਕਰਜ਼ ਯੂਨੀਅਨ ਦੇ ਚੇਅਰਮੈਨ ਜਨਕ ਰਾਜ ਮਾਨਸਾ, ਪ੍ਰਧਾਨ ਭੋਲਾ ਸਿੰਘ ਬਠਿੰਡਾ, ਸੂਬਾ ਮੀਤ ਪ੍ਰਧਾਨ ਜਗਦੇਵ ਸਿੰਘ ਸੱਪਲ ਰਾਮਪੁਰਾ ਫੂਲ, ਰਣਬੀਰ ਰਾਣਾ, ਸੁਰਜਨ ਰਾਮ ਬਠਿੰਡਾ, ਮਾਸਟਰ ਸੁਖਦੇਵ ਸਿੰਘ ਜਵੰਧਾ ਪ੍ਰਧਾਨ ਬਲਾਕ ਰਾਮਪੁਰਾ ਬੀਕੇਯੂ ਏਕਤਾ ਉਗਰਾਹਾਂ, ਹਰਬੰਸ ਸਿੰਘ ਸ਼ਹਿਰੀ ਪ੍ਰਧਾਨ ਬੀਕੇਯੂ ਏਕਤਾ ਸਿੱਧੂਪੁਰ, ਬਹਾਦਰ ਸ਼ਰਮਾ ਪ੍ਰੈੱਸ ਸਕੱਤਰ ਬੀਕੇਯੂ ਏਕਤਾ ਕ੍ਰਾਂਤੀਕਾਰੀ, ਗੁਲਜਾਰ ਸਿੰਘ ਬਦਿਆਲਾ ਜ਼ਿਲ੍ਹਾ ਆਗੂ ਜਮਹੂਰੀ ਕਿਸਾਨ ਸਭਾ, ਕਾਮਰੇਡ ਮੱਖਣ ਸਿੰਘ ਗੁਰੂਸਰ ਜਗਾ ਸੀਨੀਅਰ ਮੀਤ ਪ੍ਰਧਾਨ ਦਿਹਾਤੀ ਮਜ਼ਦੂਰ ਸਭਾ, ਜਗਰੂਪ ਸਿੰਘ ਪੰਜਾਬ ਠੇਕਾ ਮਜ਼ਦੂਰ ਸੰਘਰਸ਼ ਮੋਰਚਾ, ਜ਼ਿਲ੍ਹਾ ਪ੍ਰਧਾਨ ਪ੍ਰਿਤਪਾਲ ਸਿੰਘ ਰਾਮਪੁਰਾ ਮਜ਼ਦੂਰ ਮੁਕਤੀ ਮੋਰਚਾ, ਬਲਕਾਰ ਸਿੰਘ ਮੀਤ ਪ੍ਰਧਾਨ ਪੰਜਾਬ ਸੀਟੂ ਹਾਜ਼ਰ ਹੋਏ। ਐਕਸ਼ਨ ਕਮੇਟੀ ਨੇ ਆਪਣੀ ਮੀਟਿੰਗ ਕਰਨ ਉਪਰੰਤ ਡੀ ਸੀ ਸਾਹਿਬ ਵੱਲੋਂ ਦਿੱਤਾ ਗਿਆ ਭਰੋਸਾ ਕਿ ਇਨ੍ਹਾਂ ਫਾਰਗ ਕੀਤੇ ਆਊਟਸੋਰਸ ਮੁਲਾਜ਼ਮਾਂ ਨੂੰ 1 ਅਗਸਤ 2023 ਨੂੰ ਮੁੜ ਡਿਊਟੀ 'ਤੇ ਹਾਜ਼ਰ ਕਰ ਲਿਆ ਜਾਵੇਗਾ। ਐਕਸ਼ਨ ਕਮੇਟੀ ਨੇ ਆਪਣੀ ਮੀਟਿੰਗ 'ਚ ਫੈਸਲਾ ਲਿਆ ਕਿ ਅੱਜ 38ਵੇਂ ਦਿਨ ਦਾ ਧਰਨਾ ਦੇਣ ਤੋਂ ਬਾਅਦ ਇਹ ਧਰਨਾ ਇੱਕ ਅਗਸਤ 2023 ਤੱਕ ਮੁਲਤਵੀ ਕਰ ਦਿੱਤਾ ਹੈ। ਐਕਸ਼ਨ ਕਮੇਟੀ ਨੇ ਨਾਲ ਹੀ ਚਿਤਾਵਨੀ ਦਿੱਤੀ ਕਿ ਜੇਕਰ ਇੱਕ ਅਗਸਤ ਨੂੰ ਮੁੜ ਡਿਊਟੀ 'ਤੇ ਨਾ ਹਾਜ਼ਰ ਕਰਾਇਆ ਤਾਂ ਇਹ ਸੰਘਰਸ਼ ਫਿਰ ਤੋਂ ਅਰੰਭ ਕਰ ਦਿੱਤਾ ਜਾਵੇਗਾ। ਇਹ ਜਾਣਕਾਰੀ ਜਗਦੇਵ ਸਿੰਘ ਸੱਪਲ ਨੇ ਪ੍ਰੈੱਸ ਨਾਲ ਸਾਂਝੀ ਕੀਤੀ।

# ਮੋਟਰਸਾਈਕਲ ਰੇਹੜੀ ਬੰਦ ਕਰਨ ਖਿਲਾਫ ਵਿੱਤ ਮੰਤਰੀ ਦੇ ਦਫਤਰ ਮੂਹਰੇ 24 ਨੂੰ ਧਰਨਾ




**ਮਾਨਸਾ (ਪਮਾਰ)**-ਪੰਜਾਬ ਦੀ ਮਾਨ ਸਰਕਾਰ ਵੱਲੋਂ 8 ਅਗਸਤ ਤੱਕ ਮੋਟਰਸਾਈਕਲ ਰੇਹੜੀਆਂ ਬੰਦ ਕਰਨ ਖਿਲਾਫ 24 ਜੁਲਾਈ ਨੂੰ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੇ ਦਿੜ੍ਹਬਾ ਸਥਿਤ ਦਫਤਰ ਅੱਗੇ ਮੋਟਰਸਾਈਕਲ ਰੇਹੜੀ ਰੁਜ਼ਗਾਰ ਬਚਾਓ ਧਰਨਾ ਦਿੱਤਾ ਜਾਵੇਗਾ। ਇਹ ਐਲਾਨ ਇਥੇ ਸਥਾਨਕ ਬਾਲ ਭਵਨ ਵਿਖੇ ਡਾ. ਅੰਬੇਡਕਰ ਰੇਹੜੀ ਯੂਨੀਅਨ ਪੰਜਾਬ ਤੇ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੀ ਜਰਨੈਲ ਸਿੰਘ ਮਾਨਸਾ ਦੀ ਪ੍ਰਧਾਨਗੀ ਹੇਠ ਹੋਈ ਸਾਂਝੀ ਮੀਟਿੰਗ ਦੌਰਾਨ ਕੀਤਾ ਗਿਆ। ਮੀਟਿੰਗ ਨੂੰ ਸੰਬੋਧਨ ਕਰਦਿਆਂ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾਈ ਪ੍ਰਧਾਨ ਭਗਵੰਤ ਸਿੰਘ ਸਮਾਓਂ ਨੇ ਕਿਹਾ ਕਿ ਚੋਣਾਂ ਤੋਂ ਪਹਿਲਾਂ ਆਮ ਲੋਕਾਂ ਦੀ ਗੱਲ ਕਰਨ ਵਾਲੀ ਪੰਜਾਬ ਦੀ ਮਾਨ ਸਰਕਾਰ ਹੁਣ ਸੱਤਾ ਉਪਰ ਬੈਠ ਕੰਪਨੀ ਦੇ ਮੁਨਾਫੇ ਲਈ ਗਰੀਬਾਂ ਦਾ ਉਜਾੜਾ ਕਰਨ ਲੱਗੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਆਪ ਸਰਕਾਰ ਦੇ ਮਜ਼ਦੂਰਾਂ, ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦੀ ਥਾਂ ਸੜਕ ਹਾਦਸਿਆਂ ਦਾ ਬਹਾਨਾ ਬਣਾ ਕੇ ਅੱਜ ਮੋਟਰਸਾਈਕਲ ਰੇਹੜੀਆਂ ਬੰਦ ਕਰਨ ਦਾ ਨਾਦਰਸ਼ਾਹੀ ਫਰਮਾਨ ਜਾਰੀ ਕਰ ਰਹੀ ਹੈ, ਜਿਸ ਕਾਰਨ ਪੰਜਾਬ ਦੇ ਹਜ਼ਾਰਾਂ ਮੋਟਰਸਾਈਕਲ ਰੇਹੜੀ ਮਜ਼ਦੂਰਾਂ ਦਾ ਬੇਰੁਜ਼ਗਾਰੀ ਦੀ ਭੱਠੀ 'ਚ ਡਿੱਗਣਾ ਤੈਅ ਮੰਨਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਮਾਨ ਮੋਟਰਸਾਈਕਲ ਰੇਹੜੀਆਂ ਬੰਦ ਕਰਵਾ ਕੇ ਕੰਪਨੀਆਂ ਦੀਆਂ ਗੱਡੀਆਂ ਵਿਕਵਾਉਣ ਲਈ ਅਮੀਰਾਂ ਦੀਆਂ ਜੇਬਾਂ ਭਰਨਾ ਚਾਹੁੰਦਾ ਹੈ। ਉਨ੍ਹਾਂ ਕਿਹਾ ਕਿ ਅੱਜ ਇੱਕ ਮਾਸਟਰ ਦੇ ਮੁੰਡੇ ਮੁੱਖ ਮੰਤਰੀ ਨੂੰ ਪੰਜਾਬ ਦੇ ਗਰੀਬ ਲੋਕਾਂ ਦੀ ਥਾਂ ਪੂੰਜੀਪਤੀਆਂ ਦੇ ਮੁਨਾਫੇ ਵਧਾਉਣ ਦੀ ਚਿੰਤਾ ਜ਼ਿਆਦਾ ਲੱਗਦੀ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਾਲ ਸੱਤਾ ਦੀ ਕੁਰਸੀ ਉਪਰ ਬੈਠਣ ਤੋਂ ਬਾਅਦ ਮਾਨ ਸਰਕਾਰ ਨੇ ਸਭ ਤੋਂ ਪਹਿਲਾਂ ਮੋਟਰਸਾਈਕਲ ਰੇਹੜੀਆਂ ਬੰਦ ਕਰਨ ਦਾ ਯਤਨ ਕੀਤਾ ਸੀ, ਪਰ ਪੰਜਾਬ ਭਰ ਵਿੱਚ ਮਜ਼ਦੂਰਾਂ ਦੀ ਬਗਾਵਤ ਦੇਖ ਮੁੱਖ ਮੰਤਰੀ ਨੂੰ ਫੈਸਲਾ ਵਾਪਸ ਲੈਣਾ ਪਿਆ ਸੀ, ਪਰ ਆਪਣੇ ਹੀ ਚਹੇਤਿਆਂ ਤੋਂ ਹਾਈ ਕੋਰਟ ਵਿੱਚ ਅਰਜ਼ੀ ਲਗਵਾ ਕੇ ਮੋਟਰਸਾਈਕਲ ਰੇਹੜੀਆਂ ਬੰਦ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿਸੇ ਵੀ ਕੀਮਤ 'ਤੇ ਮੋਟਰਸਾਈਕਲ ਰੇਹੜੀ ਮਜ਼ਦੂਰਾਂ ਦਾ ਰੁਜ਼ਗਾਰ ਨਹੀਂ ਖੋਹਣ ਦੇਵਾਂਗੇ। ਉਨ੍ਹਾਂ ਪੰਜਾਬ ਦੇ ਸਮੂਹ ਮੋਟਰਸਾਈਕਲ ਰੇਹੜੀ ਮਜ਼ਦੂਰਾਂ ਨੂੰ 24 ਜੁਲਾਈ ਨੂੰ ਵਿੱਤ ਮੰਤਰੀ ਦੇ ਦਫਤਰ ਦਿੜ੍ਹਬਾ ਪਹੁੰਚਣ ਦੀ ਪੁਰਜ਼ੋਰ ਅਪੀਲ ਵੀ ਕੀਤੀ। ਇਸ ਸਮੇਂ ਯੂਨੀਆਨ ਦੇ ਆਗੂ ਮੇਲਾ ਸਿੰਘ ਕੈਂਚੀਆਂ, ਟਹਿਲਾ ਸਿੰਘ, ਰੁਲਦੂ ਸਿੰਘ, ਕੈਲਾ ਸਿੰਘ ਲੱਲੂਆਣਾ, ਅਸ਼ੋਕੀ ਖਾਲਸਾ, ਗੋਬਿੰਦਾ ਸਿੰਘ, ਨਾਥਾ ਸਿੰਘ, ਮੇਲਾ ਸਿੰਘ ਖੋਖਰ, ਰਣੀਆ ਸਿੰਘ, ਤਰਸੇਮ ਸਿੰਘ ਭੱਗਣ ਮੌਜੂਦ ਸਨ।

# ਮਾਣੂੰਕੇ ਵੱਲੋਂ ਸਿਟੀ ਇਨਕਲੇਵ 'ਚ ਨਵੇਂ ਦਫ਼ਤਰ ਦਾ ਉਦਘਾਟਨ



**ਜਗਰਾਉਂ (ਸੰਜੀਵ ਅਰੋੜਾ)**-ਹਲਕਾ ਜਗਰਾਉਂ ਦੇ ਵਿਧਾਇਕਾ ਬੀਬੀ ਸਰਵਜੀਤ ਕੌਰ ਮਾਣੂੰਕੇ ਵੱਲੋਂ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਜਗਰਾਉਂ ਦੇ ਮਲਕ ਚੌਕ ਨਜ਼ਦੀਕ ਲੁਧਿਆਣਾ ਜੀ. ਟੀ. ਰੋਡ ਉਪਰ ਬਣੀ ਕਲੌਨੀ ਸਿਟੀ ਇੰਨਕਲੇਵ-1 ਵਿੱਚ ਅੱਜ ਆਪਣੇ ਨਵੇਂ ਦਫ਼ਤਰ ਦਾ ਉਦਘਾਟਨ ਕਰ ਦਿੱਤਾ ਗਿਆ ਹੈ। ਇਸ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਲਾਹੀ ਬਾਣੀ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕੀਤੇ ਗਏ ਤੇ ਬੀਬੀ ਸਰਵਜੀਤ ਕੌਰ ਮਾਣੂੰਕੇ ਤੇ ਪ੍ਰੋਫੈਸਰ ਸੁਖਵਿੰਦਰ ਸਿੰਘ ਵੱਲੋਂ ਆਪਣੀ ਟੀਮ ਸਮੇਤ ਵਾਹਿਗੁਰੂ ਦਾ ਅਸ਼ੀਰਵਾਦ ਪ੍ਰਾਪਤ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਵਿਧਾਇਕਾ ਸਰਵਜੀਤ ਕੌਰ ਮਾਣੂੰਕੇ ਨੇ ਦੱਸਿਆ ਕਿ ਪਹਿਲਾਂ ਉਨ੍ਹਾਂ ਦਾ ਦਫ਼ਤਰ ਹੀਰਾ ਬਾਗ ਵਿੱਚ ਬਣਾਇਆ ਹੋਇਆ ਸੀ, ਜਿੱਥੇ ਆਮ ਲੋਕਾਂ ਨੂੰ ਆਉਣ ਵਿੱਚ ਕੁਝ ਦਿੱਕਤਾਂ ਆਉਂਦੀਆਂ ਸਨ। ਇਸ ਲਈ ਉਨ੍ਹਾਂ ਵੱਲੋਂ ਦੂਰ-ਦੁਰਾਡੇ ਤੋਂ ਆਉਣ ਵਾਲੇ ਤੇ ਆਮ ਲੋਕਾਂ ਦੀ ਸਹੂਲਤ ਲਈ ਜਗਰਾਉਂ ਦੇ ਮਲਕ ਚੌਕ ਨਜ਼ਦੀਕ ਲੁਧਿਆਣਾ ਜੀ. ਟੀ. ਰੋਡ ਉਪਰ ਬਣੀ ਕਲੌਨੀ ਸਿਟੀ ਇੰਨਕਲੇਵ-1 ਵਿੱਚ ਇਸ ਨਵੇਂ ਦਫ਼ਤਰ ਦੀ ਸ਼ੁਰੂਆਤ ਕੀਤੀ ਗਈ ਹੈ। ਇਹ ਨਵਾਂ ਦਫ਼ਤਰ ਵੀ ਪਹਿਲਾਂ ਦੀ ਤਰ੍ਹਾਂ ਹੀ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਛੁੱਟੀ ਵਾਲੇ ਦਿਨਾਂ ਤੋਂ ਇਲਾਵਾ ਰੋਜ਼ਾਨਾ ਖੁੱਲ੍ਹੇਗਾ। ਉਨ੍ਹਾ ਕਿਹਾ ਕਿ ਇਲਾਕੇ ਦੇ ਲੋਕ ਆਪਣੇ ਕੰਮ ਕਰਵਾਉਣ ਲਈ ਸਿਟੀ ਇੰਨਕਲੇਵ ਦਫ਼ਤਰ 'ਚ ਆਉਣ। ਇਸ ਮੌਕੇ ਗੋਪੀ ਸ਼ਰਮਾ, ਕਮਲਜੀਤ ਸਿੰਘ ਕਮਾਲਪੁਰਾ, ਸਰਪੰਚ ਸੁਰਜੀਤ ਸਿੰਘ ਜਨੇਤਪੁਰਾ, ਗੁਰਪ੍ਰੀਤ ਸਿੰਘ ਨੋਨੀ, ਕੌਂਸਲਰ ਅਮਰਜੀਤ ਸਿੰਘ ਮਾਲਵਾ, ਕੌਂਸਲਰ ਜਗਜੀਤ ਸਿੰਘ ਜੱਗੀ, ਕੌਂਸਲਰ ਰਾਜ ਭਾਰਦਵਾਜ, ਕੌਂਸਲਰ ਅਮਰਨਾਥ ਕਲਿਆਣ, ਡਾ. ਮਨਦੀਪ ਸਿੰਘ ਸਰਾਂ, ਕਾਕਾ ਕੋਠੇ ਅੱਠ ਚੱਕ, ਅਮਰਦੀਪ ਸਿੰਘ ਟੂਰੇ, ਹਰਪ੍ਰੀਤ ਸਿੰਘ ਮਾਣੂੰਕੇ, ਮੁਖਤਿਆਰ ਸਿੰਘ ਮਾਣੂੰਕੇ, ਕਰਮਜੀਤ ਸਿੰਘ ਡੱਲਾ, ਪਾਲੀ ਸਿੱਧੂ ਡੱਲਾ, ਡਾ. ਅਸ਼ਵਨੀ ਕੁਮਾਰ, ਸੁਖਦੇਵ ਸਿੰਘ ਕਾਉਂਕੇ, ਗੁਰਪ੍ਰੀਤ ਸਿੰਘ ਡਾਂਗੀਆਂ, ਅਵਤਾਰ ਸਿੰਘ ਤਿਹਾੜਾ, ਇੰਦਰਜੀਤ ਸਿੰਘ ਲੰਮੇ, ਜੀਵਨ ਸਿੰਘ ਦੇਹੜਕਾ, ਸੋਨੀ ਕਾਉਂਕੇ, ਗੁਰਦੇਵ ਸਿੰਘ ਬਾਰਦੇਕੇ, ਹਰਬੰਸ ਸਿੰਘ ਕੋਠੇ ਹਰੀ ਸਿੰਘ, ਬਲਦੇਵ ਸਿੰਘ, ਲਖਵੀਰ ਸਿੰਘ ਲੱਖਾ, ਜੱਗੀ ਡਾਂਗੀਆਂ, ਸੁਭਾਸ਼ ਕੁਮਾਰ ਤੇ ਸਾਜਨ ਮਲਹੋਤਰਾ ਆਦਿ ਹਾਜ਼ਰ ਸਨ।

# ਪ੍ਰਸ਼ਾਸਨਿਕ ਅਣਗਹਿਲੀ ਕਾਰਨ ਸ਼ਹਿਰ ਕਾਦੀਆਂ ਹੋਇਆ ਜਲਮਗਨ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਸਵੇਰ ਤੋਂ ਸ਼ੁਰੂ ਹੋਈ ਬਾਰਿਸ਼ ਨਾਲ ਨਜਿੱਠਣ ਲਈ ਨਗਰ ਕੌਂਸਲ ਕਾਦੀਆਂ ਦੀਆਂ ਤਿਆਰੀਆਂ ਦੀ ਪੋਲ ਖੁੱਲ੍ਹ ਗਈ। ਜ਼ਿਕਰਯੋਗ ਹੈ ਕਿ ਅਕਸਰ ਹੀ ਸਾਵਣ ਦੇ ਮਹੀਨੇ ਤੋਂ ਪਹਿਲਾਂ ਨਗਰ ਕੌਂਸਲ ਵੱਲੋਂ ਨਾਲੀਆਂ ਅਤੇ ਗਲੀਆਂ ਦੀ ਸਾਫ ਸਫਾਈ ਕਰਵਾਈ ਜਾਂਦੀ ਹੈ ਤਾਂ ਜੋ ਪਾਣੀ ਖੜ੍ਹਾ ਨਾ ਹੋਵੇ ਪਰ ਇਸ ਵਾਰ ਅੱਜ ਸਵੇਰੇ ਜਿਵੇਂ ਹੀ ਮੀਂਹ ਸ਼ੁਰੂ ਹੋਇਆ ਤਾਂ ਨਾਲੀਆਂ, ਗਲੀਆਂ ਅਤੇ ਬਾਜ਼ਾਰਾਂ ਨੇ ਛੱਪੜ ਦਾ ਰੂਪ ਧਾਰਨ ਕਰ ਲਿਆ ਹੈ। ਜ਼ਿਕਰਯੋਗ ਹੈ ਕਿ ਸ਼ਹਿਰ ਵਿੱਚ ਪਾਣੀ ਜਮ੍ਹਾ ਹੋਣ ਦਾ ਮੁੱਖ ਕਾਰਨ ਡਰੇਨਾਂ ਦੀ ਸਹੀ ਢੰਗ ਨਾਲ ਸਫਾਈ ਨਾ ਹੋਣਾ ਹੈ। ਇੰਨਾ ਹੀ ਨਹੀਂ, ਕੂੜੇ ਦੇ ਵੱਡੇ-ਵੱਡੇ ਢੇਰ ਵੀ ਪਾਣੀ ਨੂੰ ਸਟੋਰ ਕਰਨ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ ਕਿਉਂਕਿ ਨਾਲੇ ਦੀ ਸਫਾਈ ਵੀ ਟਾਈਮ ਨਾਲ ਨਹੀਂ ਕਰਵਾਈ ਜਾਂਦੀ ਜਿਸ ਦਾ ਖਾਮਿਆਜ਼ਾ ਲੋਕਾਂ ਨੂੰ ਭੁਗਤਣਾ ਪੈਂਦਾ ਹੈ। ਪ੍ਰਸ਼ਾਸਨ ਦੀ ਇਸ ਤਰ੍ਹਾਂ ਦੀ ਲਾਪਰਵਾਹੀ ਨਾਲ ਆਮ ਲੋਕਾਂ ਨੂੰ ਭਾਰੀ ਨੁਕਸਾਨ ਹੁੰਦਾ ਹੈ। ਕਸਬੇ ਨਾਲ ਸਬੰਧਤ ਦੋ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਅਤੇ ਸਾਬਕਾ ਕੈਬਨਿਟ ਮੰਤਰੀ ਕਾਦੀਆਂ ਸ਼ਹਿਰ ਨਾਲ ਸਬੰਧਤ ਹਨ। ਵਿਕਾਸ ਦੀ ਗੱਲ ਕਰੀਏ ਤਾਂ ਹਾਲਤ ਤਰਸਯੋਗ ਨਜ਼ਰ ਆਉਂਦੀ ਹੈ। ਜਿਹੜੇ ਆਗੂ ਸਟੇਜਾਂ 'ਤੇ ਵੱਡੀਆਂ-ਵੱਡੀਆਂ ਗੱਲਾਂ ਕਰਕੇ ਵੋਟਰਾਂ ਨੂੰ ਲੁਭਾਉਣ 'ਚ ਲੱਗੇ ਹੋਏ ਹਨ, ਉਨ੍ਹਾਂ ਨੂੰ ਆਪਣੇ ਸ਼ਹਿਰ ਦੀ ਬਦਤਰ ਹਾਲਤ ਪਤਾ ਨਹੀਂ ਕਿਓਂ ਨਜ਼ਰ ਨਹੀਂ ਆ ਰਹੀ। ਮੀਂਹ ਵਿੱਚ ਪਾਣੀ ਨਾਲ ਭਰੀਆਂ ਸੜਕਾਂ, ਗਲੀਆਂ ਵਿੱਚ ਪਏ ਟੋਏ ਪਿਛਲੀਆਂ ਸਰਕਾਰਾਂ ਦੀ ਬਦਨੀਤੀ ਦੀ ਜਿਊਂਦੀ ਜਾਗਦੀ ਮਿਸਾਲ ਹਨ।

# ਸਿਵਲ ਸਰਜਨ ਦੇ ਭਰੋਸੇ ਤੋਂ ਬਾਅਦ ਹੜਤਾਲੀ ਮੁਲਾਜ਼ਮਾਂ ਵੱਲੋਂ ਧਰਨਾ ਮੁਲਤਵੀ



ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਬੀਤੇ ਦਿਨਾਂ ਤੋਂ ਤਾਲਮੇਲ ਕਮੇਟੀ ਪੈਰਾ ਮੈਡੀਕਲ ਸਟਾਫ ਤੇ ਸਿਹਤ ਵਿਭਾਗ ਦੇ ਕਰਮਚਾਰੀਆਂ ਤੇ ਠੇਕਾ ਆਧਾਰਤ ਮੁਲਾਜ਼ਮਾਂ ਵੱਲੋਂ ਬੀਤੇ 6-7 ਮਹੀਨਿਆਂ ਤੋਂ ਤਨਖਾਹਾਂ ਨਾ ਮਿਲਣ ਕਾਰਨ ਭੁੱਖ ਹੜਤਾਲ ਕੀਤੀ ਗਈ। ਮੁਲਾਜ਼ਮਾਂ ਵੱਲੋਂ ਕੀਤੀ ਭੁੱਖ ਹੜਤਾਲ ਦੇ ਮੁੱਦੇ ਨੂੰ ਨਵਾਂ ਜ਼ਮਾਨਾ ਅਖਬਾਰ ਵੱਲੋਂ ਬੜੀ ਪ੍ਰਮੁੱਖਤਾ ਨਾਲ ਛਾਪਿਆ ਗਿਆ ਸੀ। ਸਿਵਲ ਸਰਜਨ ਗੁਰਪ੍ਰੀਤ ਸਿੰਘ ਰਾਏ ਹੜਤਾਲੀ ਮੁਲਾਜ਼ਮਾਂ ਦੀਆਂ ਮੁਸ਼ਕਿਲਾਂ ਨੂੰ ਮੁੱਖ ਰੱਖਦੇ ਹੋਏ ਸਿਵਲ ਹਸਪਤਾਲ ਪੱਟੀ ਹੜਤਾਲੀ ਕਰਮਚਾਰੀਆਂ ਕੋਲ ਪੁੱਜੇ। ਉਨ੍ਹਾਂ ਨੇ ਹੜਤਾਲੀ ਮੁਲਾਜ਼ਮਾਂ ਵਿੱਚ ਬੈਠ ਕੇ ਉਨ੍ਹਾਂ ਦੀਆਂ ਮੰਗਾਂ ਸਬੰਧੀ ਗੱਲਬਾਤ ਸੁਖਾਵੇਂ ਮਾਹੌਲ ਵਿਚ ਹੋਈ। ਕਰਮਚਾਰੀਆਂ ਵੱਲੋਂ ਤਨਖਾਹਾਂ ਨਾ ਮਿਲਣ ਕਰਕੇ ਸਿਹਤ ਵਰਕਰਾਂ ਨਾਲ ਉਨ੍ਹਾਂ ਹਮਦਰਦੀ ਪ੍ਰਗਟ ਕਰਦਿਆਂ ਜਥੇਬੰਦੀ ਦੇ ਆਗੂਆਂ ਨਾਲ ਵਿਚਾਰ ਕਰਨ ਉਪਰੰਤ ਤਨਖਾਹਾਂ ਅਗਲੇ ਹਫਤੇ ਜਾਰੀ ਕਰਨ ਦੇ ਵਿਸ਼ਵਾਸ ਦਿਵਾਉਣ ਉਪਰੰਤ ਧਰਨਾ ਮੁਲਤਵੀ ਕਰ ਦਿੱਤਾ ਗਿਆ।

ਇਹ ਫੈਸਲਾ ਹੋਇਆ ਕਿ ਵਰਕਰਾਂ ਦਾ ਈਪੀਐੱਫ ਨੰਬਰ ਵੀ ਉਨ੍ਹਾਂ ਨੂੰ ਦਿੱਤਾ ਜਾਵੇਗਾ। ਈਪੀਐੱਫ ਕਿੰਨਾ ਕੱਟਿਆ ਜਾਂਦਾ ਹੈ ਉਹ ਵੀ ਦੱਸਿਆ ਜਾਵੇਗਾ। ਸਿਵਲ ਸਰਜਨ ਨੇ ਵਿਸ਼ਵਾਸ ਦਿਵਾਇਆ ਕਿ ਜਿਹੜੇ ਵਰਕਰ ਕੰਮ ਤੋਂ ਹਟਾਏ ਉਹ ਵੀ ਬਹਾਲ ਕੀਤੇ ਜਾਣਗੇ। ਤਨਖਾਹਾਂ ਦੇਣ ਦਾ ਰੈਗੂਲਰ ਪ੍ਰਬੰਧ ਕੀਤਾ ਜਾਵੇਗਾ। ਆਗੂਆਂ ਨੇ ਦੱਸਿਆ ਕਿ ਜੇਕਰ ਮੰਨੀਆਂ ਮੰਗਾਂ ਨੂੰ ਸਿਹਤ ਵਿਭਾਗ ਦੇ ਅਧਿਕਾਰੀਆਂ ਵੱਲੋਂ ਲਾਗੂ ਨਹੀਂ ਕੀਤਾ ਜਾਂਦਾ ਤਾਂ ਫਿਰ ਸੰਘਰਸ਼ ਵਿੱਢਣ ਤੋਂ ਗੁਰੇਜ਼ ਨਹੀਂ ਕੀਤਾ ਜਾਵੇਗਾ ਜਿਸਦੀ ਜ਼ਿੰਮੇਵਾਰੀ ਸਿਹਤ ਵਿਭਾਗ ਤੇ ਸੂਬਾ ਸਰਕਾਰ ਦੀ ਹੋਵੇਗੀ। ਇਸ ਮੌਕੇ ਕਨਵੀਨਰ ਬਲਜੀਤ ਕੌਰ ਤਾਲਮੇਲ ਕਮੇਟੀ ਪੈਰਾ ਮੈਡੀਕਲ ਅਤੇ ਹੈਲਥ ਇੰਪਲਾਈਜ਼ ਪੰਜਾਬ ਜ਼ਿਲਾ ਤਰਨਤਾਰਨ ਦੇ ਕਨਵੀਨਰ ਸਰਬਜੀਤ ਸਿੰਘ, ਪ੍ਰੈੱਸ ਸਕੱਤਰ ਧਰਮਿੰਦਰ ਸਿੰਘ ਰਟੌਲ, ਡਰਾਇਵਰ ਯੂਨੀਅਨ ਦੇ ਪ੍ਰਧਾਨ ਪ੍ਰਗਟ ਸਿੰਘ, ਜਨਤਕ ਜਥੇਬੰਦੀਆਂ ਦੇ ਕਨਵੀਨਰ ਧਰਮ ਸਿੰਘ ਪੱਟੀ, ਇਸਤਰੀ ਮੁਕਤੀ ਮੋਰਚੇ ਦੀ ਆਗੂ ਨਰਿੰਦਰ ਕੌਰ, ਪੈਨਸ਼ਨਰ ਯੂਨੀਅਨ ਦੇ ਆਗੂ ਜਗਤਾਰ ਸਿੰਘ ਆਸਲ ਨੇ ਗੱਲਬਾਤ ਵਿਚ ਹਿੱਸਾ ਲਿਆ। ਇਸ ਮੌਕੇ ਕੰਵਲਜੀਤ ਕੌਰ, ਰਾਜ ਕੌਰ ਮਨੀ, ਮਨਜੀਤ ਕੌਰ, ਸੰਦੀਪ ਕੌਰ ਜੋਸ਼ੀ, ਸੋਨੂੰ ਗਿੱਲ, ਅੰਗਰੇਜ਼ ਸਿੰਘ, ਰਾਜ ਕੁਮਾਰ, ਪਵਨਦੀਪ ਕੌਰ, ਬਲਵਿੰਦਰ ਪਾਲ ਸਿੰਘ, ਰਾਜੀਵ ਕੁਮਾਰ ਅਤੇ ਜਗਰੂਪ ਕੌਰ ਆਦਿ ਹਾਜ਼ਰ ਸਨ।

# ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਪਿੰਡਾਂ 'ਚ ਲਗਾਏ ਜਾਣਗੇ ਸੁਵਿਧਾ ਕੈਂਪ : ਡੀ ਸੀ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)-ਡਾ. ਰੂਹੀ ਦੁੱਗ ਡਿਪਟੀ ਕਮਿਸ਼ਨਰ ਸ੍ਰੀ ਮੁਕਤਸਰ ਸਾਹਿਬ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਲੋਕ ਭਲਾਈ ਸਕੀਮਾਂ ਨੂੰ ਸੁਚਾਰੂ ਢੰਗ ਨਾਲ ਲਾਗੂ ਕਰਨ ਦੇ ਮੰਤਵ ਨਾਲ ਸ੍ਰੀ ਮੁਕਤਸਰ ਸਾਹਿਬ, ਮਲੋਟ ਤੇ ਗਿੱਦੜਬਾਹਾ ਬਲਾਕ ਦੇ ਪਿੰਡਾਂ ਵਿੱਚ 10 ਜੁਲਾਈ ਤੋਂ 31 ਜੁਲਾਈ 2023 ਤੱਕ ਸਮਾਂ ਬਾਅਦ ਦੁਪਹਿਰ 1 ਵਜੇ ਤੋਂ 2 ਵਜੇ ਤੱਕ ਲੋਕਾਂ ਦੀਆਂ ਸਮੱਸਿਆਵਾਂ ਸੁਣਨ ਲਈ ਪ੍ਰੋਗਰਾਮ ਉਲੀਕਿਆ ਗਿਆ ਹੈ। ਉਨ੍ਹਾ ਦੱਸਿਆ ਕਿ ਇਸ ਸ਼ਡਿਊਲ ਅਨੁਸਾਰ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਖੁਦ ਮੌਕੇ 'ਤੇ ਪਹੁੰਚ ਕੇ ਪਿੰਡਾਂ ਦੇ ਲੋਕਾਂ ਦੀਆਂ ਸ਼ਿਕਾਇਤਾਂ ਸੁਣਨ ਉਪਰੰਤ ਜਲਦ ਤੋਂ ਜਲਦ ਹੱਲ ਕਰਵਾਉਣ ਦੇ ਪਾਬੰਦ ਹੋਣਗੇ। ਉਲੀਕੇ ਗਏ ਪ੍ਰੋਗਰਾਮ ਅਨੁਸਾਰ ਡਿਪਟੀ ਕਮਿਸ਼ਨਰ ਖੁਦ 11 ਜੁਲਾਈ ਨੂੰ ਮਲੋਟ ਦੇ ਪਿੰਡ ਝੋਰੜ ਤੇ ਨੇੜਲੇ ਪਿੰਡ ਰਾਮ ਨਗਰ ਸੌਂਕੇ, ਢਾਣੀ ਸੁੱਚਾ ਸਿੰਘ ਤੇ ਢਾਣੀ ਥਾਣਾ ਸਿੰਘ ਦੇ ਵਸਨੀਕਾਂ ਦੀਆਂ ਸਮੱਸਿਆਵਾਂ ਸੁਣਨਗੇ। ਇਸੇ ਤਰ੍ਹਾਂ 19 ਜੁਲਾਈ ਨੂੰ ਮਲੋਟ ਦੇ ਪਿੰਡ ਸ਼ਾਮਕੋਟ ਵਿਖੇ ਤੇ ਪਿੰਡ ਢਾਣੀ ਬਰਕੀ ਅਤੇ ਢਾਣੀ ਕੁੰਦਨ ਸਿੰਘ ਦੇ ਵਸਨੀਕਾਂ ਦੀਆਂ ਸਮੱਸਿਆਵਾਂ ਸੁਣਨਗੇ, 26 ਜੁਲਾਈ ਨੂੰ ਗਿੱਦੜਬਾਹਾ ਦੇ ਪਿੰਡ ਬੁੱਟਰ ਬਖੂਹਾ ਤੇ ਨੇੜਲੇ ਪਿੰਡ ਬਬਾਣੀਆਂ, ਮਧੀਰ ਦੇ ਵਸਨੀਕਾਂ ਦੀਆਂ ਸਮੱਸਿਆਵਾਂ ਸੁਣਨਗੇ। ਏ.ਡੀ.ਸੀ. ਜਨਰਲ ਵੱਲੋਂ 12 ਜੁਲਾਈ ਨੂੰ ਪਿੰਡ ਲੰਬੀ ਢਾਬ ਤੇ ਨੇੜਲੇ ਪਿੰਡ ਕੋਟਲੀ ਦੇਵਨ, ਗੁਲਾਬੇਵਾਲਾ ਵਿਖੇ ਪਹੁੰਚ ਕੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਜਾਣਗੀਆਂ। ਇਸੇ ਲੜੀ ਤਹਿਤ 20 ਜੁਲਾਈ ਨੂੰ ਗਿੱਦੜਬਾਹਾ ਦੇ ਪਿੰਡ ਸੌਥਾ ਵਿਖੇ ਤੇ ਗਿਲਜੇਵਾਲਾ, ਚੱਕ ਗਿਲਜੇਵਾਲਾ ਦੇ ਵਸਨੀਕਾਂ ਦੀਆਂ ਸਮੱਸਿਆਵਾਂ ਸੁਣਨਗੇ ਅਤੇ 31 ਜੁਲਾਈ ਨੂੰ ਗਿੱਦੜਬਾਹਾ ਦੇ ਪਿੰਡ ਕੋਠੇ ਹਜ਼ੂਰਾ ਸਿੰਘ ਵਾਲਾ ਤੇ ਨੇੜਲੇ ਪਿੰਡ ਕੋਠੇ ਢਾਬਾ ਵਾਲੇ, ਕੋਠੇ ਚਿੱਦਿਆਂ ਵਾਲੇ ਦੇ ਵਸਨੀਕਾਂ ਦੀਆਂ ਸਮੱਸਿਆਵਾਂ ਸੁਣਨਗੇ।

ਐੱਸ.ਡੀ.ਐੱਮ. ਸ੍ਰੀ ਮੁਕਤਸਰ ਸਾਹਿਬ ਵੱਲੋਂ 14 ਜੁਲਾਈ ਨੂੰ ਸ੍ਰੀ ਮੁਕਤਸਰ ਸਾਹਿਬ ਦੇ ਪਿੰਡ ਭੰਗਚੜ੍ਹੀ ਤੇ ਨੜਲੇ ਪਿੰਡ ਮਹਾਂਬੱਧਰ, ਦਬੜਾ ਅਤੇ 17 ਜੁਲਾਈ ਨੂੰ ਪਿੰਡ ਮੋਤਲੇ ਵਾਲਾ ਤੇ ਨੇੜਲੇ ਪਿੰਡ ਚੱਕ ਮੋਤਲੇ ਵਾਲਾ, ਮਰਾੜ੍ਹ ਕਲਾਂ ਅਤੇ 21 ਜੁਲਾਈ ਨੂੰ ਪਿੰਡ ਡੋਡਾ ਵਾਲੀ ਤੇ ਨੇੜਲੇ ਪਿੰਡ ਝਬੇਲ ਵਾਲੀ, ਤਖਤ ਮੁਲਾਨਾ ਦੇ ਵਸਨੀਕਾਂ ਦੀਆਂ ਸਮੱਸਿਆਵਾਂ ਸੁਣਨਗੇ। ਐੱਸ.ਡੀ.ਐੱਮ. ਗਿੱਦੜਬਾਹਾ ਵੱਲੋਂ 13 ਜੁਲਾਈ ਨੂੰ ਗਿੱਦੜਬਾਹਾ ਦੇ ਪਿੰਡ ਛੱਤੇਆਣਾ ਤੇ ਨੇੜਲੇ ਪਿੰਡ ਰਖਾਲਾ, ਸਮਾਘ ਦੇ ਲੋਕਾਂ ਦੀਆਂ ਸ਼ਿਕਾਇਤਾਂ ਤੇ ਸਮੱਸਿਆਵਾਂ ਸੁਣਨਗੇ। ਇਸ ਤੋਂ ਬਾਅਦ 24 ਜੁਲਾਈ ਨੂੰ ਗਿੱਦੜਬਾਹਾ ਦੇ ਪਿੰਡ ਕਰਾਈਵਾਲਾ ਤੇ ਨੇੜਲੇ ਪਿੰਡ ਬਾਦੀਆਂ, ਖੁੰਨਣ ਖੁਰਦ ਵਿਖੇ ਲੋਕਾਂ ਦੀਆ ਸਮੱਸਿਆਵਾਂ ਸੁਣਨਗੇ। ਇਸੇ ਤਰ੍ਹਾਂ ਐੱਸ.ਡੀ.ਐੱਮ. ਮਲੋਟ 25 ਜੁਲਾਈ ਨੂੰ ਮਲੋਟ ਦੇ ਪਿੰਡ ਕਰਮਗੜ੍ਹ ਤੇ ਨਾਲ ਲਗਦੇ ਪਿੰਡ ਢਾਣੀ ਨੱਥਾ ਸਿੰਘ, ਸਰਾਵਾਂ ਬੋਦਲਾ ਵਿਖੇ ਲੋਕਾਂ ਦੀ ਸਮੱਸਿਆਵਾਂ ਸੁਣਨਗੇ।

ਇਸੇ ਲੜੀ ਤਹਿਤ ਜ਼ਿਲ੍ਹਾ ਮਾਲ ਅਫਸਰ ਵੱਲੋਂ 18 ਜੁਲਾਈ ਨੂੰ ਗਿੱਦੜਬਾਹਾ ਦੇ ਪਿੰਡ ਥੇਹੜੀ ਤੇ ਨਾਲ ਲਗਦੇ ਪਿੰਡ ਫੱਕਰਸਰ, ਘੱਗਾ ਦੇ ਵਸਨੀਕਾਂ ਦੀਆਂ ਸਮੱਸਿਆਵਾਂ ਸੁਣਨ ਲਈ ਪਹੁੰਚਣਗੇ। ਜ਼ਿਲ੍ਹਾ ਮਾਲ ਅਫਸਰ ਵੱਲੋਂ 28 ਜੁਲਾਈ ਨੂੰ ਮਲੋਟ ਦੇ ਪਿੰਡ ਛਾਪਿਆਂਵਾਲੀ ਤੇ ਨੇੜਲੇ ਪਿੰਡ ਬੁਰਜ ਸਿੱਧਵਾਂ, ਕੌਲਿਆਂਵਾਲੀ ਦੇ ਵਸਨੀਕਾਂ ਦੀਆਂ ਸਮੱਸਿਆਵਾਂ ਸੁਣਨ ਲਈ ਪਹੁੰਚਣਗੇ। 10 ਜੁਲਾਈ ਨੂੰ ਡੀ.ਡੀ.ਪੀ.ਓ. ਪਿੰਡ ਚੱਕ ਅਟਾਰੀ ਸਦਰਵਾਲਾ ਤੇ ਨੇੜਲੇ ਪਿੰਡ ਵਧਾਈ, ਸਦਰ ਵਾਲਾ ਵਿਖੇ ਅਤੇ 27 ਜੁਲਾਈ ਨੂੰ ਪਿੰਡ ਥਾਂਦੇਵਾਲਾ ਤੇ ਨੇੜਲੇ ਪਿੰਡ ਕੋਟਲੀ ਸੰਘਰ, ਬਸਤੀ ਮੱਲ ਸਿੰਘ, ਦਸ਼ਮੇਸ਼ ਨਗਰ ਵਿਖੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਸੁਣਨਗੇ।

# ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਪ੍ਰਕਾਸ਼ ਪੁਰਬ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ



ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)-ਜਾਣਕਾਰੀ ਦਿੰਦੇ ਹੋਏ ਬਾਬਾ ਕਲਵਿੰਦਰ ਸਿੰਘ ਨੇ ਦੱਸਿਆ ਕੇ ਪਿੰਡ ਪੰਜਵੜ ਵਿਖੇ ਮੀਰੀ ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਮੁੱਖ ਰੱਖਦਿਆਂ ਪਿੰਡ ਪੰਜਵੜ ਦੀ ਸੰਗਤ ਤੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਅਤੇ ਬਾਬਾ ਕਲਵਿੰਦਰ ਸਿੰਘ ਤੇ ਭਾਈ ਪਰਮਪਾਲ ਸਿੰਘ ਯੂਐਸਏ ਦੇ ਸਹਿਯੋਗ ਨਾਲ ਸ਼ਨੀਵਾਰ ਨੂੰ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਬੜੀ ਸ਼ਰਧਾਪੂਰਵਕ ਮਨਾਇਆ ਗਿਆ। ਸਵੇਰੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ। ਭੋਗ ਤੋਂ ਉਪਰੰਤ ਧਾਰਮਿਕ ਦਿਵਾਨ ਸਜਾਏ ਗਏ ਜਿਸ ਵਿੱਚ ਰਾਗੀ ਭਾਈ ਜੋਗਿੰਦਰ ਸਿੰਘ ਛੇਹਰਟਾ ਸਾਹਿਬ, ਭਾਈ ਸੁਰਜੀਤ ਸਿੰਘ ਛੇਹਰਟਾ ਸਾਹਿਬ ਵਾਲੇ, ਭਾਈ ਦਵਿੰਦਰ ਸਿੰਘ ਚੈਨਪੁਰ ਵਾਲੇ ਅਤੇ ਬਾਬਾ ਕਲਵਿੰਦਰ ਸਿੰਘ ਨੇ ਗੁਰੂ ਜਸ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਸਾਲਾਨਾ ਸਮਾਗਮ ਵਿੱਚ ਉਚੇਚੇ ਤੌਰ ਤੇ ਅੰਮ੍ਰਿਤਸਰ (ਛੇਹਰਟਾ) ਤੋਂ ਚੇਅਰਮੈਨ ਓਮ ਪ੍ਰਕਾਸ਼ ਗੱਬਰ ਨੇ ਪਹੁੰਚ ਕੇ ਹਾਜ਼ਰੀ ਭਰੀ। ਸਾਰਾ ਦਿਨ ਪੈਂਦੀ ਰਹੀ ਬਾਰਿਸ਼ ਦੇ ਮੌਸਮ ਵਿੱਚ ਬੀਬੀ ਰਾਜਬੀਰ ਕੌਰ ਵੱਲੋਂ ਲੰਗਰ ਦੀ ਸੇਵਾ ਨਿਭਾਈ ਗਈ ਤੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਸ਼ਾਮ ਦੇ ਟਾਈਮ ਨਿਹੰਗ ਸਿੰਘਾਂ ਵੱਲੋਂ ਗੱਤਕੇ ਦੇ ਜੌਹਰ ਵਿਖਾਏ ਗਏ। ਬਾਬਾ ਕੁਲਵਿੰਦਰ ਸਿੰਘ ਵੱਲੋਂ ਗੱਤਕੇ ਵਾਲੀ ਪਾਰਟੀ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ। ਬਾਬਾ ਜੀ ਵੱਲੋਂ ਹੋਰ ਵੀ ਦੂਰੋਂ ਨੇੜਿਉਂ ਪਹੁੰਚੀ ਸੰਗਤ ਨੂੰ ਸਨਮਾਨਤ ਕੀਤਾ ਤੇ ਜੀ ਆਇਆਂ ਆਖਿਆ ਗਿਆ। ਇਸ ਮੌਕੇ ਬਾਬਾ ਕੁਲਵਿੰਦਰ ਸਿੰਘ ਤੋਂ ਇਲਾਵਾ ਇੰਸ ਸੁਖਦੇਵ ਸਿੰਘ ਬੋਪਾਰਾਏ, ਬਲਵਿੰਦਰ ਸਿੰਘ, ਰਿੰਪਲ ਸਿੰਘ, ਦਾਨ ਸਿੰਘ, ਕਾਰਜ ਸਿੰਘ, ਬੀਬੀ ਰਾਜਬੀਰ ਕੌਰ, ਨਿਹੰਗ ਮਨਜੀਤ ਸਿੰਘ, ਕੁਲਦੀਪ ਸਿੰਘ, ਕੈਪਟਨ ਸਿੰਘ, ਨਿਹੰਗ ਸੁਖਦੇਵ ਸਿੰਘ, ਨਿਹੰਗ ਗਗਨਦੀਪ ਸਿੰਘ ਅਤੇ ਹੋਰ ਸੇਵਾਦਾਰ ਸੰਗਤਾਂ ਹਾਜ਼ਰ ਸਨ।

# ਸਿੰਘ ਸਭਾ ਲਹਿਰ ਦੀ ਸਥਾਪਨਾ ਦੇ 150 ਸਾਲ ਪੂਰੇ ਹੋਣ 'ਤੇ ਕੀਤੇ ਜਾਣਗੇ ਵਿਸ਼ੇਸ਼ ਗੁਰਮਤਿ ਸਮਾਗਮ: ਧਾਮੀ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਧਰਮ ਪ੍ਰਚਾਰ ਕਮੇਟੀ ਦੀ ਇਕੱਤਰਤਾ ਦੌਰਾਨ ਸਿੰਘ ਸਭਾ ਲਹਿਰ ਦੀ ਆਰੰਭਤਾ ਦੇ 150 ਸਾਲ ਪੂਰੇ ਹੋਣ 'ਤੇ ਵਿਸ਼ੇਸ਼ ਗੁਰਮਤਿ ਸਮਾਗਮ ਕਰਨ ਦਾ ਫੈਸਲਾ ਕੀਤਾ ਗਿਆ। ਇਥੇ ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਹੋਈ ਇਸ ਇਕੱਤਰਤਾ 'ਚ ਧਰਮ ਪ੍ਰਚਾਰ ਲਹਿਰ ਨੂੰ ਹੋਰ ਪ੍ਰਚੰਡ ਕਰਨ ਬਾਰੇ ਵੀ ਵਿਚਾਰਾਂ ਹੋਈਆਂ। ਐਡਵੋਕੇਟ ਧਾਮੀ ਨੇ ਇਕੱਤਰਤਾ ਮਗਰੋਂ ਦੱਸਿਆ ਕਿ ਸਿੰਘ ਸਭਾ ਲਹਿਰ ਨੇ ਸਿੱਖ ਸਮਾਜ ਅੰਦਰ ਧਾਰਮਿਕ ਚੇਤਨਾ ਫੈਲਾਉਣ ਦੇ ਨਾਲ-ਨਾਲ ਸਿੱਖ ਵਿਰੋਧੀ ਚਾਲਾਂ ਨੂੰ ਵੀ ਰੋਕਿਆ ਸੀ। 1 ਅਕਤੂਬਰ 1873 ਨੂੰ ਸ੍ਰੀ ਅੰਮ੍ਰਿਤਸਰ ਵਿਖੇ ਸ੍ਰੀ ਗੁਰੂ ਸਿੰਘ ਸਭਾ ਦੀ ਉਦਘਾਟਨੀ ਇਕੱਤਰਤਾ ਹੋਈ ਸੀ, ਜਿਸ ਦਾ 150 ਸਾਲਾ 1 ਅਕਤੂਬਰ 2023 ਨੂੰ ਮਨਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਸਿੱਖੀ ਪ੍ਰਚਾਰ ਲਈ ਕਾਰਜਸ਼ੀਲ ਵੱਖ-ਵੱਖ ਸੰਸਥਾਵਾਂ ਅਤੇ ਦੀਵਾਨ ਕੌਮ ਦੇ ਮਹੱਤਵਪੂਰਨ ਅੰਗ ਹਨ, ਜਿਨ੍ਹਾਂ ਦੇ ਸਹਿਯੋਗ ਨਾਲ ਧਰਮ ਪ੍ਰਚਾਰ ਅੱਗੇ ਵਧਾਇਆ ਜਾਵੇਗਾ। ਸਿੰਘ ਸਭਾਵਾਂ ਦੇ ਸਹਿਯੋਗ ਨਾਲ 150 ਸਾਲਾ ਸਮਾਗਮ ਚੜ੍ਹਦੀ ਕਲਾ ਵਿਚ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਇਸ ਸਬੰਧ ਵਿਚ ਇਕ ਸਬ-ਕਮੇਟੀ ਗਠਤ ਕੀਤੀ ਜਾਵੇਗੀ, ਜੋ ਸਮਾਗਮਾਂ ਦੀ ਰੂਪ ਰੇਖਾ ਤਿਆਰ ਕਰੇਗੀ। ਧਰਮ ਪ੍ਰਚਾਰ ਕਮੇਟੀ ਦੀ ਇਕੱਤਰਤਾ ਦੌਰਾਨ ਵੱਖ-ਵੱਖ ਜ਼ੋਨਾਂ ਵਿਚ ਕੀਤੇ ਜਾ ਰਹੇ ਧਰਮ ਪ੍ਰਚਾਰ ਕਾਰਜਾਂ ਦੀ ਸਮੀਖਿਆ ਵੀ ਕੀਤੀ ਗਈ ਅਤੇ ਭਵਿੱਖ ਅੰਦਰ ਹੋਰ ਤੇਜ਼ੀ ਨਾਲ ਸਿੱਖ ਧਰਮ ਪ੍ਰਤੀ ਜਾਗਰੂਕਤਾ ਫੈਲਾਉਣ ਦਾ ਫੈਸਲਾ ਕੀਤਾ ਗਿਆ।

ਇਕੱਤਰਤਾ 'ਚ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਤੇਜਿੰਦਰਪਾਲ ਸਿੰਘ ਲਾਡਵਾ, ਮਨਜੀਤ ਸਿੰਘ ਬੱਪੀਆਣਾ, ਰਾਮਪਾਲ ਸਿੰਘ ਬਹਿਣੀਵਾਲ, ਹਰਪਾਲ ਸਿੰਘ ਜੱਲ੍ਹਾ, ਓਐਸਡੀ ਸਤਬੀਰ ਸਿੰਘ ਧਾਮੀ, ਸਕੱਤਰ ਬਲਵਿੰਦਰ ਸਿੰਘ ਕਾਹਲਵਾਂ, ਮੀਤ ਸਕੱਤਰ ਪ੍ਰੋ. ਸੁਖਦੇਵ ਸਿੰਘ, ਇੰਚਾਰਜ ਸ. ਮਨਜੀਤ ਸਿੰਘ ਆਦਿ ਮੌਜੂਦ ਸਨ।

# ਘਿਨਾਉਣੇ ਅਪਰਾਧਾਂ 'ਚ ਲੋੜੀਂਦੇ ਦੋ ਭਗੌੜੇ ਕਾਬੂ



ਪਠਾਨਕੋਟ (ਦਵਿੰਦਰ ਸਿੰਘ)-ਪਠਾਨਕੋਟ ਪੁਲਸ ਨੇ ਇੱਕ ਵੱਡੀ ਸਫਲਤਾ ਹਾਸਲ ਕਰਦੇ ਹੋਏ ਜੰਮੂ-ਕਸ਼ਮੀਰ ਦੇ ਰਹਿਣ ਵਾਲੇ ਦੋ ਭਗੌੜੇ ਨੌਜਵਾਨਾਂ ਨੂੰ ਗ੍ਰਿਫਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਇਹ ਵਿਅਕਤੀ ਕਈ ਸਾਲਾਂ ਤੋਂ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਤੋਂ ਬਚ ਰਹੇ ਸਨ ਅਤੇ ਦੋਵੇਂ ਦੋਸ਼ੀਆਂ ਖਿਲਾਫ ਜੰਮੂ-ਕਸ਼ਮੀਰ ਅਤੇ ਪੰਜਾਬ ਵਿੱਚ ਇਕ ਦਰਜਨ ਦੇ ਕਰੀਬ ਪਰਚੇ ਦਰਜ ਸਨ। ਫੜੇ ਗਏ ਭਗੋੜਿਆਂ ਦੀ ਪਛਾਣ ਸ਼ੇਰ ਅਲੀ ਜੋ ਕਿ ਸ਼ੇਰੂ ਵਾਸੀ ਬੇਲੀ ਚਰਨਾ ਜੰਮੂ-ਕਸ਼ਮੀਰ ਵਜੋਂ ਹੋਈ ਹੈ ਜੋ ਕਿ ਹੁਣ ਡੀਡਾ ਸਾਂਸੀਆਂ, ਦੀਨਾਨਗਰ ਗੁਰਦਾਸਪੁਰ ਅਤੇ ਰਾਜ ਬਲੀ ਚਾਰੂ ਵਾਸੀ ਜਰਾਈ, ਕਠੂਆ, ਜੰਮੂ-ਕਸ਼ਮੀਰ ਵਜੋਂ ਹੋਈ ਹੈ।

ਇਸ ਸਫਲ ਆਪ੍ਰੇਸ਼ਨ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਸੀਨੀਅਰ ਕਪਤਾਨ ਪੁਲਸ ਪਠਾਨਕੋਟ ਹਰਕਮਲ ਪ੍ਰੀਤ ਸਿੰਘ ਖੱਖ ਨੇ ਦੱਸਿਆ ਕਿ ਇੰਸਪੈਕਟਰ ਰਾਜੇਸ਼ ਹਸਤੀਰ ਦੀ ਅਗਵਾਈ ਹੇਠ ਇੱਕ ਪੁਲਸ ਟੀਮ ਜਿਸ ਵਿੱਚ ਐਸਆਈ ਰਵਿੰਦਰਪਾਲ ਇੰਚਾਰਜ ਪੀਓ ਸਟਾਫ-1 ਅਤੇ ਐਸਐਚਓ ਸਦਰ, ਪਠਾਨਕੋਟ ਹਰਪ੍ਰੀਤ ਕੌਰ ਬਾਜਵਾ ਸ਼ਾਮਿਲ ਸਨ ਜੋ ਐਸਪੀਡੀ ਦੀ ਨਿਗਰਾਨੀ ਹੇਠ ਕੋਟਲੀ ਪੁਲ, ਪਠਾਨਕੋਟ ਨੇੜੇ ਰੁਟੀਨ ਚੈਕਿੰਗ ਕਰ ਰਹੇ ਸਨ। ਜਦੋਂ ਉਨ੍ਹਾਂ ਨੂੰ ਦੋ ਸ਼ੱਕੀ ਵਿਅਕਤੀ ਮਿਲੇ ਤਦ ਤਲਾਸ਼ੀ ਲੈਣ 'ਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 260 ਗ੍ਰਾਮ ਹੈਰੋਇਨ ਬਰਾਮਦ ਕੀਤੀ। ਇਸ ਤੋਂ ਬਾਅਦ ਦੋਸ਼ੀ ਦੇ ਖਿਲਾਫ ਥਾਣਾ ਸਦਰ ਪਠਾਨਕੋਟ ਵਿਖੇ 21/22 ਐਨਡੀਪੀਐਸ ਐਕਟ ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।

ਹੋਰ ਪੁੱਛ-ਪੜਤਾਲ ਤੋਂ ਪਤਾ ਲੱਗਾ ਕਿ ਮੁਲਜ਼ਮਾਂ ਵਿੱਚੋਂ ਇੱਕ ਰਾਜ ਬਾਲੀ ਨੇ ਗਾਂਧੀ ਨਗਰ, ਜੰਮੂ ਵਿੱਚ ਇੱਕ ਏਟੀਐਮ ਮਸ਼ੀਨ ਨੂੰ ਤੋੜਨ ਦੀ ਗੱਲ ਕਬੂਲੀ ਹੈ। ਫਿਰ ਉਸ ਨੇ ਮਹਿੰਦਰਾ ਬੋਲੈਰੋ ਵਿੱਚ ਮਸ਼ੀਨ ਨੂੰ ਗਾਂਧੀ ਨਗਰ ਤੋਂ 20 ਕਿਲੋਮੀਟਰ ਦੂਰ ਆਪਣੇ ਟਿਕਾਣੇ ਤੱਕ ਪਹੁੰਚਾਇਆ ਸੀ। ਰਾਜ ਬਾਲੀ ਇੱਕ ਆਦਤਨ ਅਪਰਾਧੀ ਹੈ ਜਿਸ ਦੇ ਖਿਲਾਫ ਜੰਮੂ ਅਤੇ ਕਸ਼ਮੀਰ ਦੇ ਵੱਖ-ਵੱਖ ਥਾਣਿਆਂ ਵਿੱਚ ਚੋਰੀ, ਡਕੈਤੀ, ਅਗਵਾ, ਝਗੜਾ ਅਤੇ ਨਸ਼ੀਲੇ ਪਦਾਰਥਾਂ ਨਾਲ ਸਬੰਧਤ ਅਪਰਾਧਾਂ ਸਮੇਤ ਅੱਠ ਅਪਰਾਧਿਕ ਮਾਮਲੇ ਦਰਜ ਹਨ। ਦੂਜਾ ਮੁਲਜ਼ਮ ਸ਼ੇਰ ਅਲੀ ਸਦਰ ਥਾਣਾ ਪਠਾਨਕੋਟ ਵਿਖੇ ਦਰਜ ਅਗਵਾ ਦੇ ਕੇਸ ਵਿੱਚ ਲੋੜੀਂਦਾ ਹੈ। ਉਹ ਧਾਰ ਕਲਾਂ ਪੁਲਸ ਸਟੇਸ਼ਨ, ਪਠਾਨਕੋਟ ਵਿਖੇ ਦਰਜ ਇੱਕ ਬਲਾਤਕਾਰ ਦੇ ਕੇਸ ਅਤੇ ਗੁਰਦਾਸਪੁਰ ਪੁਲਸ ਵਲੋਂ ਦਰਜ ਕੀਤੇ ਨਸ਼ੇ ਦੇ ਕੇਸ ਵਿੱਚ ਵੀ ਲੋੜੀਂਦਾ ਹੈ। ਦੋਵੇਂ ਦੋਸ਼ੀ ਸੰਗੀਨ ਅਪਰਾਧੀ ਅਤੇ ਭਗੌੜੇ ਹਨ, ਜਿਨ੍ਹਾਂ ਦੀ ਗ੍ਰਿਫਤਾਰੀ ਪਠਾਨਕੋਟ ਪੁਲਿਸ ਲਈ ਇੱਕ ਅਹਿਮ ਪ੍ਰਾਪਤੀ ਹੈ। ਖੱਖ ਨੇ ਕਿਹਾ ਕਿ ਫੜੇ ਗਏ ਦੋਸ਼ੀਆਂ ਨੂੰ ਸਥਾਨਕ ਅਦਾਲਤ ਵਿਚ ਪੇਸ਼ ਕੀਤਾ ਜਾਵੇਗਾ।

# ਖ਼ਾਲਸਾ ਕਾਲਜ ਆਫ ਵੈਟਰਨਰੀ ਵਿਖੇ ਸਮਰ ਕੈਂਪ ਆਯੋਜਿਤ



ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ)-ਖ਼ਾਲਸਾ ਕਾਲਜ ਆਫ਼ ਵੈਟਰਨਰੀ ਐਂਡ ਐਨੀਮਲ ਸਾਇੰਸਿਜ਼ ਵਿਖੇ 7 ਰੋਜ਼ਾ ਵਿਸ਼ੇਸ਼ ਐਨ. ਐਸ. ਐਸ. ਸਮਰ ਕੈਂਪ ਲਗਾਇਆ ਗਿਆ। ਕਾਲਜ ਪ੍ਰਿੰਸੀਪਲ ਡਾ. ਹਰੀਸ਼ ਕੁਮਾਰ ਵਰਮਾ ਦੇ ਸਹਿਯੋਗ ਨਾਲ ਲਗਾਏ ਇਸ ਕੈਂਪ 'ਚ ਕਰੀਬ 96 ਐਨ.ਐਸ.ਐਸ. ਵਲੰਟੀਅਰਾਂ ਅਤੇ 12 ਸਪੈਸ਼ਲ ਇਨਵਾਈਟੀਜ਼ ਨੇ ਸ਼ਿਰਕਤ ਕੀਤੀ।

ਇਸ ਪ੍ਰੋਗਰਾਮ ਦਾ ਆਗਾਜ਼ ਵਿਦਿਆਰਥੀਆਂ ਦੁਆਰਾ ਸ਼ਬਦ ਗਾਇਨ ਕਰ ਕੇ ਕੀਤਾ ਗਿਆ। ਇਸ ਉਪਰੰਤ ਮੁੱਖ ਮਹਿਮਾਨ ਡਾ. ਵਰਮਾ ਨੇ ਸ਼ਮ੍ਹਾ ਰੌਸ਼ਨ ਕਰਨ ਦੀ ਰਸਮ ਅਦਾ ਕੀਤੀ। ਇਸ ਮੌਕੇ ਡਾ. ਵਰਮਾ ਨੇ ਪ੍ਰੇਰਿਤ ਕਰਦਿਆਂ ਨੌਜਵਾਨਾਂ 'ਚ ਸਮਾਜਿਕ ਸੇਵਾਵਾਂ ਪ੍ਰਤੀ ਜਾਗਰੂਕਤਾ ਪੈਦਾ ਕਰਨ ਅਤੇ ਜ਼ਰੂਰੀ ਸਮਾਜਿਕ ਕਦਰਾਂ-ਕੀਮਤਾਂ ਨੂੰ ਪੈਦਾ ਕਰਕੇ ਐੱਨ. ਐੱਸ. ਐੱਸ. ਦੀਆਂ ਗਤੀਵਿਧੀਆਂ ਦੀ ਅਨਿੱਖੜਵੀਂ ਭੂਮਿਕਾ 'ਤੇ ਜ਼ੋਰ ਦਿੱਤਾ। ਇਸ ਮੌਕੇ ਕਾਲਜ ਵੀ. ਸੀ. ਸੀ. ਡਾਇਰੈਕਟਰ ਡਾ. ਪੀ. ਐਸ. ਮਾਵੀ ਨੇ 'ਆਪਣੀ ਫੌਜ ਨੂੰ ਜਾਣੋ' ਸਿਰਲੇਖ 'ਤੇ ਭਾਸ਼ਣ ਦਿੰਦਿਆਂ ਮਹਿਲਾ ਐਨ. ਐਸ. ਐਸ. ਵਲੰਟੀਅਰਾਂ ਨੂੰ ਸਰਕਾਰ ਵੱਲੋਂ ਮਾਰਚ 2023 ਤੋਂ ਆਰ. ਵੀ. ਸੀ. 'ਚ ਵੂਮੈਨ ਆਫ਼ੀਸਰਜ਼ ਵਜੋਂ ਮਨਜ਼ੂਰੀ ਬਾਰੇ ਜਾਣਕਾਰੀ ਸਾਂਝੀ ਕੀਤੀ। ਪ੍ਰੋਗਰਾਮ ਅਫ਼ਸਰ ਡਾ. ਮਨਰਾਜਦੀਪ ਸਿੰਘ ਨੇ ਵਿਦਿਆਰਥੀਆਂ ਨਾਲ ਸਿਹਤਮੰਦ ਖਾਣ-ਪੀਣ ਦੀਆਂ ਆਦਤਾਂ ਬਾਰੇ ਆਪਣੇ ਵਿਚਾਰ ਸਾਂਝੇ ਕਰਦਿਆਂ ਜੰਕ ਭੋਜਨਾਂ ਦੇ ਸੇਵਨ ਦੇ ਨੁਕਸਾਨਦੇਹ ਪ੍ਰਭਾਵਾਂ 'ਤੇ ਚਾਨਣਾ ਪਾਇਆ।

# ਕੱਚੇ ਮੁਲਾਜ਼ਮ ਬਿਨਾਂ ਸ਼ਰਤ ਪੱਕੇ ਕੀਤੇ ਜਾਣ: ਲਾਹੌਰੀਆ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਸਰਵ ਸਿੱਖਿਆ ਅਭਿਆਨ ਦਫਤਰੀ ਕਰਮਚਾਰੀਆਂ ਦੀ ਹੜਤਾਲ ਕਰਮਚਾਰੀ ਪੱਕੇ ਨਾ ਕਰਨ ਦੇ ਰੋਸ ਵਜੋਂ ਕੀਤੀ ਜਾ ਰਹੀ ਹੈ। ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਵੱਲੋਂ ਕਿਹਾ ਗਿਆ ਸੀ ਕਿ ਕੱਚੇ ਮੁਲਾਜ਼ਮ ਪੱਕੇ ਕੀਤੇ ਜਾਣਗੇ, ਪਰ ਇਹ ਲਾਰਾ ਨਿਕਲਿਆ। ਇਹ ਜਾਣਕਾਰੀ ਦਿੰਦਿਆਂ ਮੁਲਾਜ਼ਮਾਂ ਦੇ ਆਗੂ ਅਨਿਲ ਕੁਮਾਰ ਲਾਹੌਰੀਆ, ਅਧਿਆਪਕ ਆਗੂ ਵਿਜੇ ਕੁਮਾਰ, ਮਿਡ ਡੇ ਮੀਲ ਦੇ ਆਗੂ ਪਰਮਜੀਤ ਕੌਰ, ਜਸਵਿੰਦਰ ਕੌਰ, ਆਂਗਣਵਾੜੀ ਵਰਕਰ ਸੰਤੋਸ਼ ਕੁਮਾਰੀ, ਮੀਨੂ ਅਤੇ ਨਰੇਸ਼ ਕੁਮਾਰੀ ਨੇ ਦੱਸਿਆ ਕਿ ਸਰਵ ਸਿੱਖਿਆ ਅਭਿਆਨ ਦਫਤਰੀ ਕਰਮਚਾਰੀਆਂ ਨੂੰ ਪਹਿਲਾਂ ਅਕਾਲੀ-ਕਾਂਗਰਸ ਸਰਕਾਰਾਂ ਨੇ ਪੱਕੇ ਕਰਨ ਦੇ ਨਾਮ 'ਤੇ ਲਾਰਾ ਲਾ ਕੇ ਰੱਖਿਆ ਤੇ ਹੁਣ ਮੌਕੇ ਦੀ ਸਰਕਾਰ ਨੇ ਇਨ੍ਹਾਂ ਮੁਲਾਜ਼ਮਾਂ ਨੂੰ ਪੱਕੇ ਕਰਨ ਦੇ ਨਾਮ 'ਤੇ ਧੋਖਾ ਕੀਤਾ ਹੈ। ਚਾਹੀਦਾ ਇਹ ਸੀ ਕਿ ਪੰਜਾਬ ਦੇ ਸਭ ਕੱਚੇ ਮੁਲਾਜ਼ਮਾਂ ਨੂੰ ਪੂਰੇ ਸਕੇਲ 'ਚ ਸਰਕਾਰ ਪੱਕਾ ਕਰਦੀ।

ਇਸ ਦੇ ਰੋਸ ਵਜੋਂ ਸਰਵ ਸਿੱਖਿਆ ਅਭਿਆਨ ਦਫਤਰੀ ਕਰਮਚਾਰੀਆਂ ਨੇ ਕਲਮ ਛੋੜ ਹੜਤਾਲ ਸ਼ੁਰੂ ਕੀਤੀ ਹੋਈ ਹੈ। ਆਗੂਆਂ ਨੇ ਕਿਹਾ ਕਿ ਇਨ੍ਹਾਂ ਮੁਲਾਜ਼ਮਾਂ ਦੇ ਸੰਘਰਸ਼ ਦਾ ਅਸੀਂ ਪੂਰਨ ਸਮਰਥਨ ਕਰਦੇ ਹਾਂ ਅਤੇ ਸਰਕਾਰ ਹਰੇਕ ਤਰ੍ਹਾਂ ਦੇ ਕੱਚੇ ਮੁਲਾਜ਼ਮਾਂ ਨੂੰ ਬਿਨਾਂ ਕਿਸੇ ਸ਼ਰਤ ਫੁੱਲ ਗਰੇਡ, ਸੀਐਸਆਰ ਤਹਿਤ ਅਤੇ ਪੁਰਾਣੀ ਪੈਨਸ਼ਨ 'ਚ ਪੱਕੇ ਕਰੇ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਜਿਹੜਾ ਵੀ ਸੰਘਰਸ਼ ਹੋਵੇਗਾ, ਕੇਡਰ ਸਮੇਤ ਸ਼ਮੂਲੀਅਤ ਕੀਤੀ ਜਾਵੇਗੀ।

# ਆਰਟ ਐਂਡ ਕਰਾਫਟ ਤੇ ਇੰਗਲਿਸ਼ ਸਪੀਕਿੰਗ ਦੇ ਮੁਕਾਬਲੇ ਕਰਵਾਏ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਵਿੱਚ ਗਰਮੀ ਦੀਆਂ ਛੁੱਟੀਆਂ ਦੇ ਬਾਅਦ ਵਿਦਿਆਰਥੀਆਂ ਵਿੱਚ ਪੜ੍ਹਾਈ ਲਈ ਉਤਸ਼ਾਹ ਬਰਕਰਾਰ ਰੱਖਣ ਲਈ ਸੰਸਥਾ ਦੇ ਮੈਨੇਜਿੰਗ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਅਤੇ ਪ੍ਰਿੰਸੀਪਲ ਕਿਰਨ ਕੇਸਰ ਦੀ ਅਗਵਾਈ ਹੇਠ ਲਿਟਲ ਸਪਰਾਊਟ ਦੇ ਬੱਚਿਆਂ ਦੀਆਂ ਆਰਟ ਐਂਡ ਕਰਾਫਟ ਦੀਆਂ ਗਤੀਵਿਧੀਆਂ ਕਰਵਾਈਆਂ ਗਈਆਂ। ਸਕੂਲ ਦੀ ਪ੍ਰਿੰਸੀਪਲ ਕਿਰਨ ਕੇਸਰ ਨੇ ਦੱਸਿਆ ਕਿ ਇਨ੍ਹਾਂ ਗਤੀਵਿਧੀਆਂ ਦੌਰਾਨ ਬੱਚਿਆਂ ਨੇ ਅਧਿਆਪਕਾਂ ਦੀ ਮਦਦ ਨਾਲ ਆਰਟ ਐਂਡ ਕਰਾਫਟ ਦੇ ਮਾਧਿਅਮ ਰਾਹੀਂ ਬਹੁਤ ਸਾਰੀਆਂ ਰਚਨਾਤਮਕ ਚੀਜ਼ਾਂ ਬਣਾਈਆਂ। ਸੀਨੀਅਰ ਵਿੰਗ ਵਿੱਚ ਪਹਿਲੀ ਜਮਾਤ ਤੋਂ ਦਸਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਦੇ ਜਮਾਤਵਾਰ ਕਰਵਾਏ ਇੰਗਲਿਸ਼ ਸਪੀਕਿੰਗ ਮੁਕਾਬਲੇ ਵਿੱਚ ਵਿਦਿਆਰਥੀਆਂ ਨੇ ਆਪਣੇ ਸਪੀਕਿੰਗ ਸਕਿਲ ਨੂੰ ਬੜੇ ਸੁਚੱਜੇ ਢੰਗ ਨਾਲ ਪੇਸ਼ ਕੀਤਾ। ਵਿਦਿਆਰਥੀਆਂ ਦੇ ਹੁਨਰ ਨੂੰ ਪਰਖਦਿਆਂ ਅਧਿਆਪਕਾ ਵੱਲੋਂ ਨਤੀਜੇ ਐਲਾਨੇ ਗਏ। ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰਿੰ. ਕਿਰਨ ਕੇਸਰ ਨੇ ਕਿਹਾ ਕਿ ਇਹ ਗਤੀਵਿਧੀਆਂ ਕਰਵਾਉਣ ਦਾ ਮੁੱਖ ਉਦੇਸ਼ ਬੱਚਿਆਂ ਅੰਦਰ ਛੁਪੀ ਪ੍ਰਤਿਭਾ ਨੂੰ ਉਜਾਗਰ ਕਰਨਾ ਅਤੇ ਬੱਚਿਆਂ ਵਿੱਚ ਆਤਮ ਵਿਸ਼ਵਾਸ ਪੈਦਾ ਕਰਕੇ ਉਨਾਂ ਵਿੱਚ ਲੀਡਰਸ਼ਿਪ ਦੀ ਭਾਵਨਾ ਜਾਗਰਿਤ ਕਰਨਾ ਹੈ।

# 1 ਕਰੋੜ 30 ਲੱਖ ਦੇ ਲੋਨ ਦਾ ਨਜਾਇਜ਼ ਲਾਭ ਲੈਣ 'ਤੇ 6 ਵਿਅਕਤੀਆਂ 'ਤੇ ਮੁਕੱਦਮਾ ਦਰਜ

ਗੁਰੂ ਹਰ ਸਹਾਏ (ਮਨਦੀਪ ਸਿੰਘ ਸੋਢੀ)-ਗੁਰੂਹਰਸਹਾਏ ਪੁਲਸ ਨੇ 1 ਕਰੋੜ 30 ਲੱਖ ਰੁਪਏ ਦੇ ਲੋਨ ਦਾ ਨਜਾਇਜ਼ ਲਾਭ ਲੈਣ 'ਤੇ 6 ਵਿਅਕਤੀਆਂ 'ਤੇ ਮੁਕੱਦਮਾ ਦਰਜ ਕੀਤਾ ਹੈ। ਪਿੰਡ ਸਰੀਂਹ ਵਾਲਾ ਬਰਾੜ ਦੇ ਵਾਸੀ ਹਰਜਿੰਦਰ ਸਿੰਘ ਦੀ ਦਰਖਾਸਤ 'ਤੇ ਪੁਲਸ ਨੇ ਪੜਤਾਲ ਕਰਨ ਉਪਰੰਤ ਬੈਂਕ ਕਰਮਚਾਰੀ, ਮਾਲ ਵਿਭਾਗ ਦੇ ਕਰਮਚਾਰੀ ਦੀ ਮਿਲੀਭੁਗਤ ਨਾਲ ਸ਼ਾਮ ਸੁੰਦਰ ਵੱਲੋਂ ਨਜਾਇਜ਼ ਲਾਭ ਲੈਣ ਦੀ ਖ਼ਾਤਰ ਆਪਣੇ ਪਰਵਾਰ ਦੇ ਨਾਂਅ 'ਤੇ 1 ਕਰੋੜ 30 ਲੱਖ ਰੁਪਏ ਦਾ ਲੋਨ ਹਾਸਲ ਕਰ ਲਿਆ। ਜਿਸ 'ਤੇ ਪੁਲਸ ਨੇ ਪੜਤਾਲ ਕਰਨ ਤੋਂ ਬਾਅਦ ਸ਼ਾਮ ਸੁੰਦਰ ਪੁੱਤਰ ਪ੍ਰਕਾਸ਼ ਚੰਦਰ, ਕਮਲੇਸ਼ ਰਾਣੀ ਪਤਨੀ ਸ਼ਾਮ ਸੁੰਦਰ, ਰਿੰਪੀ ਰਾਣੀ ਪਤਨੀ ਸੰਦੀਪ ਕੁਮਾਰ, ਜਸਪ੍ਰੀਤ ਕੌਰ ਪਤਨੀ ਪ੍ਰਦੀਪ ਕੁਮਾਰ ਵਾਸੀਅਨ 3547 ਮਾਡਲ ਟਾਊਨ ਗੁਰੂਹਰਸਹਾਏ ਸਮੇਤ ਐਚ. ਡੀ.ਐਫ.ਸੀ ਬੈਂਕ ਗੁਰੂਹਰਸਹਾਏ ਦੇ ਮੈਨੇਜਰ ਮੁਨੀਸ਼ ਕੁਮਾਰ ਤੇ ਐਚ.ਡੀ.ਐਫ.ਸੀ ਬੈਂਕ ਦੇ ਫੀਲਡ ਅਧਿਕਾਰੀ ਗੁਰਵਿੰਦਰ ਸਿੰਘ 'ਤੇ 420 ਆਈ .ਪੀ .ਸੀ ਧਾਰਾ ਦਾ ਮੁਕੱਦਮਾ ਦਰਜ ਕਰ ਲਿਆ ਹੈ। ਮੁਕੱਦਮੇ ਦੇ ਮੁੱਦਈ ਹਰਜਿੰਦਰ ਸਿੰਘ ਨੇ ਦੱਸਿਆ ਕਿ ਸ਼ਾਮ ਸੁੰਦਰ ਵੱਲੋਂ ਮੇਰੇ ਤੇ ਮੇਰੇ ਪਰਵਾਰ ਉਪਰ ਪਹਿਲਾਂ ਇੱਕ ਝੂਠਾ ਮੁਕੱਦਮਾ ਦਰਜ ਕਰਵਾਇਆ ਸੀ ਜਿਸ ਨਾਲ ਮੈਂ ਘਰੇ ਨਹੀਂ ਰਹਿ ਸਕਿਆ। ਮੇਰੀ ਗੈਰ ਹਾਜ਼ਰੀ ਦਾ ਫਾਇਦਾ ਚੱਕ ਕੇ ਮਾਲ ਵਿਭਾਗ ਦੇ ਅਧਿਕਾਰੀਆਂ ਨਾਲ ਮਿਲੀਭੁਗਤ ਕਰਕੇ ਉਪ ਮੰਡਲ ਮੈਜਿਸਟਰੇਟ ਗੁਰੂਹਰਸਹਾਏ ਨੂੰ ਝੂਠੇ ਬਿਆਨ ਤੋਂ ਬਾਅਦ ਝੂਠਾ ਇਤਕਾਲ ਮਨਜ਼ੂਰ ਕਰਵਾਇਆ ਸੀ। ਇਸ ਇੰਤਕਾਲ ਬਾਰੇ ਮੈਨੂੰ ਜਾਣਕਾਰੀ ਨਹੀਂ ਦਿੱਤੀ ਗਈ ਤੇ ਇੱਕ ਸਾਜਸ਼ ਤਹਿਤ ਇਨ੍ਹਾਂ ਨੇ ਅਧਿਕਾਰੀਆਂ ਨਾਲ ਆਪਸੀ ਗੰਢਤੁਪ ਕਰ ਕੇ ਇੰਤਕਾਲ ਮਨਜ਼ੂਰ ਕਰਵਾਇਆ ਸੀ ਤੇ ਮੇਰੇ ਵੱਲੋਂ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਵਿਖੇ ਇਸ ਫੈਸਲੇ ਨੂੰ ਚੁਣੌਤੀ ਦਿੱਤੀ। ਮੇਰੇ 'ਤੇ ਪਰਚਾ ਦਰਜ ਹੋਣ 'ਤੇ ਮੈਂ ਬਾਹਰ ਪੈਰਵੀ ਕਰ ਰਿਹਾ ਸੀ ਤੇ ਇਨ੍ਹਾਂ ਚਲਦੇ ਕੇਸ ਵਿਚ ਲੋਨ ਹਾਸਲ ਕਰ ਲਿਆ। ਜਦ ਕਿ ਜ਼ਮੀਨ ਦੀ ਗਰਦੋਰੀ ਮੇਰੇ ਨਾਂਅ ਉਪਰ ਸੀ। ਇਹ ਸਭ ਕੁਝ ਪਤਾ ਹੋਣ 'ਤੇ ਸ਼ਾਮ ਸੁੰਦਰ ਵਗੈਰਾ ਨੇ ਇਕ ਕਰੋੜ 30 ਲੱਖ ਰੁਪਏ ਦਾ ਲੋਨ ਹਾਸਲ ਕਰ ਲਿਆ ਜੋ ਨਿਰਾ ਫਰਾਡ ਹੈ। ਹਰਜਿੰਦਰ ਸਿੰਘ ਨੇ ਮੰਗ ਕੀਤੀ ਕਿ ਮੁਕੱਦਮੇ 'ਚ ਦਰਜ ਸਾਰੇ ਵਿਅਕਤੀਆਂ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਵੇ ਤੇ ਇਸ ਦੀ ਹੋਰ ਵੀ ਜਾਂਚ ਹੋਵੇ ਤਾਂ ਕਈ ਘਪਲੇ ਸਾਹਮਣੇ ਆ ਸਕਦੇ ਹਨ। ਉਨ੍ਹਾਂ ਨੇ ਵਿਜੀਲੈਂਸ ਬਿਊਰੋ ਵੱਲੋਂ ਇਨ੍ਹਾਂ ਵਿਅਕਤੀਆਂ ਦੀ ਜਾਂਚ ਦੀ ਮੰਗ ਕੀਤੀ। ਉਧਰ ਗੁਰੂਹਰਸਹਾਏ ਦੇ ਥਾਣਾ ਮੁਖੀ ਨੇ ਦੱਸਿਆ ਕਿ ਦਰਖਾਸਤ ਦੀ ਜਾਂਚ ਪੜਤਾਲ ਉਪਰੰਤ ਮਾਮਲਾ ਦਰਜ ਕੀਤਾ ਗਿਆ ਹੈ ਤੇ ਪੁਲਸ ਵੱਲੋਂ ਮੁਕੱਦਮੇ ਵਿਚ ਨਾਮਜ਼ਦ ਵਿਅਕਤੀਆਂ ਨੂੰ ਗ੍ਰਿਫਤਾਰ ਕਰਨ ਲਈ ਕਾਰਵਾਈ ਅਰੰਭੀ ਹੋਈ ਹੈ। ਮੁੱਦਈ ਹਰਜਿੰਦਰ ਸਿੰਘ ਨੇ ਦੱਸਿਆ ਕਿ ਉਹ ਇਸ ਮਾਮਲੇ ਨੂੰ ਲੈ ਕੇ ਚੁੱਪ ਨਹੀਂ ਬੈਠਣਗੇ। ਇਸ ਘਪਲੇ ਨੂੰ ਹੋਰ ਵੀ ਉਜਾਗਰ ਕੀਤਾ ਜਾਵੇਗਾ।


## ਕਲਾਸੀਫਾਈਡ ਇਸ਼ਤਿਹਾਰ

### ਬੇਦਖਲੀ ਨੋਟਿਸ

ਮੈਂ ਸੁਖਦੀਪ ਸਿੰਘ ਪੁੱਤਰ ਸਵ.ਬਲਬੀਰ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਕੱਥੂ ਨੰਗਲ,ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰੀ ਪਤਨੀ ਰਛਪਾਲ ਕੌਰ ਪੁੱਤਰੀ ਲਖਵਿੰਦਰ ਸਿੰਘ ਜਿਸਦੇ ਘਰ ਕੋਈ ਔਲਾਦ ਨਹੀ ਹੋਈ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਉਸਨੂੰ ਆਪਣੀ ਚੱਲ ਅਚੱਲ ਜਾਇਦਾਦ ਅਤੇ ਨਿੱਜੀ ਜਿੰਦਗੀ ਤੋਂ ਬੇਦਖਲ ਕਰਦਾ ਹਾਂ। ਉਸ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜਿੰਮੇਵਾਰ ਹੋਵੇਗੀ। ਮੇਰਾ ਤੇ ਮੇਰੇ ਪਰਿਵਾਰ ਦਾ ਉਸ ਨਾਲ ਕੋਈ ਤਲਕਵਾਸਤਾ ਨਹੀਂ।

ਮੈਂ ਸੁਰਿੰਦਰ ਕੌਰ ਪਤਨੀ ਲੇਟ ਸਰਵਨ ਸਿੰਘ ਵਾਸੀ ਮਕਾਨ ਨੰ.814,ਜਵਾਹਰ ਨਗਰ, ਮਕਬੂਲਪੁਰਾ ਮਹਿਤਾ ਰੋਡ,ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਗੁਰਵਿੰਦਰ ਸਿੰਘ ਅਤੇ ਉਸਦੀ ਪਤਨੀ ਮਨਦੀਪ ਕੌਰ ਅਤੇ ਇਨ੍ਹਾਂ ਦੇ ਦੋਨੋ ਬੱਚੇ ਅਨਮੋਲ ਸਿੰਘ ਅਤੇ ਅਵਿਨਾਸ਼ ਸਿੰਘ ਜੋ ਕਿ ਸਾਰੇ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਉਨ੍ਹਾਂ ਸਭ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜਿੰਮੇਵਾਰ ਹੋਣਗੇ। ਮੇਰਾ ਤੇ ਮੇਰੇ ਪਰਿਵਾਰ ਦਾ ਉਨ੍ਹਾਂ ਨਾਲ ਕੋਈ ਤਲਕਵਾਸਤਾ ਨਹੀਂ।

ਮੈਂ ਨਿਰਮਲ ਸਿੰਘ ਪੁੱਤਰ ਅਨੋਖ ਸਿੰਘ ਵਾਸੀ ਮੌਲਵੀਵਾਲਾ ਤਹਿਸੀਲ ਪਾਤੜਾਂ ਪਟਿਆਲਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਬਲਜੀਤ ਸਿੰਘ ਤੇ ਨੂੰਹ ਪਰਵਿੰਦਰ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਸਾਰੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਤੇ ਮੇਰੇ ਪਰਿਵਾਰ ਦਾ ਇਨ੍ਹਾਂ ਨਾਲ ਕੋਈ ਸਬੰਧ ਨਹੀਂ। ਸਬੰਧ ਰੱਖਣ ਵਾਲਾ ਖੁਦ ਜਿੰਮੇਵਾਰ ਹੋਵੇਗਾ। (ਭੁਪਿੰਦਰਜੀਤ)

ਮੈਂ ਮਹਿੰਦਰ ਸਿੰਘ ਪੁੱਤਰ ਸੰਤਾ ਸਿੰਘ ਵਾਸੀ ਮਹਿਤਾ ਤਹਿਸੀਲ ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ ਦਾ ਪੱਕਾ ਵਸਨੀਕ ਹਾਂ ਇਹ ਕਿ ਮੇਰਾ ਲੜਕਾ ਸੋਨਾ ਸਿੰਘ ਮੇਰੇ ਕਹਿਣੇ ਤੋਂ ਬਾਹਰ ਹਨ, ਮੈਂ ਪੂਰੇ ਹੋਸੋ ਹਵਾਸ ਵਿੱਚ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਅਤੇ ਘਰ ਬਾਰ ਤੋਂ ਬੇਦਖਲ ਕਰਦਾ ਹਾਂ ਹੁਣ ਮੈਂ ਉਨ੍ਹਾਂ ਦੇ ਕਿਸੇ ਵੀ ਚੰਗੇ ਮਾੜੇ ਕੰਮ ਜਾਂ ਲੈਣ ਦੇਣ ਦਾ ਜਿੰਮੇਵਾਰ ਨਹੀਂ ਹੋਵਾਂਗੇ। ਸਾਰੇ ਸਬੰਧਤ ਨੋਟ ਕਰ ਲੈਣ।

ਅਸੀਂ ਹਰਦੇਵ ਸਿੰਘ ਪੁੱਤਰ ਕੁੰਨਣ ਸਿੰਘ ਅਤੇ ਸ਼ਾਂਤੀ ਦੇਵੀ ਪਤਨੀ ਹਰਦੇਵ ਸਿੰਘ ਵਾਸੀ ਜੰਡਪੀਰ ਕਲੋਨੀ, ਨੇੜੇ ਪੈਪਸੀ ਗੋਦਾਮ, ਖੰਡਵਾਲਾ, ਛੇਹਰਟਾ, ਅੰਮ੍ਰਿਤਸਰ ਆਪਣੇ ਲੜਕਿਆਂ ਰਾਮ ਸਿੰਘ, ਹਰਪਾਲ ਸਿੰਘ ਅਤੇ ਉਨ੍ਹਾਂ ਦੀਆਂ ਪਤਨੀਆਂ ਜੋ ਸਾਡੇ ਕਹਿਣੇ ਵਿੱਚ ਨਹੀ ਹਨ, ਸਾਡੀ ਕੋਈ ਗੱਲ ਨਹੀਂ ਮੰਨਦੇ, ਆਪਣੀ ਮਰਜੀ ਕਰਦੇ ਹਨ ਨੂੰ ਆਪਣੀ ਚੱਲ ਅਚੱਲ, ਭੁੱਕਵੀ ਅਣਭੁੱਕਵੀ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਨ੍ਹਾਂ ਦੇ ਕਿਸੇ ਵੀ ਮਾੜੇ ਚੰਗੇ ਕੰਮ ਨਫ਼ੇ ਨੁਕਸਾਨ, ਲੈਣ ਦੇਣ, ਲੜਾਈ ਝਗੜੇ ਦੇ ਲਈ ਸਾਡਾ ਅਤੇ ਸਾਡਾ ਪਰਿਵਾਰ ਜਿੰਮੇਵਾਰ ਨਹੀ ਹੋਵੇਗਾ। ਸਾਡਾ ਹੁਣ ਦੋਨਾਂ ਪਰਿਵਾਰਾਂ ਦੇ ਨਾਲ ਕੋਈ ਸਬੰਧ ਨਹੀ ਹੈ। (Arora)

ਮੈਂ, ਮਹੇਸ਼ ਪੁੱਤਰ ਭੂਰੀ ਸਿੰਘ ਵਾਸੀ ਗਲੀ ਨੰ: 18, ਗਊਸ਼ਾਲਾ ਵਾਲੀ ਗਲੀ, ਬੂਰਾ ਰੋਡ, ਮੋਗਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਨਿਲ ਕੁਮਾਰ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਆਪਣੇ ਲੜਕੇ ਅਨਿਲ ਕੁਮਾਰ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿੱਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਸ਼ਕੁੰਤਲਾ ਪਤਨੀ ਸੋਮਨਾਥ ਵਾਸੀ ਰਿਸ਼ੀ ਨਗਰ, ਕਰਤਾਰਪੁਰ, ਜ਼ਿਲ੍ਹਾ ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਪੋਤਾ ਆਸ਼ੂ ਪੁੱਤਰ ਲੇਟ ਰਮੇਸ਼ ਕੁਮਾਰ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰ ਰਹੀ ਹੈ। ਇਸ ਦੇ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਵਾਰ ਦਾ ਇਸ ਨਾਲ ਕੋਈ ਸੰਬੰਧ-ਵਾਸਤਾ ਨਹੀਂ ਰਹਿ ਗਿਆ ਹੈ।

ਮੈਂ, ਮਲਕੀਤ ਰਾਮ ਪੁੱਤਰ ਸ਼੍ਰੀ ਪ੍ਰੀਤਮ ਦਾਸ, ਵਾਸੀ ਜਲੰਧਰ-1 ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਰੁਣ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜੀ ਕਰਦਾ ਹੈ। ਇਸ ਲਈ ਮੈਂ ਆਪਣੇ ਲੜਕੇ ਅਰੁਣ ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਹ ਅਪਨੇ ਲੈਣ-ਦੇਣ, ਚੰਗੇ-ਮਾੜੇ, ਨਵੇ-ਨੁਕਸਾਨ, ਕਾਨੂੰਨੀ, ਗੈਰ-ਕਾਨੂੰਨੀ ਕੰਮ ਲਈ ਉਹ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਰਾਕੇਸ਼ ਕੁਮਾਰ ਪੁੱਤਰ ਫਿਰੋਜ਼ ਵਾਸੀ ਪਿੰਡ ਭੁੱਕਰਾ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ ਹਾਲ ਵਾਸੀ ਪਿੰਡ ਸਨੌਟ, ਵਾਰਡ ਨੰ. 2, ਤਹਿਸੀਲ ਡੇਹਰਾ, ਜ਼ਿਲ੍ਹਾ ਕਾਂਗੜਾ, ਹਿਮਾਚਲ ਪ੍ਰਦੇਸ਼। ਮੇਰੀ ਪੁੱਤਰੀ ਸਿਮਰਨ ਜੋ ਮੇਰੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਆਪਣੀ ਪੁੱਤਰੀ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

### ਆਮ ਸੂਚਨਾ

ਇੱਕ ਮੋਟਰ ਕੁਨੈਕਸ਼ਨ ਖਾਤਾ ਨੰ: ਏ ਪੀ 57/241 ਜੋ ਕਿ ਮਹਿੰਦਰ ਸਿੰਘ ਪੁੱਤਰ ਸ੍ਰ: ਚੈਂਚਲ ਸਿੰਘ ਨੂੰ ਆਪਣੇ ਨਾਂਅ 'ਤੇ ਕਰਨ ਲਈ ਗੁਰਚਰਨ ਸਿੰਘ ਪਨੂੰ ਪੁੱਤਰ ਸ੍ਰ: ਚੈਂਚਲ ਸਿੰਘ ਵਾਕਿਆ ਰਕਬਾ ਰੰਧਾਵਾ ਬਰਟਾ ਤਹਿ: ਵਾ ਜ਼ਿਲ੍ਹਾ ਹੁਸ਼ਿਆਰਪੁਰ ਨੇ ਇਸ ਦਫਤਰ ਨੂੰ ਬੇਨਤੀ ਕੀਤੀ ਹੈ। ਪ੍ਰਾਰਥੀ ਨੇ ਦੱਸਿਆ ਹੈ ਕਿ ਮੌਕੇ ਜਤੇ ਮੌਜੂਦ ਟਿਊਬਵੈੱਲ ਕੁਨੈਕਸ਼ਨ ਉਸ ਦੇ ਮਾਲਕੀ ਰਕਬੇ ਵਿੱਚ ਲੱਗਾ ਹੋਇਆ ਹੈ ਤੇ ਮਹਿੰਦਰ ਸਿੰਘ ਪੁੱਤਰ ਚੈਂਚਲ ਸਿੰਘ ਵੱਲੋਂ ਕੁਨੈਕਸ਼ਨ ਉਸ ਦੇ ਨਾਂਅ 'ਤੇ ਟਰਾਂਸਫਰ ਕਰਨ ਲਈ ਇਤਰਾਜ਼ਹੀਣਤਾ ਦਾ ਬਿਆਨ ਹਲਫੀਆ ਵੀ ਦਿੱਤਾ ਹੋਇਆ ਹੈ। ਇਤਰਾਜ਼ਯੋਗ ਵਿਅਕਤੀ ਇੱਕ ਹਫਤੇ ਦੇ ਅੰਦਰ-ਅੰਦਰ ਐੱਸ ਡੀ ਓ ਵੰਡ ਪੀ ਐੱਸ ਪੀ ਸੀ ਐੱਲ ਸ਼ਾਮ ਚੌਰਾਸੀ ਨਾਲ ਸੰਪਰਕ ਕਰਨ। (8053)

### Change of Name

I, Kuldip Singh S/o Gurdev Singh R/o Village Jhungain PO Jandoli Tehsil Garhshankar Distt. Hoshiarpur Punjab have changed my name from Kuldip Singh to Kuldeep Singh. Concerned note.

I, Darshan Kumar S/o Ram Krishan VPO. Baba Bakala Sahib (Amritsar) declare that my Wife Dimpal Sharma Name in my Passport mentioned as Dimlpe Sharma, Which is wrong. So Correct name of My Wife is Dimpal Sharma. Concerned Note. (Athoula)

I, Kuldip Dass S/o Sh. Sham Dass R/o H.No. 9, Street No. 1, Rasila Nagar, Jamalpur, Focal Point, Ludhiana, Punjab-141010, have changed my name Kuldip Dass to Kuldeep Dass. All concerned note.

I Jasvir Singh Chatha S/O S. Ram Singh Chatha R/O House No M-2/159 (7691) O/S Chatiwind Gate , R.j Chatha Rice Mills Amritsar Have Changed My Name From Jasvir Singh Chatha To Jasbir Singh Chatha.

I, Michael S/o Robin R/o VPO Dhogri, Distt. Jalandhar, Punjab have changed my name from Michael to Michel Malik. All concerned please note.

I, Michel Malik S/o Robin R/o VPO Dhogri, Distt. Jalandhar, Punjab have changed the name of my minor daughter from Babita to Babita Malik. All concerned please note.

I, Manisha W/o Michel Malik R/o VPO Dhogri, Distt. Jalandhar, Punjab have changed my name from Manisha to Manisha Malik. All concerned please note.

I Parveen Kaur Sahota D/O Jagjit Singh R/O Baba Bakala, Amritsar, Punjab Have Changed My Name From Parveen Kaur Sahota To Parveen Kaur.

I,Mohd Shabbir S/O Mohammad Bashir R/O Ward No.19,Iftikhar Ganj Opp.Singla Hospital,Malerkotla,Punjab have changed my name from Mohd Shabbir to Mohammad Shabbir.Concerned note.

I Jagtar Singh Sidhu S/O Gurchet Singh R/O Burj Sema ,Bathinda , Punjab-151509 I Have Changed My Name Jagtar Singh To Jagtar Singh Sidhu.

I Manpreet Kaur Sidhu W/O Jagtar Singh Sidhu R/O Burj Sema ,Bathinda , Punjab-151509 I Have Changed My Name Manpreet Kaur To Manpreet Kaur Sidhu

I, Heena W/o Amandeep Singh, R/o H.No. 481/13, New Chandan Nagar, Village Kartarpur, District Jalandhar, declare that I have changed my name from HEENA to HEENA KAUR. All Concern my please noted.

### ਗੁਆਚੇ ਦੀ ਭਾਲ



ਸੁਨੈਣਾ ਉਰਫ ਰਿੰਕਲ ਉਮਰ 28 ਸਾਲ ਕੱਦ 5 ਫੁੱਟ 3 ਇੰਚ, ਰੰਗ ਗੋਰਾ, ਸਰੀਰ ਪਤਲਾ ਪਤਨੀ ਹਰਜਿੰਦਰ ਸਿੰਘ ਵਾਸੀ ਪਿੰਡ ਦੌਲਤਪੁਰਾ ਨੀਵਾਂ (ਮੋਗਾ) ਮਿਤੀ 6.10.2022 ਨੂੰ ਕਰੀਬ 10 ਵਜੇ ਘਰੋਂ ਗਈ, ਪਰ ਵਾਪਸ ਨਹੀਂ ਆਈ। ਸੂਚਨਾ ਦੇਣ ਵਾਲੇ ਨੂੰ ਵਾਜਿਬ ਇਨਾਮ ਦਿੱਤਾ ਜਾਵੇਗਾ।

ਸੰਪਰਕ ਕਰੋ : ਸੁਖਵਿੰਦਰ ਸਿੰਘ (ਬਿੱਲੂ) ਪਿਤਾ ਚੌਕ ਮਜੀਠੀਆਂ, ਮੋਗਾ, ਮੋ: 94654-12128, 78148-48127

### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।


# ਸੁਖਬੀਰ ਸਿੰਘ ਬਾਦਲ ਵੱਲੋਂ ਰਿੰਕਾ ਕੁਤਬਾ ਬਾਹਮਣੀਆਂ ਸਨਮਾਨਤ



ਮਹਿਲ ਕਲਾਂ (ਬਲਵਿੰਦਰ ਵਜੀਦਕੇ,ਪ੍ਰਦੀਪ ਲੋਹਗੜ੍ਹ)-ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਮੀਤ ਪ੍ਰਧਾਨ ਰਿੰਕਾ ਕੁਤਬਾ ਬਾਹਮਣੀਆਂ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਚੰਡੀਗੜ੍ਹ ਵਿਖੇ ਹੋਈ ਪਾਰਟੀ ਮੀਟਿੰਗ ਉਪਰੰਤ ਮੂੰਹ ਮਿੱਠਾ ਕਰਵਾ ਕੇ ਸਨਮਾਨਤ ਕੀਤਾ ਗਿਆ। ਇਸ ਸੰਬੰਧੀ ਗੱਲਬਾਤ ਕਰਦਿਆਂ ਮੀਤ ਪ੍ਰਧਾਨ ਰਿੰਕਾ ਕੁਤਬਾ ਬਾਹਮਣੀਆਂ ਨੇ ਕਿਹਾ ਕਿ ਅੱਜ ਮੀਟਿੰਗ ਦੌਰਾਨ ਪਾਰਟੀ ਪ੍ਰਧਾਨ ਬਾਦਲ ਨੇ ਪੰਜਾਬ ਭਰ ਤੋਂ ਆਏ ਸੂਬਾ ਅਹੁਦੇਦਾਰਾਂ, ਜ਼ਿਲ੍ਹਾ ਜਥੇਦਾਰਾਂ ਅਤੇ ਹਲਕਾ ਇੰਚਾਰਜਾਂ ਨੂੰ ਆਗਾਮੀ ਚੋਣਾਂ ਦੇ ਮੱਦੇਨਜ਼ਰ ਸ਼੍ਰੋਮਣੀ ਅਕਾਲੀ ਦਲ ਵੱਲੋਂ ਆਪਣੀ ਸਰਕਾਰ ਦੌਰਾਨ ਕੀਤੇ ਇਤਿਹਾਸਕ ਕਾਰਜਾਂ, ਸ਼ੁਰੂ ਕੀਤੀਆਂ ਲੋਕ ਭਲਾਈ ਸਕੀਮਾਂ ਤੋਂ ਇਲਾਵਾ ਲੋਕ ਪੱਖੀ ਨੀਤੀਆਂ ਨੂੰ ਘਰ-ਘਰ ਤੱਕ ਪ੍ਰਚਾਰਨ ਦੀਆਂ ਹਦਾਇਤਾਂ ਜਾਰੀ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਅਗਾਮੀ ਜ਼ਿਲ੍ਹਾ ਪ੍ਰੀਸ਼ਦ, ਬਲਾਕ ਸੰਮਤੀ ਅਤੇ ਪੰਚਾਇਤੀ ਚੋਣਾਂ ਸ਼੍ਰੋਮਣੀ ਅਕਾਲੀ ਦਲ ਦੀ ਜਿੱਤ ਨੂੰ ਯਕੀਨੀ ਬਣਾਉਣ ਵਾਸਤੇ ਪਾਰਟੀ ਦਾ ਹਰੇਕ ਆਗੂ/ਵਰਕਰ ਆਪਸੀ ਮਤਭੇਦ ਭੁਲਾ ਕੇ ਪੂਰਨ ਤਨਦੇਹੀ ਨਾਲ ਕੰਮ ਕਰੇ। ਆਗੂ ਰਿੰਕਾ ਨੇ ਕਿਹਾ ਕਿ ਪਾਰਟੀ ਪ੍ਰਧਾਨ ਬਾਦਲ ਵੱਲੋਂ ਜੋ ਡਿਊਟੀ ਲਗਾਈ ਗਈ ਹੈ, ਉਸ ਨੂੰ ਉਹ ਪੂਰਨ ਇਮਾਨਦਾਰੀ ਨਾਲ ਨਿਭਾਉਣਗੇ। ਇਸ ਮੌਕੇ ਮਨਜੀਤ ਸਿੰਘ ਪੰਡੋਰੀ, ਐਮ.ਸੀ. ਜਸਮੇਲ ਸਿੰਘ ਰਾਏਕੋਟ, ਕੁਲਵਿੰਦਰ ਸਿੰਘ ਗੋਰਾ, ਦਰਸ਼ਨ ਸਿੰਘ ਬਾਹਮਣੀਆਂ, ਗਗਨਦੀਪ ਸਿੰਘ ਸਹਿਜੜਾ ਆਦਿ ਹਾਜ਼ਰ ਸਨ।

# ਡੀ ਡੀ ਓ ਪਾਵਰਾਂ ਡਾ. ਓਮ ਪ੍ਰਕਾਸ਼ ਸੇਤੀਆ ਨੂੰ

ਲੌਂਗੋਵਾਲ ( ਪ੍ਰਦੀਪ ਸਿੰਘ ਸੱਪਲ, ਕੁਲਦੀਪ ਅਤਰੀ)-ਜ਼ਿਲ੍ਹਾ ਸਿੱਖਿਆ ਅਫਸਰ (ਸੈ. ਸਿੱ:), ਸੰਗਰੂਰ ਸੰਜੀਵ ਸ਼ਰਮਾ ਦੇ ਹੁਕਮਾਂ ਅਨੁਸਾਰ ਸ.ਸ.ਸ.ਸ. ਡਸਕਾ ਦੀਆਂ ਡੀ. ਡੀ. ਓ. ਪਾਵਰਾਂ ਡਾ. ਓਮ ਪ੍ਰਕਾਸ਼ ਸੇਤੀਆ ਪ੍ਰਿੰਸੀਪਲ ਸਿਪਾਹੀ ਦਰਸ਼ਨ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸੇਰੋਂ ਸੰਗਰੂਰ ਨੂੰ ਦਿੱਤੀਆਂ ਗਈਆਂ ਹਨ। ਇਨ੍ਹਾਂ ਹੁਕਮਾਂ ਅਨੁਸਾਰ ਡਾ. ਓਮ ਪ੍ਰਕਾਸ਼ ਸੇਤੀਆ ਨੇ ਅੱਜ ਸ.ਸ.ਸ.ਸ. ਡਸਕਾ ਵਿਖੇ ਬਤੌਰ ਡੀ. ਡੀ. ਓ. ਕਾਰਜ ਸੰਭਾਲ ਲਿਆ। ਸਕੂਲ ਪਹੁੰਚਣ 'ਤੇ ਸਕੂਲ ਇੰਚਾਰਜ ਛਬੇਗ ਸਿੰਘ ਅਤੇ ਸਮੁੱਚੇ ਸਟਾਫ ਵੱਲੋਂ ਉਨ੍ਹਾਂ ਨੂੰ ਜੀ ਆਇਆਂ ਆਖਿਆ ਗਿਆ। ਉਨ੍ਹਾਂ ਸਕੂਲ ਇੰਚਾਰਜ ਛਬੇਗ ਸਿੰਘ ਅਤੇ ਸਮੁੱਚੇ ਸਟਾਫ ਦੀ ਪ੍ਰਸੰਸਾ ਕੀਤੀ ਅਤੇ ਐਨ.ਐਮ.ਐਮ. ਐਸ. ਪ੍ਰੀਖਿਆ ਵਿੱਚ ਮੈਰਿਟ 'ਚ ਆਉਣ ਵਾਲੀ ਵਿਦਿਆਰਥਣ ਕੁਸਮ ਰਾਣੀ ਨੂੰ ਸਨਮਾਨਤ ਕੀਤਾ। ਇਸ ਮੌਕੇ ਸਕੂਲ ਦਾ ਸਮੁੱਚਾ ਸਟਾਫ ਅਤੇ ਪ੍ਰਾਇਮਰੀ ਸਕੂਲ ਦੇ ਸੈਂਟਰ ਹੈੱਡ ਟੀਚਰ ਹਰਵਿੰਦਰ ਸਿੰਘ, ਮਨਦੀਪ ਜੋਸ਼ੀ ਜੂਨੀਅਰ ਸਹਾਇਕ, ਸਟਾਫ ਮੈਂਬਰ ਵੀ ਹਾਜ਼ਰ ਹੋਏ। ਇਸ ਮੌਕੇ ਪਿੰਡ ਦੇ ਸਰਪੰਚ ਗੁਰਮੀਤ ਸਿੰਘ, ਸਮੁੱਚੇ ਪੰਚਾਇਤ ਮੈਂਬਰ ਅਤੇ ਸਕੂਲ ਮੈਨੇਜਮੈਂਟ ਕਮੇਟੀ ਚੇਅਰਮੈਨ ਭੁਪਿੰਦਰ ਸਿੰਘ ਅਤੇ ਮੈਂਬਰਾਂ ਦਾ ਸਕੂਲ ਨੂੰ ਹਰ ਤਰ੍ਹਾਂ ਦਾ ਸਹਿਯੋਗ ਦਿਨ ਲਈ ਧਨਵਾਦ ਕੀਤਾ ਗਿਆ।

# ਚੋਰੀ ਦੇ 3 ਮੋਟਰਸਾਈਕਲਾਂ ਸਮੇਤ ਦੋ ਪੁਲਸ ਅੜਿੱਕੇ

ਫਗਵਾੜਾ (ਰਮਨ ਸ਼ਰਮਾ)- ਐਂਟੀ ਨਾਰਕੋਟਿਕ ਸੈਲ ਫਗਵਾੜਾ (ਸੀ.ਆਈ.ਏ) ਵੱਲੋਂ ਚੋਰੀ ਦੇ 3 ਮੋਟਰਸਾਈਕਲਾਂ ਸਮੇਤ 2 ਨੂੰ ਗ੍ਰਿਫਤਾਰ ਕੀਤਾ ਗਿਆ। ਰਾਜਪਾਲ ਸਿੰਘ ਸੰਧੂ ਸੀਨੀਅਰ ਪੁਲਸ ਕਪਤਾਨ ਕਪੂਰਥਲਾ ਵੱਲੋਂ ਚੋਰੀ ਦੀਆਂ ਵਾਰਦਾਤਾਂ ਨੂੰ ਰੋਕਣ ਲਈ ਦਿੱਤੀਆਂ ਹਦਾਇਤਾਂ ਅਨੁਸਾਰ ਐਂਟੀ ਨਾਰਕੋਟਕ ਸੈਲ ਨੂੰ ਉਸ ਵੇਲੇ ਭਾਰੀ ਸਫਲਤਾ ਹਾਸਲ ਹੋਈ ਜੋ ਗੁਰਪ੍ਰੀਤ ਸਿੰਘ ਪੁਲਸ ਕਪਤਾਨ ਸਬ ਡਵੀਜ਼ਨ ਫਗਵਾੜਾ, ਜਸਪ੍ਰੀਤ ਸਿੰਘ ਉਪ ਪੁਲਸ ਕਪਤਾਨ ਸਬ ਡਵੀਜ਼ਨ ਫਗਵਾੜਾ ਦੀਆਂ ਹਦਾਇਤਾਂ 'ਤੇ ਐਂਟੀ ਨਾਰਕੋਟਿਕ ਸੈਲ ਸਰਕਲ ਫਗਵਾੜਾ ਦੇ ਇੰਚਾਰਜ ਇੰਸਪੈਕਟਰ ਸ਼ਿਵਕੰਵਲ ਸਿੰਘ ਦੀ ਪੁਲਸ ਪਾਰਟੀ ਨੇ ਗਸ਼ਤ ਦੌਰਾਨ ਅਰਬਨ ਅਸਟੇਟ ਫਗਵਾੜਾ ਤੋਂ 2 ਨੌਜਵਾਨਾਂ ਨੂੰ ਚੋਰੀ ਦੇ 3 ਮੋਟਰਸਾਈਕਲਾਂ ਸਮੇਤ ਗ੍ਰਿਫਤਾਰ ਕਰਕੇ ਥਾਣਾ ਸਿਟੀ ਫਗਵਾੜਾ ਵਿਖੇ ਮੁਕੱਦਮਾ ਦਰਜ ਕੀਤਾ ਗਿਆ। ਦੋਸ਼ੀਆਂ ਪਾਸੋਂ ਪੁੱਛਗਿੱਛ ਜਾਰੀ ਹੈ ਅਤੇ ਹੋਰ ਵੀ ਬਰਾਮਦਗੀ ਹੋਣ ਦੀ ਸੰਭਾਵਨਾ ਹੈ । ਫੜੇ ਗਏ ਦੋਸ਼ੀਆਂ ਦੀ ਪਹਿਚਾਣ ਕਰਨਦੀਪ ਉਰਫ ਸਾਗਰ ਪੁੱਤਰ ਬਚਿੱਤਰ ਸਿੰਘ ਵਾਸੀ ਨੰਗਲ ਖੇੜਾ ਥਾਣਾ ਸਤਨਾਮਪੁਰਾ ਫਗਵਾੜਾ ਜ਼ਿਲ੍ਹਾ ਕਪੂਰਥਲਾ, ਸੁਖਦੀਪ ਉਰਫ ਸੁੱਖੀ ਪੁੱਤਰ ਸੱਤਾ ਰਾਮ ਉਰਫ ਲੰਡ ਵਾਸੀ ਨੰਗਲ ਖੇੜਾ ਥਾਣਾ ਸਤਨਾਮਪੁਰਾ ਫਗਵਾੜਾ, ਜ਼ਿਲ੍ਹਾ ਕਪੂਰਥਲਾ ਵਜੋਂ ਹੋਈ ਹੈ।

page-6-9-(JULY)-2023-G-(BV)31.qxd 7/8/2023 10:16 PM Page 1

9-July-Page-7.qxd 7/8/2023 10:18 PM Page 1



# ਸਰਫੇਸ ਵਾਟਰ ਟ੍ਰੀਟਮੈਂਟ ਪਲਾਂਟ ਦੇ ਸੁਸਤ ਚਾਲ 'ਚ ਚਲਦੇ ਕੰਮ ਤੋਂ ਇਲਾਕਾ ਵਾਸੀ ਪ੍ਰੇਸ਼ਾਨ

**ਅਲਾਵਲਪੁਰ, ( ਮਦਨ ਬੰਗੜ)** ਪਿੰਡ ਜਗਰਾਵਾਂ ਵਿੱਚ ਲਗਾਏ ਜਾ ਰਹੇ ਸਰਫੇਸ ਵਾਟਰ ਟਰੀਟਮੈਂਟ ਪਲਾਂਟ ਤੋਂ ਜਲੰਧਰ ਨੂੰ ਪਾਣੀ ਸਪਲਾਈ ਕਰਨ ਲਈ ਜ਼ਮੀਨਦੋਜ਼ ਪਾਈਪ ਲਾਈਨ ਵਿਛਾਉਣ ਦਾ ਕੰਮ ਮੱਠੀ ਰਫਤਾਰ ਵਿਚ ਚੱਲਣ ਕਾਰਨ ਇਲਾਕਾ ਵਾਸੀ ਕਾਫੀ ਪ੍ਰੇਸ਼ਾਨ ਹਨ। ਇਲਾਕਾ ਵਾਸੀਆਂ ਨੇ ਇਸ ਕੰਮ ਵਿੱਚ ਤੇਜੀ ਲਿਆਉਣ ਦੀ ਉਚ ਅਧਿਕਾਰੀਆਂ ਤੋਂ ਮੰਗ ਕੀਤੀ ਹੈ। ਜਿਕਰਯੋਗ ਹੈ ਕਿ ਪਿੰਡ ਸਿਕੰਦਰਪੁਰ ਤੋਂ ਅਲਾਵਲਪੁਰ ਦੀ ਦੂਰੀ ਲਗਭਗ ਇਕ ਕਿਲੋਮੀਟਰ ਹੈ ਪਾਇਪ ਵਿਛਾਉਣ ਦੇ ਕੰਮ ਕਾਰਨ ਸਿਕੰਦਰਪੁਰ-ਅਲਾਵਲਪੁਰ ਮਾਰਗ ਬੰਦ ਹੈ। ਬਰਸਾਤ ਕਾਰਨ ਕੱਚੇ ਰਸਤਿਆਂ 'ਚ ਚਿੱਕੜ ਗਾਰਾ ਅਤੇ ਮੀਂਹ ਦਾ ਪਾਣੀ ਭਰਿਆ ਪਿਆ ਹੈ। ਸਿਕੰਦਰਪੁਰ ਵਾਸੀਆਂ ਦੀਆਂ ਸੈਂਕੜੇ ਜਰੂਰਤਾਂ ਅਲਾਵਲਪੁਰ ਨਾਲ ਜੁੜੀਆਂ ਹੋਈਆਂ ਹਨ। ਬੱਚਿਆਂ ਦੇ ਸਕੂਲ, ਸਰਕਾਰੀ ਬੈਂਕ ਅਤੇ ਹੋਰ ਬਜਾਰੀ ਕੰਮਾਕਾਰਾਂ ਲਈ ਕਈ ਚੱਕਰ ਲੱਗਦੇ ਹਨ। ਸਰਫੇਸ ਵਾਟਰ ਪ੍ਰੋਜੈਕਟ ਦੇ ਚਲਦਿਆਂ ਪ੍ਰਸ਼ਾਸਨ ਨੇ ਇਕ ਡੇਢ ਕਿਲੋਮੀਟਰ ਦਾ ਬਦਲਵਾਂ ਰਸਤਾ ਨਹੀਂ ਬਣਾ ਕੇ ਦਿੱਤਾ, ਜਿਸ ਕਾਰਨ ਵਿਦਿਆਰਥੀਆਂ, ਮਜਦੂਰਾਂ, ਨੌਕਰੀ ਪੇਸ਼ਾ, ਕਿਸਾਨਾਂ ਅਤੇ ਆਮ ਪਿੰਡ ਵਾਸੀਆਂ ਨੂੰ ਭਾਰੀ ਦਿੱਕਤਾਂ ਪੇਸ਼ ਆ ਰਹੀਆਂ ਹਨ ਅਤੇ ਇਹ ਪੈਂਡਾ ਲਗਭਗ 15 ਕਿਲੋਮੀਟਰ ਤੱਕ ਤੈਅ ਕਰਨਾ ਪੈਂਦਾ ਹੈ। ਲੋਕਾਂ ਨੂੰ ਸਿਕੰਦਰਪੁਰ ਤੋਂ ਮਦਾਰ ਪਿੰਡ ਨੂੰ ਫਿਰ ਚੂਹੜਵਾਲ ਲੇਸੜੀਵਾਲ ਤੋਂ ਅਲਾਵਲਪੁਰ ਜਾਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਲੋਕਾਂ ਨੇ ਪ੍ਰਸ਼ਾਸਨਿਕ ਅਧਿਕਾਰੀਆਂ ਤੋਂ ਮੰਗ ਕੀਤੀ ਹੈ ਕਿ ਸਿਕੰਦਰਪੁਰ ਤੋਂ ਅਲਾਵਲਪੁਰ ਤੱਕ ਰੇਲਵੇ ਲਾਇਨਾਂ ਦੇ ਨਾਲ ਨਾਲ ਰਸਤੇ ਨੂੰ ਪੱਕਾ ਕੀਤਾ ਜਾਵੇਂ ਕਿਉਂਕਿ ਪਾਇਪ ਪਾਉਣ ਦਾ ਕੰਮ ਜਿਸ ਰਫਤਾਰ ਨਾਲ ਚੱਲ ਰਿਹਾ ਹੈ, ਅਜੇ 3/4 ਮਹੀਨੇ ਲਗਾ ਸਕਦੇ ਹਨ। ਇਹ ਵੀ ਜ਼ਿਕਰਯੋਗ ਹੈ ਕਿ ਅਲਾਵਲਪੁਰ ਸਿਕੰਦਰਪੁਰ ਧੋਗੜੀ ਇਸ ਵਕਤ ਮਿਨੀ ਇੰਡਸਟਰੀਅਲ ਜੋਨ ਵਜੋਂ ਸਥਾਪਤ ਹੋ ਚੁੱਕਾ ਹੈ ਜੋ ਇਸ ਵੇਲੇ ਇਸ ਸੜਕੀ ਮਾਰਗ ਦੇ ਬੰਦ ਹੋਣ ਕਾਰਨ ਭਾਰੀ ਪ੍ਰੇਸ਼ਾਨੀਆਂ 'ਚ ਘਿਰਿਆ ਹੋਇਆ ਹੈ। ਇੰਡਸਟਰੀ ਜੋਨ ਦੇ ਸਮੂਹ ਮੈਂਬਰਾਂ ਨੇ ਮੰਗ ਕੀਤੀ ਕਿ ਸੜਕ 'ਚ ਪਾਇਪ ਵਿਛਾਉਣ ਦੇ ਕਾਰਜ ਨੂੰ ਜਲਦ ਨੇਪਰੇ ਚਾੜ੍ਹਿਆ ਜਾਵੇ।



## ਲਾਠੀ, ਗੋਲ਼ੀ ਨਾਲ ਅੰਦੋਲਨਾਂ ਨੂੰ ਦਬਾਇਆ ਨਹੀਂ ਜਾ ਸਕਦਾ : ਜਸਵੀਰ ਤਲਵਾੜਾ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਸੇਵਾਵਾਂ ਰੈਗੂਲਰ ਕਰਾਉਣ ਲਈ ਅੰਦੋਲਨ ਕਰ ਰਹੇ ਕੱਚੇ ਅਧਿਆਪਕਾਂ ਦੀ ਕਾਰਕੁੰਨ ਅੰਦੋਲਨਕਾਰੀ ਅਧਿਆਪਕਾ ਮਨਪ੍ਰੀਤ ਕੌਰ ਸੰਗਰੂਰ ਤੇ ਇੰਦਰਜੀਤ ਸਿੰਘ ਮਾਨਸਾ ਦੀਆਂ ਪੰਜਾਬ ਸਰਕਾਰ ਵੱਲੋਂ ਸੇਵਾਵਾਂ ਖਤਮ ਕਰਨ ਦਾ ਪੱਤਰ ਜਾਰੀ ਕਰਨ ਨੂੰ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਜ਼ਿਲ੍ਹਾ ਇਕਾਈ ਦੇ ਆਗੂਆਂ ਨੇ ਮੰਦਭਾਗਾ ਦੱਸਿਆ ਹੈ ਕਿਉਂਕਿ ਕਿ ਪਿਛਲੇ ਕਈ ਦਿਨਾਂ ਤੋਂ ਕੱਚੇ ਅਧਿਆਪਕ ਆਪਣੀਆਂ ਸੇਵਾਵਾਂ ਰੈਗੂਲਰ ਕਰਾਉਣ ਲਈ ਸੰਗਰੂਰ ਵਿਖੇ ਟੈਂਕੀ 'ਤੇ ਅੰਦੋਲਨ ਕਰ ਰਹੇ ਹਨ ਤੇ ਬੀਤੀ ਪਹਿਲੀ ਜੁਲਾਈ ਨੂੰ ਵੀ ਸਰਕਾਰ ਦੀ ਸ਼ਹਿ 'ਤੇ ਪੁਲਸ ਨੇ ਅਧਿਆਪਕਾਂ ਤੇ ਗੈਰ-ਮਨੁੱਖੀ ਤਸ਼ੱਸ਼ਦ ਕੀਤਾ ਸੀ। ਇਸ ਸਮੇਂ ਜੀ ਟੀ ਯੂ ਦੇ ਜ਼ਿਲ੍ਹਾ ਪ੍ਰਧਾਨ ਪ੍ਰਿੰਸੀਪਲ ਅਮਨਦੀਪ ਸ਼ਰਮਾ ਨੇ ਕਿਹਾ ਅੰਦੋਲਨਕਾਰੀ ਅਧਿਆਪਕਾਂ ਦੀਆਂ ਸੇਵਾਵਾਂ ਰੈਗੂਲਰ ਕਰਨ ਦੀ ਬਜਾਇ ਉਨ੍ਹਾਂ ਦੀਆਂ ਸੇਵਾਵਾਂ ਖਤਮ ਕਰਨਾ ਤੇ ਸਰਕਾਰ ਵਿਰੁੱਧ ਅਵਾਜ਼ ਬੁਲੰਦ ਕਰਨ ਵਾਲੇ ਅਧਿਆਪਕਾਂ ਦੀ ਜ਼ੁਬਾਨਬੰਦੀ ਕਰਨਾ ਸੁਤੰਤਰ ਵਿਚਾਰਾਂ ਦੇ ਪ੍ਰਗਟਾਵੇ ਦੇ ਸੰਵਿਧਾਨਕ ਅਧਿਕਾਰਾਂ ਦੀ ਉਲੰਘਣਾ ਹੈ ਸਗੋਂ ਚਾਹੀਦਾ ਤਾਂ ਇਹ ਸੀ ਕਿ ਅੰਦੋਲਨਕਾਰੀ ਅਧਿਆਪਕਾਂ ਨਾਲ ਸਰਕਾਰ ਵਲੋਂ ਹਮਦਰਦੀ ਨਾਲ ਗੱਲ-ਬਾਤ ਕਰਕੇ ਉਨ੍ਹਾਂ ਦੀਆਂ ਮੰਗਾਂ ਦਾ ਨਿਪਟਾਰਾ ਕੀਤਾ ਜਾਂਦਾ। ਇਸ ਸਮੇਂ ਜਥੇਬੰਦੀ ਦੇ ਜਨਰਲ ਸਕੱਤਰ ਜਸਵੀਰ ਤਲਵਾੜਾ ਨੇ ਕਿਹਾ ਕਿ ਸਰਕਾਰ ਪਹਿਲੀਆਂ ਸਰਕਾਰਾਂ ਵਾਂਗ ਅੰਦੋਲਨ ਨੂੰ ਦਬਾਉਣ ਲਈ ਲਾਠੀ ਗੋਲ਼ੀ ਦਾ ਸਹਾਰਾ ਲੈ ਰਹੀ ਹੈ ਪਰ ਯਾਦ ਰਹੇ ਕਿ ਇਹ ਅੰਦੋਲਨ ਕਦੇ ਵੀ ਲਾਠੀ ਗੋਲ਼ੀ ਨਾਲ ਦਬਾਇਆ ਨਹੀਂ ਜਾ ਸਕਦਾ। ਇਸ ਸਮੇਂ ਸੀਨੀਅਰ ਮੀਤ ਪ੍ਰਧਾਨ ਲੈਕਚਰਾਰ ਅਮਰ ਸਿੰਘ ਅਤੇ ਮੀਤ ਪ੍ਰਧਾਨ ਪ੍ਰਿਤਪਾਲ ਸਿੰਘ ਚੌਟਾਲਾ ਨੇ ਕਿਹਾ ਕਿ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਕੱਚੇ ਅਧਿਆਪਕਾਂ ਦੇ ਅੰਦੋਲਨ ਨੂੰ ਜਿੱਤਣ ਲਈ ਹਰ ਤਰ੍ਹਾਂ ਦਾ ਸਹਿਯੋਗ ਕਰ ਰਹੀ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜੁਆਇੰਟ ਸਕੱਤਰ ਵਿਕਾਸ ਸ਼ਰਮਾ, ਪ੍ਰਿੰਸ ਗੜ੍ਹਦੀਵਾਲਾ, ਅਰਵਿੰਦਰ ਸਿੰਘ ਮਾਹਿਲਪੁਰ, ਪ੍ਰਿੰਸੀਪਲ ਹਰਜੀਤ ਸਿੰਘ, ਹੈੱਡਮਾਸਟਰ ਸੰਦੀਪ ਸਿੰਘ, ਬਲਜੀਤ ਕੌਸ਼ਲ, ਲੈਕਚਰਾਰ ਹਰਵਿੰਦਰ ਸਿੰਘ, ਨਰੇਸ਼ ਕੁਮਾਰ ਗੜ੍ਹਸ਼ੰਕਰ, ਸੁਨੀਲ ਕੁਮਾਰ ਸ਼ਰਮਾ, ਸੰਜੀਵ ਧੂਤ, ਗੁਰਨਾਮ ਸਿੰਘ, ਰਜਤ ਮਹਾਜਨ, ਸਚਿਨ ਕੁਮਾਰ, ਸ਼ਾਮ ਸੁੰਦਰ ਕਪੂਰ, ਨਰਿੰਦਰ ਅਜਨੋਹਾ, ਕੇਸ਼ਵ ਦਾਸ ਖੇਪੜ, ਸਤਵਿੰਦਰ ਮਾਹਿਲਪੁਰ, ਸਤੀਸ਼ ਕੁਮਾਰ, ਰਾਜ ਕੁਮਾਰ, ਸੰਦੀਪ ਸ਼ਰਮਾ ਬਾਗਪੁਰ, ਰਣਵੀਰ ਸਿੰਘ, ਅਨੁਪਮ ਰਤਨ, ਲੈਕਚਰਾਰ ਉਪਿੰਦਰਜੀਤ ਸਿੰਘ, ਸਰਬਜੀਤ ਟਾਂਡਾ, ਨਰਿੰਦਰ ਮੰਗਲ, ਰਾਜੇਸ਼ ਅਰੋੜਾ, ਮਨਜੀਤ ਸਿੰਘ ਮੁਕੇਰੀਆਂ, ਪ੍ਰਿੰਸੀਪਲ ਬਲਵੀਰ ਸਿੰਘ, ਸ਼ਸ਼ੀਕਾਂਤ ਤਲਵਾੜਾ, ਕਮਲਦੀਪ ਸਿੰਘ ਭੂੰਗਾ, ਲੈਕਚਰਾਰ ਸੰਜੀਵ ਕੁਮਾਰ, ਸੁਰਿੰਦਰ ਕੁਮਾਰ ਕਮਾਹੀ ਦੇਵੀ, ਨਰੇਸ਼ ਕੁਮਾਰ ਆਦਿ ਹਾਜ਼ਰ ਸਨ।

## ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ (ਵਿਗਿਆਨਿਕ) ਵੱਲੋਂ ਕਾਰਨ ਦੱਸੋ ਨੋਟਿਸ ਦਾ ਵਿਰੋਧ



**ਮਹਿਤਪੁਰ (ਰਾਜਾ)** ਗੌਰਮਿੰਟ ਟੀਚਰਜ ਯੂਨੀਅਨ ਪੰਜਾਬ (ਵਿਗਿਆਨਿਕ ) ਕੱਚੇ ਅਧਿਆਪਕਾਂ ਨੂੰ ਸਰਕਾਰ ਦੇ ਖਿਲਾਫ ਬੋਲਣ 'ਤੇ ਨੌਕਰੀ ਤੋਂ ਬਰਖਾਸਤ ਕਰਨ ਦੇ ਕਾਰਨ ਦੱਸੋ ਨੋਟਿਸ ਕੱਢਣ ਦਾ ਵਿਰੋਧ ਕਰਦੀ ਹੈ। ਸੂਬਾ ਪ੍ਰਧਾਨ ਨਵਪ੍ਰੀਤ ਬੱਲੀ, ਸੁਰਿੰਦਰ ਕੰਬੋਜ, ਸੋਮ ਸਿੰਘ, ਐਨ ਡੀ ਤਿਵਾੜੀ ਨੇ ਕਿਹਾ ਕਿ ਦੁੱਖ ਇਸ ਗੱਲ ਦਾ ਹੈ ਕਿ ਛੇ ਮਹੀਨਿਆਂ ਤੋ ਕੱਚੇ ਅਧਿਆਪਕਾਂ ਨੂੰ ਇਸ਼ਤਿਹਾਰਾਂ 'ਤੇ ਪੱਕਾ ਕਰਨ ਵਾਲੀ ਸਰਕਾਰ, ਸੱਚ ਬੋਲਣ ਵਾਲੇ ਇਨ੍ਹਾਂ ਅਧਿਆਪਕਾਂ ਨੂੰ ਨੌਕਰੀ ਤੋਂ ਬਰਖਾਸਤ ਕਰਨ ਦੇ ਨੋਟਿਸ ਦੇ ਰਹੀ ਹੈ ਜਿਸਦਾ ਜੀਟੀਯੂ (ਵਿਗਿਆਨਿਕ ) ਵਿਰੋਧ ਕਰਦੀ ਹੈ। ਸੀਨੀਅਰ ਮੀਤ ਪ੍ਰਧਾਨ ਬਿਕਰਮਜੀਤ ਸਿੰਘ ਸ਼ਾਹ ,ਕੰਵਲਜੀਤ ਸੰਗੋਵਾਲ ,ਪ੍ਰਗਟ ਸਿੰਘ ਜੰਬਰ,ਜਤਿੰਦਰ ਸਿੰਘ ਸੋਨੀ ,ਜਗਦੀਪ ਸਿੰਘ ਜੌਹਲ,ਗੁਰਜੀਤ ਸਿੰਘ ਖਾਲਸਾ ਨੇ ਕਿਹਾ ਕਿ ਪੰਜਾਬ ਸਰਕਾਰ ਇਨ੍ਹਾਂ ਅਧਿਆਪਕਾਂ ਦੀ ਗੱਲ ਸੁਣੇ ਤੇ ਉਨ੍ਹਾਂ ਨਾਲ ਕੀਤੇ ਵਾਅਦੇ ਪੂਰੇ ਕਰੇ। ਜਥੇਬੰਦੀ ਮੰਗ ਕਰਦੀ ਹੈ ਕਿ ਇਨ੍ਹਾਂ ਅਧਿਆਪਕਾਂ ਨੂੰ ਕਾਰਨ ਦੱਸੋ ਨੋਟਿਸ ਦੇਣ ਦੀ ਬਜਾਏ ਰੁਜਗਾਰ ਪੱਕਾ ਦੇ ਪੱਤਰ ਦਿੱਤੇ ਜਾਣ। ਇਸ ਮੌਕੇ ਸੁੱਚਾ ਸਿੰਘ ਚਾਹਲ,ਜਗਤਾਰ ਸਿੰਘ ਖਮਾਣੋ ,ਜਰਨੈਲ ਸਿੰਘ ਜੰਡਾਲੀ,ਬਲਬੀਰ ਸਿੰਘ ਸੰਗਰੂਰ,ਲਾਲ ਚੰਦ ,ਅਸ਼ਵਨੀ ਸ਼ਰਮਾ ਨਵਾਂਸ਼ਹਿਰ ,ਜੰਗ ਬਹਾਦਰ ਸਿੰਘ ਫਰੀਦਕੋਟ, ਰਸ਼ਪਿੰਦਰ ਪਾਲ ਸੋਨੂੰ ਜਲੰਧਰ ਹਾਜਰ ਸਨ।

## ਕਲਮ ਛੋੜ ਹੜਤਾਲ ਦੂਜੇ ਦਿਨ ਵੀ ਰਹੀ ਜਾਰੀ

**ਫਿਲੌਰ (ਨਿਰਮਲ)**- ਆਮ ਆਦਮੀ ਪਾਰਟੀ ਦੀ ਸਰਕਾਰ ਦੀ ਵਾਅਦਾ ਖਿਲਾਫੀ ਕਰਕੇ ਸਿੱਖਿਆ ਵਿਭਾਗ ਦੇ ਕੱਚੇ ਦਫ਼ਤਰੀ ਮੁਲਾਜਮਾਂ ਅਤੇ ਆਈ.ਈ.ਆਰ.ਟੀ ਅਧਿਆਪਕਾਂ ਦੀ ਕਲਮ ਛੋੜ ਹੜਤਾਲ ਦੂਜੇ ਦਿਨ ਵੀ ਜਾਰੀ ਰਹੀ ਅਤੇ ਮੁਲਾਜਮਾਂ ਨੇ ਬਲਾਕ ਦਫਤਰ ਤੋਂ ਲੈ ਕੇ ਡੀ ਜੀ ਐਸ ਈ ਦਫਤਰ ਤੱਕ ਸਾਰਾ ਕੰਮ ਕਾਜ ਦੂਜੇ ਦਿਨ ਵੀ ਠੱਪ ਰੱਖਿਆ।

ਆਮ ਆਦਮੀ ਪਾਰਟੀ ਦੀ ਸਰਕਾਰ ਪਿਛਲੇ 10 ਮਹੀਨੇ ਤੋਂ ਕੱਚੇ ਮੁਲਾਜਮਾਂ ਨੂੰ ਰੈਗੂਲਰ ਕਰਨ ਦਾ ਸਰਕਾਰ ਪ੍ਰਚਾਰ ਕਰ ਰਹੀ ਹੈ ਪਰ ਜੋ ਸੱਚਾਈ ਸਾਹਮਣੇ ਆਈ ਹੈ ਉਹ ਸਰੇਆਮ ਕੱਚੇ ਮੁਲਾਜਮਾਂ ਨਾਲ ਸਰਕਾਰ ਵੱਲੋਂ ਕੀਤਾ ਜਾ ਰਿਹਾ ਧੋਖਾ ਹੈ। ਪੰਜਾਬ ਸਰਕਾਰ ਬਿਨਾਂ ਪੇ ਸਕੇਲ, ਸੀ.ਐਸ.ਆਰ ਅਤੇ ਪੈਨਸ਼ਨਰੀ ਲਾਭ ਦਿੱਤੇ ਰੈਗੂਲਰ ਕਰ ਰਹੀ ਹੈ ਜੋ ਕਿ ਕੋਰਾ ਝੂਠ ਹੈ। ਸਰਵ ਸਿੱਖਿਆ ਅਭਿਆਨ ਦਫ਼ਤਰੀ ਕਰਮਚਾਰੀ ਯੂਨੀਅਨ/ਮਿਡ ਡੇ ਮੀਲ ਅਤੇ ਆਈ.ਈ.ਆਰ.ਟੀਜ ਦੇ ਮੈਂਬਰ ਅਮਿਤ ਮਿੱਤਲ, ਨੀਲਮ ਤੇ ਅਸ਼ੋਕ ਕੁਮਾਰ ਨੇ ਕਿਹਾ ਕਿ ਸਰਕਾਰ ਮੁਲਾਜਮਾਂ ਨਾਲ ਗੱਲਬਾਤ ਕਰਨ ਤੋਂ ਭੱਜ ਰਹੀ ਹੈ। ਜੀ.ਐਸ.ਟੀ.ਯੂ ਯੂਨੀਅਨ (ਪੰਜਾਬ) ਵੱਲੋਂ ਕਲਮ ਛੋੜ ਹੜਤਾਲ ਨੂੰ ਪੂਰਨ ਸਮੱਰਥਨ ਦਿੱਤਾ ਗਿਆ ਅਤੇ ਭਵਿੱਖ ਵਿੱਚ ਉਲੀਕੇ ਜਾਣ ਵਾਲੇ ਸਾਰੇ ਐਕਸ਼ਨਾਂ ਵਿੱਚ ਵੱਧ ਚੜ੍ਹ ਕੇ ਸਾਥ ਦੇਣ ਦਾ ਭਰੋਸਾ ਦਿੱਤਾ ਗਿਆ ਹੈ। ਇਸ ਮੌਕੇ 'ਤੇ ਸੁਰਿੰਦਰ ਪੁਆਰੀ (ਸੂਬਾ ਪ੍ਰਧਾਨ), ਹਰਕਮਲ ਸਿੰਘ ਸੰਧੂ, ਜਸਪਾਲ ਸੰਧੂ, ਸੰਜੀਵ ਕੁਮਾਰ, ਨਰਿੰਦਰ ਸਿੰਘ, ਬੂਟਾ ਮਸਾਣੀ ਅਤੇ ਹੋਰ ਆਗੂ ਸ਼ਾਮਲ ਹੋਏ।

## 35 ਲੀਟਰ ਡੀਜ਼ਲ ਚੋਰੀ ਕਰਦੇ ਦੋ ਡਰਾਈਵਰ ਕਾਬੂ

**ਚੰਡੀਗੜ੍ਹ, (ਗੁਰਜੀਤ ਬਿੱਲਾ)**- ਪੰਜਾਬ ਦੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਦੱਸਿਆ ਕਿ ਸੂਬੇ ਦੀ ਜਨਤਕ ਬੱਸ ਸੇਵਾ ਵਿੱਚ ਗ਼ਲਤ ਪ੍ਰਵਿਰਤੀਆਂ ਨੂੰ ਨੱਥ ਪਾਉਣ ਲਈ ਵਿੱਢੀ ਗਈ ਮੁਹਿੰਮ ਤਹਿਤ ਦੋ ਵੱਖ-ਵੱਖ ਮਾਮਲਿਆਂ ਵਿੱਚ 35 ਲੀਟਰ ਡੀਜ਼ਲ ਚੋਰੀ ਕਰਨ ਵਾਲੇ ਦੋ ਡਰਾਈਵਰਾਂ ਨੂੰ ਕਾਬੂ ਕੀਤਾ ਗਿਆ ਹੈ। ਟਰਾਂਸਪੋਰਟ ਮੰਤਰੀ ਨੇ ਦੱਸਿਆ ਕਿ ਮਨਿਸਟਰਜ਼ ਫ਼ਲਾਇੰਗ ਸਕੁਐਡ ਨੇ ਬੀਤੇ ਦਿਨੀਂ ਹਰਿਆਣਾ ਵਿਖੇ ਵੱਖ-ਵੱਖ ਥਾਵਾਂ 'ਤੇ ਚੈਕਿੰਗ ਕੀਤੀ। ਉਨ੍ਹਾਂ ਦੱਸਿਆ ਕਿ ਸਿਰਸਾ ਬੱਸ ਸਟੈਂਡ ਵਿਖੇ ਬੀਤੀ ਰਾਤ 10:30 ਵਜੇ ਕੀਤੀ ਗਈ ਚੈਕਿੰਗ ਦੌਰਾਨ ਪਨਬੱਸ ਡਿਪੂ ਰੂਪਨਗਰ ਦੀ ਬੱਸ ਨੰਬਰ ਪੀ.ਬੀ-12-ਵਾਈ 1540 ਦੇ ਡਰਾਈਵਰ ਰਾਜਪਾਲ ਸਿੰਘ ਨੂੰ ਕਰੀਬ 20 ਲੀਟਰ ਡੀਜ਼ਲ ਚੋਰੀ ਕਰਦਿਆਂ ਰੰਗੇ-ਹੱਥੀਂ ਕਾਬੂ ਕੀਤਾ ਗਿਆ। ਇਸੇ ਤਰ੍ਹਾਂ ਹਿਸਾਰ (ਹਰਿਆਣਾ) ਦੇ ਬੱਸ ਸਟੈਂਡ ਵਿਖੇ ਰਾਤ ਵੇਲੇ ਚੈਕਿੰਗ ਦੌਰਾਨ ਪਨਬੱਸ ਡਿਪੂ ਸ੍ਰੀ ਮੁਕਤਸਰ ਸਾਹਿਬ ਦੀ ਬੱਸ ਨੰਬਰ ਪੀ.ਬੀ-04-ਏ.ਏ. 7459 ਦੇ ਡਰਾਈਵਰ ਲਖਵਿੰਦਰ ਸਿੰਘ ਨੂੰ ਕਰੀਬ 15 ਲੀਟਰ ਡੀਜਲ ਚੋਰੀ ਦੇ ਮਾਮਲੇ ਵਿੱਚ ਰਿਪੋਰਟ ਕੀਤਾ ਗਿਆ ਹੈ।

ਇਸ ਤੋਂ ਇਲਾਵਾ ਮਨਿਸਟਰਜ਼ ਫ਼ਲਾਇੰਗ ਸਕੁਐਡ ਨੇ ਅਣਅਧਿਕਾਰਤ ਰੂਟ 'ਤੇ ਚਲ ਰਹੀ ਇੱਕ ਬੱਸ ਨੂੰ ਵੀ ਰਿਪੋਰਟ ਕੀਤਾ ਹੈ। ਇਸ ਮਾਮਲੇ ਵਿੱਚ ਮੁੱਲਾਂਪੁਰ ਦਾਖਾ ਵਿਖੇ ਚੈਕਿੰਗ ਦੌਰਾਨ ਡਰਾਈਵਰ ਬਲਦੇਵ ਸਿੰਘ ਅਤੇ ਕੰਡਕਟਰ ਹਰਪਾਲ ਸਿੰਘ ਨੂੰ ਬੱਸ ਨੂੰ ਅਣਅਧਿਕਾਰਤ ਰੂਟ 'ਤੇ ਲਿਜਾਂਦਿਆਂ ਫੜਿਆ ਗਿਆ, ਜੋ ਅਸਲ ਰੂਟ 'ਤੇ ਸਵਾਰੀਆਂ ਨੂੰ ਛੱਡ ਕੇ ਵਿਭਾਗ ਨੂੰ ਵਿੱਤੀ ਨੁਕਸਾਨ ਪਹੁੰਚਾ ਰਹੇ ਸਨ। ਫ਼ਿਰੋਜ਼ਪੁਰ ਡਿਪੂ ਦੀ ਇਹ ਬੱਸ (ਨੰਬਰ ਪੀ.ਬੀ-05-ਏ.ਬੀ. 5350) ਮੁੱਲਾਂਪੁਰ ਬੱਸ ਸਟੈਂਡ ਦੀ ਬਜਾਏ ਪੁੱਲ ਤੋਂ ਲਿਜਾਈ ਜਾ ਰਹੀ ਸੀ।

ਇਸੇ ਤਰ੍ਹਾਂ ਬਲਾਚੌਰ ਵਿਖੇ ਅੰਮ੍ਰਿਤਸਰ-2 ਡਿਪੂ ਦੀ ਬੱਸ ਨੰਬਰ ਪੀ.ਬੀ-02-ਈ.ਜੀ 9376 ਨੂੰ ਅਣਅਧਿਕਾਰਤ ਢਾਬੇ 'ਤੇ ਖੜ੍ਹਾ ਪਾਇਆ ਗਿਆ। ਇਸ ਮਾਮਲੇ ਵਿੱਚ ਡਰਾਈਵਰ ਰਣਜੀਤ ਸਿੰਘ ਅਤੇ ਕੰਡਕਟਰ ਜਗਜੀਤ ਸਿੰਘ ਨੂੰ ਰਿਪੋਰਟ ਕੀਤਾ ਗਿਆ ਹੈ।

## ਸੀਚੇਵਾਲ ਮਾਡਲ ਪੂਰੇ ਦੇਸ਼ ਲਈ ਲਾਭਦਾਇਕ : ਗਜੇਂਦਰ ਸਿੰਘ



**ਸੁਲਤਾਨਪੁਰ ਲੋਧੀ, (ਬਲਵਿੰਦਰ ਸਿੰਘ ਧਾਲੀਵਾਲ ਰਾਜਵੀਰ ਸਿੰਘ)**-ਜਲ ਸ਼ਕਤੀ ਮੰਤਰਾਲੇ ਵੱਲੋਂ ਅਸਾਮ ਦੀ ਰਾਜਧਾਨੀ ਗੁਹਾਟੀ ਵਿੱਚ ਚੱਲੀ ਦੋ ਦਿਨਾ ਮੀਟਿੰਗ ਦੇ ਆਖਰੀ ਦਿਨ ਕੇਂਦਰੀ ਮੰਤਰੀ ਗਜੇਂਦਰ ਸਿੰਘ ਨੇ 'ਸੀਚੇਵਾਲ ਮਾਡਲ' ਨੂੰ ਦੇਸ਼ ਲਈ ਲਾਭਦਾਇਕ ਦੱਸਿਆ। ਗੁਹਾਟੀ ਵਿੱਚ ਚੱਲੀ ਮੀਟਿੰਗ ਦੀ ਪ੍ਰਧਾਨਗੀ ਕਰਦਿਆ ਕੇਂਦਰੀ ਮੰਤਰੀ ਨੇ ਕਮੇਟੀ ਦੇ ਦੂਜੇ ਮੈਂਬਰ ਪਾਰਲੀਮੈਂਟਾਂ ਅਤੇ ਅਧਿਕਾਰੀਆਂ ਨੂੰ ਦੱਸਿਆ ਕਿ ਕਿਵੇਂ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਵੱਲੋਂ ਗੰਦੇ ਪਾਣੀਆਂ ਨੂੰ ਖੇਤੀ ਲਈ ਵਰਤਣ ਵਾਸਤੇ ਇੱਕ ਖ਼ਾਸ ਕਿਸਮ ਦੇ ਛੱਪੜ ਡਿਜ਼ਾਇਜਨ ਕੀਤੇ ਹਨ ਜਿੰਨ੍ਹਾਂ ਨੂੰ ਇੰਨ੍ਹਾਂ ਦੇ ਨਾਂਅ ਨਾਲ ਹੀ ਭਾਵ ਕਿ 'ਸੀਚੇਵਾਲ ਮਾਡਲ' ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਉਹਨਾਂ ਦੱਸਿਆ ਕਿ ਇਸ ਨਾਲ ਖੇਤੀ ਨੂੰ ਪਾਣੀ ਮਿਲੇਗਾ ਤੇ ਵਰਤਿਆ ਗਿਆ ਪਾਣੀ ਇੱਕ ਵਾਰ ਮੁੜ ਤੋਂ ਵਰਤਿਆ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਮਾਡਲ ਤਹਿਤ ਗੰਦਾ ਪਾਣੀ ਸੋਧ ਕੇ ਖੇਤੀ ਲਈ ਵਰਤਣਾ ਲਾਹੇਵੰਦ ਹੈ। ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕਿਹਾ ਕਿ ਗੰਦੇ ਪਾਣੀਆਂ ਨੂੰ ਸਾਫ਼ ਕਰਨਾ ਇੱਕ ਵੱਡੀ ਚੁਣੌਤੀ ਹੈ, ਪਰ ਸਾਂਝੇ ਹੰਭਲੇ ਤੇ ਦ੍ਰਿੜ ਨਿਸ਼ਚੇ ਨਾਲ ਇਹ ਕਾਰਜ ਕੀਤੇ ਜਾ ਸਕਦੇ ਹਨ। ਉਨ੍ਹਾਂ ਨੇ ਸਾਬਕਾ ਰਾਸ਼ਟਰਪਤੀ ਡਾ: ਏਪੀਜੇ ਅਬਦੁਲ ਕਲਾਮ ਦਾ ਹਵਾਲਾ ਦਿੰਦਿਆਂ ਕਿਹਾ ਕਿ ਜਦੋਂ ਉਹ 17 ਅਗਸਤ 2006 ਵਿੱਚ ਸੁਲਤਾਨਪੁਰ ਲੋਧੀ ਆਏ ਸਨ ਤਾਂ ਉਨ੍ਹਾਂ ਨੇ ਵੀ ਦੇਸ਼ ਦੇ ਧਾਰਮਿਕ ਆਗੂਆਂ ਨੂੰ ਅੱਗੇ ਆਉਣ ਲਈ ਅਪੀਲ ਕੀਤੀ ਸੀ। ਸੰਤ ਸੀਚੇਵਾਲ ਨੇ ਸਮੁੱਚੇ ਅਸਾਮ ਵਿੱਚੋਂ ਲੰਘਦੇ ਵੱਡੇ ਬ੍ਰਹਮਪੁਤਰਾ ਦਰਿਆ ਅਤੇ ਚਾਰ ਹੈਕਟੇਅਰ ਵਿੱਚ ਫੈਲੀ ਦੀਪਪੋਰ ਝੀਲ ਦਾ ਉਚੇਚਾ ਜ਼ਿਕਰ ਕੀਤਾ। ਉਨ੍ਹਾਂ ਮੀਟਿੰਗ ਵਿੱਚ ਬੜ੍ਹੋਲੂ ਨਦੀਂ ਦੇ ਗੰਦੇ ਨਾਲੇ ਵਿੱਚ ਬਦਲ ਜਾਣ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਕਿਹਾ ਕਿ ਇਹ ਵਰਤਾਰਾ ਸਾਰੇ ਦੇਸ਼ ਵਿੱਚ ਹੀ ਹੈ, ਕਿ ਪਿੰਡਾਂ ਸ਼ਹਿਰਾਂ ਦਾ ਸਾਰਾ ਗੰਦਾ ਪਾਣੀ ਦੇ ਕੁਦਰਤੀ ਸਰੋਤਾਂ ਵਿੱਚ ਪਾਇਆ ਜਾ ਰਿਹਾ ਹੈ।

## ਸਰਕਾਰੀ ਆਦਰਸ਼ ਸੀਨੀਅਰ ਸੈਕੰਡਰੀ ਸਕੂਲ 'ਚ ਕਰਵਾਇਆ ਨਸ਼ਾ ਵਿਰੋਧੀ ਨਾਟਕ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**-ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਪੰਜਾਬ ਦੀ ਨੌਜਵਾਨੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਜ਼ਿਕਰਯੋਗ ਉਪਰਾਲੇ ਕਰ ਰਹੀ ਹੈ। ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਪਿੰਡਾਂ ਵਿੱਚ ਖੇਡ ਮੈਦਾਨ, ਓਪਨ ਜਿੰਮ ਤਿਆਰ ਕਰਵਾਏ ਜਾ ਰਹੇ ਹਨ ਤਾਂ ਜੋ ਨੌਜਵਾਨ ਖੇਡਾਂ ਵਿਚ ਅਪਣਾ ਸਮਾਂ ਬਤੀਤ ਕਰਨ ਤੇ ਵਧੀਆ ਜ਼ਿੰਦਗੀ ਜਿਉਣ ਵੱਲ ਆਪਣੇ ਕਦਮ ਵਧਾਉਣ। ਹਰਜੋਤ ਸਿੰਘ ਬੈਂਸ ਸਿੱਖਿਆ ਮੰਤਰੀ ਪੰਜਾਬ ਸਰਕਾਰੀ ਸਕੂਲਾਂ ਦਾ ਮਿਆਰ ਉੱਚਾ ਚੁੱਕਣ ਲਈ ਨਿਰੰਤਰ ਉਪਰਾਲੇ ਕਰ ਰਹੇ ਹਨ। ਸਰਕਾਰੀ ਸਕੂਲਾਂ ਦਾ ਬੁਨਿਆਦੀ ਢਾਂਚਾ ਮਜ਼ਬੂਤ ਕਰਨ ਦੇ ਨਾਲ ਨਾਲ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਸ਼ਾਨਦਾਰ ਸਿੱਖਿਆ ਮੁਹੱਈਆ ਕਰਵਾਈ ਜਾ ਰਹੀ ਹੈ। ਪੰਜਾਬ ਦੇ ਸਰਕਾਰੀ ਸਕੂਲ ਜਲਦੀ ਹੀ ਦੇਸ਼ ਦੇ ਨੰਬਰ ਇੱਕ ਸਕੂਲ ਬਣਨ ਜਾ ਰਹੇ ਹਨ। ਇਸੇ ਸਬੰਧੀ ਅੱਜ ਸਰਕਾਰੀ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਲੋਦੀਪੁਰ ਵਿਖੇ ਨਸ਼ਾ ਵਿਰੋਧੀ ਜਾਗਰੂਕਤਾ ਸੰਬੰਧੀ ਨਾਟਕ ਕਰਵਾਇਆ ਗਿਆ। ਪ੍ਰਿੰਸੀਪਲ ਅਵਤਾਰ ਸਿੰਘ ਦੜੋਲੀ ਨੇ ਦੱਸਿਆ ਕਿ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾੜੂ ਪ੍ਰਭਾਵਾਂ ਤੋਂ ਜਾਗਰੂਕ ਕਰਨ ਹਿੱਤ ਅਤੇ ਭਾਸ਼ਾ ਵਿੱਚ ਨਾਟਕ ਦੀ ਜਾਣਕਾਰੀ ਦੇਣ ਹਿੱਤ ਇੰਡੀਅਨ ਪੀ-ਪਲਥੀਏਟਰ ਐਸੋਸੀਏਸ਼ਨ ਦੇ ਸਹਿਯੋਗ ਨਾਲ ਨਾਟਕ ਕਰਵਾਇਆ ਗਿਆ। ਇਸ ਵਿੱਚ ਜਸਰਿਆਜ਼, ਰਣਵੀਰ ਸਿੰਘ ਅਤੇ ਅਨਮੋਲ ਦੀ ਟੀਮ ਨੇ ਪ੍ਰਭਾਸ਼ਾਲੀ ਤਰੀਕੇ ਨਾਲ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਬੁਰੇ ਪ੍ਰਭਾਵਾਂ ਸੰਬੰਧੀ ਜਾਗਰੂਕ ਕੀਤਾ ਗਿਆ। ਇਸ ਨਾਟਕ ਦਾ ਮਕਸਦ ਜਿਥੇ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੀ ਲਾਹਣਤ ਪ੍ਰਤੀ ਜਾਗਰੂਕ ਕਰਨਾ ਹੈ ਉਥੇ ਹੀ ਨੌਜਵਾਨਾਂ ਨੂੰ ਚੰਗੀ ਸਿਹਤ, ਸਿੱਖਿਆ ਅਤੇ ਖੇਡਾਂ ਨਾਲ ਜੋੜਨਾ ਵੀ ਹੈ। ਇਸ ਤੋਂ ਇਲਾਵਾ ਨੌਜਵਾਨਾਂ ਨੂੰ ਵਾਤਾਵਰਣ ਦੀ ਸਾਂਭ ਸੰਭਾਲ ਲਈ ਪ੍ਰੇਰਿਤ ਕਰਨਾ ਵੀ ਹੈ। ਇਸ ਮੌਕੇ ਲੈਕਚਰਾਰ ਚਰਨਜੀਤ ਸਿੰਘ, ਮੁਕੇਸ਼ ਕੁਮਾਰ, ਗੁਰਚਰਨ ਸਿੰਘ, ਬਲਜੀਤ ਕੌਰ, ਮਨਿੰਦਰ ਕੌਰ, ਗੁਰਪ੍ਰੀਤ ਕੌਰ, ਵਰੁਨ ਕੁਮਾਰ, ਅ੍ਮਿਤਪਾਲ ਸਿੰਘ, ਰਾਜਵੀਰ ਕੌਰ, ਸੁਖਵਿੰਦਰ ਕੌਰ, ਤਪਿੰਦਰ ਕੌਰ, ਅਜਵਿੰਦਰ ਕੌਰ, ਗੁਰਮੇਲ ਸਿੰਘ, ਅਨੁਭਵ ਕੌਸ਼ਲ, ਤਰਨਜੀਤ ਸਿੰਘ, ਹਰਸਿਮਰਨ ਸਿੰਘ, ਲਖਵੀਰ ਕੌਰ, ਚਰਨਜੀਤ ਕੌਰ, ਕਮਲਪ੍ਰੀਤ ਸਿੰਘ, ਸੁਰਿੰਦਰਪਾਲ ਸਿੰਘ, ਨੇਹਾ, ਨਿਰਮਲ ਕੌਰ ਆਦਿ ਹਾਜ਼ਰ ਸਨ ।

## 650 ਨਸ਼ੀਲੀਆ ਗੋਲੀਆਂ ਸਮੇਤ ਦੋ ਕਾਬੂ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਇੰਸਪੈਕਟਰ ਕਰਨੈਲ ਸਿੰਘ ਮੁੱਖ ਅਫਸਰ ਥਾਣਾ ਮਾਡਲ ਟਾਊਨ ਹੁਸ਼ਿਆਰਪੁਰ ਦੀ ਨਿਗਰਾਨੀ ਹੇਠ ਏ ਐਸ ਆਈ ਤਜਿੰਦਰ ਸਿੰਘ ਥਾਣਾ ਮਾਡਲ ਟਾਊਨ ਹੁਸ਼ਿਆਰਪੁਰ ਨੇ ਸਮੇਤ ਸਾਥੀ ਕਮਚਾਰੀਆਂ ਨਾਲ ਗਸ਼ਤ ਅਤੇ ਨਾਕਾਬੰਦੀ ਦੇ ਦੌਰਾਨ ਸਿਵਲ ਹਸਪਤਾਲ ਹੁਸਿਆਰਪੁਰ ਤੋਂ ਥੋੜਾ ਅੱਗੇ ਵਰਕਸ਼ਾਪ ਵਾਲੀ ਗਲੀ ਤੋਂ ਇੱਕ ਐਕਟਿਵਾ ਨੰਬਰੀ ਫਬ07-ਭਖ-6388 ਰੰਗ ਚਿੱਟਾ 'ਤੇ ਸਵਾਰ ਹੋ ਕੇ ਆ ਰਹੇ ਪਵਨ ਕੁਮਾਰ ਹਾਂਡਾ ਪੁੱਤਰ ਮਦਨ ਲਾਲ ਹਾਂਡਾ ਵਾਸੀ ਮਕਾਨ ਨੰ 365 ਕਚਾ ਟੋਬਾ ਥਾਣਾ ਸਿਟੀ ਹੁਸ਼ਿਆਰਪੁਰ ਅਤੇ ਅਵਿਨਾਸ਼ ਕੁਮਾਰ ਉਰਫ ਅਬੀ ਪੁੱਤਰ ਅਸ਼ਵਨੀ ਕੁਮਾਰ ਵਾਸੀ ਜਹਾਨਖੇਲਾ ਥਾਣਾ ਸਦਰ ਹੁਸ਼ਿਆਰਪੁਰ ਨੂੰ ਸ਼ੱਕ ਦੀ ਬਿਨਾਹ 'ਤੇ ਰੋਕ ਕੇ ਚੈਕ ਕਰਨ 'ਤੇ ਪਵਨ ਕੁਮਾਰ ਹਾਂਡਾ ਪਾਸੋ 400 ਨਸ਼ੀਲੀਆ ਗੋਲੀਆਂ ਅਤੇ ਅਸ਼ਵਨੀ ਕੁਮਾਰ 250 ਨਸ਼ੀਲੀਆ ਗੋਲੀਆਂ ਬ੍ਰਾਮਦ ਹੋਣ ਤੇ ਇਨ੍ਹਾਂ ਦੇ ਖਿਲਾਫ ਮੁਕੱਦਮਾ ਥਾਣਾ ਮਾਡਲ ਟਾਊਨ ਹੁਸ਼ਿਆਰਪੁਰ ਦਰਜ ਕੀਤਾ ਗਿਆ।

## ਨਡਾਲੋਂ ਵਿਖੇ ਗੁਰਮਤਿ ਕੈਂਪ ਦੌਰਾਨ 87 ਪ੍ਰਾਣੀ ਖੰਡੇ-ਬਾਟੇ ਦਾ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੇ



**ਮੇਹਟੀਆਣਾ (ਜਗਤਰ ਸਿੰਘ ਭੂੰਗਰਨੀ)**- ਪਿੰਡ ਨਡਾਲੋਂ ਦੇ ਗੁਰਦਵਾਰਾ ਜਨਮ ਅਸਥਾਨ ਸੰਤ ਬਾਬਾ ਨਿਧਾਨ ਸਿੰਘ ਜੀ ਵਿਖੇ ਸੰਤ ਬਾਬਾ ਨਰਿੰਦਰ ਸਿੰਘ ਜੀ ਸ੍ਰੀ ਹਜ਼ੂਰ ਸਾਹਿਬ, ਸੰਤ ਬਾਬਾ ਬਲਵਿੰਦਰ ਸਿੰਘ ਜੀ ਸ੍ਰੀ ਹਜ਼ੂਰ ਸਾਹਿਬ ਤੇ ਜਥੇਦਾਰ ਬਾਬਾ ਗੁਰਮੀਤ ਸਿੰਘ ਜੀ ਕਾਰ ਸੇਵਾ ਵਾਲਿਆਂ ਦੀ ਸਰਪ੍ਰਸਤੀ ਅਤੇ ਜਥੇਦਾਰ ਇਕਬਾਲ ਸਿੰਘ ਖੇੜਾ, ਮਲਕੀਤ ਸਿੰਘ ਫਗਵਾੜਾ ਅਖੰਡ ਕੀਰਤਨੀ ਜਥਾ, ਬਾਬਾ ਜਰਨੈਲ ਸਿੰਘ ਨਡਾਲੋਂ, ਭਾਈ ਧਰਮ ਸਿੰਘ ਅਜਨੋਹਾ, ਸਾਬਕਾ ਸਰਪੰਚ ਜਸਬੀਰ ਸਿੰਘ ਭੱਟੀ, ਭਾਈ ਅਮਰਜੀਤ ਸਿੰਘ ਰਾਜਾ ਜਾਂਗਣੀਵਾਲ, ਭਾਈ ਲਖਵੀਰ ਸਿੰਘ ਰਾਣਾ ਡਾਨਸੀਵਾਲ, ਭਾਈ ਹਰਵਿੰਦਰ ਸਿੰਘ ਖਾਲਸਾ ਅਜਨੋਹਾ, ਭਾਈ ਗੁਰਪਾਲ ਸਿੰਘ ਨਡਾਲੋਂ, ਗੁਰਪ੍ਰੀਤ ਸਿੰਘ ਜਗਜੀਤਪੁਰ, ਸਿਮਰਨਜੀਤ ਸਿੰਘ ਮਲਕਪੁਰ, ਗੁਰਪ੍ਰੀਤ ਸਿੰਘ ਰਿਹਾਣਾ ਜੱਟਾਂ, ਸਰਬਜੀਤ ਸਿੰਘ ਫਗਵਾੜਾ, ਤਰਲੋਚਨ ਸਿੰਘ ਆਦਿ ਦੇ ਵਿਸ਼ੇਸ਼ ਸਹਿਯੋਗ ਨਾਲ ਗੁਰਮਤਿ ਕੈਂਪ ਦੌਰਾਨ ਅੰਮ੍ਰਿਤ ਸੰਚਾਰ ਸਮਾਗਮ ਕਰਵਾਇਆ ਗਿਆ। ਇਸ ਮੌਕੇ 87 ਅੰਮ੍ਰਿਤ ਅਭਿਲਾਖੀਆਂ ਨੇ ਜਿਹਨਾਂ 'ਚ ਬੱਚੇ, ਨੌਜਵਾਨ ਤੇ ਬਜ਼ੁਰਗ ਸ਼ਾਮਿਲ ਸਨ, ਨੇ ਪੰਜ ਪਿਆਰੇ ਸਾਹਿਬਾਨ ਵੱਲੋਂ ਤਿਆਰ ਕੀਤਾ ਖੰਡੇ ਬਾਟੇ ਦਾ ਅੰਮ੍ਰਿਤ ਛਕਿਆ। ਜਥੇਦਾਰ ਬਾਬਾ ਗੁਰਮੀਤ ਸਿੰਘ ਜੀ ਨੇ ਗੁਰੂ ਵਾਲੇ ਬਣੇ ਸਿੰਘ - ਸਿੰਘਣੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਅੰਮ੍ਰਿਤ ਦੀ ਦਾਤ ਵੱਡੇ ਭਾਗਾਂ ਨਾਲ ਜਿਸ ਪ੍ਰਾਣੀ 'ਤੇ ਗੁਰੂ ਸਾਹਿਬ ਕਿਰਪਾ ਕਰਨ ਉਸ ਨੂੰ ਹੀ ਪ੍ਰਾਪਤ ਹੁੰਦੀ ਹੈ। ਇਸ ਮੌਕੇ ਉਹਨਾਂ ਸਾਰੇ ਪ੍ਰਾਣੀਆਂ ਨੂੰ ਬਾਣੀ ਬਾਣੇ 'ਚ ਪ੍ਰਪੱਕ ਰਹਿਣ ਦੀ ਅਪੀਲ ਵੀ ਕੀਤੀ। ਇਸ ਮੌਕੇ ਭਾਈ ਸੁਖਦੇਵ ਸਿੰਘ ਨਡਾਲੋਂ, ਬਾਬਾ ਮਾਨ ਸਿੰਘ ਚਮਕੌਰ ਸਾਹਿਬ, ਮਾ. ਇਕਬਾਲ ਸਿੰਘ ਅਜਨੋਹਾ, ਅਮਰਜੀਤ ਸਿੰਘ ਅਮਰੀਕਾ, ਗੁਰਪ੍ਰੀਤ ਸਿੰਘ ਅਮਰੀਕਾ, ਨਵਜੋਤ ਸਿੰਘ ਬੱਡੋਂ, ਸਰਵਣ ਸਿੰਘ ਟੋਡਰਪੁਰ, ਧਰਮਿੰਦਰ ਸਿੰਘ ਸੋਨੂੰ, ਲਖਵਿੰਦਰ ਸਿੰਘ ਵਿੰਦਾ, ਬਲਜਿੰਦਰ ਸਿੰਘ ਪੰਜੌੜ, ਗੁਰਜਿੰਦਰ ਸਿੰਘ ਸਰਹਾਲਾ, ਹਰਦੀਪ ਸਿੰਘ, ਪ੍ਰਭਦੀਪ ਸਿੰਘ ਪੰਜੌੜ, ਤਰਨਪ੍ਰੀਤ ਕੌਰ ਡਾਨਸੀਵਾਲ, ਬਿੱਕੀ ਪਾਂਛਟਾ, ਬਾਬਾ ਸੇਰਾ, ਕੀਰਤ ਸਿੰਘ, ਗੁਰਲੀਨ ਕੌਰ, ਸਹਿਜ ਸਿੰਘ, ਪੂਰਬੀ ਕੌਰ, ਕਿਸਨ ਸਿੰਘ ਲਾਂਗਰੀ, ਕਿਰਪਾਲ ਸਿੰਘ ਅਜਨੋਹਾ, ਬੂਟਾ ਸਿੰਘ ਕੋਟ ਫਤੂਹੀ, ਬਹਾਦਰ ਖਾਨ ਕੋਟ ਫਤੂਹੀ, ਮੋਹਨ ਸਿੰਘ ਡਾਂਡੀਆਂ ਆਦਿ ਹਾਜ਼ਰ ਸਨ

## ਸੜਕ ਵਿਚਕਾਰ ਟੁੱਟ ਕੇ ਡਿੱਗੇ ਦਰੱਖਤ ਕਾਰਨ ਆਵਾਜਾਈ ਪ੍ਰਭਾਵਤ



**ਫਿਲੌਰ (ਨਿਰਮਲ)**- ਬੀਤੇ ਦਿਨੀਂ ਭਾਰੀ ਮੀਂਹ ਅਤੇ ਹਨੇਰੀ ਕਾਰਨ ਫਿਲੌਰ-ਬੜਾ ਪਿੰਡ ਰੋਡ 'ਤੇ ਅੱਟੀ ਨੇੜੇ ਪੈਟਰੋਲ ਪੰਪ ਕੋਲ ਇੱਕ ਭਾਰੀ ਦਰੱਖਤ ਸੜਕ ਵਿਚਕਾਰ ਡਿੱਗ ਪਿਆ ਹੈ। ਜਿਸ ਕਾਰਨ ਆਵਾਜਾਈ ਬਹੁਤ ਪ੍ਰਭਾਵਿਤ ਹੋ ਰਹੀ ਹੈ, ਵੱਡੇ ਵਾਹਨ ਲੰਘ ਨਹੀਂ ਰਹੇ ਤੇ ਰਾਤ ਬਰਾਤੇ ਕੋਈ ਵੱਡਾ ਹਾਦਸਾ ਹੋ ਸਕਦਾ ਹੈ।

ਦਿਹਾਤੀ ਮਜ਼ਦੂਰ ਸਭਾ ਦੇ ਆਗੂ ਜਰਨੈਲ ਫਿਲੌਰ, ਅੰਬੇਡਕਰੀ ਆਗੂ ਜਸਵੰਤ ਬੋਧ ਤੇ ਪਿੰਡ ਅੱਟੀ ਦੇ ਸਰਪੰਚ ਸੋਹਣ ਲਾਲ ਨੇ ਦੱਸਿਆ ਕਿ ਇਸ ਬਾਰੇ ਫਿਲੌਰ ਪ੍ਰਸ਼ਾਸਨ ਨੂੰ ਵਾਰ-ਵਾਰ ਦੱਸਿਆ ਪਰ ਕੋਈ ਕਾਰਵਾਈ ਨਹੀਂ ਹੋਈ, ਫੋਨ 'ਤੇ ਗੱਲ ਜ਼ਰੂਰ ਸੁਣੀ ਪਰ ਦਰੱਖਤ ਹਟਾਉਣ ਲਈ ਕੋਈ ਕਾਰਵਾਈ ਨਹੀਂ ਕੀਤੀ ਗਈ। ਇਸ ਸਮੇਂ ਆਗੂਆਂ ਨੇ ਮੀਡੀਆ ਰਾਹੀਂ ਉੱਚ ਅਧਿਕਾਰੀਆਂ ਤੋਂ ਮੰਗ ਕੀਤੀ ਕਿ ਰਾਹ ਵਿੱਚ ਡਿੱਗੇ ਦਰੱਖਤ ਨੂੰ ਜਲਦੀ ਹਟਾ ਕੇ ਆਵਾਜਾਈ ਵਿੱਚ ਪੈ ਰਹੇ ਵਿਘਨ ਨੂੰ ਖਤਮ ਕੀਤਾ ਜਾਵੇ।। ਇਸ ਸਮੇਂ ਗੁਰਪ੍ਰੀਤ ਦਹੀਆ, ਭਗਤ ਰਾਮ ਪੰਚ ਅੱਟੀ, ਹਰਸ਼ ਚੋਪੜਾ ਅੱਟੀ, ਰਜਿੰਦਰ ਸਿੰਘ ਪੰਚ ਰਾਮਗੜ੍ਹ ਕੇਵਲ ਕ੍ਰਿਸ਼ਨ, ਜਸਵੀਰ ਕੁਮਾਰ ਮੀਆਂਵਾਲ, ਸੁਨੀਤਾ ਫਿਲੌਰ ਸਾਬਕਾ ਕੌਂਸਲਰ, ਮਹਿੰਦਰ ਕੌਰ ਫਿਲੌਰ ਆਦਿ ਹਾਜਰ ਸਨ।

# ਪੈਨਸ਼ਨਰਾਂ ਵੱਲੋਂ ਦਫਤਰੀ ਕਰਮਚਾਰੀਆਂ ਦੀ ਕਲਮ ਛੋੜ ਹੜਤਾਲ ਦੀ ਹਮਾਇਤ




**ਫਗਵਾੜਾ ( ਡਾ. ਰਮਨ )**-ਆਮ ਆਦਮੀ ਪਾਰਟੀ ਦੀ ਸਰਕਾਰ ਦੀ ਵਾਅਦਾ ਖਿਲਾਫੀ ਕਰਕੇ ਸਿੱਖਿਆ ਵਿਭਾਗ ਦੇ ਕੱਚੇ ਦਫਤਰੀ ਮੁਲਾਜ਼ਮ ਅਤੇ ਆਈ ਈ ਆਰ ਟੀ ਅਧਿਆਪਕਾਂ ਨੇ ਕਲਮ ਛੋੜ ਹੜਤਾਲ ਦੂਜੇ ਦਿਨ ਵੀ ਜਾਰੀ ਰਹੀ। ਪੰਜਾਬ ਪੈਨਸ਼ਨਰਜ ਵੈੱਲਫੇਅਰ ਐਸੋਸੀਏਸ਼ਨ ਜ਼ਿਲ੍ਹਾ ਜਲੰਧਰ ਦੇ ਸਾਥੀ ਕੁਲਦੀਪ ਸਿੰਘ ਕੌੜਾ,ਤਾਰਾ ਸਿੰਘ ਬੀਕਾ ਦੀ ਅਗਵਾਈ ਵਿੱਚ ਬਲਾਕ ਪ੍ਰਾਇਮਰੀ ਸਿੱਖਿਆ ਦਫਤਰ ਗੁਰਾਇਆ 01 ਅਤੇ 02 ਦੇ ਮੁਲਾਜ਼ਮਾਂ ਦੀ ਹਿਮਾਇਤ ਵਿੱਚ ਸ਼ਾਮਲ ਹੋਏ। ਆਗੂਆਂ ਨੇ ਕਿਹਾ ਕਿ ਪਿਛਲੇ 12 ਮਹੀਨੇ ਤੋਂ ਕੱਚੇ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਦਾ ਸਰਕਾਰ ਪ੍ਰਚਾਰ ਕਰ ਰਹੀ ਹੈ ਪਰ ਜੋ ਸੱਚਾਈ ਸਾਹਮਣੇ ਆਈ ਹੈ ਉਹ ਸ਼ਰੇਆਮ ਕੱਚੇ ਮੁਲਾਜ਼ਮਾਂ ਨਾਲ ਸਰਕਾਰ ਵੱਲੋਂ ਕੀਤਾ ਜਾ ਰਿਹਾ ਧੋਖਾ ਹੈ। ਪੰਜਾਬ ਸਰਕਾਰ ਬਿਨਾਂ ਪੇ ਸਕੇਲ, ਸੀ. ਐਸ. ਆਰ ਅਤੇ ਪੈਨਸ਼ਨਰੀ ਲਾਭ ਦਿੱਤੇ ਰੈਗੂਲਰ ਕਰ ਰਹੀ ਹੈ ਜੋ ਕਿ ਕੋਰਾ ਝੂਠ ਹੈ ਅਤੇ ਅਤਿ ਨਿੰਦਣਯੋਗ ਹੈ। ਕਿਰਨ,ਵੇਨੂ ਗਾਬਾ, ਬਲਜੀਤ ਕੌਰ, ਕੁਲਵਿੰਦਰ ਕੌਰ, ਨੀਰਜ,ਪਰੇਮ ਕੁਮਾਰ, ਰਾਕੇਸ਼ ਕੁਮਾਰ ਆਦਿ ਨੇ ਕਿਹਾ ਕਿ ਅਕਾਲੀ ਦਲ ਅਤੇ ਕਾਂਗਰਸ ਦੀ ਸਰਕਾਰ ਨੇ ਕੱਚੇ ਮੁਲਾਜ਼ਮਾਂ ਦੀ ਜਵਾਨੀ ਰੋਲ ਕੇ ਰੱਖ ਦਿੱਤੀ ਅਤੇ ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਕੱਚੇ ਮੁਲਾਜ਼ਮਾਂ ਦੇ ਭਵਿੱਖ ਨੂੰ ਰੋਲਣ ਦੀ ਤਿਆਰੀ ਕਰੀ ਬੈਠੀ ਹੈ। ਆਗੂਆਂ ਨੇ ਕਿਹਾ ਕਿ ਸਰਕਾਰ ਨੇ ਕੱਚੇ ਮੁਲਾਜ਼ਮਾਂ ਨਾਲ ਪੱਕਾ ਕਰਨ ਦਾ ਵਾਅਦਾ ਕੀਤਾ ਸੀ ਜਿਸ ਤੋਂ ਹੁਣ ਭੱਜ ਰਹੀ ਹੈ । ਪੈਨਸਨਰਾਂ ਆਗੂਆਂ ਨੇ ਦਫਤਰੀ ਕਰਮਚਾਰੀਆਂ ਦੇ ਸੰਘਰਸ਼ ਦੀ ਪੁਰਜ਼ੋਰ ਹਿਮਾਇਤ ਕਰਦੇ ਹੋਏ ਪੰਜਾਬ ਸਰਕਾਰ ਤੋਂ ਜ਼ੋਰਦਾਰ ਢੰਗ ਨਾਲ ਮੰਗ ਕੀਤੀ ਕਿ ਸਰਵ ਸਿੱਖਿਆ ਅਭਿਆਨ ਦੇ ਦਫਤਰੀ ਕਰਮਚਾਰੀਆਂ ਨੂੰ ਬਿਨਾ ਸਰਤ ਪੂਰੇ ਗਰੇਡਾਂ ਵਿੱਚ ਤੁਰੰਤ ਰੈਗੂਲਰ ਕੀਤਾ ਜਾਵੇ। ਇਸ ਸਮੇਂ ਹੋਰਨਾਂ ਤੋਂ ਇਲਾਵਾ ਸਤਪਾਲ ਮਹਿਮੀ, ਸ਼ਿਵ ਦਾਸ, ਸੀਤਲ ਰਾਮ ਬੰਗਾ,ਰਤਨ ਸਿੰਘ, ਇਕਬਾਲ ਸਿੰਘ, ਹਰਵਿੰਦਰ ਸਿੰਘ ਸਹੋਤਾ, ਕਰਨੈਲ ਸਿੰਘ ਆਦਿ ਪੈਨਸ਼ਨਰ ਸਾਥੀ ਵੀ ਹਾਜਰ ਹੋਏ।

## ਜਿੰਪਾ ਵੱਲੋਂ ਪਹਿਲੀ 'ਜਨ ਮਾਲ ਲੋਕ ਅਦਾਲਤ' ਦੀ ਸ਼ੁਰੂਆਤ

**ਜਲੰਧਰ ( ਇਕਬਾਲ ਸਿੰਘ ਉੱਭੀ, ਸ਼ੈਲੀ ਅਲਬਰਟ )** ਪੰਜਾਬ ਦੇ ਮਾਲ ਮੰਤਰੀ ਬ੍ਰਮ ਸੰਕਰ ਜਿੰਪਾ ਨੇ ਮਾਲ ਵਿਭਾਗ ਨਾਲ ਸਬੰਧਤ ਲੋਕਾਂ ਦੀਆਂ ਸ਼ਿਕਾਇਤਾਂ ਦਾ ਮੌਕੇ 'ਤੇ ਨਿਪਟਾਰਾ ਕਰਨ ਲਈ ਜਲੰਧਰ ਤੋਂ ਪਹਿਲੀ ਜਨ ਮਾਲ ਲੋਕ ਅਦਾਲਤ ਦੀ ਸ਼ੁਰੂਆਤ ਕੀਤੀ, ਜਿਸ ਵਿੱਚ 1500 ਤੋਂ ਵੱਧ ਲੋਕਾਂ ਨੇ ਭਾਗ ਲਿਆ। ਇਸ ਜਨ ਮਾਲ ਲੋਕ ਅਦਾਲਤ ਦੌਰਾਨ 816 ਇੰਤਕਾਲ ਕੇਸਾਂ ਦਾ ਮੌਕੇ 'ਤੇ ਫੈਸਲਾ ਕੀਤਾ ਗਿਆ ਅਤੇ 90 ਸ਼ਿਕਾਇਤਾਂ ਪ੍ਰਾਪਤ ਹੋਈਆਂ, ਜਿਨ੍ਹਾਂ ਦੇ ਜਲਦ ਨਬੇੜੇ ਲਈ ਮਾਲ ਮੰਤਰੀ ਵੱਲੋਂ ਸਬੰਧਤ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੱਤੇ ਗਏ। ਜਿੰਪਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਲੋਕਾਂ ਨੂੰ ਨਿਰਵਿਘਨ ਅਤੇ ਸਮਾਂਬੱਧ ਨਾਗਰਿਕ ਸੇਵਾਵਾਂ ਪ੍ਰਦਾਨ ਕਰਨ ਲਈ ਨਵੀਆਂ ਪਹਿਲਕਦਮੀਆਂ ਕੀਤੀਆਂ ਹਨ। ਉਨ੍ਹਾਂ ਕਿਹਾ ਕਿ 'ਸਰਕਾਰ ਤੁਹਾਡੇ ਦੁਆਰ' ਪਹਿਲਕਦਮੀ ਸਰਕਾਰ ਦੀਆਂ ਤਰਜੀਹਾਂ ਨੂੰ ਦਰਸਾਉਂਦੀ ਹੈ, ਜਿਸ ਤਹਿਤ ਸਰਕਾਰ ਵੱਲੋਂ ਹਰ ਪੱਧਰ 'ਤੇ ਲੋਕਾਂ ਤੱਕ ਪਹੁੰਚ ਕੀਤੀ ਜਾ ਰਹੀ ਹੈ। ਮੁੱਖ ਮੰਤਰੀ ਕਈ ਜ਼ਿਲ੍ਹਿਆਂ ਵਿੱਚ ਕੈਬਨਿਟ ਮੀਟਿੰਗਾਂ ਕਰ ਰਹੇ ਹਨ ਜਦਕਿ ਜ਼ਿਲ੍ਹਾ ਪੱਧਰ 'ਤੇ ਫੀਲਡ ਅਧਿਕਾਰੀਆਂ ਵੱਲੋਂ ਸੂਬਾ ਸਰਕਾਰ ਦੇ ਭਲਾਈ ਪ੍ਰੋਗਰਾਮ ਦਾ ਲਾਭ ਲੋਕਾਂ ਤੱਕ ਪਹੁੰਚਾਉਣ ਲਈ ਦੂਰ-ਦੁਰਾਡੇ ਇਲਾਕਿਆਂ ਦੇ ਦੌਰੇ ਕੀਤੇ ਜਾ ਰਹੇ ਹਨ। ਇਸ ਮੌਕੇ ਮਾਲ ਮੰਤਰੀ ਦੇ ਨਾਲ ਲੋਕ ਸਭਾ ਮੈਂਬਰ ਸੁਸ਼ੀਲ ਕੁਮਾਰ ਰਿੰਕੂ, ਵਿਧਾਇਕ ਰਮਨ ਅਰੋੜਾ, ਸਪੈਸ਼ਲ ਮੁੱਖ ਸਕੱਤਰ ਕੇ.ਏ.ਪੀ. ਸਿਨਹਾ, ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਅਤੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਅੰਮ੍ਰਿਤਪਾਲ ਸਿੰਘ ਮੌਜੂਦ ਸਨ। ਜਿੰਪਾ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸੂਬੇ ਵਿੱਚ ਜਨ ਮਾਲ ਲੋਕ ਅਦਾਲਤ ਲਗਾਉਣ ਦੀ ਸ਼ੁਰੂਆਤ ਕੀਤੀ ਗਈ ਹੈ, ਜਿਸ ਵਿੱਚ ਮਾਲ ਵਿਭਾਗ ਨਾਲ ਸਬੰਧਤ ਲੋਕਾਂ ਦੀਆਂ ਸ਼ਿਕਾਇਤਾਂ ਦਾ ਮੌਕੇ 'ਤੇ ਹੀ ਨਿਪਟਾਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਜਨ ਮਾਲ ਲੋਕ ਅਦਾਲਤ ਅਧੀਨ ਸਬ ਡਵੀਜਨ ਵਾਰ ਕਾਊਂਟਰ ਸਥਾਪਤ ਕੀਤੇ ਗਏ ਹਨ, ਜਿੱਥੇ ਬਿਨੈਕਾਰਾਂ ਨੇ ਆਪਣੀਆਂ ਬਕਾਇਆ ਦਰਖਾਸਤਾਂ ਦੇ ਨਿਪਟਾਰੇ ਲਈ ਪਹੁੰਚ ਕੀਤੀ। ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ ਇੱਕ ਹੋਰ ਨਿਵੇਕਲੀ ਪਹਿਲਕਦਮੀ ਤਹਿਤ ਸੂਬੇ ਵਿੱਚ ਵਟਸਐਪ ਹੈਲਪਲਾਈਨ ਵੀ ਸ਼ੁਰੂ ਕੀਤੀ ਗਈ ਹੈ, ਜਿਸ ਤਹਿਤ ਲੋਕ ਹੈਲਪਲਾਈਨ ਨੰਬਰ 'ਤੇ ਮਾਲ ਵਿਭਾਗ ਨਾਲ ਸਬੰਧਤ ਆਪਣੀਆਂ ਸ਼ਿਕਾਇਤਾਂ ਭੇਜ ਸਕਦੇ ਹਨ। ਇਨ੍ਹਾਂ ਸ਼ਿਕਾਇਤਾਂ ਦਾ ਸਮਾਂਬੱਧ ਨਿਪਟਾਰਾ ਕੀਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਇਸ ਵਟਸਐਪ ਹੈਲਪਲਾਈਨ ਰਾਹੀਂ 1400 ਦੇ ਕਰੀਬ ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ, ਜਿਨ੍ਹਾਂ ਵਿੱਚੋਂ 500 ਤੋਂ ਵੱਧ ਦਾ ਨਿਪਟਾਰਾ ਕੀਤਾ ਜਾ ਚੁੱਕਾ ਹੈ ਜਦਕਿ ਬਾਕੀ ਸ਼ਿਕਾਇਤਾਂ ਪ੍ਰਕਿਰਿਆ ਅਧੀਨ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਵਧੀਕ ਡਿਪਟੀ ਕਮਿਸ਼ਨਰ ਮੇਜਰ ਅਮਿਤ ਮਹਾਜਨ, ਐਸ.ਡੀ.ਐਮਜ਼ ਵਿਕਾਸ ਹੀਰਾ, ਬਲਬੀਰ ਰਾਜ ਸਿੰਘ, ਅਮਨਪਾਲ ਸਿੰਘ ਅਤੇ ਰਿਸ਼ਬ ਬਾਂਸਲ, ਜ਼ਿਲ੍ਹਾ ਮਾਲ ਅਫਸਰ ਮਨਦੀਪ ਸਿੰਘ ਮਾਨ, ਆਪ ਆਗੂ ਓਲੰਪੀਅਨ ਸੁਰਿੰਦਰ ਸਿੰਘ ਸੋਢੀ, ਜੀਤ ਲਾਲ ਭੱਟੀ ਆਦਿ ਵੀ ਮੌਜੂਦ ਸਨ।

## ਦੋਸਤਾਂ ਨਾਲ ਸੈਰ ਕਰਨ ਗਿਆ ਨੌਜਵਾਨ ਲਾਪਤਾ

**ਰੋਪੜ (ਬਿੰਦਰਾ)** ਗਾਰਡਨ ਕਾਲੋਨੀ ਵਾਸੀ ਸੁਖਦੇਵ ਸਿੰਘ ਦੀ ਸ਼ਿਕਾਇਤ 'ਤੇ ਪੁਲਸ ਨੇ 4 ਵਿਅਕਤੀਆਂ ਵਿਰੁੱਧ ਪਰਚਾ ਦਰਜ ਕੀਤਾ ਹੈ। ਸੁਖਦੇਵ ਸਿੰਘ ਅਨੁਸਾਰ ਉਸ ਦਾ ਪੁੱਤਰ ਹਰਪ੍ਰੀਤ ਸਿੰਘ (29) ਸੈਰ ਕਰਨ ਆਪਣੇ 4 ਦੋਸਤਾਂ ਨਾਲ ਗਿਆ ਸੀ ਪਰ ਮੁੜ ਕੇ ਘਰ ਨਹੀਂ ਆਇਆ। ਪੁਲਸ ਨੇ ਸੁਖਦੇਵ ਸਿੰਘ ਦੀ ਸ਼ਿਕਾਇਤ 'ਤੇ ਰਵਿੰਦਰ ਕੁਮਾਰ ਪੁੱਤਰ ਦੀਵਾਨ ਚੰਦ, ਲਲਿਤ ਕੁਮਾਰ ਪੁੱਤਰ ਰਵਿੰਦਰ ਕੁਮਾਰ, ਜੁਗਰਾਜ ਸਿੰਘ ਵਾਸੀ ਜਗਤਪੁਰ, ਅਬਦੁਲ ਖਾਨ ਉਰਫ ਰੰਮੀ ਵਾਸੀ ਡਾਢੀ ਵਿਰੁੱਧ ਪਰਚਾ ਦਰਜ ਕੀਤਾ। ਹਰਪ੍ਰੀਤ ਸਿੰਘ ਦੀ ਭਾਲ ਕੀਤੀ ਜਾ ਰਹੀ ਹੈ।

## ਕੁੱਟੀਆ ਬਾਬਾ ਨਰਾਇਣ ਦਾਸ ਵੈੱਲਫੇਅਰ ਕਮੇਟੀ ਦੀ ਹੋਈ ਚੋਣ

**ਅੱਡਾ ਸਰਾਂ , (ਕਾਜਲ)**- ਕੁੱਟੀਆ ਬਾਬਾ ਨਰਾਇਣ ਦਾਸ ਜੀ ਦੇ ਇਤਿਹਾਸਿਕ ਸਥਾਨ ਦਾ ਪ੍ਰਬੰਧ ਹੋਰ ਵਧੀਆ ਢੰਗ ਨਾਲ ਚਲਾਉਣ ਲਈ ਕੁੱਟੀਆ ਬਾਬਾ ਨਰਾਇਣ ਦਾਸ ਜੀ ਵੈੱਲਫੇਅਰ ਕਮੇਟੀ ਕੰਧਾਲਾ ਜੱਟਾਂ ਦੀ ਚੋਣ ਹੋਈ। ਜਿਸ ਵਿਚ ਬਾਬਾ ਹਰਭਜਨ ਸਿੰਘ,ਕਰਤਾਰਪੁਰ ਦੀ ਸੰਗਤ ਅਤੇ ਸਰਪੰਚ ਗ੍ਰਾਮ ਪੰਚਾਇਤ ਕੰਧਾਲਾ ਜੱਟਾਂ ਦੀ ਅਗਵਾਈ ਵਿਚ ਨੌਜਵਾਨ ਆਗੂ ਅਮਰਜੀਤ ਸਿੰਘ ਹੀਰ ਨੂੰ ਪ੍ਰਧਾਨ ਬਣਾਇਆ। ਚਮਨਪ੍ਰੀਤ ਸਿੰਘ ਵਾਇਸ ਪ੍ਰਧਾਨ,ਜਸਵੀਰ ਸਿੰਘ ਹੀਰ ਕੈਸ਼ੀਅਰ,ਜਸਵੀਰ ਸਿੰਘ ਲੱਕੀ ਸੈਕਟਰੀ ,ਗੁਰਮੇਲ ਸਿੰਘ ਸਿੰਘ ਸਲਾਹਕਾਰ,ਜਸਵਿੰਦਰ ਸਿੰਘ ਲਾਡੀ ਕਾਰਜਕਾਰੀ ਮੈਂਬਰ,ਗੁਰਦੇਵ ਸਿੰਘ ਸਲਾਹਕਾਰ,ਸਿਮਰਨ ਸਿੰਘ,ਕੁਲਵੰਤ ਕਾਂਤੀ,ਜੁਵਰਾਜ ਸਿੰਘ ਹੀਰ,ਗੋਰੀ,ਮਨਦੀਪ ਸਿੰਘ, ਜਸਕਰਨ,ਆਵੀ ਹੀਰ,ਵਿਕਰਮ ਸਿੰਘ,ਪਵਿੱਤਰ ਸਿੰਘ, ਸੁੱਖਾ,ਗੁਰਪ੍ਰੀਤ ਸਿੰਘ,ਸਹਿਜਪ੍ਰੀਤ,ਦਵਿੰਦਰ ਸਿੰਘ,ਲਵਪ੍ਰੀਤ ਸਿੰਘ ਬੋਬੀ,ਗਗਨ,ਕਾਲਾ ਸਾਰੇ ਕਾਰਜਕਾਰਨੀ ਮੈਂਬਰ ਨਿਯੁਕਤ ਕੀਤੇ ਗਏ। ਇਸ ਮੌਕੇ ਇਸ ਮੌਕੇ ਸਰਪੰਚ ਜੋਗਿੰਦਰ ਸਿੰਘ,ਕੁਲਦੀਪ ਸਿੰਘ ਕਰਤਾਰਪੁਰ,ਮੰਗੂ ਰਾਮ ਫਰੀਦਪੁਰ,ਪ੍ਰਿੰਸੀਪਲ ਡਾ.ਅਰਮਨਪ੍ਰੀਤ ਸਿੰਘ,ਮਨਦੀਪ ਸਿੰਘ ਮੱਦਾ,ਗੁਰਜੀਤ ਸਿੰਘ ਲੱਕੀ,ਸੁਖਦੇਵ ਸਿੰਘ,ਰਾਮ ਮੂਰਤੀ,ਧਰਮ ਸਿੰਘ,ਸੰਸਾਰ ਸਿੰਘ,ਅਵਤਾਰ ਸਿੰਘ ਤਾਰੀ ਨੇ ਚੁਣੀ ਗਈ ਟੀਮ ਦਾ ਸਨਮਾਨ ਕੀਤਾ ।

## ਰੋਜ਼ਗਾਰ ਕੈਂਪ 'ਚ 36 ਪਲੇਸਮੈਂਟ ਉਮੀਦਵਾਰਾਂ ਦੀ ਚੋਣ

**ਜਲੰਧਰ, (ਸੁਰਿੰਦਰ ਕੁਮਾਰ)** ਨੌਜਵਾਨਾਂ ਨੂੰ ਰੋਜ਼ਗਾਰ ਦੇ ਮੌਕੇ ਮੁਹੱਈਆ ਕਰਵਾਉਣ ਦੇ ਮੰਤਵ ਨਾਲ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਸ਼ੁੱਕਰਵਾਰ ਨੂੰ ਆਪਣੇ ਦਫਤਰ ਵਿਖੇ ਪਲੇਸਮੈਂਟ ਕੈਂਪ ਲਗਾਇਆ ਗਿਆ, ਜਿਸ ਵਿੱਚ 36 ਉਮੀਦਵਾਰਾਂ ਦੀ ਰੋਜ਼ਗਾਰ ਲਈ ਚੋਣ ਕੀਤੀ ਗਈ। ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਅਫ਼ਸਰ ਰਣਜੀਤ ਕੌਰ ਨੇ ਦੱਸਿਆ ਕਿ ਪਲੇਸਮੈਂਟ ਕੈਂਪ ਵਿੱਚ ਐਚ.ਡੀ.ਐਫ.ਸੀ. ਬੈਂਕ, ਟੀਮ ਲੀਜ਼, ਐਲ.ਆਈ.ਸੀ., ਨਾਰਾਇਣੀ ਹਰਬਲ, ਵਿਜ਼ਨ ਕੇਅਰ ਅਤੇ ਪੇਟੀਐਮ ਕੰਪਨੀਆਂ ਵੱਲੋਂ ਸ਼ਿਰਕਤ ਕੀਤੀ ਗਈ ਅਤੇ 65 ਉਮੀਦਵਾਰਾਂ ਨੇ ਭਾਗ ਲਿਆ, ਜਿਨ੍ਹਾਂ ਵਿੱਚੋਂ 36 ਉਮੀਦਵਾਰ ਮੌਕੇ 'ਤੇ ਰੋਜ਼ਗਾਰ ਲਈ ਚੁਣੇ ਗਏ।

## ਅਧਿਆਪਕਾਂ ਲਈ ਸਿੱਖਿਆ ਤੇ ਸਿਖਲਾਈ ਵਰਕਸ਼ਾਪ

**ਜਲੰਧਰ (ਇਕਬਾਲ ਸਿੰਘ ਉਭੀ)** - ਰਾਮਾ ਮੰਡੀ - ਹੁਸ਼ਿਆਰਪੁਰ ਮਾਰਗ ਸਥਿਤ ਆਈਵੀ ਵਰਲਡ ਸਕੂਲ ਵਿਖੇ ਅਧਿਆਪਕ ਫਾਰੂਕ ਨੇ ਕਲਾਸ ਨਿਰੀਖਣ ਅਤੇ ਅਧਿਆਪਕ ਸਿਖਲਾਈ ਸਬੰਧੀ ਵਰਕਸ਼ਾਪ ਦਾ ਦੌਰਾ ਕੀਤਾ। ਆਪਣੀ ਫੇਰੀ ਦੌਰਾਨ ਫਾਰੂਕ ਨੇ ਕਲਾਸਾਂ ਵਿੱਚ ਕਰਵਾਈਆਂ ਜਾ ਰਹੀਆਂ ਵੱਖ-ਵੱਖ ਗਤੀਵਿਧੀਆਂ ਦਾ ਨਿਰੀਖਣ ਕੀਤਾ, ਵਿਦਿਆਰਥੀਆਂ ਅਤੇ ਅਧਿਆਪਕਾਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਬਿਹਤਰੀ ਲਈ ਸੁਝਾਅ ਵੀ ਦਿੱਤੇ। ਅਧਿਆਪਨ ਪ੍ਰਕਿਰਿਆ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਆਪਣੀਆਂ ਵੱਡਮੁੱਲੀਆਂ ਗਤੀਵਿਧੀਆਂ ਵਿੱਚੋਂ ਆਪਣਾ ਅਨੁਭਵ ਪੇਸ਼ ਕੀਤਾ। ਇਸ ਮੌਕੇ ਵਾਸਲ ਐਜੂਕੇਸ਼ਨਲ ਸੁਸਾਇਟੀ ਦੇ ਪ੍ਰਧਾਨ ਕੇ.ਕੇ.ਵਾਸਲ, ਚੇਅਰਮੈਨ ਸੰਜੀਵ ਵਾਸਲ, ਮੀਤ ਪ੍ਰਧਾਨ ਸ੍ਰੀਮਤੀ ਈਨਾ ਵਾਸਲ, ਸੀ.ਈ.ਓ ਰਾਘਵ ਵਾਸਲ ਅਤੇ ਡਾਇਰੈਕਟਰ ਸ੍ਰੀਮਤੀ ਅਦਿਤੀ ਵਾਸਲ ਨੇ ਫਾਰੂਕ ਵਲੋਂ ਸਕੂਲ ਲਈ ਵੱਡਮੁੱਲੇ ਗਿਆਨ ਅਤੇ ਸੁਝਾਵਾਂ ਲਈ ਉਨ੍ਹਾਂ ਧੰਨਵਾਦ ਕੀਤਾ। ਸ੍ਰੀਮਤੀ ਐਸ. ਚੌਹਾਨ, ਪ੍ਰਿੰਸੀਪਲ ਆਈਵੀ ਵਰਲਡ ਸਕੂਲ, ਜਲੰਧਰ ਨੇ ਵੀ ਸਕੂਲ ਦਾ ਦੌਰਾ ਕਰਨ ਲਈ ਫਾਰੂਕ ਦਾ ਧੰਨਵਾਦ ਕੀਤਾ।

## ਸੇਂਟ ਸੋਲਜਰ ਵੱਲੋਂ ਵਿਦਿਆਰਥੀਆਂ ਦਾ ਸਵਾਗਤ

**ਜਲੰਧਰ- (ਇਕਬਾਲ ਸਿੰਘ ਉਭੀ)**- ਗਰਮੀਆਂ ਦੀਆਂ ਛੁੱਟੀਆਂ ਵਿੱਚ ਮਸਤੀ, ਖੇਡਾਂ ਦੇ ਬਾਅਦ ਵਿਦਿਆਰਥੀਆਂ ਵਿੱਚ ਸਕੂਲ ਖੁੱਲ੍ਹਣ ਉੱਤੇ ਖੁਸ਼ੀ ਦੀ ਲਹਿਰ ਦੌੜ ਗਈ। ਇਹ ਮੌਕਾ ਸੀ ਸੇਂਟ ਸੋਲਜਰ ਡਿਵਾਇਨ ਪਬਲਿਕ ਸਕੂਲਾਂ ਦਾ ਜਿੱਥੇ ਵਿਦਿਆਰਥੀ ਖੁਸ਼ੀ ਨਾਲ ਭਰੇ ਮਨ ਅਤੇ ਚਿਹਰੇ ਉੱਤੇ ਮੁਸਕਾਨ ਲਈ ਸੰਸਥਾ ਵਿੱਚ ਆਉਂਦੇ ਹੋਏ ਨਜ਼ਰ ਆਏ। ਵਿਦਿਆਰਥੀਆਂ ਦਾ ਸਵਾਗਤ ਕਰਨ ਲਈ ਸੰਸਥਾ ਵਲੋਂ ਖਾਸ ਰੂਪ ਵਿੱਚ ਤਿਆਰੀਆਂ ਕੀਤੀਆਂ ਗਈਆਂ, ਜਿਸ ਵਿੱਚ ਵਿਦਿਆਰਥੀਆਂ ਨੂੰ ਆਕਰਸ਼ਿਤ ਕਰਨ ਲਈ ਕਲਾਸ ਰੂਮ ਨੂੰ ਸਜਾਇਆ ਗਿਆ। ਵਿਦਿਆਰਥੀਆਂ ਦਾ ਸਵਾਗਤ ਫੁੱਲਾਂ ਅਤੇ ਤਿਲਕ ਲਗਾ ਕੇ ਕੀਤਾ ਗਿਆ। ਵਿਦਿਆਰਥੀਆਂ ਨੂੰ ਆਰਾਮਦਾਇਕ ਮਹਿਸੂਸ ਕਰਵਾਉਣ ਲਈ ਵੱਖ-ਵੱਖ ਪ੍ਰਕਾਰ ਦੀਆਂ ਗੇਮਸ ਅਤੇ ਫਨ ਐਕਟਿਵਿਟੀ ਵੀ ਕਰਵਾਈ ਗਈ। ਵਾਇਸ ਚੇਅਰਪਰਸਨ ਸ਼੍ਰੀਮਤੀ ਸੰਗੀਤਾ ਚੋਪੜਾ ਨੇ ਵਿਦਿਆਰਥੀਆਂ ਦਾ ਸਵਾਗਤ ਕਰਦੇ ਹੋਏ ਸਭ ਵਿਦਿਆਰਥੀਆਂ ਨੂੰ ਸੰਸਥਾ ਦੇ ਨਿਯਮਾਂ ਦੇ ਬਾਰੇ ਵਿੱਚ ਦੱਸਦੇ ਹੋਏ ਸਭ ਨੂੰ ਮਿਲਕੇ ਰਹਿਣ ਨੂੰ ਕਿਹਾ। ਸ਼੍ਰੀਮਤੀ ਚੋਪੜਾ ਨੇ ਦੱਸਿਆ ਕਿ ਵਿਦਿਆਰਥੀਆਂ ਨੂੰ ਵਧੀਆ ਸਿੱਖਿਆ ਦੇਣ ਲਈ ਟੀਚਿੰਗ ਦੇ ਨਵੇਂ ਤਰੀਕੇ ਅਪਣਾਏ ਜਾ ਰਹੇ ਹਨ।

## ਬੱਚਾ ਚੁੱਕਣ ਆਇਆ ਸੀ ਸੀ ਟੀ ਵੀ ਕੈਮਰੇ 'ਚ ਕੈਦ

**ਅਲਾਵਲਪੁਰ ( ਮਦਨ ਬੰਗੜ )** ਬੀਤੀ ਰਾਤ ਸਥਾਨਕ ਮਹੱਲਾ ਸੁੰਦਰ ਨਗਰ ਵਿਖੇ ਅਣਪਛਾਤਾ ਵਿਅਕਤੀ ਛੱਤ ਉੱਪਰ ਦੀ ਘਰ ਅੰਦਰ ਦਾਖਲ ਹੋ ਕੇ ਬੱਚਾ ਚੋਰੀ ਕਰਨ ਲੱਗਾ ਸੀ ਕਿ ਬੱਚੇ ਦੇ ਮਾਪਿਆਂ ਦੀ ਜਾਗ ਖੁੱਲ੍ਹ ਗਈ। ਸਤੀਸ਼ ਕੁਮਾਰ ਬਾਸੀ ਮਹੱਲਾ ਸੁੰਦਰ ਨਗਰ ਅਲਾਵਲਪੁਰ ਨੇ ਦੱਸਿਆ ਕਿ ਬੀਤੀ ਰਾਤ ਉਨ੍ਹਾਂ ਦੇ ਘਰ ਛੱਤ ਉੱਪਰ ਦੀ ਇਕ ਵਿਅਕਤੀ ਦਾਖਲ ਹੋਇਆ ਅਤੇ ਉਹ ਬੱਚਾ ਚੁੱਕਣ ਦੀ ਫਿਰਾਕ ਵਿੱਚ ਸੀ ਕਿ ਉਸਦੀ ਪਤਨੀ ਦੀ ਅਚਾਨਕ ਅੱਖ ਖੁੱਲ੍ਹ ਗਈ ਅਤੇ ਉਸ ਨੇ ਰੌਲਾ ਪਾ ਦਿੱਤਾ। ਅਣਪਛਾਤਾ ਵਿਅਕਤੀ ਭੱਜਣ ਵਿਚ ਕਾਮਯਾਬ ਹੋ ਗਿਆ ਪਰ ਉਹ ਸੀਸੀਟੀਵੀ ਕੈਮਰਿਆਂ ਵਿੱਚ ਕੈਦ ਹੋ ਗਿਆ। ਇਸ ਸਬੰਧੀ ਉਨ੍ਹਾਂ ਵੱਲੋਂ ਪੁਲਸ ਚੌਕੀ ਅਲਾਵਲਪੁਰ ਨੂੰ ਸੂਚਨਾ ਦੇ ਦਿੱਤੀ ਗਈ ਹੈ

## ਨਰੇਗਾ ਕਾਮਿਆਂ ਦੀ ਦਿਹਾੜੀ 'ਚ ਕੀਤਾ ਵਾਧਾ ਸ਼ਲਾਘਾਯੋਗ : ਡਾ. ਵਿਲੀਅਮ

**ਕਾਲਾ ਸੰਘਿਆਂ (ਮਨਜੀਤ ਮਾਨ)** ਹਲਕਾ ਸ਼ਾਹਕੋਟ ਤੋਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਡਾਕਟਰ ਵਿਲੀਅਮ ਜੋਨ ਨੇ ਪ੍ਰੈਸ ਦੇ ਨਾਂਅ ਇਕ ਲਿਖਤੀ ਬਿਆਨ ਜਾਰੀ ਕਰਦਿਆਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਨਰੇਗਾ ਕਾਮਿਆਂ ਦੀ ਦਿਹਾੜੀ ਵਿੱਚ ਵਾਧਾ ਕਰਕੇ ਮਜ਼ਦੂਰਾ ਦਾ ਦਿਲ ਜਿੱਤਿਆ ਹੈ, ਉਹਨਾਂ ਨੇ ਕਿਹਾ ਹੈ ਕਿ ਭਗਵੰਤ ਮਾਨ ਦੀ ਸਰਕਾਰ ਹਮੇਸ਼ਾ ਹੀ ਮਜਦੂਰਾਂ ਦੇ ਹੱਕ ਵਿੱਚ ਖੜ੍ਹੀ ਹੈ, ਸਾਨੂੰ ਵੀ ਆਮ ਆਦਮੀ ਪਾਰਟੀ ਦੇ ਮੋਢੇ ਨਾਲ ਮੋਢਾ ਲਾ ਕੇ ਖੜ੍ਹਨਾਂ ਚਾਹੀਦਾ ਹੈ ਤਾਂ ਕਿ ਪੰਜਾਬ ਦੇ ਮੁੱਖ ਮੰਤਰੀ ਸਾਹਿਬ ਜੀ ਦਾ ਕੱਦ ਹੋਰ ਉੱਚਾ ਹੋ ਸਕੇ।

## ਬੀ ਸੀ ਏ ਸਮੈਸਟਰ ਛੇਵਾਂ ਦਾ ਨਤੀਜਾ ਰਿਹਾ ਸ਼ਾਨਦਾਰ



**ਫਿਲੌਰ (ਨਿਰਮਲ)**- ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵੱਲੋਂ ਬੀ.ਸੀ.ਏ. ਸਮੈਸਟਰ ਛੇਵੇਂ ਦੇ ਐਲਾਨੇ ਨਤੀਜੇ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਫਿਲੌਰ ਦਾ ਨਤੀਜਾ ਸ਼ਾਨਦਾਰ ਰਿਹਾ। ਕਾਲਜ ਪ੍ਰਿੰਸੀਪਲ ਡਾ. ਪਰਮਜੀਤ ਕੌਰ ਜੱਸਲ ਨੇ ਦੱਸਿਆ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵੱਲੋਂ ਐਲਾਨੇ ਨਤੀਜੇ ਵਿੱਚ ਬੀ.ਸੀ.ਏ. ਸਮੈਸਟਰ ਛੇਵੇਂ ਦੀ ਵਿਦਿਆਰਥਣ ਬਨੀਤਾ ਰਾਣੀ ਨੇ 81% ਅੰਕ ਹਾਸਲ ਕੀਤੇ ਜਦਕਿ ਵਿਦਿਆਰਥੀ ਅਸ਼ਿਸ਼ ਨੇ 73% ਅਤੇ ਮੋਹਿਤ ਕੁਮਾਰ 72% ਅੰਕ ਹਾਸਲ ਕਰਕੇ, ਕਾਲਜ ਅਤੇ ਆਪਣੇ ਮਾਪਿਆਂ ਦਾ ਨਾਂਅ ਰੌਸ਼ਨ ਕੀਤਾ। ਕੰਪਿਊਟਰ ਵਿਭਾਗ ਦੇ ਪ੍ਰੋ. ਵਿਸ਼ਾਲੀ, ਪ੍ਰੋ. ਪਵਨ ਕੁਮਾਰ ਤੇ ਪ੍ਰੋ. ਮਮਤਾ ਦੀ ਮਿਹਨਤ ਸਦਕਾ ਉਕਤ ਵਿਦਿਆਰਥੀਆਂ ਨੇ ਮੱਲਾਂ ਮਾਰੀਆਂ। ਇਸੇ ਦੌਰਾਨ ਪ੍ਰਿੰਸੀਪਲ ਡਾ. ਜੱਸਲ ਨੇ ਉਨ੍ਹਾਂ ਦੀ ਸਰਾਹਨਾ ਕੀਤੀ

## ਦੋ ਸਾਲ ਬਾਅਦ ਵੀ ਚਾਲੂ ਨਹੀਂ ਹੋਈ ਡਾਇਲਸੈਸ ਮਸ਼ੀਨ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)** ਸਿੱਖਿਆ ਅਤੇ ਸਿਹਤ ਸਹੂਲਤਾਂ ਦਾ ਸੁਧਾਰ ਕਰਨ ਦਾ ਵਾਅਦਾ ਕਰਕੇ ਸੱਤਾ ਵਿੱਚ ਆਈ ਆਪ ਸਰਕਾਰ ਦੀ ਪੋਲ ਖੋਲ ਰਹੀ ਹੈ ਸਿਵਲ ਹਸਪਤਾਲ ਗੜ੍ਹਸ਼ੰਕਰ 'ਚ ਲੱਗੀ ਡਾਇਲਸੈਸ ਮਸ਼ੀਨ। ਦੱਸਣਯੋਗ ਹੈ ਕਿ ਇਲਾਕੇ ਦੇ ਲੋਕਾਂ ਦੀ ਪੁਰਜ਼ੋਰ ਮੰਗ 'ਤੇ ਸਿਵਲ ਹਸਪਤਾਲ ਗੜ੍ਹਸ਼ੰਕਰ ਲਈ ਕਾਂਗਰਸ ਦੇ ਮੈਂਬਰ ਪਾਰਲੀਮੈਂਟ ਮਨੀਸ਼ ਤਿਵਾੜੀ ਨੇ ਡਾਇਲਸੈਸ ਮਸ਼ੀਨ ਲਗਵਾਉਣ ਲਈ ਗਰਾਂਟ ਜਾਰੀ ਕੀਤੀ ਸੀ ਜਿਸਦਾ ਉਦਘਾਟਨ 12 ਜੁਲਾਈ 2021 ਨੂੰ ਕੀਤਾ ਗਿਆ ਸੀ ਪਰ ਇਸ ਨੂੰ ਚਲਾਉਣ ਲਈ ਹੁਣ ਤੱਕ ਸਰਕਾਰ ਡਾਕਟਰ ਦੇਣ 'ਚ ਅਸਫਲ ਹੀ ਰਹੀ । ਇਲਾਕੇ ਦੇ ਲੋਕਾਂ ਦੀ ਸੂਬਾ ਸਰਕਾਰ ਤੋਂ ਮੰਗ ਹੈ ਕਿ ਇਸ ਬੰਦ ਪਈ ਮਸ਼ੀਨ ਨੂੰ ਤੁਰੰਤ ਚਾਲੂ ਕੀਤਾ ਜਾਵੇ ।

## ਫਲਾਈਓਵਰ ਹੇਠਾਂ ਨਿੰਮ ਦੇ ਬੂਟੇ ਲਗਾਏ



**ਫਗਵਾੜਾ (ਰਮਨ ਸ਼ਰਮਾ)** ਵਾਤਾਵਰਨ ਅਤੇ ਸੋਸ਼ਲ ਵੈਲਫੇਅਰ ਸੰਸਥਾ,ਫਗਵਾੜਾ ਵੱਲੋਂ ਸ਼ਹਿਰ ਵਿੱਚੋਂ ਲੰਘ ਰਹੇ ਫਲਾਈਓਵਰ ਹੇਠਾਂ 62 ਬੂਟੇ ਨਿੰਮ ਦੇ ਲਗਾਏ ਗਏ। ਜ਼ਿਕਰਯੋਗ ਹੈ ਕਿ ਇਸ ਸੰਸਥਾ ਨੇ ਪਿਛਲੇ ਸਾਲ ਜੋ 205 ਬੂਟੇ ਨਿੰਮ ਦੇ ਲਗਾਏ ਸਨ ਉੱਨਾਂ ਵਿੱਚੋਂ ਕੁਝ ਬੂਟੇ ਖਰਾਬ ਹੋ ਗਏ ਸਨ ਅੱਜ ਉਨ੍ਹਾਂ ਬੂਟਿਆਂ ਦੀ ਜਗ੍ਹਾ 'ਤੇ ਹੋਰ ਬੂਟੇ ਲਗਾਏ ਗਏ। ਪਰਿਆਸ ਫਗਵਾੜਾ ਤੋਂ ਸ਼ਕਤੀ ਕੁਮਾਰ ਮਹਿੰਦਰੂ ਉਚੇਚੇ ਤੌਰ 'ਤੇ ਹਾਜਰ ਹੋਏ। ਉਨ੍ਹਾਂ ਨੇ ਸੰਸਥਾ ਦੇ ਕੰਮਾਂ ਦੀ ਸ਼ਲਾਘਾ ਕੀਤੀ ਤੇ ਕਿਹਾ ਕਿ ਬਾਕੀ ਸੰਸਥਾਵਾਂ ਬੂਟੇ ਲਗਾ ਕੇ ਉਨ੍ਹਾਂ ਦੀ ਸੰਭਾਲ ਦਾ ਕੋਈ ਵੀ ਉਪਰਾਲਾ ਨਹੀਂ ਕਰਦੀਆਂ ਪਰ ਇਸ ਸੰਸਥਾ ਨੇ ਬੂਟਿਆਂ ਦੀ ਸੰਭਾਲ ਦੇ ਵੀ ਯੋਗ ਪ੍ਰਬੰਧ ਕੀਤੇ ਹੋਏ ਹਨ। ਸੰਸਥਾ ਦੇ ਪ੍ਰਧਾਨ ਸ਼ਾਮ ਲਾਲ ਕੈਂਥ (ਸਾਬਕਾ ਜਿਲਾ ਸਿੱਖਿਆ ਅਫਸਰ) ਨੇ ਸ਼ਕਤੀ ਕੁਮਾਰ ਮਹਿੰਦਰੂ ਦਾ ਸੰਸਥਾ ਦੀ ਹੌਸਲਾ ਅਫਜਾਈ ਕਰਨ ਲਈ ਧੰਨਵਾਦ ਕੀਤਾ। ਇਸ ਮੌਕੇ ਉਪ ਪ੍ਰਧਾਨ ਤਰਸੇਮ ਲਾਲ,ਕੈਸ਼ੀਅਰ ਪਿਆਰਾ ਸਿੰਘ, ਡਾ. ਕੁਲਵੰਤ ਸਿੰਘ ਭਿੰਡਰ, ਓਮ ਪ੍ਰਕਾਸ਼ ਮਨਿਹਾਸ, ਮੋਤੀ ਲਾਲ ਵਰਮਾ ਅਤੇ ਜਤਿੰਦਰ ਸ਼ਰਮਾ ਹਾਜਰ ਸਨ।

CMYK

# ਕੱਚੇ ਦਫਤਰੀ ਮੁਲਾਜ਼ਮਾਂ ਦੀ ਕਲਮ ਛੋੜ ਹੜਤਾਲ ਦੂਜੇ ਦਿਨ ਵੀ ਜਾਰੀ



**ਜਲੰਧਰ, ਕਪੂਰਥਲਾ ( ਰਾਜੇਸ਼ ਥਾਪਾ,ਸ਼ੈਲੀ ਐਲਬਰਟ, ਹਨੀ )** ਆਮ ਆਦਮੀ ਪਾਰਟੀ ਦੀ ਸਰਕਾਰ ਦੀ ਵਾਅਦਾ ਖਿਲਾਫੀ ਕਰਕੇ ਸਿੱਖਿਆ ਵਿਭਾਗ ਦੇ ਕੱਚੇ ਦਫਤਰੀ ਮੁਲਾਜ਼ਮਾਂ ਅਤੇ ਆਈ ਈ ਆਰ ਟੀ ਅਧਿਆਪਕਾਂ ਦੀ ਕਲਮ ਛੋੜ ਹੜਤਾਲ ਦੂਜੇ ਦਿਨ ਵੀ ਜਾਰੀ ਰਹੀ ਅਤੇ ਮੁਲਾਜਮਾਂ ਨੇ ਬਲਾਕ ਦਫਤਰ ਤੋਂ ਲੈ ਕੇ ਡੀ ਜੀ ਐਸ ਈ ਦਫਤਰ ਤੱਕ ਸਾਰਾ ਕੰਮ ਕਾਜ ਦੂਜੇ ਦਿਨ ਵੀ ਠੱਪ ਰੱਖਿਆ । ਆਮ ਆਦਮੀ ਪਾਰਟੀ ਦੀ ਸਰਕਾਰ ਪਿਛਲੇ 10 ਮਹੀਨੇ ਤੋਂ ਕੱਚੇ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਦਾ ਸਰਕਾਰ ਪ੍ਰਚਾਰ ਕਰ ਰਹੀ ਹੈ ਪਰ ਜੋ ਸੱਚਾਈ ਸਾਹਮਣੇ ਆਈ ਹੈ ਉਹ ਸ਼ਰੇਆਮ ਕੱਚੇ ਮੁਲਾਜ਼ਮਾਂ ਨਾਲ ਸਰਕਾਰ ਵੱਲੋਂ ਕੀਤਾ ਜਾ ਰਿਹਾ ਧੋਖਾ ਹੈ। ਪੰਜਾਬ ਸਰਕਾਰ ਬਿਨਾਂ ਪੇ ਸਕੇਲ, ਸੀ.ਐਸ.ਆਰ ਅਤੇ ਪੈਨਸ਼ਨਰੀ ਲਾਭ ਦਿੱਤੇ ਰੈਗੂਲਰ ਦੇ ਨਾਮ ਤੇ ਪ੍ਰਚਾਰ ਰੈਗੂਲਰ ਕਰਨ ਦਾ ਕਰ ਰਹੀ ਹੈ ਜੋ ਕਿ ਕੋਰਾ ਝੂਠ ਹੈ ।ਆਗੂਆਂ ਨੇ ਕਿਹਾ ਕਿ ਸਰਕਾਰ ਮੁਲਾਜਮਾਂ ਨਾਲ ਗੱਲਬਾਤ ਕਰਨ ਤੋਂ ਭੱਜ ਰਹੀ ਹੈ ਅਤੇ ਮੁਲਾਜ਼ਮਾਂ ਨੂੰ ਬਣਦੇ ਹੱਕ ਦੇਣ ਦੀ ਬਜਾਏ ਹੱਕਾਂ 'ਤੇ ਡਾਕਾ ਮਾਰਿਆ ਜਾ ਰਿਹਾ ਹੈ। ਅਕਾਲੀ ਦਲ ਅਤੇ ਕਾਂਗਰਸ ਦੀ ਸਰਕਾਰ ਨੇ ਕੱਚੇ ਮੁਲਾਜ਼ਮਾਂ ਦੀ ਜਵਾਨੀ ਰੋਲ ਕੇ ਰੱਖ ਦਿੱਤੀ ਅਤੇ ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਕੱਚੇ ਮੁਲਾਜ਼ਮਾਂ ਦੇ ਭਵਿੱਖ ਨੂੰ ਰੋਲਣ ਦੀ ਤਿਆਰੀ ਕਰੀ ਬੈਠੀ ਹੈ। ਸਰਕਾਰ ਰੈਗੂਲਰ ਦੀ ਪਾਲਿਸੀ ਜਾਰੀ ਕਰਕੇ ਹੁਣ ਆਪ ਹੀ ਇਸ ਪਾਲਿਸੀ ਤੋਂ ਮੁਕਰ ਰਹੀ ਹੈ। ਇਸ ਮੌਕੇ ਸਰਵ ਸਿੱਖਿਆ ਅਭਿਆਨ ਦਫਤਰੀ ਕਰਮਚਾਰੀ ਯੂਨੀਅਨ ਦੇ ਆਗੂ ਸ਼ੋਭਿਤ ਭਗਤ, ਮੋਹਿਤ ਸ਼ਰਮਾ, ਵਿਸ਼ਾਲ ਮਹਾਜਨ, ਗਗਨਦੀਪ ਸ਼ਰਮਾ,ਕਿਰਨ , ਵੇਨੂੰ, ਗਾਬਾ,ਬਲਜੀਤ ਕੌਰ, ਕੁਲਵਿੰਦਰ ਕੌਰ, ਨੀਰਜ, ਪ੍ਰੇਮ ਕੁਮਾਰ, ਨਰੇਸ਼ ਕੁਮਾਰ, ਰਾਕੇਸ਼ ਕੁਮਾਰ ਲਾਧੂਕਾ, ਬਨਵਾਰੀ ਲਾਲ, ਰਜੀਵ ਪਠਾਨੀਆ ਤੇ ਕਿਰਨਪਾਲ ਹਾਜਰ ਸਨ।

# ਪੁਲਸ ਸੁਰੱਖਿਆ ਹੇਠ ਗੋਪਾਲਪੁਰ ਦੇ ਗੰਦੇ ਪਾਣੀ ਦੀ ਨਿਕਾਸੀ ਲਈ ਟੋਭੇ ਦੀ ਪੁਟਾਈ

**ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋਂ)**-ਖੇਤਰ ਦੇ ਪਿੰਡ ਗੋਪਾਲਪੁਰ ਦੇ ਘਰਾਂ ਦੇ ਗੰਦੇ ਪਾਣੀ ਦੀ ਨਿਕਾਸੀ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਸਮੱਸਿਆ ਦਾ ਉਦੋਂ ਰਾਹ ਪੱਧਰਾ ਹੋ ਗਿਆ ਜਦੋਂ ਪਿੰਡ ਦੇ ਇਕ ਧੜੇ ਦੇ ਵਿਰੋਧ ਦੇ ਚੱਲਦਿਆਂ ਪੰਚਾਇਤੀ ਰਾਜ ਵਿਭਾਗ ਵੱਲੋਂ ਗ੍ਰਾਮ ਪੰਚਾਇਤ ਨੂੰ ਪੁਲਸ ਸੁਰੱਖਿਆ ਮੁਹੱਈਆ ਕਰਵਾ ਕੇ ਨਵੇਂ ਟੋਭੇ ਦੀ ਖੁਦਵਾਈ ਕਰਵਾਉਣੀ ਆਰੰਭ ਕਰ ਦਿੱਤੀ ਗਈ। ਇਸ ਮੌਕੇ ਨਾਇਬ ਤਹਿਸੀਲਦਾਰ ਨੂਰਪੁਰਬੇਦੀ ਮੈਡਮ ਰੀਤੂ ਕਪੂਰ ਬਤੌਰ ਡਿਊਟੀ ਮੈਜਿਸਟ੍ਰੇਟ ਹਾਜ਼ਰ ਸਨ। ਜ਼ਿਕਰਯੋਗ ਹੈ ਕਿ ਉਕਤ ਪਿੰਡ ਦੇ ਘਰਾਂ ਦਾ ਗੰਦਾ ਪਾਣੀ ਨੂਰਪੁਰਬੇਦੀ-ਮਵਾ-ਮੁਕਾਰੀ ਸੜਕ 'ਤੇ ਜਮ੍ਹਾਂ ਹੋਣ ਕਾਰਨ ਨਾ ਕੇਵਲ ਸੜਕ ਦਾ ਨੁਕਸਾਨ ਹੋ ਰਿਹਾ ਸੀ ਬਲਕਿ ਇਸਦੇ ਚੱਲਦਿਆਂ ਪ੍ਰੇਸ਼ਾਨ ਹੋ ਰਹੇ ਰਾਹਗੀਰਾਂ ਅਤੇ ਆਸ-ਪਾਸ ਦੇ ਕਰੀਬ ਦਰਜਨ ਪਿੰਡਾਂ ਦੇ ਪ੍ਰਭਾਵਿਤ ਲੋਕਾਂ ਨੇ ਕੁਝ ਦਿਨ ਪਹਿਲਾਂ ਰੋਸ ਪ੍ਰਦਰਸ਼ਨ ਕਰਕੇ ਪ੍ਰਸ਼ਾਸਨ ਤੋਂ ਉਕਤ ਪਿੰਡ ਦੇ ਪਾਣੀ ਦੀ ਨਿਕਾਸੀ ਲਈ ਉਚਿਤ ਪ੍ਰਬੰਧ ਕੀਤੇ ਜਾਣ ਦੀ ਜ਼ੋਰਦਾਰ ਮੰਗ ਉਠਾਈ ਗਈ ਸੀ। ਜਿਸ ਦੌਰਾਨ ਮੌਕੇ 'ਤੇ ਪਹੁੰਚੇ ਬੀ.ਡੀ.ਪੀ.ਓ. ਨੂਰਪੁਰਬੇਦੀ ਜੁਝਾਰ ਸਿੰਘ ਨੂੰ ਪਿੰਡ ਦੇ ਸਰਪੰਚ ਰੋਹਿਤ ਸ਼ਰਮਾ ਵੱਲੋਂ ਕੁਝ ਪਿੰਡ ਵਾਸੀਆਂ ਵੱਲੋਂ ਟੋਭੇ ਦੀ ਪੁਟਾਈ ਦਾ ਵਿਰੋਧ ਕੀਤੇ ਜਾਣ ਕਾਰਨ ਪੁਲਸ ਸੁਰੱਖਿਆ ਮੁਹੱਈਆ ਕਰਵਾਉਣ ਦੀ ਗੱਲ ਕਹੀ ਸੀ। ਜਿਸ 'ਤੇ ਪੁਲਸ ਦੀ ਹਾਜ਼ਰੀ 'ਚ ਗੰਦੇ ਪਾਣੀ ਦੀ ਨਿਕਾਸੀ ਲਈ ਟੋਭੇ ਦੀ ਪੁਟਾਈ ਦਾ ਕੰਮ ਸ਼ੁਰੂ ਹੋਇਆ।



# ਲਾਇਲਪੁਰ ਖ਼ਾਲਸਾ ਕਾਲਜ ਵਿਖੇ 10 ਰੋਜ਼ਾ ਪੰਜਾਬੀ ਲੋਕ ਨਾਚ ਕੈਂਪ ਦਾ ਆਰੰਭ



**ਜਲੰਧਰ ( ਸ਼ੈਲੀ ਐਲਬਰਟ )**- ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਵਿਚ ਪੰਜਾਬੀ ਵਿਰਸੇ ਦੀ ਸੰਭਾਲ ਹਿੱਤ 10 ਰੋਜ਼ਾ ਪੰਜਾਬੀ ਲੋਕ ਨਾਚ ਭੰਗੜਾ ਸਿਖਲਾਈ ਕੈਂਪ ਦਾ ਆਰੰਭ ਕਾਲਜ ਦੇ ਓਪਨ ਏਅਰ ਥੀਏਟਰ ਵਿਖੇ ਹੋਇਆ। ਉਦਘਾਟਨੀ ਸਮਾਰੋਹ ਦੇ ਮੁੱਖ ਮਹਿਮਾਨ ਪ੍ਰਿੰਸੀਪਲ ਜਸਰੀਨ ਕੌਰ ਦਾ ਡਾ. ਐਸ.ਐਸ. ਬੈਂਸ ਡੀਨ ਸਪੋਰਟਸ, ਡਾ. ਪਲਵਿੰਦਰ ਸਿੰਘ ਡੀਨ ਕਲਚਰਲ ਅਫੇਅਰਜ਼ ਨੇ ਗੁਲਦਸਤਾ ਦੇ ਕੇ ਸੁਆਗਤ ਕੀਤਾ। ਪ੍ਰਿੰਸੀਪਲ ਜਸਰੀਨ ਕੌਰ ਨੇ ਕੈਂਪ ਦਾ ਮਕਸਦ ਦੱਸਦੇ ਹੋਏ ਆਖਿਆ ਕਿ ਲਾਇਲਪੁਰ ਖ਼ਾਲਸਾ ਕਾਲਜ ਭੰਗੜੇ ਦੀ ਪ੍ਰਫੁੱਲਤਾ ਲਈ ਲਗਾਤਾਰ ਕਾਰਜਸ਼ੀਲ ਹੈ। ਇਹ ਭੰਗੜਾ ਕੈਂਪ ਨਵੇਂ ਕਲਾਕਾਰਾਂ ਦੀ ਪਨੀਰੀ ਤਿਆਰ ਕਰਨ ਅਤੇ ਉਹਨਾਂ ਨੂੰ ਨਿਖਾਰਨ ਵਿੱਚ ਵਡਮੁੱਲਾ ਯੋਗਦਾਨ ਪਾ ਰਿਹਾ ਹੈ।। ਉਨ੍ਹਾਂ ਕਿਹਾ ਕਿ ਅਜਿਹੇ ਕੈਂਪ ਨੌਜਵਾਨ ਪੰਜਾਬੀਆਂ ਨੂੰ ਆਪਣੇ ਵਿਰਸੇ ਨਾਲ ਜੋੜਦੇ ਹਨ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਕੈਂਪਾਂ ਤੋਂ ਨੌਜਵਾਨਾਂ ਅਤੇ ਬੱਚਿਆਂ ਨੂੰ ਭਰਪੂਰ ਲਾਭ ਉਠਾਉਣਾ ਚਾਹੀਦਾ ਹੈ। ਉਨ੍ਹਾਂ ਕਾਲਜ ਨੂੰ ਭੰਗੜੇ ਦੇ ਵਿਸ਼ਵ ਮੰਚ ਤੇ ਪੇਸ਼ ਕਰਕੇ ਭੰਗੜਾ ਵਰਲਡ ਕੈਂਪ ਕਰਵਾਉਣ ਲਈ ਵੀ ਮੋਹਰੀ ਦੱਸਿਆ ਤੇ ਕਿਹਾ ਕਿ ਲਾਇਲਪੁਰ ਖ਼ਾਲਸਾ ਕਾਲਜ ਭੰਗੜੇ ਦੀ ਵਿਰਾਸਤ ਨੂੰ ਸੰਭਾਲਣ ਤੇ ਵਿਕਸਿਤ ਕਰਨ ਵਾਲੀ ਸ੍ਰੇਸ਼ਠ ਸੰਸਥਾ ਹੈ । ਇਸ ਮੌਕੇ ਭੰਗੜਾ ਸਿਖਲਾਈ ਕੈਂਪ ਦੇ ਇੰਚਾਰਜ ਅਤੇ ਡੀਨ ਕਲਚਰਲ ਅਫੇਅਰਜ਼ ਡਾ. ਪਲਵਿੰਦਰ ਸਿੰਘ ਬੋਲੀਨਾ ਨੇ ਦੱਸਿਆ ਕਿ ਇਸ ਕੈਂਪ ਦੀ ਰਜਿਸਟਰੇਸ਼ਨ ਆਨਲਾਇਲ ਅਤੇ ਆਫਲਾਇਨ ਕੀਤੀ ਗਈ ਸੀ, ਜਿਸ ਵਿੱਚ 450 ਤੋਂ ਵੱਧ ਸਿੱਖਿਆਰਥੀਆਂ ਭਾਗ ਲੈ ਰਹੇ ਹਨ। ਡਾ. ਹਰਜਿੰਦਰ ਸਿੰਘ ਸੇਖੋਂ ਨੇ ਮੰਚ ਸੰਚਾਲਨ ਦੀ ਭੂਮਿਕਾ ਨਿਭਾਈ । ਇਸ ਮੌਕੇ ਰਜਿਸਟਰਾਰ ਪ੍ਰੋ. ਨਵਦੀਪ ਕੌਰ, ਡਾ. ਸੁਮਨ ਚੋਪੜਾ ਮੁਖੀ ਹਿਸਟਰੀ ਵਿਭਾਗ, ਡਾ. ਬਲਰਾਜ ਕੌਰ, ਡਾ. ਦਿਨਕਰ ਸ਼ਰਮਾ, ਡਾ. ਅਜੀਤਪਾਲ ਸਿੰਘ, ਪ੍ਰੋ. ਮਨੀਸ਼ ਗੋਇਲ, ਪ੍ਰੋ. ਸਤਪਾਲ ਸਿੰਘ, ਡਾ. ਹਰਜਿੰਦਰ ਕੌਰ, ਪ੍ਰੋ. ਨਵਨੀਤ ਕੌਰ, ਡਾ. ਰਵਨੀਤ ਕੌਰ, ਪ੍ਰੋ. ਓਕਾਂਰ, ਪ੍ਰੋ. ਮਨਦੀਪ ਸਿੰਘ, ਪ੍ਰੋ. ਸੋਨੂੰ ਗੁਪਤਾ, ਪ੍ਰੋ. ਪ੍ਰਿਯਾਂਕਾ ਸ਼ਰਮਾ, ਪ੍ਰੋ. ਕੀਰਤਪ੍ਰੀਤ ਕੌਰ ਤੋਂ ਇਲਾਵਾ ਕਾਲਜ ਦੇ ਭੰਗੜਾ, ਗਿੱਧਾ ਅਤੇ ਲੁੱਡੀ ਦੀਆਂ ਟੀਮਾਂ ਦੇ ਵਿਦਿਆਰਥੀ ਵੀ ਸ਼ਾਮਿਲ ਸਨ ।

# ਬਖਸ਼ੀਸ਼ ਸਿੰਘ ਮਾਨ ਦੀ ਅੰਤਮ ਅਰਦਾਸ ਮੌਕੇ ਸ਼ਰਧਾਂਜਲੀਆਂ



**ਕਪੂਰਥਲਾ ( ਪ੍ਰੀਤ ਸੰਗੋਜਲਾ )** ਉੱਘੇ ਸਮਾਜ ਸੇਵਕ ਤੇ ਪੈਨਸ਼ਨਰ ਐਸੋਸੀਏਸ਼ਨ ਦੇ ਪ੍ਰਧਾਨ ਰੇਸ਼ਮ ਸਿੰਘ ਮਾਨ ਦੇ ਛੋਟੇ ਭਰਾ ਤੇ ਮਨਜੀਤ ਮਾਨ ਸੂਬਾ ਪ੍ਰਧਾਨ ਜਰਨਲਿਸਟ ਪ੍ਰੈੱਸ ਕਲੱਬ ਰਜਿ ਪੰਜਾਬ ,ਵਰਲਡ ਫੇਮਸ ਗਾਇਕ ਜੀਵਨ ਮਾਨ ਕੈਨੇਡਾ ਦੇ ਚਾਚਾ ਜੀ ਤੇ ਵਰਲਡ ਫੇਮਸ ਗਾਇਕ ਪੈਵੀ ਮਾਨ ਕੈਨੇਡਾ ਦੇ ਦਾਦਾ ਜੀ ਸਵਰਗੀ ਬਖਸ਼ੀਸ਼ ਸਿੰਘ ਮਾਨ ਨੂੰ ਸਮੂਹ ਜਰਨਲਿਸਟ ਪ੍ਰੈੱਸ ਕਲੱਬ ਰਜਿ ਪੰਜਾਬ, ਧਾਰਮਿਕ ਤੇ ਰਾਜਨੀਤਿਕ ਆਗੂਆਂ ਵੱਲੋਂ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ ਤੇ ਮਾਨ ਪਰਵਾਰ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਸ਼੍ਰੋਮਣੀ ਪੰਥਕ ਕੀਰਤਨੀਏ ਭਾਈ ਮੰਗਲ ਸਿੰਘ ਆਧੀ ਵਾਲੇ ਤੇ ਭਾਈ ਸੇਵਾ ਸਿੰਘ ਸੋਹਲ ਦੇ ਜਥੇ ਵੱਲੋਂ ਵੈਰਾਗਮਈ ਕੀਰਤਨ ਕੀਤਾ ਗਿਆ। ਇਸ ਮੌਕੇ ਕਲੱਬ ਦੇ ਮੁੱਖ ਬੁਲਾਰੇ ਰਾਮ ਸਿੰਘ ਭੱਟੀ, ਪ੍ਰਿਤਪਾਲ ਸਿੰਘ ਸੂਬਾ ਕੋਆਰਡੀਨੇਟਰ, ਰਾਕੇਸ਼ ਖੰਨਾ ਸੂਬਾ ਚੇਅਰਮੈਨ, ਸੁਖਵਿੰਦਰ ਸਿੱਧੂ ਸੀਨੀਅਰ ਆਗੂ, ਬਾਬਾ ਗੁਰਮੀਤ ਸਿੰਘ ਜਲੰਧਰ, ਜੋਗਿੰਦਰ ਸਿੰਘ ਜਾਤੀਕੇ ਜ਼ਿਲ੍ਹਾ ਚੇਅਰਮੈਨ,ਸਵਰਨ ਸਿੰਘ ਚੰਦੀ ਪ੍ਰਧਾਨ ਲੋਹੀਆਂ ਯੂਨਿਟ ,ਪ੍ਰੀਤ ਥਿੰਦ , ਪ੍ਰਮੋਦ ਚੁਟਾਲਾ ਪ੍ਰਧਾਨ ਲੁਧਿਆਣਾ ਯੂਨਿਟ, ਪ੍ਰਮੋਦ ਕੁਮਾਰ ਸ਼ਰਮਾ ਪ੍ਰਧਾਨ ਨਡਾਲਾ ਯੂਨਿਟ,ਰਮਨ ਕੁਮਾਰ ਸ਼ਰਮਾ ਪ੍ਰਧਾਨ ਫਗਵਾੜਾ ਯੂਨਿਟ,ਕੇ ਐਸ ਨੂਰ, ਰਾਜੇਸ਼ ਕਾਲੀਆ,ਪ੍ਰਮਜੀਤ ਸਿੰਘ ਬੱਸਣ ਪ੍ਰਧਾਨ ਗੁਰਦੁਆਰਾ ਬਾਬਾ ਕਾਹਨ ਦਾਸ ਜੀ, ਜੋਗਿੰਦਰ ਸਿੰਘ ਮੈਨੇਜਰ ਗੁਰਦੁਆਰਾ ਬਾਬਾ ਕਾਹਨ ਦਾਸ ,ਅਕਬਰ ਆਲਿਮ ਵਰਡ ਫੇਮਿਸ ਗਾਇਕ,ਜੈ ਵੀ ਸਿੰਘ ਵਰਡ ਫੇਮਿਸ ਗਾਇਕ, ਬੱਬੂ ਖੈੜਾ ਮੈਂਬਰ ਬਲਾਕ ਸੰਮਤੀ ਸਮੂਹ ਆਗੂਆਂ ਵੱਲੋਂ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਇਸ ਮੌਕੇ ਹੋਰਨਾਂ ਤੋਂ ਇਲਾਵਾ, ਜਲੰਧਰ ਯੂਨਿਟ ਤੋਂ ਹਰਦੇਵ ਸਿੰਘ, ਸੁਮਿਤ ਮਹਿੰਦਰੂ,ਨੀਰੂ ਬਾਲਾ ਜ਼ਿਲ੍ਹਾ ਪ੍ਰਧਾਨ ਜਲੰਧਰ ਵੋਮੈਨ ਸੈਲ, ਸੀਮਾ ਗੁਪਤਾ, ਸ਼ਾਮ ਲਾਲ ਨੰਦਾ, ਜ਼ਿਲ੍ਹਾ ਕਪੂਰਥਲਾ ਤੋਂ ਤਰਲੋਚਨ ਸਿੰਘ ਚਾਹਲ,ਸੁਖਵਿੰਦਰ ਸੋਹੀ ਜ਼ਿਲ੍ਹਾ ਜਨਰਲ ਸਕੱਤਰ, ਸੁਰਜੀਤ ਸਿੰਘ ਗੋਰਾ,ਪ੍ਰਮਜੀਤ ਸੰਨੀ, ਬਾਬਾ ਵਿਜੇ ਕੁਮਾਰ ਹਮੀਰਾ , ਹਰਪਾਲ ਸਿੰਘ ਪਾਲਾ ਟੇਲਰ , ਗੁਰਦਿਆਲ ਸਿੰਘ ਮਾਨ , ਅਮਰੀਕ ਸਿੰਘ ਮਾਨ , ਗੁਰਨਾਮ ਸਿੰਘ , ਲੰਬੜਦਾਰ ਜਗਦੀਸ਼ ਸਿੰਘ , ਲੁਧਿਆਣਾ ਯੂਨਿਟ ਤੋਂ ਦਵਿੰਦਰ ਰਾਜਪੂਤ,ਵਿਵੇਕ ਬਖਸ਼ੀ ਆਦਿ ਸ਼ਾਮਲ ਸਨ।

# ਹਾਈ ਕੋਰਟ 'ਚ ਵਿਚਾਰ-ਅਧੀਨ ਕੇਸਾਂ ਵਾਲੀਆਂ ਜਮੀਨਾਂ ਦੇ ਕਬਜ਼ੇ ਲੈਣ ਦੀਆਂ ਕੋਸ਼ਿਸ਼ਾਂ ਕਰ ਰਿਹੈ ਪ੍ਰਸ਼ਾਸਨ : ਗਰੇਵਾਲ



**ਖਰੜ (ਹਰਨਾਮ ਸਿੰਘ ਡੱਲਾ)**-ਭਾਰਤਮਾਲਾ ਪ੍ਰਜੈਕਟ ਵਿੱਚ ਜ਼ਿਲ੍ਹਾ ਮੋਹਾਲੀ ਵਿਖੇ ਆਈ ਟੀ ਸਿਟੀ ਮੋਹਾਲੀ ਤੋਂ ਕੁਰਾਲੀ ਤੱਕ ਬਣ ਰਹੇ ਨੈਸ਼ਨਲ ਹਾਈਵੇ ਰੋਡ ਵਿੱਚ ਕਿਸਾਨਾਂ ਦੀ ਜਮੀਨ ਕੌੜੀਆਂ ਦੇ ਭਾਅ ਨੈਸ਼ਨਲ ਹਾਈਵੇ ਅਥਾਰਟੀ ਨੂੰ ਅਕਵਾਇਰ ਕਰਵਾਈ ਰਹੀ ਹੈ। ਉਸ ਦੇ ਵਿਰੋਧ ਵਿੱਚ ਪੀੜਤ ਕਿਸਾਨਾਂ ਵੱਲੋਂ ਡੀ ਸੀ ਦਫਤਰ ਮੋਹਾਲੀ ਅੱਗੇ ਇੱਕ ਸਾਲ ਤੋਂ ਧਰਨਾ ਦਿੱਤਾ ਜਾ ਰਿਹਾ ਹੈ। ਹੁਣ ਜਦੋਂ ਇੱਕ ਸਾਲ ਤੱਕ ਵੀ ਪੰਜਾਬ ਸਰਕਾਰ ਤੇ ਮੋਹਾਲੀ ਪ੍ਰਸ਼ਾਸਨ ਨੇ ਕਿਸਾਨਾਂ ਦੀ ਸੁਣਵਾਈ ਨਹੀਂ ਕੀਤੀ ਤਾਂ ਮਜਬੂਰ ਹੋ ਕੇ ਕਿਸਾਨਾਂ ਵੱਲੋਂ ਪੰਜਾਬ ਹਰਿਆਣਾ ਹਾਈਕੋਰਟ ਦਾ ਰੁਖ ਕੀਤਾ ਗਿਆ ਹੈ। 54 ਕਿਸਾਨਾਂ ਵੱਲੋਂ ਪਾਏ ਗਏ ਕੇਸ ਦੀ ਸੁਣਵਾਈ 11 ਜੁਲਾਈ ਨੂੰ ਹੋਣ ਜਾ ਰਹੀ ਹੈ। ਪਰ ਕੁੱਝ ਦਿਨ ਤੋਂ ਪਿੰਡ ਢੇਲਪੁਰ, ਗੋਬਿੰਦਗੜ੍ਹ, ਚੁਡਿਆਲਾ ਸੂਦਾਂ,ਗਿਦੜਪੁਰ, ਮੱਛਲੀ, ਮਾਮੂਪੁਰ, ਝਿੰਗੜਾ ਆਦਿ ਵਿੱਚ ਕਿਸਾਨਾਂ ਦੀਆਂ ਜਮੀਨਾਂ ਦਾ ਪੁਲਸ ਪ੍ਰਸ਼ਾਸ਼ਨ ਦੇ ਬੰਦੋਬਸਤ ਨਾਲ ਕਬਜ਼ਾ ਲੈਣ ਦੀਆਂ ਵਾਰ-ਵਾਰ ਕੋਸ਼ਿਸ਼ ਕੀਤੀਆਂ ਜਾ ਰਹੀਆਂ ਹਨ। ਕਿਸਾਨ ਆਗੂ ਰਣਬੀਰ ਸਿੰਘ ਗਰੇਵਾਲ ਪ੍ਰੈਸ ਸਕੱਤਰ ਜ਼ਿਲ੍ਹਾ ਮੋਹਾਲੀ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਨੇ ਕਿਹਾ ਕਿ ਜਦੋਂ ਪੰਜਾਬ ਅਤੇ ਕੇਂਦਰ ਦੀ ਸਰਕਾਰ ਕਿਸਾਨਾਂ ਨੂੰ ਇਨਸਾਫ ਦੇਣ ਵਿੱਚ ਅਸਫਲ ਹੋਈ ਤਾਂ ਪੀੜਤ ਕਿਸਾਨਾਂ ਵੱਲੋਂ ਮਜਬੂਰ ਹੋ ਕੇ ਹਾਈਕੋਰਟ ਦਾ ਰੁਖ ਕੀਤਾ ਗਿਆ ਹੈ। ਹਾਈ ਕੋਰਟ ਵਿੱਚ ਕੇਸ ਹੋਣ ਕਾਰਨ ਕਿਸਾਨਾਂ ਨੇ ਡੀ ਸੀ ਮੋਹਾਲੀ ਦਫਤਰ ਅੱਗੋਂ ਧਰਨਾ ਖਤਮ ਕਰ ਦਿੱਤਾ ਸੀ। ਐਨ ਐਚ ਆਈ ਮੋਹਾਲੀ ਪ੍ਰਸ਼ਾਸਨ ਨਾਲ ਮਿਲ ਕੇ ਹੁਣ ਜਿਨ੍ਹਾਂ ਕਿਸਾਨਾਂ ਦੇ ਹਾਈਕੋਰਟ ਵਿਚ ਕੇਸ ਹਨ ਉਨ੍ਹਾਂ ਦੀਆਂ ਜਮੀਨਾਂ 'ਤੇ ਕਬਜੇ ਲੈਣ ਦੀ ਕੋਸ਼ਿਸ਼ ਕਰ ਰਿਹਾ ਹੈ। ਕਿਸਾਨਾਂ ਨੇ ਮਾਣਯੋਗ ਹਾਈਕੋਰਟ ਨੂੰ ਬੇਨਤੀ ਕਰਦਿਆਂ ਕਿਹਾ ਕਿ ਜੇ ਕਰ ਇਸ ਤਰ੍ਹਾਂ ਹੀ ਉਚ ਅਦਾਲਤਾਂ ਦੀ ਪ੍ਰਵਾਹ ਮੋਹਾਲੀ ਪ੍ਰਸ਼ਾਸਨ ਨਾ ਕਰਦਾ ਰਿਹਾ ਤਾਂ ਫਿਰ ਸਰਕਾਰਾਂ ਦੀਆਂ ਧੱਕੇਸ਼ਾਹੀਆਂ ਤੋਂ ਤੰਗ ਲੋਕਾਂ ਦਾ ਅਦਾਲਤ ਤੋਂ ਭਰੋਸਾ ਉਠ ਵੀ ਜਾਵੇਗਾ। ਇਸ ਸਮੇਂ ਕੁਲਦੀਪ ਸਿੰਘ, ਹਰਮਨਦੀਪ ਸਿੰਘ ਗਿੱਲ, ਗਰਜਾ ਸਿੰਘ, ਬਲਵਿੰਦਰ ਸਿੰਘ, ਹਾਕਮ ਸਿੰਘ, ਸਰਬਜੀਤ ਸਿੰਘ, ਨਿਰਮਲ ਸਿੰਘ, ਬਲਜੀਤ ਸਿੰਘ, ਗੁਰਮੇਲ ਸਿੰਘ ਆਦਿ ਕਿਸਾਨ ਹਾਜਰ ਸਨ।

# ਖਾਲਸਾ ਸਕੂਲ ਦੇ ਵਿਦਿਆਰਥੀਆਂ ਦੀ ਐੱਨ ਸੀ ਸੀ ਲਈ ਚੋਣ



**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**-ਸਥਾਨਕ ਖਾਲਸਾ ਸੀਨਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਦੀ ਐੱਨ . ਸੀ. ਸੀ. ਲਈ ਚੋਣ ਹੋਈ। ਇਸ ਸੰਬਧੀ ਜਾਣਕਾਰੀ ਦਿੰਦੇ ਹੋਏ ਐੱਨ ਸੀ. ਸੀ. ਅਫਸਰ ਰਣਜੀਤ ਸਿੰਘ ਧਾਰਨੀ ਨੇ ਦੱਸਿਆ ਕਿ 23 ਪੰਜਾਬ ਬਟਾਲੀਅਨ ਐੱਨ ਸੀ. ਸੀ. ਰੂਪਨਗਰ ਦੇ ਕਮਾਂਡਿੰਗ ਅਫਸਰ ਕਰਨਲ ਟੀ. ਵਾਈ. ਐੱਸ. ਬੇਦੀ ਅਤੇ ਪ੍ਰਬੰਧਕ ਅਫਸਰ ਕਰਨਲ ਐੱਲ . ਕੇ ਅਗਰਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਇਹ ਭਰਤੀ ਕੀਤੀ ਗਈ ਹੈ। ਇਸ ਭਰਤੀ ਵਿੱਚ 56 ਵਿਦਿਆਰਥੀ ਜਿਨ੍ਹਾਂ ਵਿਚ 14 ਲੜਕੀਆਂ ਅਤੇ 42 ਲੜਕਿਆਂ ਦੀ ਚੋਣ ਕੀਤੀ ਗਈ ਹੈ। ਇਹ ਭਰਤੀ ਕਰਨ ਲਈ ਬਟਾਲੀਅਨ ਵੱਲੋਂ ਸੂਬੇਦਾਰ ਜੈ ਰਾਮ ਸਿੰਘ ਅਤੇ ਹੌਲਦਾਰ ਨਰੇਸ਼ ਚੌਧਰੀ ਵਿਸ਼ੇਸ਼ ਤੌਰ 'ਤੇ ਪੁਹੰਚੇ, ਜਿਨਾਂ ਵਿਦਿਆਰਥੀਆਂ ਦਾ ਫਿਜੀਕਲ ਟੈਸਟ, ਦੌੜਾਂ, ਸਿਟ ਅੱਪ, ਪੁਸ਼ਅੱਪ, ਬੀਮ ਕੱਢਣੇ ਲੰਬਾਈ ਅਤੇ ਭਾਰ ਦੀ ਪੂਰੀ ਮਿਣਤੀ ਕਰਨ ਤੋਂ ਬਾਅਦ ਲਿਖਤੀ ਪ੍ਰੀਖਿਆ ਲਈ ਇਨਾਂ ਸਾਰੇ ਟੈਸਟਾਂ ਨੂੰ ਪਾਸ ਕਰਨ ਵਾਲੇ ਕੈਡਿਟਾਂ ਦੀ ਚੋਣ ਕੀਤੀ ਗਈ। ਸਕੂਲ ਪ੍ਰਿੰਸੀਪਲ ਕਿਰਨਜੋਤ ਕੌਰ ਮਾਂਗਟ ਨੇ ਆਈ ਹੋਈ ਟੀਮ ਦਾ ਸਵਾਗਤ ਕੀਤਾ। ਇਸ ਮੌਕੇ ਭਿੰਦਰ ਸਿੰਘ, ਅਵਤਾਰ ਸਿੰਘ, ਮੁਨੀਸ਼ ਭੱਲਾ, ਦਵਿੰਦਰ ਸਿੰਘ , ਮੈਡਮ ਰਾਜ ਰਾਣੀ, ਮੈਡਮ ਦਲਜੀਤ ਸਿੰਘ, ਮੈਡਮ ਰਾਜਵੰਤ ਕੌਰ, ਮੈਡਮ ਬਲਜੀਤ ਕੌਰ ਆਦਿ ਸਮੇਤ ਸਕੂਲ ਸਟਾਫ ਹਾਜ਼ਰ ਸੀ।

## ਜਰਮਨ ਰਾਜਦੂਤ ਨੇ ਸੰਧਵਾਂ ਨਾਲ ਕੀਤੀ ਮੁਲਾਕਾਤ

**ਚੰਡੀਗੜ੍ਹ, (ਗੁਰਜੀਤ ਬਿੱਲਾ)**-ਭਾਰਤ ਵਿੱਚ ਜਰਮਨ ਰਾਜਦੂਤ ਫਿਲਿਪ ਐਕਰਮੈਨ ਨੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨਾਲ ਮੁਲਾਕਾਤ ਕੀਤੀ। ਪੰਜਾਬ ਵਿਧਾਨ ਸਭਾ ਵਿਖੇ ਹੋਈ ਮੀਟਿੰਗ ਦੌਰਾਨ ਜਿੱਥੇ ਦੋਵਾਂ ਆਗੂਆਂ ਨੇ ਦੋਵਾਂ ਦੇਸ਼ਾਂ ਵਿਚਾਲੇ ਆਪਸੀ ਸਹਿਯੋਗ ਨੂੰ ਹੋਰ ਮਜਬੂਤ ਕਰਨ 'ਤੇ ਜੋਰ ਦਿੱਤਾ, ਉਥੇ ਸੰਧਵਾਂ ਨੇ ਜਰਮਨੀ 'ਚ ਵਸਦੇ ਸਿੱਖਾਂ ਦੇ ਮੁੱਦਿਆਂ 'ਤੇ ਜੋਰ ਦਿੱਤਾ। ਉਨ੍ਹਾਂ ਨੇ ਭਾਰਤ ਅਤੇ ਜਰਮਨੀ ਦਰਮਿਆਨ ਵੱਖ-ਵੱਖ ਖੇਤਰਾਂ ਵਿੱਚ ਸਹਿਯੋਗ ਨੂੰ ਮਜ਼ਬੂਤ ਕਰਨ ਲਈ ਕਿਹਾ ਅਤੇ ਕਿਹਾ ਕਿ ਦੋਵੇਂ ਦੇਸ਼ ਵੱਖ-ਵੱਖ ਖੇਤਰਾਂ ਵਿੱਚ ਆਪਸੀ ਅਦਾਨ-ਪ੍ਰਦਾਨ ਤੋਂ ਲਾਭ ਉਠਾ ਸਕਦੇ ਹਨ।

## ਹਤਿਆਰਿਆਂ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਵੇ-ਚੁੰਬਰ

**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )**-ਬਹੁਜਨ ਸਮਾਜ ਪਾਰਟੀ ਵਿਧਾਨ ਸਭਾ ਹਲਕਾ ਨਕੋਦਰ ਦੇ ਸਾਬਕਾ ਪ੍ਰਧਾਨ ਮਲਕੀਤ ਚੁੰਬਰ ਨੇ ਕਿਹਾ ਕਿ ਇੰਨਸਾਨੀਅਤ ਨੂੰ ਸ਼ਰਮਸਾਰ ਕਰਨ ਵਾਲੀ ਹਰਕਤ ਤੇ ਸਰਕਾਰ ਚੁੱਪ ਕਿਉਂ ਹੈ ? ਸਰਕਾਰ ਵਿੱਚ ਬੈਠੇ ਦਲਿਤ ਮੰਤਰੀ ਚੁੱਪ ਕਿਉਂ ਹਨ ? ਬਹੁਜਨ ਸਮਾਜ ਪਾਰਟੀ ਨੂੰ ਹਰ ਵੇਲੇ ਕੋਸਣ ਵਾਲੇ ਲੋਕਾਂ ਨੂੰ ਇਹ ਗੂੰਗੇ ਬੋਲੇ ਨਜਰ ਕਿਉਂ ਨਹੀਂ ਆਉਂਦੇ। ਬਠਿੰਡਾ ਦੇ ਡੱਬਵਾਲੀ ਨੇੜੇ ਪਥਰਾਲਾ ਪਿੰਡ ਦੀ ਘਟਨਾ ਜਿਸ ਵਿੱਚ ਇੱਕ 18-19 ਸਾਲ ਦੇ ਵਾਲਮੀਕਿ/ਮਜਬੀ ਸਿੱਖ ਪਰਵਾਰ ਦੇ ਬੱਚੇ ਨੂੰ ਕੁੱਝ ਜਾਤੀ ਮਾਨਸਿਕਤਾ ਦੇ ਲੋਕਾਂ ਵੱਲੋ ਘਰੋਂ ਚੁੱਕ ਕੇ ਬੁਰੇ ਤਰੀਕੇ ਨਾਲ ਨੰਗਾ ਕਰਕੇ ਤਸੀਹੇ ਦੇਣ ਉਪਰੰਤ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਉਨ੍ਹਾਂ ਕਿਹਾ ਦੋਸ਼ੀਆਂ ਨੂੰ ਜਲਦ ਤੋਂ ਜਲਦ ਗ੍ਰਿਫਤਾਰ ਕਰਕੇ ਸਖਤ ਤੋਂ ਸਖਤ ਸਜਾ ਦਿੱਤੀ ਜਾਵੇ।

## ਲਾਇਨਜ਼ ਕਲੱਬ ਨੇ ਮਹਿੰਦੀਪੁਰ ਵਿੱਖੇ ਲਗਾਏ ਪੌਦੇ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਮਾਨਸੂਨ ਦੇ ਚੱਲਦੇ ਪੌਦੇ ਲਗਾਉਣ ਦੀ ਮੁਹਿੰਮ ਨੂੰ ਅੱਗੇ ਵਧਾਉਂਦੇ ਹੋਏ ਲਾਇਨਜ਼ ਕਲੱਬ ਹੁਸ਼ਿਆਰਪੁਰ ਐਕਸ਼ਨ ਵਲੋਂ ਸਰਕਾਰੀ ਐਲੀਮੈਂਟਰੀ ਸਕੂਲ ਮਹਿੰਦੀਪੁਰ ਹੁਸ਼ਿਆਰਪੁਰ ਵਿਖੇ ਵੱਖ-2 ਤਰ੍ਹਾਂ ਦੇ ਪੌਦੇ ਲਗਾਏ ਗਏ। ਇਸ ਮੌਕੇ ਕਲੱਬ ਪ੍ਰਧਾਨ ਲਾਇਨ ਰਸ਼ਪਾਲ ਸਿੰਘ ਵਲੋਂ ਇਸ ਮਾਨਸੂਨ ਵਿੱਚ (ਕਲੱਬ ਵਲੋਂ) ਵੱਧ ਤੋਂ ਵੱਧ ਪੌਦੇ ਲਗਾਉਣ ਦਾ ਵਾਅਦਾ ਕੀਤਾ ਗਿਆ। ਕਲੱਬ ਡਾਇਰੈਕਟਰ ਲਾਇਨ ਦਲਜਿੰਦਰ ਸਿੰਘ ਅਤੇ ਡਾਇਰੈਕਟਰ ਲਾਇਨ ਭੁਪਿੰਦਰ ਗੱਗੀ ਵਲੋਂ ਪੌਦੇ ਲਗਾਉਣ ਦੇ ਫਾਇਦਿਆਂ ਪ੍ਰਤੀ ਜਾਣਕਾਰੀ ਦਿੱਤੀ ਗਈ ਅਤੇ ਪੌਦਿਆਂ ਦੀ ਜਾਣਕਾਰੀ ਦਿੱਤੀ ਗਈ ਅਤੇ ਪੌਦਿਆਂ ਦੀ ਅੰਧਾ ਧੁੰਦ ਹੋ ਰਹੀ ਕਟਾਈ ਤੇ ਚਿੰਤਾ ਪ੍ਰਗਟਾਈ। ਕਲੱਬ ਡਾਇਰੈਕਟਰ ਲਾਇਨ ਮਨਜੀਤ ਸਿੰਘ ਸਹੋਤਾ ਅਤੇ ਡਾਇਰੈਕਟਰ ਰਮਨ ਵਰਮਾ ਵਲੋਂ ਸਭ ਨੂੰ ਵੱਧ ਤੋਂ ਵੱਧ ਰੁੱਖ ਲਗਾਉਣ ਦੀ ਬੇਨਤੀ ਕੀਤੀ ਗਈ। ਇਸ ਮੌਕੇ ਕਲੱਬ ਪ੍ਰਧਾਨ ਰਸ਼ਪਾਲ ਸਿੰਘ ਡਾਇਰੈਕਟਰ ਦਲਜਿੰਦਰ ਸਿੰਘ, ਡਾਇਰੈਕਟਰ ਭੁਪਿੰਦਰ ਗੱਗੀ, ਡਾਇਰੈਕਟਰ ਮਨਜੀਤ ਸਿੰਘ ਸਹੋਤਾ, ਡਾਇਰੈਕਟਰ ਰਮਨ ਵਰਮਾ, ਹੈੱਡ ਟੀਚਰ ਅਤੇ ਸਕੂਲ ਸਟਾਫ ਮੌਜੂਦ ਸੀ।

## ਸ਼੍ਰੋਮਣੀ ਕਵੀ ਸ਼ਿਵ ਨਾਥ ਦੇ ਇਲਾਜ ਦੀ ਜ਼ੁੰਮੇਵਾਰੀ ਲਵੇ ਪੰਜਾਬ ਸਰਕਾਰ

**ਚੰਡੀਗੜ੍ਹ, (ਗੁਰਜੀਤ ਬਿੱਲਾ)**- ਅਠਾਸੀ ਸਾਲ ਤੋਂ ਵੱਧ ਉਮਰ ਦੇ ਆਮ ਲੋਕਾਂ ਦੇ ਹੱਕ ਲਈ ਲਿਖਣ ਵਾਲੇ ਪੰਜਾਬੀ ਦੇ ਮਸ਼ਹੂਰ ਲੇਖਕ ਸ਼੍ਰੋਮਣੀ ਕਵੀ ਸ਼ਿਵ ਨਾਥ ਇਨੀਂ ਦਿਨੀਂ ਹਰਨੀਆਂ ਦੇ ਇਲਾਜ ਲਈ ਸਰਕਾਰੀ ਹਸਪਤਾਲ, ਸੈਕਟਰ 32 ਚੰਡੀਗੜ੍ਹ ਵਿਚ ਦਾਖ਼ਿਲ ਹਨ। ਕੁੱਝ ਸਾਲ ਪਹਿਲਾਂ ਉਨ੍ਹਾਂ ਦੇ ਦਿਲ ਦੀ ਬਿਮਾਰੀ ਕਾਰਣ ਸਟੰਟ ਵੀ ਪਏ ਸਨ। ਸਕੂਲੀ ਸਿਖਿਆ ਦੇ ਕੋਰੇ ਸ਼ਿਵ ਨਾਥ ਗੁਰਬਤ ਦੀ ਜ਼ਿੰਦਗੀ ਹੰਢਾਉਂਦਿਆਂ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ ਦੀਆਂ ਦਰਜਨ ਤੋਂ ਵੱਧ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ। ਸ਼ਿਵ ਨਾਥ ਂ ਦੀ ਸਿਹਤ ਦੀ ਚਿੰਤਾ ਵਿਅਕਤ ਕਰਦੇ ਪ੍ਰਗਤੀਸ਼ੀਲ ਲੇਖਕ ਸੰਘ ਦੇ ਕੌਮੀ ਜਨਰਲ ਸਕੱਤਰ ਡਾ. ਸੁਖਦੇਵ ਸਿੰਘ ਸਿਰਸਾ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਇਪਟਾ, ਪੰਜਾਬ ਦੇ ਪ੍ਰਧਾਨ ਸੰਜੀਵਨ ਸਿੰਘ ਨੇ ਉਨ੍ਹਾਂ ਦੀ ਕਮਜ਼ੋਰ ਆਰਥਿਕ ਸਥਿਤੀ ਅਤੇ ਬਿਰਧ ਅਵਸਥਾ ਕਾਰਣ ਪੰਜਾਬ ਸਰਕਾਰ ਤੋਂ ਸ਼ਿਵ ਨਾਥ ਹੋਰਾਂ ਦੇ ਇਲਾਜ਼ ਅਤੇ ਆਰਥਿਕ ਸਹਾਇਤਾ ਦੀ ਮੰਗ ਕੀਤੀ ਹੈ ਅਤੇ ਸਾਹਿਤਕ ਅਤੇ ਸਭਿਆਚਾਰਕ ਸੰਸਥਾਵਾਂ ਨੂੰ ਵੀ ਸ਼ਿਵ ਨਾਥ ਦੀ ਆਰਥਿਕ ਮਦਦ ਕਰਨ ਦੀ ਅਪੀਲ ਕੀਤੀ ਹੈ।

## ਸਰਕਾਰੀ ਹਾਈ ਸਕੂਲ ਡਘਾਮ ਵਿਖੇ ਸਮਰ ਕੈਂਪ ਲਗਾਇਆ



**ਗੜ੍ਹਸ਼ੰਕਰ,(ਫੂਲਾ ਸਿੰਘ ਬੀਰਮਪੁਰ)** ਸਿੱਖਿਆ ਵਿਭਾਗ ਪੰਜਾਬ ਦੀਆਂ ਹਦਾਇਤਾਂ ਅਨੁਸਾਰ ਸਕੂਲ ਮੁੱਖ ਅਧਿਆਪਕਾ ਸ੍ਰੀਮਤੀ ਨਵਦੀਪ ਸਹਿਗਲ ਦੀ ਅਗਵਾਈ ਹੇਠ ਸਰਕਾਰੀ ਹਾਈ ਸਕੂਲ ਡਘਾਮ ਵਿਖੇ ਸਮਰ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਛੇਵੀਂ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਨੇ ਵੱਖ-ਵੱਖ ਦਿਲਚਸਪ ਅਤੇ ਸਿੱਖਿਆਦਾਇਕ ਗਤੀਵਿਧੀਆਂ ਵਿੱਚ ਉਤਸ਼ਾਹ ਨਾਲ ਭਾਗ ਲਿਆ। ਸਮਰ ਕੈਂਪ ਦੇ ਪੰਜਵੇਂ ਦਿਨ ਵਿਦਿਆਰਥੀਆਂ ਵੱਲੋਂ ਤਿਆਰ ਸਮੱਗਰੀ ਦੀ ਪ੍ਰਦਰਸ਼ਨੀ ਲਗਾਈ ਗਈ। ਇਸ ਪ੍ਰਦਰਸ਼ਨੀ ਵਿੱਚ ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਦੀਦਾਰ ਸਿੰਘ, ਮੈਂਬਰ ਸੁਖਵਿੰਦਰ ਕੌਰ, ਸੁਨੀਤਾ ਰਾਣੀ ਸਮੇਤ ਹੋਰ ਮੈਂਬਰਾਂ ਅਤੇ ਮਾਪਿਆਂ ਨੇ ਭਾਗ ਲਿਆ ਅਤੇ ਬੱਚਿਆਂ ਵੱਲੋਂ ਤਿਆਰ ਕੀਤੀ ਸਮੱਗਰੀ ਦੀ ਸ਼ਲਾਘਾ ਕੀਤੀ। ਇਸ ਮੌਕੇ ਮੁੱਖ ਅਧਿਆਪਕਾ ਨਵਦੀਪ ਸਹਿਗਲ ਦੇ ਨਾਲ ਅਧਿਆਪਕ ਹਰਦੀਪ ਕੁਮਾਰ, ਜੋਤਿਕਾ ਲੱਧੜ, ਵਰਿੰਦਰ ਕੌਰ, ਅੰਸੂ ਰਾਣਾ, ਜਤਿੰਦਰ ਕੁਮਾਰ, ਮੈਡਮ ਰੀਨਾ, ਸੁਦੇਸ਼ ਬਾਲਾ ਆਦਿ ਹਾਜਰ ਸਨ।

# ਚੋਅ ਦਾ ਪਾਣੀ ਸਕੂਲ ਦੀ ਗਰਾਊਂਡ 'ਚ ਵੜਿਆ



**ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)**-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜੇਜੋਂ ਦੁਆਬਾ ਦੀ ਗਰਾਊਂਡ ਦੇ ਕੋਲ ਜੋ ਬੰਨ੍ਹ ਲਗਾ ਹੋਇਆ ਸੀ ਉਸ ਵਿੱਚ ਇੱਕ ਛੋਟਾ ਜਿਹਾ ਪਾੜ ਪੈਣ ਕਾਰਨ ਪਾਣੀ ਸਕੂਲ ਦੀ ਗਰਾਊਂਡ ਵਿਚ ਆ ਗਿਆ। ਬਾਲ ਕਿਸ਼ਨ ਹਰਜੀਆਣਾ ਰਿਟਾਇਰਡ ਜੇ.ਈ ਬਿਜਲੀ ਬੋਰਡ ਨੇ ਦੱਸਿਆ ਕਿ ਪਿਛਲੇ ਕੁੱਝ ਦਿਨਾਂ ਤੋਂ ਲਗਾਤਾਰ ਇਸ ਇਲਾਕੇ ਵਿੱਚ ਬਾਰਿਸ਼ ਹੋ ਰਹੀ ਹੈ। ਸਰਕਾਰ ਤੋਂ ਮੰਗ ਕਰਦੇ ਹੋਏ ਉਨ੍ਹਾਂ ਕਿਹਾ ਕਿ ਗਰਾਊਂਡ ਦੇ ਲਾਗੇ ਲੱਗੇ ਬੰਨ ਵਿਚ ਪਏ ਇਸ ਪਾੜ ਨੂੰ ਜਲਦੀ ਤੋਂ ਜਲਦੀ ਭਰਿਆ ਜਾਵੇਂ ਤਾਂ ਕਿ ਗਰਾਊਂਡ ਦਾ ਨੁਕਸਾਨ ਨਾ ਹੋਵੇ ਤੇ ਵਿਦਿਆਰਥੀਆਂ ਨੂੰ ਖੇਡਣ ਵਿੱਚ ਕੋਈ ਰੁਕਾਵਟ ਪੈਦਾ ਨਾ ਹੋਵੇ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਇਸ ਸਕੂਲ ਨਾਲ ਵਿਸ਼ੇਸ਼ ਲਗਾਵ ਹੈ ਕਿਉਂਕਿ ਉਹ 1956 ਤੋਂ 1962 ਤੱਕ ਇਸ ਸਕੂਲ ਵਿੱਚ ਪੜ੍ਹਦੇ ਰਹੇ ਹਨ। ਉਹਨਾਂ ਤੋਂ ਬਾਅਦ ਉਨ੍ਹਾਂ ਦੇ ਬੱਚੇ ਵੀ ਇਸੇ ਸਕੂਲ ਵਿਚ ਪੜ੍ਹੇ ਹਨ। ਉਨ੍ਹਾਂ ਦੱਸਿਆ ਕਿ ਹਿਮਾਚਲ ਪ੍ਰਦੇਸ਼ ਦੀ ਸੀਮਾ ਅਤੇ ਸ਼ਿਵਾਲਿਕ ਪਹਾੜੀਆਂ ਦੀ ਗੋਦ ਵਿਚ ਵਸੇ ਪਿੰਡ ਜੇਜੋਂ ਦੁਆਬੇ ਦਾ ਇਹ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਿੱਖਿਆ ਦੇ ਖੇਤਰ ਵਿਚ ਇਲਾਕੇ ਲਈ ਇੱਕ ਚਾਨਣ ਮੁਨਾਰੇ ਦਾ ਕੰਮ ਕਰਦਾ ਹੈ।

# ਡਾ. ਅੰਬੇਡਕਰ ਪਾਰਕ ਹਦੀਆਬਾਦ ਵਿਖੇ ਸਾਲਾਨਾ ਛਿੰਝ ਮੇਲਾ ਅਮਿੱਟ ਯਾਦਾਂ ਛੱਡਦਾ ਸੰਪਨ



**ਫਗਵਾੜਾ (ਨਵਾਂ ਜ਼ਮਾਨਾ ਸਰਵਿਸ )** ਡਾ. ਬੀ.ਆਰ. ਅੰਬੇਡਕਰ ਪਾਰਕ ਨਕੋਦਰ ਰੋਡ ਹਦੀਆਬਾਦ ਫਗਵਾੜਾ ਵਿਖੇ ਸਾਲਾਨਾ ਛਿੰਝ ਮੇਲਾ ਕਮੇਟੀ ਚੇਅਰਮੈਨ ਰਮੇਸ਼ ਕੋਲ ਸੋਨੂੰ ਬਰਾੜ ਤੇ ਪ੍ਰਿੰਸ ਚੰਗਿਆੜਾ ਪਹਿਲਵਾਨ ਦੀ ਸਾਂਝੀ ਅਗਵਾਈ ਹੇਠ ਹਰ ਸਾਲ ਦੀ ਤਰ੍ਹਾਂ ਬੜੇ ਉਤਸ਼ਾਹ ਨਾਲ ਕਰਵਾਇਆ ਗਿਆ। ਕਮੇਟੀ ਪ੍ਰਧਾਨ ਲੈਂਬਰ ਰਾਮ ਦੀ ਦੇਖਰੇਖ ਹੇਠ ਛਿੰਝ ਮੇਲੇ ਦੌਰਾਨ ਪੰਜਾਬ ਭਰ ਦੇ ਨਾਮਵਰ ਪਹਿਲਵਾਨਾਂ ਨੇ ਜੋਰ ਅਜਮਾਇਸ਼ ਕੀਤੀ। ਪਟਕੇ ਦੀ ਇਕ ਨੰਬਰ ਕੁਸ਼ਤੀ ਹਰਮਨ ਆਲਮਗੀਰ ਅਤੇ ਸੋਨੂੰ ਸਹੋੜਾ ਵਿਚਕਾਰ ਹੋਈ। ਇਸ ਰੋਮਾਂਚਕ ਮੁਕਾਬਲੇ 'ਚ ਹਰਮਨ ਆਲਮਗੀਰ ਨੂੰ ਜੇਤੂ ਕਰਾਰ ਦਿੱਤਾ ਗਿਆ। ਇਸ ਮੁਕਾਬਲੇ ਦੇ ਜੇਤੂ ਪਹਿਲਵਾਨ ਹਰਮਨ ਆਲਮਗੀਰ ਨੂੰ ਮਨਜੀਤ ਸੋਨੂੰ ਬੱਧਣ ਯੂ.ਐਸ.ਏ. ਵਲੋਂ ਮੋਟਰਸਾਇਕਲ ਅਤੇ ਸੋਨੂੰ ਸਹੋੜਾ ਨੂੰ 41 ਹਜਾਰ ਰੁਪਏ ਨਗਦ ਇਨਾਮ ਨਾਲ ਨਵਾਜਿਆ ਗਿਆ। ਚੱਠਾ ਪਰਵਾਰ ਨੇ ਅਗਲੇ ਸਾਲ ਹੋਣ ਵਾਲੇ ਸਾਲਾਨਾ ਛਿੰਝ ਮੇਲੇ ਦੌਰਾਨ ਪਟਕੇ ਦੀ ਕੁਸ਼ਤੀ ਦੇ ਜੇਤੂ ਪਹਿਲਵਾਨ ਨੂੰ ਬਤੌਰ ਇਨਾਮ ਸੋਨੇ ਦੀ ਮੁੰਦਰੀ ਦੇਣ ਦਾ ਐਲਾਨ ਕੀਤਾ। ਪਟਕੇ ਦੀ ਦੂਸਰੀ ਕੁਸ਼ਤੀ ਜਗਰੂਪ ਸ਼ੰਕਰ ਅਤੇ ਜੱਗਾ ਆਲਮਗੀਰ ਵਿਚਕਾਰ ਕਰਵਾਈ ਗਈ। ਇਸ ਮੁਕਾਬਲੇ ਦੇ ਜੇਤੂ ਜੱਗਾ ਆਲਮਗੀਰ ਨੂੰ ਬਤੌਰ ਇਨਾਮ ਗੁਰਜ ਨਾਲ ਨਵਾਜਿਆ ਗਿਆ। ਦਿਲਪ੍ਰੀਤ ਫਰਾਲਾ ਤੇ ਗੱਗੂ ਅਵੰਤੀ ਦੀ ਕੁਸ਼ਤੀ ਬਰਾਬਰ ਰਹੀ। ਕਰੀਬ ਪੰਜਾਹ ਕੁਸ਼ਤੀਆਂ ਹੋਈਆਂ ਤੇ ਜੇਤੂ ਪਹਿਲਵਾਨਾਂ ਨੂੰ ਨਗਦ ਇਨਾਮ ਅਤੇ ਗੁਰਜ ਨਾਲ ਨਵਾਜਿਆ ਗਿਆ। ਇਸ ਤੋਂ ਪਹਿਲਾਂ ਬਾਬਾ ਪੀਰ ਨਿਆਣੇ ਸ਼ਾਹ ਦੇ ਦੋ ਰੋਜਾ ਸਾਲਾਨਾ ਜੋੜ ਮੇਲੇ ਦੌਰਾਨ ਵੱਡੀ ਗਿਣਤੀ 'ਚ ਸੰਗਤਾਂ ਨੇ ਨਤਮਸਤਕ ਹੋ ਕੇ ਬਾਬਾ ਜੀ ਦਾ ਅਸ਼ੀਰਵਾਦ ਲਿਆ ਅਤੇ ਨਕਲਾਂ ਤੇ ਕੱਵਾਲੀਆਂ ਦਾ ਆਨੰਦ ਮਾਣਿਆ। ਇਸ ਮੌਕੇ ਜੈ ਕਰਮ, ਰਣਧੀਰ ਸਿੰਘ ਚੱਠਾ, ਕੁਲਵਿੰਦਰ ਸਿੰਘ ਚੱਠਾ, ਰੇਸ਼ਮ ਸੰਧੂ, ਸੁਰਿੰਦਰ ਕੌਲ, ਜੋਗਿੰਦਰ ਪਾਲ ਪਹਿਲਵਾਨ, ਵਿਜੇ ਪਹਿਲਵਾਨ, ਜਗੀਰੀ ਰਾਮ ਭੋਲਾ, ਰਾਕੇਸ਼ ਬੱਧਣ ਤੋਂ ਇਲਾਵਾ ਵੱਖ ਵੱਖ ਅਖਾੜਿਆਂ ਦੇ ਪਹਿਲਵਾਨ ਅਤੇ ਕੁਸ਼ਤੀ ਪ੍ਰੇਮੀ ਹਾਜਰ ਸਨ।

# ਗ੍ਰੀਨਵੇਜ ਸਕੂਲ ਲਗਾਏਗਾ 7 ਲੱਖ ਫਲਦਾਰ ਬੂਟੇ

**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**-ਗ੍ਰੀਨਵੇਜ ਸਕੂਲ ਰੁੜਕੀ ਹੀਰਾਂ ਵੱਲੋਂ ਆਪਣਾ ਪੰਜਾਬ ਫਾਊਂਡੇਸਨ ਅਤੇ ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲਜ਼ ਐਸੋਸੀਏਸ਼ਨ ਪੰਜਾਬ ਦੁਆਰਾ ਵਾਤਾਵਰਣ ਦੀ ਸਾਂਭ ਸੰਭਾਲ ਲਈ ਕੀਤੇ ਜਾਂਦੇ ਉਪਰਾਲਿਆਂ ਦੇ ਵਿੱਚ ਲਗਾਤਾਰਤਾ ਲਿਆਉਂਦਿਆਂ 17 ਜੁਲਾਈ ਨੂੰ ਸੱਤ ਲੱਖ ਬੂਟੇ ਲਗਾ ਕੇ ਮਿਸ਼ਨ ਹਰਿਆਲੀ ਮਨਾਇਆ ਜਾਵੇਗਾ। ਇਸ ਬਾਰੇ ਜਾਣਕਾਰੀ ਦਿੰਦਿਆਂ ਗ੍ਰੀਨਵੇਜ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਹਰਜਿੰਦਰ ਸਿੰਘ ਮੱਲ੍ਹੀ ਨੇ ਦੱਸਿਆ ਕਿ ਆਪਣਾ ਪੰਜਾਬ ਫਾਊਂਡੇਸ਼ਨ ਦੇ ਫਾਊਂਡਰ ਜਗਜੀਤ ਸਿੰਘ ਧੂਰੀ ਦੀ ਅਗਵਾਈ ਹੇਠ 12 ਸਤੰਬਰ 2022 ਨੂੰ ਅਧਿਆਪਕਾਂ, ਵਿਦਿਆਰਥੀਆਂ ਅਤੇ ਮਾਪਿਆਂ ਦੇ ਸਹਿਯੋਗ ਨਾਲ 5 ਲੱਖ 18 ਹਜ਼ਾਰ ਬੂਟੇ ਲਗਾ ਕੇ ਵਿਸ਼ਵ ਰਿਕਾਰਡ ਬਣਾਇਆ ਗਿਆ ਸੀ। ਉਨ੍ਹਾਂ ਦੱਸਿਆ ਕਿ ਇਸ ਵਾਰ ਵੀ 17 ਜੁਲਾਈ ਨੂੰ ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪਿਆਂ ਦੀ ਸਹਾਇਤਾ ਦੇ ਨਾਲ ਇੱਕ ਹੀ ਦਿਨ ਵਿੱਚ 7 ਲੱਖ ਫਲਦਾਰ ਬੂਟੇ ਲਗਾ ਕੇ ਇੱਕ ਨਵਾਂ ਵਿਸ਼ਵ ਰਿਕਾਰਡ ਬਣਾਇਆ ਜਾਵੇਗਾ। ਜਿਸ ਨਾਲ ਵਾਤਾਵਰਣ ਨੂੰ ਹੁਲਾਰਾ ਮਿਲੇਗਾ ਤਾਂ ਜੋ ਧਰਤੀ ਨੂੰ ਗਲੋਬਲ ਵਾਰਮਿੰਗ ਤੋਂ ਬਚਾਇਆ ਜਾ ਸਕੇ।

ਇਸ ਸੰਬੰਧੀ ਸਕੂਲ ਨੇ ਵੱਡੇ ਪੱਧਰ 'ਤੇ ਬੂਟੇ ਇਕੱਠੇ ਕਰਨ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਨਾਲ ਹੀ ਬੱਚਿਆਂ ਨੂੰ ਪੌਦਿਆਂ ਦੀ ਸਾਂਭ-ਸੰਭਾਲ ਬਾਰੇ ਪ੍ਰੇਰਿਤ ਕੀਤਾ ਜਾ ਰਿਹਾ ਹੈ ਤੇ ਬੱਚਿਆਂ ਦੇ ਮਾਪਿਆਂ ਨੂੰ ਵੀ ਵੱਧ ਤੋਂ ਵੱਧ ਬੂਟੇ ਇਕੱਠੇ ਕਰਨ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਤਾਂ ਜੋ ਇਸ ਮਿਸ਼ਨ ਹਰਿਆਲੀ ਨੂੰ ਕਾਮਯਾਬ ਬਣਾਇਆ ਜਾ ਸਕੇ।

# ਉੱਪਲ ਦੇ 35ਵੇਂ ਸ਼ਹੀਦੀ ਦਿਵਸ ਮੌਕੇ ਡੀ ਵਾਈ ਐੱਫ ਆਈ ਦਾ ਅਜਲਾਸ ਸੰਪੰਨ



**ਬਹਿਰਾਮ (ਅਵਤਾਰ ਕਲੇਰ)** ਇੱਥੇ ਪਿੰਡ ਗੋਬਿੰਦਪੁਰ ਵਿਖੇ ਸ਼ਹੀਦ ਗੁਰਨਾਮ ਸਿੰਘ ਉੱਪਲ ਨੂੰ ਸਮਰਪਿਤ ਡੀ ਵਾਈ ਐਫ ਆਈ ਦਾ ਤਹਿਸੀਲ ਅਜਲਾਸ ਕਰਵਾਇਆ ਗਿਆ। ਅਜਲਾਸ ਨੂੰ ਸੰਬੋਧਨ ਕਰਦੇ ਹੋਏ ਡੀ ਵਾਈ ਐਫ ਆਈ ਦੇ ਸਾਬਕਾ ਸੂਬਾਈ ਖਜਾਨਚੀ ਸਾਥੀ ਰਾਮ ਸਿੰਘ ਨੂਰਪੁਰੀ ਨੇ ਕਿਹਾ ਕਿ ਡੀ ਵਾਈ ਐਫ ਆਈ ਨੇ ਦੇਸ਼ ਅੰਦਰ ਕਈ ਘੋਲ ਲੜੇ ਤੇ ਜਿੱਤੇ ਹਨ, ਜਿਵੇਂ 18 ਸਾਲ ਦੇ ਬਾਲਗ ਲਈ ਵੋਟ ਦਾ ਅਧਿਕਾਰ, ਬੇਰੁਜਗਾਰੀ ਭੱਤੇ ਦਾ ਹੱਕ ਆਦਿ। ਉਨ੍ਹਾਂ ਕਿਹਾ ਕਿ ਅੱਜ ਦੇ ਦਿਨ 1987 ਵਿੱਚ ਸਾਥੀ ਗੁਰਨਾਮ ਸਿੰਘ ਉੱਪਲ ਨੂੰ ਖਾਲਿਸਤਾਨੀ ਦਹਿਸ਼ਤਗਰਦਾਂ ਨੇ ਸ਼ਹੀਦ ਕਰ ਦਿੱਤਾ ਸੀ ਕਿਉਂਕਿ ਉਹ ਕਣਕ ਦੇ ਹੋਏ ਖਰਾਬੇ ਦਾ ਮਜਦੂਰਾਂ ਨੂੰ ਮੁਆਵਜਾ ਦੇਣ ਲਈ ਸੰਘਰਸ਼ ਕਰ ਰਿਹਾ ਸੀ। ਸਮੇਂ ਦੀਆਂ ਸਰਕਾਰਾਂ ਨੂੰ ਇਹ ਬਰਦਾਸ਼ਤ ਨਹੀਂ ਸੀ ਕਿਉਂਕਿ ਉਹ ਨਹੀਂ ਚਾਹੁੰਦੀਆਂ ਕਿ ਮਜਦੂਰ ਆਪਣੇ ਹੱਕਾਂ ਲਈ ਆਵਾਜ ਬੁਲੰਦ ਕਰਨ ਅਤੇ ਉਨ੍ਹਾਂ ਦੀ ਆਵਾਜ ਨੂੰ ਏਕੇ ਵਿਚ ਪਰੋਣ ਵਾਲੇ ਨੂੰ ਦਹਿਸ਼ਤਗਰਦਾਂ ਨੇ ਆਪਣੀ ਗੋਲੀ ਦਾ ਨਿਸ਼ਾਨਾ ਬਣਾਇਆ। ਪਰ ਉਹ ਸਾਥੀ ਉੱਪਲ ਦੀ ਸੋਚ ਨੂੰ ਖਤਮ ਨਹੀਂ ਕਰ ਸਕਦੇ। ਅਜਲਾਸ ਨੂੰ ਖੇਤ ਮਜਦੂਰ ਯੂਨੀਅਨ ਵੱਲੋਂ ਸਾਥੀ ਰੌਸ਼ਨ ਲਾਲੀ, ਕਿਸਾਨ ਸਭਾ ਵੱਲੋਂ ਸਾਥੀ ਕਮਲਜੀਤ ਸਿੰਘ ਰੱਕੜ ਅਤੇ ਇਸਤਰੀ ਸਭਾ ਵਲੋਂ ਸੁਨੀਤਾ ਤਲਵੰਡੀ ਨੇ ਭਰਾਤਰੀ ਸੰਦੇਸ਼ ਦਿੱਤਾ। ਇਸ ਮੌਕੇ 'ਤੇ 13 ਮੈਂਬਰੀ ਕਮੇਟੀ ਚੁਣੀ ਗਈ, ਜਿਸ ਵਿਚ ਪ੍ਰਧਾਨ ਮਰਕਰਨਜੋਤ ਗੁਣਾਚੌਰ, ਮੀਤ ਪ੍ਰਧਾਨ ਸ਼ਮਸ਼ੇਰ ਸ਼ੇਰਾ, ਸਕੱਤਰ ਕੋਮਲ ਗੋਬਿੰਦਪੁਰ, ਜਾਇੰਟ ਸਕੱਤਰ ਰੋਹਿਤ ਬੰਗਾ, ਖਜਾਨਚੀ ਜਸਕਰਨ ਝਿੰਗੜਾਂ ਚੁਣੇ ਗਏ।

# ਦਰਬਾਰ ਹਜ਼ਰਤ ਫੱਜੇ ਸ਼ਾਹ ਸਿਕੰਦਰਪੁਰ ਵਿਖੇ ਜੋੜ ਮੇਲਾ ਸ਼ਰਧਾ ਨਾਲ ਮਨਾਇਆ





**ਅਲਾਵਲਪੁਰ, (ਮਦਨ ਬੰਗੜ)** ਦਰਬਾਰ ਹਜਰਤ ਸਾਈ ਫੱਜੇ ਸ਼ਾਹ, ਇੱਛਾਧਾਰੀ ਸ਼ਿਵ ਮੰਦਰ ਸਿਕੰਦਰਪੁਰ ਵਿੱਖੇ ਸਾਲਾਨਾ ਦੋ ਰੋਜਾ ਜੋੜ ਮੇਲਾ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਦਰਬਾਰ ਦੇ ਮੁੱਖ ਸੇਵਾਦਾਰ ਗੱਦੀਨਸ਼ੀਨ ਗੁਰਪਿੰਦਰ ਸਿੰਘ ਸੂਸ ਦੀ ਸਰਪ੍ਰਸਤੀ ਹੇਠ ਅਯੋਜਿਤ ਇਸ ਮੇਲੇ 'ਚ ਵੱਖ ਵੱਖ ਡੇਰਿਆਂ ਤੋਂ ਮਹਾਪੁਰਸ਼ਾਂ ਵਲੋਂ ਸ਼ਿਰਕਤ ਕੀਤੀ ਗਈ। ਇਲਾਕੇ ਦੀਆਂ ਵੱਖ ਵੱਖ ਸਮਾਜਿਕ ,ਧਾਰਮਿਕ ਅਤੇ ਰਾਜਨੀਤਿਕ ਸ਼ਖਸੀਅਤਾਂ ਵੀ ਦਰਬਾਰ 'ਤੇ ਨਤਮਸਤਕ ਹੋਈਆਂ। ਖਰਾਬ ਮੌਸਮ ਦੇ ਬਾਵਜੂਦ ਦੂਰ ਦੁਰਾਡੇ ਤੋਂ ਵੱਡੀ ਗਿਣਤੀ 'ਚ ਸੰਗਤਾਂ ਵਲੋਂ ਹਾਜਰੀ ਲਗਵਾਈ ਗਈ। ਪਹਿਲੇ ਦਿਨ ਦਰਬਾਰ ਤੇ ਧਾਰਮਿਕ ਰਸਮਾਂ ਉਪਰੰਤ ਸ਼ਾਮ ਨੂੰ ਨਕਾਲ ਪਾਰਟੀਆਂ ਤੇ ਕਵਾਲ ਪਾਰਟੀਆਂ ਵੱਲੋਂ ਸੂਫੀਆਨਾ ਕਲਾਮਾਂ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਦੂਸਰੇ ਦਿਨ ਝੰਡੇ ਅਤੇ ਚਾਦਰ ਦੀ ਰਸਮ ਉਪਰੰਤ ਪ੍ਰਸਿੱਧ ਗਾਇਕ ਬਲਰਾਜ ਬਿਲਗਾ,ਕੁਲਵਿੰਦਰ ਕਿੰਦਾ ,ਬੰਟੀ ਕਵਾਲ ,ਸੰਜੀਵ ਮੁਨੀ ਕਵਾਲ ਵਲੋ ਗੀਤਾਂ ਤੇ ਸੂਫੀਆਨਾ ਕਲਾਮਾਂ ਦੁਆਰਾ ਸੰਗਤਾਂ ਨੂੰ ਝੂਮਣ ਲਾ ਦਿੱਤਾ। ਇਸ ਮੌਕੇ ਬਾਬਾ ਦਿਲਬਾਗ,ਦੀਪਕਾ ਮਹੰਤ ਅਲਾਵਲਪੁਰ , ਬਲਵਿੰਦਰ ਸਿੰਘ, ਨਵਦੀਪ ਬੱਬੀ,ਸ਼ੁਭਾਸ਼ ਭਨੋਟ,ਰਮੇਸ਼ ਵਿਰਦੀ,ਮੁਕੰਦਰ ਲਾਲ, ਜੈ ਕਪੂਰ ,ਮਨੋਜ, ਰਜੇਸ ਕੁਮਾਰ, ਵਿਸਾਲ, ਸੋਮਨਾਥ, ਜਸਕਰਨ ਦੀਪ ,ਰਵਿੰਦਰ ਸਿੰਘ, ਇਕਬਾਲ ਸਿੰਘ ਚੀਮਾ, ਬਲਿਹਾਰ ਸਿੰਘ, ਚੈਂਚਲ ਸਿੰਘ, ਅਵਤਾਰ ਤਾਰੀ, ਬਲਬੀਰ ਸਿੰਘ ,ਸੋਢੀ ਕੋਟ, ਸੁਖਦੇਵ ,ਸੁਰਜੀਤ, ਦਲਵੀਰ ਬੀਰੀ, ਸ਼ੇਰਾ, ਭੁਪਿੰਦਰ ਸਿੰਘ, ਬੂਟਾ ਧੋਗੜੀ ,ਹਰਪ੍ਰੀਤ ਹੈਪੀ ,ਲਵ, ਆਕਾਸ਼, ਮਨਜੀਤ ਸਿੰਘ, ਹਰਮਨ ਜੋਤ , ਰੋਹਿਤ, ਦੀਪਕ ਆਦਿ ਨੇ ਸੇਵਾਦਾਰਾਂ ਦੀਆਂ ਸੇਵਾਵਾਂ ਨਿਭਾਈਆਂ। ਇਸ ਮੌਕੇ 'ਤੇ ਅਤੁੱਟ ਲੰਗਰ ਅਤੇ ਠੰਢੇ ਮਿੱਠੇ ਜਲ ਦੀਆਂ ਛਬੀਲਾਂ ਵੀ ਲਗਾਈਆਂ ਗਈਆਂ ।

## ਜਨਮ ਦਿਨ ਮੁਬਾਰਕ



ਹਰਲੀਨ ਕੌਰ, ਅੰਮ੍ਰਿਤਸਰ



ਤਨਵ ਕੁਮਾਰ, ਸਮਾਣਾ

# ਮੀਰੀ ਪੀਰੀ ਦਿਵਸ ਸ਼ਰਧਾ ਭਾਵਨਾ ਨਾਲ ਉਤਸ਼ਾਹ-ਪੂਰਵਕ ਮਨਾਇਆ



**ਐੱਸ ਏ ਐੱਸ ਨਗਰ, ( ਗੁਰਜੀਤ ਬਿੱਲਾ)**- ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਮੀਰੀ ਪੀਰੀ ਦਿਵਸ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਦਿਨ ਦੇ ਸਬੰਧ ਵਿੱਚ ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ, ਇਸ ਉਪਰੰਤ ਸਾਰਾ ਦਿਨ ਗੁਰਮਤਿ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਗੁਰਮਤਿ ਸਮਾਗਮ ਵਿੱਚ ਭਾਈ ਪ੍ਰੇਮ ਸਿੰਘ ਪ੍ਰੇਮੀ ਦੇ ਪੰਥਕ ਢਾਡੀ ਜੱਥੇ ਨੇ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦੁਆਰਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਮੀਰੀ ਅਤੇ ਪੀਰੀ ਦੀਆਂ ਦੋ ਕ੍ਰਿਪਾਨਾ ਧਾਰਨ ਕਰਵਾਉਣ ਦਾ ਪੂਰਾ ਪ੍ਰਸੰਗ ਢਾਡੀ ਵਾਰਾਂ ਵਿੱਚ ਸਰਵਣ ਕਰਾਇਆ। ਸ਼੍ਰੋਮਣੀ ਪ੍ਰਚਾਰਕ ਭਾਈ ਸੰਦੀਪ ਸਿੰਘ ਸ੍ਰੀ ਅਨੰਦਪੁਰ ਸਾਹਿਬ ਵਾਲਿਆਂ ਨੇ ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜੀਵਨ ਬ੍ਰਿਤਾਂਤ ਸੰਗਤਾਂ ਨੂੰ ਵਿਸਥਾਰ ਵਿੱਚ ਸੁਣਾਇਆ। ਉਨ੍ਹਾਂ ਨੇ ਗੁਰੂ ਸਾਹਿਬ ਵੱਲੋਂ ਮੀਰੀ-ਪੀਰੀ ਕ੍ਰਿਪਾਨਾਂ ਧਾਰਨ ਕਰਨ ਅਤੇ ਜੁਲਮ ਦੇ ਵਿਰੁੱਧ ਜੰਗ ਲੜਨ ਦੇ ਪ੍ਰਸੰਗ ਨੂੰ ਬੜੇ ਹੀ ਭਾਵਪੂਰਨ ਤਰੀਕੇ ਨਾਲ ਸੰਗਤਾਂ ਨੂੰ ਸਰਵਣ ਕਰਾਇਆ। ਭਾਈ ਭਾਈ ਰਾਜਿੰਦਰ ਸਿੰਘ ਦੇ ਰਾਗੀ ਜੱਥੇ ਨੇ ਆਪਣੇ ਰਸ ਭਿੰਨੇ ਕੀਰਤਨ ਨਾਲ ਸੰਗਤਾਂ ਨੂੰ ਇਲਾਹੀ ਬਾਣੀ ਨਾਲ ਗਵਾ ਕੇ ਗੁਰੂ ਨਾਲ ਜੋੜਨ ਦਾ ਉਪਰਾਲਾ ਕੀਤਾ। ਸ਼੍ਰੋਮਣੀ ਪ੍ਰਚਾਰਕ ਭਾਈ ਸੁਰਜੀਤ ਸਿੰਘ ਜੀ ਦਮਦਮੀ ਟਕਸਾਲ ਵਾਲਿਆਂ ਨੇ ਆਪਣੇ ਪ੍ਰਵਚਨਾਂ ਰਾਹੀਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਦੁਆਰਾ ਸਮੁੱਚੀ ਮਾਨਵਤਾ ਨੂੰ ਇੰਨਸਾਫ ਦਿਵਾਉਣ ਲਈ ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਸਿਰਜਣਾ ਕਰਨ ਬਾਰੇ ਸੰਗਤਾਂ ਨੂੰ ਵਿਸਥਾਰ ਸਹਿਤ ਜਾਣੂ ਕਰਵਾਇਆ। ਇਸ ਤੋਂ ਇਲਾਵਾ ਭਾਈ ਲਖਵਿੰਦਰ ਸਿੰਘ, ਭਾਈ ਜੁਝਾਰ ਸਿੰਘ, ਭਾਈ ਕੁਲਤਾਰ ਸਿੰਘ, ਭਾਈ ਵਰਿੰਦਰ ਸਿੰਘ, ਭਾਈ ਹਰਬੀਰ ਸਿੰਘ, ਸ਼ੇਰੇ ਪੰਜਾਬ ਕਵੀਸ਼ਰੀ ਜੱਥਾ ਅਤੇ ਭਾਈ ਸੁਖਵਿੰਦਰ ਸਿੰਘ ਦੇ ਜੱਥਿਆਂ ਤੋਂ ਇਲਾਵਾ ਗੁਰਦੁਆਰਾ ਸਿੰਘ ਸ਼ਹੀਦਾਂ ਦੇ ਹਜ਼ੂਰੀ ਜੱਥੇ ਭਾਈ ਨਿਤਿੰਨ ਸਿੰਘ, ਭਾਈ ਗੁਰਮੀਤ ਸਿੰਘ, ਭਾਈ ਇੰਦਰਜੀਤ ਸਿੰਘ, ਭਾਈ ਹਰਬਖਸ਼ ਸਿੰਘ ਅਤੇ ਭਾਈ ਜਸਵਿੰਦਰ ਸਿੰਘ ਨੇ ਕਥਾ, ਕੀਰਤਨ, ਕਵੀਸ਼ਰੀ ਅਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਸਾਰਾ ਦਿਨ ਹਰਿ ਜਸ ਸੁਣਾ ਕੇ ਨਿਹਾਲ ਕੀਤਾ । ਸਾਰੇ ਜਥਿਆਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ । ਇਸ ਦਿਹਾੜੇ ਦੀ ਖੁਸ਼ੀ ਵਿੱਚ ਹਜ਼ਾਰਾਂ ਸੰਗਤਾਂ ਨੇ ਇਸ ਸਥਾਨ ਦੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕੀਤਾ । ਹਰ ਵਿਭਾਗ ਦੇ ਮਾਹਿਰ ਡਾਕਟਰਾਂ ਵੱਲੋਂ ਮਰੀਜ਼ਾਂ ਦਾ ਮੁਆਇਨਾ ਕੀਤਾ ਗਿਆ ਅਤੇ ਦਵਾਈ ਗੁ: ਪ੍ਰਬੰਧਕ ਕਮੇਟੀ ਵੱਲੋਂ ਦਿੱਤੀ ਗਈ। ਗੁਰੂ ਕਾ ਲੰਗਰ ਸੰਗਤਾਂ ਨੂੰ ਅਤੁੱਟ ਵਰਤਾਇਆ ਗਿਆ । ਪ੍ਰਬੰਧਕ ਕਮੇਟੀ ਦੇ ਬੁਲਾਰੇ ਨੇ ਇਸ ਮੌਕੇ 'ਤੇ ਦੱਸਿਆ ਕਿ 11 ਜੁਲਾਈ ਨੂੰ ਧੰਨ ਧੰਨ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਬੜੀ ਸ਼ਰਧਾ ਭਾਵਨਾ ਨਾਲ ਉਤਸ਼ਾਹ ਪੂਰਵਕ ਮਨਾਇਆ ਜਾਵੇਗਾ।

## ਨਗਰ ਨਿਗਮ ਦੀ ਹੱਦ ਤੋਂ ਬਾਹਰ 5 ਅਣ-ਅਧਿਕਾਰਤ ਕਲੋਨੀਆਂ ਢਾਹੀਆਂ

**ਹੁਸ਼ਿਆਰਪੁਰ, (ਓ ਪੀ ਰਾਣਾ )**-ਪੰਜਾਬ ਸਰਕਾਰ ਵੱਲੋਂ ਅਣ-ਅਧਿਕਾਰਤ ਕਲੋਨੀਆਂ 'ਤੇ ਸਖਤ ਕਾਰਵਾਈ ਕਰਨ ਦੀਆਂ ਹਦਾਇਤਾਂ ਤਹਿਤ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਹੁਸ਼ਿਆਰਪੁਰ ਰਾਹੁਲ ਚਾਬਾ ਦੀ ਅਗਵਾਈ ਹੇਠ ਜ਼ਿਲ੍ਹਾ ਨਗਰ ਯੋਜਨਾਕਾਰ, ਹੁਸ਼ਿਆਰਪੁਰ ਦੇ ਰੈਗੂਲੇਟਰੀ ਸਟਾਫ ਵੱਲੋਂ ਨਗਰ ਨਿਗਮ ਹੁਸ਼ਿਆਰਪੁਰ ਦੀ ਹੱਦ ਤੋਂ ਬਾਹਰ 5 ਅਣ-ਅਧਿਕਾਰਤ ਕਲੋਨੀਆਂ ਨੂੰ ਢਾਹੁਣ ਦੀ ਕਾਰਵਾਈ ਕੀਤੀ ਗਈ। ਜ਼ਿਲ੍ਹਾ ਨਗਰ ਯੋਜਨਾਕਾਰ ਹੁਸ਼ਿਆਰਪੁਰ ਨਵਲ ਕਿਸ਼ੋਰ ਸ਼ਰਮਾ ਨੇ ਦੱਸਿਆ ਕਿ ਜਿਨ੍ਹਾਂ ਪੰਜ ਅਣ-ਅਧਿਕਾਰਤ ਕਲੋਨੀਆਂ ਵਿਰੁੱਧ ਕਾਰਵਾਈ ਕੀਤੀ ਗਈ, ਉਨ੍ਹਾਂ ਵਿਚ 2 ਪਿੰਡ ਚੌਹਾਲ, 1 ਪਿੰਡ ਸਤਿਆਣਾ, 1 ਪਿੰਡ ਮਛੱਰੀਵਾਲ ਅਤੇ 1 ਪਿੰਡ ਬੂਰੇ ਜੱਟਾਂ ਵਿੱਚ ਸੀ। ਇਸ ਤੋਂ ਇਲਾਵਾ ਪਿੰਡ ਚੌਹਾਲ ਦੀ ਅਣ-ਅਧਿਕਾਰਤ ਕਲੋਨੀ ਵਿੱਚ ਚੱਲ ਰਹੀ ਇੱਕ ਅਣ-ਅਧਿਕਾਰਤ ਉਸਾਰੀ ਨੂੰ ਵੀ ਢਾਹ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਅਣ-ਅਧਿਕਾਰਤ ਕਲੋਨੀਆਂ ਵਿਰੁੱਧ ਅੱਗੇ ਵੀ ਕਾਰਵਾਈ ਜਾਰੀ ਰਹੇਗੀ । ਉਨ੍ਹਾਂ ਆਮ ਜਨਤਾ ਨੂੰ ਸੁਚੇਤ ਕੀਤਾ ਕਿ ਉਹ ਅਣ-ਅਧਿਕਾਰਤ ਕਲੋਨੀਆਂ ਵਿਚ ਪਲਾਟ ਨਾ ਖਰੀਦਣ ਤਾਂ ਜੋ ਉਨ੍ਹਾਂ ਦੇ ਧਨ-ਮਾਲ ਦਾ ਨੁਕਸਾਨ ਨਾ ਹੋਵੇ ਅਤੇ ਉਨ੍ਹਾਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਨਾ ਕਰਨਾ ਪਵੇ।

9-July-Sunday.qxd 7/8/2023 9:47 PM Page 1



ਸਵਿੰਦਰ ਸੰਧੂ ਦੀਆਂ ਨਵੀਆਂ ਕਵਿਤਾਵਾਂ
ਆਖਰੀ ਤੋਂ ਪਹਿਲੇ ਸਫ਼ੇ 'ਤੇ

# ਨਵਾਂ ਜ਼ਮਾਨਾ ਐਤਵਾਰਤਾ

ਜਿਹੜੇ ਸਿਰ ਚੁੱਕ ਸਕਦੇ ਹਨ
ਸੂਰਜ ਦੀ ਛਾਵੇਂ ਬਹਿ ਸਕਦੇ ਹਨ
ਧਰਤੀ ਥਾਂ ਦਿੰਦੀ ਹੈ
ਇਸ ਦੇ ਵਾਰਿਸ ਏਥੇ ਰਹਿ ਸਕਦੇ ਹਨ
- ਗੁਰਤੇਜ ਕੋਹਾਰਵਾਲਾ

Regd. No : Pb/JL-123/2021-2023, (R.N.I.)-00068/57
ਜਲੰਧਰ : ਐਤਵਾਰ, 9 ਜੁਲਾਈ 2023
www.nawanzamana.in
ਕੀਮਤ 5.00 ਰੁਪਏ

# ਇਕਸਾਰ ਨਾਗਰਿਕ ਕੋਡ : ਬਹਾਨਾ ਹੋਰ, ਨਿਸ਼ਾਨਾ ਹੋਰ

ਸਮਕਾਲੀ ਸਰੋਕਾਰ

**ਬੂਟਾ ਸਿੰਘ ਮਹਿਮੂਦਪੁਰ**

ਲੋਕ ਸਭਾ ਚੋਣਾਂ 2024 ਦੇ ਮੱਦੇਨਜ਼ਰ ਆਰ ਐੱਸ ਐੱਸ-ਭਾਜਪਾ ਨੇ ਚਲਾਕੀ ਨਾਲ ਯੂ ਸੀ ਸੀ (ਇਕਸਾਰ ਨਾਗਰਿਕ ਕੋਡ) ਦੀ ਚਰਚਾ ਮੁੜ ਭਖਾ ਦਿੱਤੀ ਹੈ। ਇਹ ਚੋਣ ਵਾਅਦਾ 1998 ਤੋਂ ਭਾਜਪਾ ਦੇ ਮੈਨੀਫੈਸਟੋ ਵਿਚ ਸ਼ਾਮਲ ਹੈ ਅਤੇ 2019 ਦੀਆਂ ਲੋਕ ਸਭਾ ਚੋਣਾਂ ਤੇ ਉੱਤਰ ਪ੍ਰਦੇਸ਼, ਉੱਤਰਖੰਡ, ਹਰਿਆਣਾ, ਗੁਜਰਾਤ, ਮੱਧ ਪ੍ਰਦੇਸ਼, ਅਸਾਮ ਆਦਿ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ 'ਚ ਇਹ ਭਾਜਪਾ ਦੇ ਮੁੱਖ ਵਾਅਦਿਆਂ 'ਚੋਂ ਇਕ ਰਿਹਾ ਹੈ। 21ਵੇਂ ਲਾਅ ਕਮਿਸ਼ਨ ਦਾ ਮੰਨਣਾ ਸੀ ਕਿ ਮੌਜੂਦਾ ਪੜਾਅ 'ਤੇ ਮੁਲਕ ਵਿਚ ਯੂ ਸੀ ਸੀ ਲਾਗੂ ਕਰਨਾ ਨਾ ਤਾਂ ਜ਼ਰੂਰੀ ਹੈ ਅਤੇ ਨਾ ਹੀ ਮੁਨਾਸਿਬ। ਇਸ ਦੇ ਬਾਵਜੂਦ 22ਵੇਂ ਲਾਅ ਕਮਿਸ਼ਨ ਨੇ 14 ਜੂਨ ਨੂੰ 2023 ਨੂੰ ਯੂ ਸੀ ਸੀ ਬਾਰੇ ਧਾਰਮਕ ਜਥੇਬੰਦੀਆਂ ਅਤੇ ਜਨਤਾ ਦੀ ਰਾਏ ਮੰਗ ਕੇ ਇਹ ਮੁੱਦਾ ਮੁੜ ਖੜ੍ਹਾ ਕਰ ਦਿੱਤਾ ਹੈ। 2022 'ਚ ਪਾਰਲੀਮੈਂਟ ਦੇ ਸਰਦ ਰੁੱਤ ਸੈਸ਼ਨ ਦੌਰਾਨ ਵੀ ਸੰਘ ਨੇ ਇਸੇ ਤਰ੍ਹਾਂ ਚਲਾਕੀ ਨਾਲ ਆਪਣੇ ਇਕ ਸਾਂਸਦ ਕੋਲੋਂ ਪ੍ਰਾਈਵੇਟ ਬਿੱਲ ਪੇਸ਼ ਕਰਵਾਇਆ ਸੀ, ਤਾਂ ਜੋ ਇਸ ਮੁੱਦੇ ਨੂੰ ਲੰਮਾ ਸਮਾਂ ਧੁਖਦਾ ਰੱਖ ਕੇ ਇਸ ਦੇ ਨਾਂਅ 'ਤੇ ਵੋਟ ਸਿਆਸਤ ਕੀਤੀ ਜਾ ਸਕੇ। ਰਿਪੋਰਟਾਂ ਅਨੁਸਾਰ ਇਸ ਮਾਨਸੂਨ ਸੈਸ਼ਨ ਵਿਚ ਕੇਂਦਰ ਸਰਕਾਰ ਯੂ ਸੀ ਸੀ ਦਾ ਖਰੜਾ ਪੇਸ਼ ਕਰ ਸਕਦੀ ਹੈ, ਤਾਂ ਜੋ ਚੋਣਾਂ 'ਚ ਇਸ ਦਾ ਰਾਜਨੀਤਕ ਲਾਹਾ ਲੈ ਸਕੇ।

ਪਿਛਲੇ ਦਿਨੀਂ ਮੱਧ ਪ੍ਰਦੇਸ਼ ਵਿਚ 'ਮੇਰਾ ਬੂਥ, ਸਭ ਸੇ ਮਜ਼ਬੂਤ' ਸਮਾਗਮ 'ਚ ਮੋਦੀ ਦੇ ਭਾਸ਼ਣ ਨੇ ਵੀ ਇਸ਼ਾਰਾ ਕਰ ਦਿੱਤਾ ਸੀ ਕਿ ਆਮ ਚੋਣਾਂ 'ਚ ਆਰ ਐੱਸ ਐੱਸ-ਭਾਜਪਾ ਇਕਸਾਰ ਨਾਗਰਿਕ ਕੋਡ ਨੂੰ ਵੱਡਾ ਮੁੱਦਾ ਬਣਾਏਗੀ ਅਤੇ 'ਇਕ ਦੇਸ਼, ਇਕ ਕਾਨੂੰਨ' ਦੇ ਬਹਾਨੇ ਘੱਟ ਗਿਣਤੀਆਂ ਅਤੇ ਹੋਰ ਕਮਜ਼ੋਰ ਹਿੱਸਿਆਂ ਵਿਰੁੱਧ ਨਫ਼ਰਤ ਭੜਕਾਏਗੀ। ਮੋਦੀ ਨੇ ਕਿਹਾ ਕਿ ਸੁਪਰੀਮ ਕੋਰਟ ਵੀ ਯੂ ਸੀ ਸੀ ਦੇ ਹੱਕ 'ਚ ਹੈ, ਪਰ ਵਿਰੋਧੀ-ਧਿਰ ਮੁਸਲਮਾਨਾਂ ਨੂੰ ਭੜਕਾ ਕੇ ਇਕ ਜ਼ਰੂਰੀ ਸਮਾਜਕ ਅਤੇ ਕਾਨੂੰਨੀ ਸੁਧਾਰ 'ਚ ਅੜਿੱਕਾ ਪਾ ਰਹੀ ਹੈ। ਬਾਬਰੀ ਮਸਜਿਦ ਦੀ ਜਗ੍ਹਾ 'ਤੇ ਰਾਮ ਮੰਦਰ ਬਣਾਉਣ ਅਤੇ ਧਾਰਾ 370 (ਕਸ਼ਮੀਰ ਦੇ ਵਿਸ਼ੇਸ਼ ਦਰਜੇ ਦੀ ਵਿਵਸਥਾ) ਨੂੰ ਖ਼ਤਮ ਕਰਨ ਦੇ ਦੋ ਮੁੱਖ ਨਿਸ਼ਾਨੇ ਆਰ ਐੱਸ ਐੱਸ-ਭਾਜਪਾ ਨੇ ਪੂਰੇ ਕਰ ਲਏ ਹਨ। ਰਾਮ ਮੰਦਰ ਬਣਾਇਆ ਜਾ ਰਿਹਾ ਹੈ ਅਤੇ ਕਸ਼ਮੀਰੀ ਲੋਕਾਂ ਦੀ ਖ਼ੁਦਮੁਖਤਿਆਰ ਹੈਸੀਅਤ ਖੋਹ ਲਈ ਗਈ ਹੈ। ਇਨ੍ਹਾਂ ਕੋਲ 'ਇਕਸਾਰ ਸਿਵਲ ਕੋਡ' ਦਾ ਤੀਜਾ ਮੁੱਦਾ ਹੈ, ਜੋ ਲੰਮੇ ਸਮੇਂ ਤੋਂ ਇਨ੍ਹਾਂ ਦੇ ਏਜੰਡੇ 'ਤੇ ਹੈ, ਜਿਸ ਨਾਲ ਇਹ ਫਿਰਕੂ ਪਾਲਾਬੰਦੀ ਕਰ ਸਕਦੇ ਹਨ। ਸੰਸਦ ਦੀ ਨਵੀਂ ਇਮਾਰਤ ਵਿਚ ਸਪੀਕਰ ਦੀ ਕੁਰਸੀ ਲਾਗੇ ਬ੍ਰਾਹਮਣਾਂ ਕੋਲੋਂ ਹਿੰਦੂ ਰਸਮਾਂ ਰਾਹੀਂ 'ਰਾਜ-ਦੰਡ' ਰਖਵਾਉਣ ਅਤੇ ਬਹੁਤ ਸਾਰੇ ਸਰਕਾਰੀ ਕੰਮ-ਕਾਜ ਦਾ ਮਹੂਰਤ ਹਿੰਦੂ ਕਰਮ-ਕਾਂਡ ਨਾਲ ਕਰਨ ਵਾਲੀ ਸਰਕਾਰ ਜਦੋਂ ਮੁਸਲਿਮ ਭਾਈਚਾਰੇ ਦੇ ਮਜ਼੍ਹਬੀ ਕੱਟੜਪੁਣੇ ਨੂੰ ਨਿੰਦਦੀ ਹੈ, ਜਦੋਂ ਇਹ ਕੱਟੜਪੰਥੀ ਮੁਸਲਿਮ ਸੰਸਥਾਵਾਂ ਅਤੇ ਆਮ ਮੁਸਲਮਾਨਾਂ 'ਚ ਕੋਈ ਫ਼ਰਕ ਨਹੀਂ ਕਰਨਾ ਚਾਹੁੰਦੀ ਤਾਂ ਕਿਸੇ ਨੂੰ ਵੀ ਉਸ ਦੇ ਅਸਲ ਮਨਸ਼ੇ ਬਾਰੇ ਭੁਲੇਖਾ ਨਹੀਂ ਰਹਿ ਜਾਂਦਾ।

ਸਭ ਤੋਂ ਪਹਿਲਾਂ ਅੰਗਰੇਜ਼ ਹਕੂਮਤ ਨੇ 1835 'ਚ ਜੁਰਮ, ਸਬੂਤ ਵਰਗੇ ਵਿਸ਼ਿਆਂ ਬਾਰੇ ਇਕਸਾਰ ਨਾਗਰਿਕ ਕੋਡ ਦੀ ਧਾਰਨਾ ਇਕ ਰਿਪੋਰਟ ਦੇ ਰੂਪ 'ਚ ਪੇਸ਼ ਕੀਤੀ ਸੀ। ਹਾਲਾਂਕਿ ਉਸ ਰਿਪੋਰਟ 'ਚ ਹਿੰਦੂਆਂ ਅਤੇ ਮੁਸਲਮਾਨਾਂ ਦੇ ਪਰਸਨਲ ਲਾਅ ਉਸ ਇਕਸਾਰਤਾ ਤੋਂ ਬਾਹਰ ਰੱਖਣ ਦੀ ਸਿਫ਼ਾਰਸ਼ ਕੀਤੀ ਗਈ ਸੀ। ਫਿਰ 1941 'ਚ ਹਿੰਦੂ ਕਾਨੂੰਨ ਕੋਡੀਫਾਈ ਕਰਨ ਲਈ ਇਕ ਕਮੇਟੀ ਬਣਾਈ ਗਈ, ਜਿਸ ਦੀਆਂ ਸਿਫ਼ਾਰਸ਼ਾਂ ਦੇ ਆਧਾਰ 'ਤੇ ਸੋਧਿਆ ਹੋਇਆ ਹਿੰਦੂ ਵਿਰਾਸਤ ਕਾਨੂੰਨ-1956 ਅਪਣਾਇਆ ਗਿਆ, ਪਰ ਮੁਸਲਮਾਨ, ਈਸਾਈ ਅਤੇ ਪਾਰਸੀ ਭਾਈਚਾਰਿਆਂ ਦੇ ਆਪੋ-ਆਪਣੇ ਪਰਸਨਲ ਕਾਨੂੰਨ ਲਾਗੂ ਰਹੇ। ਸੰਵਿਧਾਨ ਬਣਾਏ ਜਾਣ ਸਮੇਂ ਵੀ ਇਹ ਤਿੱਖੇ ਵਿਵਾਦ ਦਾ ਮੁੱਦਾ ਸੀ, ਜਿਸ ਉੱਪਰ ਸਹਿਮਤੀ ਨਹੀਂ ਸੀ ਬਣੀ। ਫਿਰ ਇਹ ਮੁੱਦਾ ਸ਼ਾਹਬਾਨੋ ਕੇਸ ਨਾਲ ਉੱਠਿਆ, ਜਦੋਂ 'ਤਿੰਨ ਤਲਾਕ' ਪ੍ਰਥਾ ਰਾਹੀਂ ਘਰੋਂ ਕੱਢੀ ਮੁਸਲਿਮ ਔਰਤ ਸ਼ਾਹਬਾਨੋ ਨੂੰ ਸ਼ਰੀਅਤ ਪ੍ਰਥਾ ਤੋਂ ਰਾਹਤ ਦਿੰਦੇ ਹੋਏ 1985 'ਚ ਸੁਪਰੀਮ ਕੋਰਟ ਨੇ ਉਸ ਦੇ ਪਤੀ ਨੂੰ ਗੁਜ਼ਾਰਾ-ਭੱਤਾ ਦੇਣ ਦਾ ਆਦੇਸ਼ ਦਿੱਤਾ ਅਤੇ ਇਸ ਦੌਰਾਨ ਯੂ ਸੀ ਸੀ ਬਣਾਉਣ ਦੀ ਲੋੜ ਦਾ ਜ਼ਿਕਰ ਕੀਤਾ। ਰਾਜੀਵ ਗਾਂਧੀ ਸਰਕਾਰ ਨੇ 1986 'ਚ ਮੁਸਲਮਾਨ ਔਰਤਾਂ ਲਈ (ਤਲਾਕ ਦੇ ਹੱਕਾਂ ਦੀ ਸੁਰੱਖਿਆ) ਐਕਟ ਪਾਸ ਕਰਕੇ ਸੁਪਰੀਮ ਕੋਰਟ ਦਾ ਇਹ ਫ਼ੈਸਲਾ ਉਲਟਾਅ ਦਿੱਤਾ ਅਤੇ ਵਿਆਹ ਦੇ ਮਾਮਲੇ 'ਚ ਸ਼ਰੀਅਤ ਕਾਨੂੰਨ ਬਰਕਰਾਰ ਰਿਹਾ।

ਸਮਾਜੀ-ਸੱਭਿਆਚਾਰਕ ਵੰਨ-ਸੁਵੰਨਤਾ ਵਾਲੇ ਭਾਰਤ ਵਿਚ ਪਰਿਵਾਰਕ ਮਸਲਿਆਂ ਨੂੰ ਸੰਬੰਧਤ ਭਾਈਚਾਰਿਆਂ ਦੇ ਧਰਮ ਜਾਂ ਸਮਾਜੀ ਰਵਾਇਤਾਂ ਤਹਿਤ ਨਜਿੱਠਿਆ ਜਾਂਦਾ ਹੈ। ਇਹ ਤੌਰ-ਤਰੀਕੇ ਉਨ੍ਹਾਂ ਦੇ ਧਰਮ-ਗ੍ਰੰਥਾਂ ਅਤੇ ਧਾਰਮਕ ਮਾਨਤਾਵਾਂ 'ਤੇ ਆਧਾਰਤ ਹਨ। ਹਿੰਦੂਆਂ, ਮੁਸਲਮਾਨਾਂ, ਈਸਾਈਆਂ ਅਤੇ ਪਾਰਸੀਆਂ ਦੇ ਆਪੋ ਆਪਣੇ ਕਾਨੂੰਨ ਹਨ।




ਹਿੰਦੂ ਮੈਰਿਜ ਐਕਟ 1955, ਹਿੰਦੂ ਵਿਰਾਸਤ ਐਕਟ 1956, ਮੁਸਲਿਮ ਪਰਸਨਲ ਲਾਅ (ਸ਼ਰੀਅਤ) ਐਪਲੀਕੇਸ਼ਨ ਐਕਟ-1937, ਇੰਡੀਅਨ ਕ੍ਰਿਸਚੀਅਨ ਮੈਰਿਜ ਐਕਟ 1872, ਪਾਰਸੀ ਪਰਸਨਲ ਲਾਅ ਆਦਿ ਪਰਸਨਲ ਕਾਨੂੰਨਾਂ ਦੇ ਤਹਿਤ ਇਨ੍ਹਾਂ ਧਾਰਮਕ ਫਿਰਕਿਆਂ ਦੇ ਪਰਵਾਰਕ ਮਸਲੇ ਸੁਲਝਾਏ ਜਾਂਦੇ ਹਨ। ਸਿੱਖ, ਬੋਧੀ ਅਤੇ ਜੈਨੀ ਫਿਰਕਿਆਂ ਨੂੰ ਭਾਰਤੀ ਸੰਵਿਧਾਨ ਦੀ ਧਾਰਾ 25 (2) ਬੀ ਤਹਿਤ ਹਿੰਦੂ ਧਰਮ ਦਾ ਹਿੱਸਾ ਬਣਾ ਕੇ ਉਨ੍ਹਾਂ ਉੱਪਰ ਹਿੰਦੂ ਪਰਸਨਲ ਕੋਡ ਥੋਪਿਆ ਹੋਇਆ ਹੈ। ਇਸੇ ਕਰਕੇ ਸਿੱਖ ਸੰਸਥਾਵਾਂ ਸਿੱਖ ਪਰਸਨਲ ਲਾਅ ਬਣਾਉਣ ਦੀ ਮੰਗ ਕਰਦੀਆਂ ਹਨ। ਖ਼ੁਦ ਹਿੰਦੂ ਫਿਰਕੇ ਵਿਚ ਵਿਰਾਸਤ ਅਤੇ ਜਾਇਦਾਦ ਦੀ ਵੰਡ ਲਈ ਦੋ ਤਰ੍ਹਾਂ ਦੇ ਕੋਡ-ਮਿਤਾਕਸ਼ਰਾ ਅਤੇ ਦਾਇਭਾਗਾ ਪ੍ਰਚੱਲਤ ਹਨ। ਆਦਿਵਾਸੀ ਭਾਈਚਾਰਿਆਂ ਦੀਆਂ ਆਪੋ-ਆਪਣੀਆਂ ਰਵਾਇਤਾਂ ਹਨ। ਇਸੇ ਤਰ੍ਹਾਂ ਨਾਗਾਲੈਂਡ, ਗੋਆ ਦੀਆਂ ਰਵਾਇਤਾਂ ਅਤੇ ਕਾਨੂੰਨ ਹੋਰ ਹਨ। ਇਕਸਾਰ ਸਿਵਲ ਕੋਡ ਬਣਾਉਣ ਦਾ ਮਨੋਰਥ ਸਾਰੇ ਧਾਰਮਕ ਅਤੇ ਆਦਿਵਾਸੀ ਭਾਈਚਾਰਿਆਂ ਦੇ ਆਪਣੇ ਵਿਸ਼ੇਸ਼ ਕੋਡ ਖ਼ਤਮ ਕਰਨਾ ਅਤੇ ਸਾਰਿਆਂ ਉੱਪਰ ਇਕ ਹੀ ਸਿਵਲ ਕੋਡ ਲਾਗੂ ਕਰਨਾ ਦੱਸਿਆ ਜਾ ਰਿਹਾ ਹੈ। ਇਸ ਦਾ ਭਾਵ ਹੈ ਪਰਵਾਰਕ ਜ਼ਿੰਦਗੀ ਲਈ ਬਣਾਇਆ ਐਸਾ ਕਾਨੂੰਨ, ਜਿਸ ਨੂੰ ਹਰ ਨਾਗਰਿਕ ਨੂੰ ਬਾਕੀ ਨਾਗਰਿਕਾਂ ਦੀ ਤਰ੍ਹਾਂ ਮੰਨਣਾ ਹੋਵੇਗਾ, ਚਾਹੇ ਉਹ ਕਿਸੇ ਵੀ ਧਰਮ ਜਾਂ ਮਾਨਤਾ ਵਿਚ ਵਿਸ਼ਵਾਸ ਰੱਖਦਾ ਹੋਵੇ। ਇਸ ਵਿਚ ਵਿਆਹ, ਤਲਾਕ, ਮੁਆਵਜ਼ਾ, ਵਿਰਾਸਤ, ਬੱਚਾ ਗੋਦ ਲੈਣ ਅਤੇ ਜਾਇਦਾਦ ਆਦਿ ਨਾਲ ਸੰਬੰਧਤ ਕਾਨੂੰਨ ਆਉਂਦੇ ਹਨ।

ਸਵਾਲ ਇਹ ਹੈ ਕਿ ਕੀ ਐਨੀ ਸਮਾਜੀ-ਸੱਭਿਆਚਾਰਕ ਵੰਨ-ਸੁਵੰਨਤਾ ਵਾਲੇ ਪੂਰੇ ਮੁਲਕ ਲਈ ਇਕਸਾਰ ਸਿਵਲ ਕੋਡ ਬਣਾਉਣਾ ਸਹੀ ਹੈ? ਦਰਅਸਲ, ਮਸਲਾ ਮਹਿਜ਼ ਕਾਨੂੰਨ ਬਦਲਣ ਦਾ ਨਹੀਂ। ਬੁਨਿਆਦੀ ਮਸਲਾ ਲਿੰਗਕ ਵਿਤਕਰੇ ਨੂੰ ਖ਼ਤਮ ਕਰਨ ਦਾ ਹੈ, ਨਾ ਕਿ ਇਕਸਾਰ ਸਿਵਲ ਕੋਡ ਦਾ। ਸਾਰੇ ਧਰਮਾਂ ਦੇ ਪਰਸਨਲ ਕਾਨੂੰਨਾਂ ਅੰਦਰ ਬਹੁਤ ਕੁਝ ਅਜਿਹਾ ਹੈ, ਜੋ ਰੂੜ੍ਹੀਵਾਦੀ, ਸਮਾਂ ਵਿਹਾ ਚੁੱਕਾ, ਵਿਤਕਰੇਪੂਰਨ ਅਤੇ ਧੱਕੜ ਹੈ, ਪਰ ਹਕੀਕਤ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਜਾਂਦਾ ਹੈ ਕਿ ਮੁਸਲਮਾਨ ਭਾਈਚਾਰੇ 'ਚ ਬਹੁਵਿਆਹ ਪ੍ਰਥਾ, ਤਿੰਨ-ਤਲਾਕ ਦਾ ਰਿਵਾਜ ਹੋਣ ਕਾਰਨ ਜੈਂਡਰ ਅਨਿਆਂ ਸਿਰਫ਼ ਮੁਸਲਮਾਨ ਔਰਤਾਂ ਨਾਲ ਹੋ ਰਿਹਾ ਹੈ, ਜਦਕਿ ਲਾਅ ਕਮਿਸ਼ਨ ਦੀ ਰਿਪੋਰਟ ਅਨੁਸਾਰ ਬਹੁਵਿਆਹਾਂ ਦੀ ਦਰ ਮੁਸਲਮਾਨਾਂ 'ਚ ਸਭ ਤੋਂ ਘੱਟ ਹੈ (ਆਦਿਵਾਸੀਆਂ 'ਚ 15.25%, ਬੋਧੀਆਂ 'ਚ 9.7%, ਜੈਨੀਆਂ 'ਚ 6.72%, ਹਿੰਦੂਆਂ 'ਚ 5.8% ਅਤੇ ਮੁਸਲਮਾਨਾਂ 'ਚ 5.7%)। ਮੁਸਲਮਾਨ ਭਾਈਚਾਰੇ ਅੰਦਰ ਪਛੜੇਵਾਂ ਜ਼ਿਆਦਾ ਹੈ, ਪਰ ਇਸ ਦਾ ਕਾਰਨ ਬਹੁਵਿਆਹ ਪ੍ਰਥਾ ਨਹੀਂ, ਸਗੋਂ ਹੋਰ ਹੈ। ਹਿੰਦੂ ਔਰਤਾਂ ਦੀ ਦੁਰਦਸ਼ਾ ਮੁਸਲਮਾਨ ਔਰਤਾਂ ਤੋਂ ਵੱਖਰੀ ਨਹੀਂ ਹੈ। ਇੰਞ ਬਹੁਵਿਆਹ ਪ੍ਰਥਾ, ਤਿੰਨ-ਤਲਾਕ, ਜੈਂਡਰ ਅਨਿਆਂ ਆਰ ਐੱਸ ਐੱਸ-ਭਾਜਪਾ ਲਈ ਮੁਸਲਮਾਨਾਂ ਵਿਰੁੱਧ ਨਫ਼ਰਤ ਭੜਕਾਉਣ ਦੇ ਰਾਜਨੀਤਕ ਸੰਦ ਹਨ।

ਸਾਰੇ ਪਰਸਨਲ ਕਾਨੂੰਨਾਂ ਵਿਚ ਲਿੰਗਕ ਬਰਾਬਰੀ ਅਤੇ ਅਗਾਂਹਵਧੂ ਕਦਰਾਂ-ਕੀਮਤਾਂ ਅਨੁਸਾਰ ਵੱਡੇ ਸੁਧਾਰ ਕਰਨੇ ਸਮੇਂ ਦੀ ਲੋੜ ਹੈ। ਸੱਚੀ ਬਰਾਬਰੀ ਅਤੇ ਜੈਂਡਰ ਨਿਆਂ ਯਕੀਨੀ ਬਣਾਉਣ ਲਈ ਸਮਾਜੀ ਆਰਥਕ ਢਾਂਚੇ ਵਿਚ ਬੁਨਿਆਦੀ ਤਬਦੀਲੀ ਜ਼ਰੂਰੀ ਹੈ, ਜਿਸ ਨਾਲ ਘੋਰ ਨਾਬਰਾਬਰੀ ਅਤੇ ਆਰਥਕ ਵਸੀਲਿਆਂ ਦੀ ਕਾਣੀ-ਵੰਡ ਖ਼ਤਮ ਹੋਵੇ। ਹਾਸ਼ੀਏ 'ਤੇ ਧੱਕੇ ਅਤੇ ਦਬਾਏ ਹਿੱਸਿਆਂ ਨੂੰ ਵਿਕਾਸ ਅਤੇ ਤਰੱਕੀ ਦੇ ਬਰਾਬਰ ਮੌਕੇ ਮਿਲਣ। ਸਟੇਟ ਦਾ ਧਰਮ ਨਿਰਲੇਪ ਹੋਣਾ ਜ਼ਰੂਰੀ ਹੈ। ਸਮਾਜ ਦਾ ਵਿਗਿਆਨਕ ਨਜ਼ਰੀਆ ਬਣਾ ਕੇ ਅਤੇ ਧਾਰਮਕ ਕੋਡਾਂ ਅੰਦਰਲੇ ਰੂੜ੍ਹੀਵਾਦੀ, ਵਿਤਕਰੇਪੂਰਨ ਅਤੇ ਧੱਕੜ ਦਸਤੂਰਾਂ ਵਿਰੁੱਧ ਜਮਹੂਰੀ ਤਰੀਕੇ ਨਾਲ ਸੰਵਾਦ ਚਲਾ ਕੇ ਲੋਕ ਰਾਇ ਪੈਦਾ ਕਰਨੀ ਜ਼ਰੂਰੀ ਹੈ, ਫਿਰ ਹੀ ਐਸੇ ਰੈਡੀਕਲ ਸੁਧਾਰਾਂ ਲਈ ਸਾਜ਼ਗਰ ਮਾਹੌਲ ਬਣਾਇਆ ਜਾ ਸਕਦਾ ਹੈ। ਜਮਹੂਰੀ ਅਮਲ ਅਖ਼ਤਿਆਰ ਕਰਕੇ ਸੱਚੀ ਜਮਹੂਰੀ ਲੋਕ-ਰਾਇ ਦੇ ਆਧਾਰ 'ਤੇ ਹੀ ਵਿਸ਼ੇਸ਼ ਸੱਭਿਆਚਾਰਕ ਸਮੂਹਾਂ ਦੀ ਵੰਨ-ਸੁਵੰਨਤਾ ਅਨੁਸਾਰ ਅਗਾਂਹਵਧੂ ਕੋਡ ਵਿਕਸਤ ਕੀਤੇ ਜਾ ਸਕਦੇ ਹਨ। ਇਨ੍ਹਾਂ ਮਸਲਿਆਂ ਨਾਲ ਨਜਿੱਠਣ ਲਈ ਸਾਰੇ ਧਾਰਮਕ-ਨਸਲੀ ਸੱਭਿਆਚਾਰਕ ਸਮੂਹਾਂ ਦੀ ਸਹਿਮਤੀ ਨਾਲ ਘੱਟੋ-ਘੱਟ ਸਾਂਝੇ ਕਦਮ ਵੀ ਚੁੱਕੇ ਜਾ ਸਕਦੇ ਹਨ, ਜੋ ਸਾਰਿਆਂ ਨੂੰ ਪ੍ਰਵਾਨ ਹੋਣ। ਇਸੇ ਲਈ ਸੰਵਿਧਾਨ ਬਣਾਉਣ ਸਮੇਂ ਇਹ ਮੁੱਦਾ ਭਵਿੱਖੀ ਪੀੜ੍ਹੀਆਂ ਉੱਪਰ ਛੱਡ ਦਿੱਤਾ ਗਿਆ ਸੀ।

ਡਾ. ਬੀ ਆਰ ਅੰਬੇਡਕਰ ਦਾ ਵਿਚਾਰ ਸੀ ਕਿ ਅਜਿਹਾ ਕੋਡ ਬਣਾਉਣਾ ਮੁਨਾਸਿਬ ਤਾਂ ਹੈ, ਪਰ ਇਹ ਪੂਰੀ ਤਰ੍ਹਾਂ ਸਵੈਇੱਛਾ ਨਾਲ ਹੋਣਾ ਚਾਹੀਦਾ ਹੈ। ਸੰਵਿਧਾਨ-ਘੜਨੀ ਸਭਾ ਮੁਲਕ ਦੇ ਨਾਂਅ ਸਮੇਤ ਬਹੁਤ ਸਾਰੇ ਸਵਾਲਾਂ ਉੱਪਰ ਤਿੱਖੇ ਰੂਪ 'ਚ ਵੰਡੀ ਹੋਈ ਸੀ। ਸੱਜੇ-ਪੱਖੀ ਧੜਾ ਗਊ-ਹੱਤਿਆ ਰੋਕਣ, ਯੂ ਸੀ ਸੀ, ਹਿੰਦੀ ਨੂੰ ਰਾਜ-ਭਾਸ਼ਾ ਬਣਾਉਣ ਵਰਗੇ ਮੁੱਦਿਆਂ ਉੱਪਰ ਜ਼ੋਰ ਦੇ ਰਿਹਾ ਸੀ। ਯੂ ਸੀ ਸੀ ਬਣਾਏ ਜਾਣ ਨੂੰ ਲੈ ਕੇ ਸੰਵਿਧਾਨ-ਘੜਨੀ ਸਭਾ 'ਚ ਟਕਰਾਵੇਂ ਵਿਚਾਰਾਂ ਕਾਰਨ ਹੀ ਇਸ ਨੂੰ ਬਹੁਤ ਸਾਰੇ ਹੋਰ ਸਵਾਲਾਂ ਦੇ ਨਾਲ ਰਾਜਕੀ ਨੀਤੀ ਦੇ ਨਿਰਦੇਸ਼ਕ ਸਿਧਾਂਤਾਂ ਵਾਲੇ ਹਿੱਸੇ 'ਚ ਰੱਖ ਲਿਆ ਗਿਆ ਸੀ ਅਤੇ ਇਨ੍ਹਾਂ ਨੂੰ ਆਉਣ ਵਾਲੀਆਂ ਪੀੜ੍ਹੀਆਂ ਦੀ ਸੂਝ ਅਤੇ ਸਮਰੱਥਾ ਉੱਪਰ ਛੱਡ ਦਿੱਤਾ ਗਿਆ ਸੀ। ਇਸ ਦਾ ਭਾਵ ਸੀ ਕਿ ਇਹ ਸਰਕਾਰੀ ਨੀਤੀਆਂ ਲਈ ਨਿਰਦੇਸ਼ਕ ਸਿਧਾਂਤ ਹਨ ਅਤੇ ਇਹ ਅਦਾਲਤਾਂ ਰਾਹੀਂ ਲਾਗੂ ਨਹੀਂ ਕੀਤੇ ਜਾਣਗੇ। ਸੰਵਿਧਾਨ 'ਚ ਇਹ ਵੀ ਦਰਜ ਕੀਤਾ ਗਿਆ (ਧਾਰਾ 44) ਕਿ 'ਰਾਜ ਪੂਰੇ ਦੇਸ਼ 'ਚ ਇਕਸਾਰ ਸਿਵਲ ਕੋਡ ਲਾਗੂ ਕਰਨ ਲਈ ਕੋਸ਼ਿਸ਼ ਕਰੇਗਾ।'

ਇਸ ਤਰ੍ਹਾਂ ਯੂ ਸੀ ਸੀ ਬੁਨਿਆਦੀ ਹੱਕ ਅਤੇ ਸੰਵਿਧਾਨਕ ਗਾਰੰਟੀ ਨਹੀਂ ਹੈ। ਇਸ ਨੂੰ ਨਿਰਦੇਸ਼ਕ ਸਿਧਾਂਤਾਂ 'ਚ ਰੱਖੇ ਜਾਣ ਪਿੱਛੇ ਭਾਵਨਾ ਇਹ ਸੀ ਕਿ ਪਰਵਾਰਕ ਜ਼ਿੰਦਗੀ ਬਾਰੇ ਵੱਖ-ਵੱਖ ਧਰਮਾਂ ਦੇ ਪਰਸਨਲ ਕੋਡ ਬੇਸ਼ੱਕ ਸਮਾਂ ਵਿਹਾ ਚੁੱਕੇ ਹਨ, ਇਸ ਦੇ ਬਾਵਜੂਦ ਇਨ੍ਹਾਂ ਨੂੰ ਰੱਦ ਕਰਕੇ ਇਕਸਾਰ ਸਿਵਲ ਕੋਡ ਬਣਾਉਣ ਦੇ ਹਾਲਾਤ ਅਜੇ ਨਹੀਂ ਹਨ। 2016 'ਚ ਵੀ ਜਦੋਂ 21ਵੇਂ ਲਾਅ ਕਮਿਸ਼ਨ ਨੇ ਸਰਕਾਰ ਦੇ ਆਦੇਸ਼ 'ਤੇ ਇਕਸਾਰ ਸਿਵਲ ਕੋਡ ਬਣਾਉਣ ਲਈ ਰਾਵਾਂ ਅਤੇ ਸੁਝਾਅ ਲਏ ਤਾਂ ਕਮਿਸ਼ਨ ਨੇ ਜੈਂਡਰ ਅਨਿਆਂ ਨੂੰ ਮੁਖ਼ਾਤਬ ਹੋਣ ਦੀ ਸਲਾਹ ਦਿੱਤੀ ਸੀ। ਮਾਰਚ 2018 'ਚ ਸਰਕਾਰ ਨੂੰ ਪੇਸ਼ ਕੀਤੀ 185 ਪੰਨਿਆਂ ਦੀ ਵਿਸਤਾਰਤ ਰਿਪੋਰਟ ਵਿਚ ਕਮਿਸ਼ਨ ਨੇ ਯੂ ਸੀ ਸੀ ਬਣਾਉਣ ਦੀ ਬਜਾਏ ਵਿਸ਼ੇਸ਼ ਧਰਮਾਂ ਨਾਲ ਸੰਬੰਧਤ ਪਰਸਨਲ ਕਾਨੂੰਨਾਂ ਦੇ ਵਿਤਕਰੇਪੂਰਨ ਅਤੇ ਵੇਲਾ ਵਿਹਾ ਚੁੱਕੇ ਅਮਲਾਂ ਦੀ ਸ਼ਨਾਖ਼ਤ ਕਰਕੇ ਉਨ੍ਹਾਂ 'ਚ ਸੁਧਾਰ ਕਰਨ ਦੇ ਸੁਝਾਅ ਦਿੱਤੇ ਸਨ। ਕਮਿਸ਼ਨ ਨੇ ਵਿਆਹ ਅਤੇ ਤਲਾਕ ਸੰਬੰਧੀ ਅਜਿਹੇ ਠੋਸ ਕਦਮ ਵੀ ਸੁਝਾਏ, ਜੋ ਸਾਰੇ ਧਰਮਾਂ ਦੇ ਪਰਸਨਲ ਕਾਨੂੰਨਾਂ 'ਚ ਇਕਸਾਰ ਲਾਗੂ ਹੋ ਸਕਦੇ ਹਨ, ਪਰ ਆਰ ਐੱਸ ਐੱਸ-ਭਾਜਪਾ ਲਾਅ ਕਮਿਸ਼ਨ ਦੇ ਸੁਝਾਵਾਂ ਨੂੰ ਦਰਕਿਨਾਰ ਕਰਕੇ ਇਸ ਮੁੱਦੇ ਨੂੰ ਆਪਣੀ ਪਾਟਕਪਾਊ ਸਿਆਸਤ ਦਾ ਸੰਦ ਬਣਾਉਣ ਲਈ ਬਜ਼ਿੱਦ ਹੈ। ਇਕ ਪਾਸੇ, ਪਿਛਲੇ ਸਮੇਂ ਇਸ ਹਕੂਮਤ ਵੱਲੋਂ ਤਿੰਨ ਤਲਾਕ ਦੀ ਮੁਸਲਿਮ ਪ੍ਰਥਾ ਨੂੰ ਫ਼ੌਜਦਾਰੀ ਜੁਰਮ ਕਰਾਰ ਦੇਣ, ਫਿਰਕੂ ਨਾਗਰਿਕਤਾ ਸੋਧ ਕਾਨੂੰਨ ਪਾਸ ਕਰਨ, ਰਾਜਾਂ ਵਿਚ ਧਰਮ-ਬਦਲੀ ਕਾਨੂੰਨ ਬਣਾਉਣ ਵਰਗੇ ਬਹੁਤ ਸਾਰੇ ਧੱਕੜ ਫ਼ੈਸਲੇ ਬਹੁਗਿਣਤੀ ਧੌਂਸ ਦੇ ਜ਼ੋਰ ਅਤੇ ਤਾਨਾਸ਼ਾਹ ਤਰੀਕੇ ਨਾਲ ਥੋਪੇ ਗਏ, ਦੂਜੇ ਪਾਸੇ ਇਹ ਹਕੂਮਤ ਰਾਜ-ਸੰਚਾਲਨ ਦੇ ਮਾਮਲਿਆਂ 'ਚ ਹਿੰਦੂ ਰਹੁ-ਰੀਤਾਂ, ਕਰਮ-ਕਾਂਡਾਂ ਆਦਿ ਨੂੰ ਬੇਸ਼ਰਮੀ ਨਾਲ ਘੁਸੇੜ ਕੇ ਬਹੁਗਿਣਤੀ ਹਿੰਦੂ ਧਰਮ ਨੂੰ ਰਾਜ ਧਰਮ ਬਣਾਉਣ ਦੇ ਧੱਕੜ ਸੰਕੇਤ ਦੇ ਰਹੀ ਹੈ। ਇਸ ਸਮੁੱਚੇ ਧੌਂਸਬਾਜ਼ ਰਵੱਈਏ ਦੇ ਮੱਦੇਨਜ਼ਰ ਘੱਟ ਗਿਣਤੀਆਂ ਅਤੇ ਹੋਰ ਹਾਸ਼ੀਏ 'ਤੇ ਧੱਕੇ ਹਿੱਸਿਆਂ ਅੰਦਰ ਹੁਕਮਰਾਨ ਧਿਰ ਦੀ ਬਦਨੀਅਤ ਨੂੰ ਲੈ ਕੇ ਡੂੰਘੇ ਤੌਖਲੇ ਹਨ। ਇਸੇ ਕਰਕੇ ਜਦੋਂ ਵੀ ਆਰ ਐੱਸ ਐੱਸ-ਭਾਜਪਾ ਵੱਲੋਂ ਯੂ ਸੀ ਸੀ ਦਾ ਮੁੱਦਾ ਛੇੜਿਆ ਜਾਂਦਾ ਹੈ ਤਾਂ ਹਾਸ਼ੀਏ 'ਤੇ ਧੱਕੇ ਭਾਈਚਾਰਿਆਂ ਦਾ ਇਸ ਨੂੰ ਆਪਣੀ ਹੋਂਦ ਨੂੰ ਖ਼ਤਰੇ ਦੇ ਤੌਰ 'ਤੇ ਲੈਣਾ ਸੁਭਾਵਿਕ ਹੈ, ਕਿਉਂਕਿ ਹਿੰਦੂਤਵ ਸਿਆਸਤ ਦੀ ਪੂਰੀ ਟੇਕ ਹੀ ਘੱਟ ਗਿਣਤੀਆਂ ਨੂੰ ਦਬਾਉਣ ਲਈ ਫਿਰਕੂ ਪਾਲਾਬੰਦੀ ਉੱਪਰ ਹੈ। ਸੰਘੀਆਂ ਵੱਲੋਂ ਇਸ ਮੁੱਦੇ ਦਾ ਫਿਰਕੂਕਰਨ ਘੱਟ ਗਿਣਤੀ ਧਰਮਾਂ ਦੇ ਮਜ਼੍ਹਬੀ ਕੱਟੜਪੰਥੀਆਂ ਦੀ ਜਕੜ ਨੂੰ ਹੀ ਮਜ਼ਬੂਤ ਕਰਦਾ ਹੈ, ਜੋ ਕਿਸੇ ਵੀ ਤਰ੍ਹਾਂ ਦਾ ਬਦਲਾਅ ਨਹੀਂ ਹੋਣ ਦੇਣਾ ਚਾਹੁੰਦੇ।

ਸੰਵਿਧਾਨ ਦੇ ਨਿਰਦੇਸ਼ਕ ਸਿਧਾਂਤਾਂ 'ਚ ਮਨੁੱਖੀ ਜ਼ਿੰਦਗੀ ਦੀਆਂ ਬੁਨਿਆਦੀ ਲੋੜਾਂ ਨਾਲ ਸੰਬੰਧਤ ਬਹੁਤ ਸਾਰੇ ਬੇਹੱਦ ਮਹੱਤਵਪੂਰਨ ਮਸਲੇ ਦਰਜ ਕੀਤੇ ਗਏ ਹਨ, ਜੋ ਨਾਬਰਾਬਰੀ ਅਤੇ ਆਰਥਕ ਵਸੀਲਿਆਂ ਦੀ ਕਾਣੀ-ਵੰਡ ਨੂੰ ਘਟਾਉਣ ਅਤੇ ਨਾਗਰਿਕਾਂ ਨੂੰ ਮਾਣ-ਸਨਮਾਨ ਵਾਲੀ ਜ਼ਿੰਦਗੀ ਦੇਣ ਅਤੇ ਸਮਾਜੀ ਅਨਿਆਂ ਨੂੰ ਖ਼ਤਮ ਕਰਨ ਲਈ ਤਰਜੀਹੀ ਆਧਾਰ 'ਤੇ ਹੱਥ ਲੈਣ ਵਾਲੇ ਹਨ। ਸਮਾਜ ਨੂੰ ਜਹਾਲਤ 'ਚੋਂ ਕੱਢਣ ਲਈ ਵਿਗਿਆਨਕ ਸੋਚ ਅਤੇ ਅਗਾਂਹਵਧੂ ਕਦਰਾਂ-ਕੀਮਤਾਂ ਨੂੰ ਪ੍ਰਫੁੱਲਤ ਕਰਨਾ ਵੀ ਨਿਰਦੇਸ਼ਕ ਸਿਧਾਂਤਾਂ 'ਚ ਦਰਜ ਹੈ। ਲੋੜ ਤਾਂ ਆਰਥਕ ਨਾਬਰਾਬਰੀ ਅਤੇ ਲਿੰਗ ਵਿਤਕਰੇ ਨੂੰ ਖ਼ਤਮ ਕਰਨ ਦੀ ਹੈ, ਪਰ ਆਰ ਐੱਸ ਐੱਸ-ਭਾਜਪਾ ਦੀ ਵਿਚਾਰਧਾਰਾ ਅਤੇ ਨੀਤੀਆਂ ਨਾਬਰਾਬਰੀ, ਕਾਣੀ-ਵੰਡ, ਸਮਾਜੀ ਅਨਿਆਂ ਨੂੰ ਹੋਰ ਡੂੰਘਾ ਕਰਕੇ ਦੱਬੇ-ਕੁਚਲੇ ਅਤੇ ਵਾਂਝੇ ਹਿੱਸਿਆਂ ਨੂੰ ਹੋਰ ਵਧੇਰੇ ਜ਼ਲਾਲਤ 'ਚ ਧੱਕਣ ਵਾਲੀਆਂ ਹਨ। ਇਹ ਤਾਂ ਸਮਾਜ ਨੂੰ ਪਿਛਲਮੋੜਾ ਦੇ ਕੇ ਮੁੜ ਮਨੂਵਾਦੀ ਦਾਬੇ ਵਾਲਾ ਪ੍ਰਬੰਧ ਲਾਗੂ ਕਰਨਾ ਅਤੇ ਲਿੰਗ ਵਿਤਕਰੇ ਨੂੰ ਹੋਰ ਵੀ ਤਿੱਖਾ ਕਰਨਾ ਚਾਹੁੰਦੇ ਹਨ। ਇਨ੍ਹਾਂ ਨੂੰ ਤਾਂ ਸੰਵਿਧਾਨ 'ਚ ਸਮਾਜਵਾਦ, ਧਰਮ ਨਿਰਪੱਖ ਵਰਗੇ ਸ਼ਬਦ ਵੀ ਮਨਜ਼ੂਰ ਨਹੀਂ ਹਨ। ਆਰ ਐੱਸ ਐੱਸ-ਭਾਜਪਾ ਬਾਕੀ ਮੁੱਦਿਆਂ ਬਾਰੇ ਚੁੱਪ ਹੈ, ਕਿਉਂਕਿ ਉਨ੍ਹਾਂ ਨੂੰ ਫਿਰਕੂ ਫ਼ਸਾਦ ਕਰਾਉਣ ਅਤੇ ਹਾਸ਼ੀਏ 'ਤੇ ਧੱਕੇ ਹਿੱਸਿਆਂ ਨੂੰ ਦਹਿਸ਼ਤਜ਼ਦਾ ਕਰਨ ਅਤੇ ਭਾਰਤੀ ਲੋਕਾਂ ਦਾ ਉਨ੍ਹਾਂ ਦੀ ਜ਼ਿੰਦਗੀ ਦੇ ਅਸਲ ਸਰੋਕਾਰਾਂ ਤੇ ਮਸਲਿਆਂ ਤੋਂ ਧਿਆਨ ਭਟਕਾਉਣ ਦਾ ਸੰਦ ਨਹੀਂ ਬਣਾਇਆ ਜਾ ਸਕਦਾ। ਸਿਰਫ਼ ਯੂ ਸੀ ਸੀ ਨੂੰ ਇਸ ਬਹਾਨੇ ਚੁਣ ਲਿਆ ਕਿ ਅਸੀਂ ਤਾਂ ਸੰਵਿਧਾਨ ਵੱਲੋਂ ਦਿੱਤੀ ਜ਼ਿੰਮੇਵਾਰੀ ਹੀ ਨਿਭਾ ਰਹੇ ਹਾਂ। ਇਹ ਇਕ ਅਜਿਹਾ ਮੁੱਦਾ ਹੈ, ਜਿਸ ਨੂੰ ਮੁਸਲਮਾਨ ਭਾਈਚਾਰੇ ਨੂੰ ਕੱਟੜਪੰਥੀ ਖੋਲ 'ਚ ਬੰਦ ਪਿਛਾਂਹਖਿੱਚੂ ਅਤੇ ਔਰਤ ਪ੍ਰਤੀ ਜਮਾਂਦਰੂ ਵਿਤਕਰੇਬਾਜ਼ ਸਮੂਹ ਦਿਖਾ ਕੇ ਮੁਸਲਿਮ ਵਿਰੋਧੀ ਤੁਅੱਸਬ ਭੜਕਾਉਣ ਅਤੇ ਉਨ੍ਹਾਂ ਵਿਰੁੱਧ ਬਹੁ ਗਿਣਤੀ ਦੀ ਹਿੰਸਾ ਨੂੰ ਜਾਇਜ਼ ਠਹਿਰਾਉਣ ਲਈ ਵਰਤਿਆ ਜਾ ਸਕਦਾ ਹੈ। ਆਰ ਐੱਸ ਐੱਸ-ਭਾਜਪਾ ਜਾਣ-ਬੁੱਝ ਕੇ ਇਹ ਪ੍ਰਭਾਵ ਬਣਾ ਰਹੀ ਹੈ ਕਿ ਮੁਸਲਮਾਨ ਫਿਰਕਾ ਹੀ ਆਪਣੇ ਰੂੜ੍ਹੀਵਾਦ ਕਾਰਨ ਯੂ ਸੀ ਸੀ ਦਾ ਵਿਰੋਧ ਕਰ ਰਿਹਾ ਹੈ, ਜਦਕਿ ਸਚਾਈ ਇਹ ਹੈ ਕਿ ਆਦਿਵਾਸੀ ਅਤੇ ਮਿਜ਼ੋਰਮ ਦੇ ਲੋਕ ਅਜਿਹੀ ਇਕਸਾਰਤਾ ਥੋਪਣ ਵਿਰੁੱਧ ਜ਼ੋਰਦਾਰ ਆਵਾਜ਼ ਉਠਾ ਰਹੇ ਹਨ।




ਯੂ ਸੀ ਸੀ ਨੂੰ ਸਹੀ ਠਹਿਰਾਉਣ ਲਈ ਸੰਘ ਬ੍ਰਿਗੇਡ ਇਹ ਦਾਅਵਾ ਵੀ ਕਰਦਾ ਹੈ ਕਿ ਉਹ ਮਜ਼੍ਹਬੀ ਦਾਬੇ ਹੇਠ ਪਿਸ ਰਹੇ ਘੱਟ ਗਿਣਤੀਆਂ ਦੇ ਨਿਤਾਣੇ ਹਿੱਸਿਆਂ, ਖ਼ਾਸ ਕਰਕੇ ਔਰਤਾਂ ਨੂੰ ਅਨਿਆਂ, ਵਿਤਕਰੇ ਅਤੇ ਜਬਰ ਤੋਂ ਮੁਕਤ ਕਰਾਉਣਾ ਚਾਹੁੰਦੇ ਹਨ। ਮੁਸਲਮਾਨ ਔਰਤਾਂ ਨੂੰ ਜ਼ਲੀਲ ਕਰਨ, ਸਕੂਲਾਂ-ਕਾਲਜਾਂ 'ਚ ਲੜਕੀਆਂ ਦੇ ਹਿਜਾਬ ਧੱਕੇ ਨਾਲ ਲਾਹੁਣ ਤੋਂ ਲੈ ਕੇ ਯੂ ਸੀ ਸੀ ਬਣਾਉਣ ਦੀ ਕਵਾਇਦ ਤੱਕ ਔਰਤਾਂ ਨਾਲ ਆਰ ਐੱਸ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਛੇਤੀ ਹੀ ਪੰਜਾਬ ਕਰ ਸਕੇਗਾ ਬਜ਼ੁਰਗਾਂ ਦੀ ਧਰਤੀ ਹੋਣ ਦਾ 'ਮਾਣ'

ਪਰਵਾਸ ਅਤੇ ਪੰਜਾਬੀ

**ਗੁਰਬਚਨ ਸਿੰਘ ਭੁੱਲਰ**

ਪੰਜਾਬ ਵਿਚੋਂ ਨੌਜਵਾਨ ਪੀੜ੍ਹੀ ਦੇ ਪਰਵਾਸ ਦੀਆਂ ਖ਼ਬਰਾਂ ਕਈ ਪੱਖਾਂ ਤੋਂ ਬੜੀਆਂ ਬੇਚੈਨ ਕਰਨ ਵਾਲੀਆਂ ਹਨ। ਜੇ ਇਹ ਕਹਿ ਲਿਆ ਜਾਵੇ ਕਿ ਨੇੜ-ਭਵਿੱਖ ਦਾ ਪੰਜਾਬ ਬਜ਼ੁਰਗਾਂ ਅਤੇ ਦੇਸ ਅੰਦਰਲੇ ਆਵਾਸੀਆਂ ਦਾ ਪੰਜਾਬ ਹੋਵੇਗਾ, ਇਹ ਝੂਠ ਨਹੀਂ। ਇਹ ਖ਼ਬਰਾਂ ਪੜ੍ਹ ਕੇ ਮੇਰੇ ਧਿਆਨ ਵਿਚ ਪੰਜਾਬ ਦੇ ਭਵਿੱਖ ਦੀ ਤਸਵੀਰ ਵਜੋਂ ਦੱਖਣੀ ਦਿੱਲੀ ਆ ਜਾਂਦੀ ਹੈ ਜਿਥੇ ਸੇਵਾ-ਮੁਕਤ ਸਿਖਰੀ ਅਧਿਕਾਰੀ, ਦੂਜੀ-ਤੀਜੀ ਪਰਤ ਦੇ ਧਨਾਢ, ਵੱਡੇ ਸਿਆਸੀ ਨੇਤਾ, ਆਦਿ ਰਹਿੰਦੇ ਹਨ ਜਿਨ੍ਹਾਂ ਲਈ ਔਲਾਦ ਨੂੰ ਬਾਹਰ ਭੇਜਣਾ ਕੋਈ ਮੁਸ਼ਕਿਲ ਨਹੀਂ। ਨਤੀਜੇ ਵਜੋਂ ਉਥੇ ਵੱਡੀ ਗਿਣਤੀ ਵਿਚ ਬਜ਼ੁਰਗ ਜੋੜੀਆਂ ਰਹਿੰਦੀਆਂ ਹਨ ਜਾਂ ਕਿਸੇ ਇਕ ਸਾਥੀ ਦੇ ਚਲੇ ਜਾਣ ਮਗਰੋਂ ਬਜ਼ੁਰਗ ਇਸਤਰੀ ਜਾਂ ਪੁਰਸ਼ ਇਕੱਲ ਵਿਚ ਹੀ ਦਿਨ-ਕਟੀ ਕਰ ਰਹੇ ਹਨ। ਇਹ ਅਜਿਹੇ ਸਰਾਪੇ ਹੋਏ ਲੋਕ ਹਨ ਜੋ ਪੂਰੀ ਤਰ੍ਹਾਂ ਨੌਕਰਾਂ ਦੇ ਸਹਾਰੇ ਹਨ। ਉਹ ਪਰਦੇਸ ਵਸਦੀ ਔਲਾਦ ਦੇ ਜ਼ੋਰ ਦਿੱਤਿਆਂ ਵੀ ਜਨਮਭੂਮੀ ਵਾਲਾ ਮਾਹੌਲ ਛੱਡਣ ਲਈ ਤਿਆਰ ਨਹੀਂ ਹੁੰਦੇ। ਦੂਜੇ ਪਾਸਿਉਂ ਪਰਦੇਸ ਵਿਚ ਜਾਨ ਮਾਰ ਕੇ ਖੜ੍ਹੇ ਕੀਤੇ ਕੰਮ-ਧੰਦੇ ਔਲਾਦ ਨੂੰ ਕੁਛ ਦਿਨ ਵੀ ਇਥੇ ਠਹਿਰਨ ਦੀ ਖੁੱਲ੍ਹ ਨਹੀਂ ਦਿੰਦੇ।

ਬਹੁਤੇ ਬਜ਼ੁਰਗ ਇਕ ਵਾਰ ਆ ਕੇ ਝਾੜੂ-ਪੋਚਾ ਕਰ ਜਾਣ ਵਾਲੀ ਸਫ਼ਾਈ-ਸੇਵਿਕਾ ਅਤੇ ਦੋ ਵੇਲੇ ਆ ਕੇ ਖਾਣਾ ਬਣਾ ਜਾਣ ਵਾਲੀ ਰਸੋਈ-ਸੇਵਿਕਾ ਦੀ ਮਦਦ ਨਾਲ ਸਮਾਂ ਲੰਘਾਉਂਦੇ ਹਨ। ਅਜਿਹੀਆਂ ਖ਼ਬਰਾਂ ਵੀ ਆਉਂਦੀਆਂ ਰਹਿੰਦੀਆਂ ਹਨ, ਜਿਨ੍ਹਾਂ ਅਨੁਸਾਰ ਕਿਸੇ ਇਕੱਲੇ ਬਜ਼ੁਰਗ ਦਾ ਭੌਰ ਰਾਤ ਨੂੰ ਉਡਾਰੀ ਮਾਰ ਜਾਂਦਾ ਹੈ। ਪਤਾ ਓਦੋਂ ਲਗਦਾ ਹੈ ਜਦੋਂ ਅਗਲੇ ਦਿਨ ਸੇਵਿਕਾ ਦੇ ਘੰਟੀ ਵਜਾਇਆਂ ਬੂਹਾ ਨਹੀਂ ਖੁਲ੍ਹਦਾ ਤੇ ਉਹ ਇਹ ਇਤਲਾਹ ਗੁਆਂਢੀਆਂ ਨੂੰ ਦਿੰਦੀ ਹੈ। ਗੁਆਂਢੀਆਂ ਦੀ ਬੁਲਾਈ ਪੁਲਿਸ ਜਿੰਦਾ ਖੋਲ੍ਹਦੀ-ਤੋੜਦੀ ਹੈ ਤੇ ਉਹਦੇ ਕਰੀਬੀਆਂ ਨੂੰ ਫੋਨ ਕਰਨ ਲਗਦੀ ਹੈ। ਕਈ ਬਜ਼ੁਰਗ ਚੌਵੀ ਘੰਟੇ ਦੇ ਨੌਕਰ ਰੱਖਦੇ ਹਨ। ਅਜਿਹੇ ਨੌਕਰਾਂ ਤੋਂ ਮਾਲਕਾਂ ਦੇ ਮਾਲ-ਮੱਤੇ ਤੇ ਟੂਮ-ਛੱਲੇ ਦਾ ਕੁਛ ਵੀ ਗੁੱਝਾ ਨਹੀਂ ਰਹਿੰਦਾ। ਇਸ ਸੂਰਤ ਵਿਚ ਮਾਲਕ ਨੂੰ ਮਾਰ ਕੇ ਤੇ ਸਭ ਕੁਛ ਸਮੇਟ ਕੇ ਨੌਕਰ ਦੇ ਭੱਜਣ ਦੀਆਂ ਖ਼ਬਰਾਂ ਵੀ ਆਉਂਦੀਆਂ ਰਹਿੰਦੀਆਂ ਹਨ।

ਪਿਛਲੇ ਦਿਨੀਂ ਚੈਨਲਾਂ ਦੇ ਖਿਲਾਰੇ ਤੋਂ ਪਹਿਲਾਂ ਦੇ ਦੂਰਦਰਸ਼ਨ ਦੀ ਅੰਗਰੇਜ਼ੀ ਸਮਾਚਾਰ-ਵਾਚਕ ਗੀਤਾਂਜਲੀ ਅਈਅਰ ਦਾ ਆਯੂ ਦੇ ਅੱਠਵੇਂ ਦਹਾਕੇ ਵਿਚ ਦਿਹਾਂਤ ਹੋਇਆ। ਆਪਣੇ ਸਮੇਂ ਉਹ ਟੀ ਵੀ ਦੇ ਪਰਦੇ ਉੱਤੇ ਸੁਚੱਜ-ਸਲੀਕੇ ਲਈ ਮਸ਼ਹੂਰ ਸੀ। ਉਹਦਾ ਬੇਟਾ ਤੇ ਬੇਟੀ ਅਮਰੀਕਾ ਹਨ। ਉਹ ਪਾਰਕਿਨਸਨ ਦੀ ਰੋਗੀ ਸੀ। ਸਵੇਰ ਦੀ ਸੈਰ ਤੋਂ ਪਰਤ ਕੇ ਘਰ ਆਈ ਤਾਂ ਬੇਹੋਸ਼ ਹੋ ਕੇ ਡਿੱਗ ਪਈ। ਇਕ ਦੋਸਤ ਦੇ ਹਸਪਤਾਲ ਲੈ ਕੇ ਜਾਣ ਸਮੇਂ ਉਹ ਚਲਾਣਾ ਕਰ ਗਈ।

ਅਜਿਹੇ ਮੌਕੇ ਮੈਨੂੰ ਇਕ ਬੜੀ ਬੇਕਿਰਕ ਘਟਨਾ ਚੇਤੇ ਆ ਜਾਂਦੀ ਹੈ। ਦਿੱਲੀ ਦਾ ਇਕ ਪੰਜਾਬੀ ਪੱਤਰਕਾਰ ਤੇ ਸਿਆਸਤਦਾਨ ਵਾਹਵਾ ਜਾਣਿਆ ਜਾਂਦਾ ਹਫ਼ਤਾਵਾਰ ਅਖ਼ਬਾਰ ਕੱਢਦਾ ਸੀ। ਉਹਦੇ ਇਕੋ-ਇਕ ਬੇਟੇ ਨੇ ਬਦੇਸੀ ਨਾਗਰਿਕ ਬਣ ਕੇ ਆਪਣਾ ਕਾਰੋਬਾਰ ਕੀਤਾ ਹੋਇਆ ਸੀ। ਬਦਕਿਸਮਤੀ ਨੂੰ ਪੱਤਰਕਾਰ ਨੂੰ ਲਹੂ ਦਾ ਕੈਂਸਰ ਹੋ ਗਿਆ। ਲੰਮੇ ਇਲਾਜ ਮਗਰੋਂ ਆਖ਼ਰ ਡਾਕਟਰਾਂ ਨੇ ਬੇਹੋਸ਼ੀ ਵਿਚ ਜਾ ਚੁੱਕੇ ਮਰੀਜ਼ ਦੀ ਪਤਨੀ ਨੂੰ ਘਰ ਲਿਜਾ ਕੇ 'ਰੱਬ ਦਾ ਨਾਂ ਲੈਣ' ਦੀ ਸਲਾਹ ਦੇ ਦਿੱਤੀ ਅਤੇ ਉਹਦੇ ਪੁੱਛਿਆਂ ਸਮੇਂ ਦਾ ਅੰਦਾਜ਼ਾ ਵੀ ਇਕ ਹਫ਼ਤੇ ਦਾ ਦੱਸ ਦਿੱਤਾ। ਅੱਗੇ ਦੀ ਕਹਾਣੀ ਉਹਦੀ ਪਤਨੀ ਨੇ ਪੱਤਰਕਾਰ ਦੇ ਇਕ ਮਿੱਤਰ ਨੂੰ, ਜਿਸ ਦਾ ਉਹਨਾਂ ਦੇ ਘਰ ਬਹੁਤ ਆਉਣਾ-ਜਾਣਾ ਸੀ, ਰੋ-ਰੋ ਕੇ ਸੁਣਾਈ ਜਿਥੋਂ ਇਹਨੇ ਅੱਗੇ ਤਾਂ ਫ਼ੈਲਣਾ ਹੀ ਸੀ। ਬੇਟਾ ਡਾਕਟਰਾਂ ਦੇ ਦਿੱਤੇ ਹੋਏ ਹਫ਼ਤੇ ਦੇ ਚਾਰ-ਪੰਜ ਦਿਨ ਲੰਘਾ ਕੇ ਆਇਆ। ਪਰਲੋਕ ਦੀ ਉਡਾਣ ਕੋਈ ਹਵਾਈ ਜਹਾਜ਼ ਦੀ ਉਡਾਣ ਤਾਂ ਹੈ ਨਹੀਂ ਸੀ ਜਿਸ ਦੀ ਤਾਰੀਖ਼ ਪੱਕੀ ਹੋਵੇ। ਹਫ਼ਤੇ ਤੋਂ ਮਗਰੋਂ ਦਿਨ ਇਕ-ਇਕ ਕਰ ਕੇ ਬੀਤਣ ਲੱਗੇ। ਇਕ ਪਾਸੇ ਬੇਹੋਸ਼ੀ ਵਿਚ ਉਹਦੇ ਸਾਹ ਵਗਦੇ ਰਹੇ ਤੇ ਦੂਜੇ ਪਾਸੇ ਉਸੇ ਹਿਸਾਬ ਬੇਟੇ ਦੀ ਯਮਦੂਤ ਦੀ ਨਿਹਫਲ ਉਡੀਕ ਦੀ ਬੇਚੈਨੀ ਤੇ ਪਰੇਸ਼ਾਨੀ ਵਧਦੀ ਗਈ। ਆਖ਼ਰ ਸਪੂਤ ਕਹਿੰਦਾ, "ਮੰਮੀ, ਤੂੰ ਤਾਂ ਉਸ ਦਿਨ ਇਕ ਹਫ਼ਤਾ ਕਹਿੰਦੀ ਸੀ, ਹੁਣ ਤਾਂ ਇਕ ਹਫ਼ਤਾ ਹੋਰ ਲੰਘ ਚਲਿਆ। ਡੈਡੀ ਤਾਂ ਮਰਦੇ ਹੀ ਨਹੀਂ।



ਉਧਰ ਮੇਰਾ ਮੁਸ਼ਕਿਲ ਨਾਲ ਖੜ੍ਹਾ ਕੀਤਾ ਕਾਰੋਬਾਰ ਬਰਬਾਦ ਹੋ ਜਾਣਾ ਹੈ। ਮੈਂ ਹੁਣ ਜਾਂਦਾ ਹਾਂ। ਮੈਥੋਂ ਸਸਕਾਰ ਵਾਲੇ ਦਿਨ ਆ ਕੇ ਭੋਗ ਤੱਕ ਨਹੀਂ ਰਿਹਾ ਜਾਣਾ, ਮੈਂ ਹੁਣ ਭੋਗ ਵਾਲੇ ਦਿਨ ਹੀ ਆਵਾਂਗਾ।"

ਮੇਰੇ ਕਈ ਮਿਹਰਬਾਨ ਪਾਠਕ ਮੇਰਾ ਲਿਖਿਆ ਕੁਛ ਪੜ੍ਹ ਕੇ ਫੋਨ ਕਰਦੇ ਰਹਿੰਦੇ ਹਨ। ਅਨੇਕ ਲੋਕ ਸੇਵਾ-ਮੁਕਤ ਜਾਂ ਸੇਵਾ-ਮੁਕਤੀ ਦੇ ਨੇੜੇ ਪੁੱਜੇ ਹੋਏ ਅਧਿਆਪਕ, ਪ੍ਰੋਫ਼ੈਸਰ, ਪਟਵਾਰੀਆਂ ਤੋਂ ਲੈ ਕੇ ਬਿਜਲੀ ਮਹਿਕਮੇ ਤੱਕ ਦੇ ਮੁਲਾਜ਼ਮ ਹੁੰਦੇ ਹਨ। ਬਹੁਤ ਸਾਰੇ ਅਜਿਹੇ ਵੀ ਹੁੰਦੇ ਹਨ ਜਿਨ੍ਹਾਂ ਨੂੰ ਮੈਂ ਜਾਣਦਾ ਨਹੀਂ ਹੁੰਦਾ। ਗੱਲੀਂ ਪਏ ਅਜਿਹੇ ਸੱਜਨ ਨੂੰ ਖ਼ੈਰ-ਸੁੱਖ ਪੁੱਛ ਕੇ ਮੈਂ ਬੱਚਿਆਂ ਬਾਰੇ ਪੁੱਛਦਾ ਹਾਂ ਤਾਂ ਵੱਡੀ ਬਹੁਗਿਣਤੀ ਦਾ ਜਵਾਬ ਨਾਂਵਾਂ-ਥਾਂਵਾਂ ਦੇ ਥੋੜ੍ਹੇ-ਬਹੁਤੇ ਫ਼ਰਕ ਨਾਲ ਲਗਭਗ ਇਹੋ ਹੁੰਦਾ ਹੈ, "ਜੀ ਮੇਰੇ ਦੋ ਬੱਚੇ ਹਨ, ਬੇਟੀ ਕੈਨੇਡਾ ਹੈ ਤੇ ਬੇਟਾ ਆਸਟਰੇਲੀਆ।"

ਸਾਥੋਂ ਪਹਿਲੀ ਪੀੜ੍ਹੀ ਤੱਕ ਦੇ ਲੋਕ ਜਦੋਂ ਪਰਦੇਸ ਜਾਂਦੇ ਸਨ, ਉਹ ਕੰਮ ਕਰ ਕੇ ਚਾਰ ਪੈਸੇ ਕਮਾਉਣ ਲਈ ਜਾਂਦੇ ਸਨ ਤੇ ਆਖ਼ਰ ਘਰ ਪਰਤ ਆਉਂਦੇ ਸਨ। ਬਹੁਤਿਆਂ ਦੀ ਦੌੜ ਮਲਾਇਆ-ਸਿੰਗਾਪੁਰ ਤੱਕ ਹੁੰਦੀ ਸੀ। ਪੰਜਾਬੀ ਲੋਕ ਇੰਗਲੈਂਡ, ਅਮਰੀਕਾ, ਕੈਨੇਡਾ ਜਾਂਦੇ ਤਾਂ ਸਨ, ਪਰ ਉਧਰ ਜਾਣਾ ਏਨਾ ਸੌਖਾ ਨਹੀਂ ਸੀ। ਹੁਣ ਪੜ੍ਹਾਈ ਵਰਗੇ ਕਈ ਰਾਹ ਖੁੱਲ੍ਹ ਗਏ ਹਨ। ਪੜ੍ਹਾਈ ਬਹਾਨਾ ਹੁੰਦਾ ਹੈ, ਅਸਲ ਨਿਸ਼ਾਨਾ ਉਥੇ ਵਸਣਾ ਹੁੰਦਾ ਹੈ। ਪੈਰ-ਧਰਾਵਾ ਹੋਵੇ ਸਹੀ, ਪੰਜਾਬੀ ਬੈਠਣ-ਪੈਣ ਦੀ ਥਾਂ ਆਪੇ ਬਣਾ ਲੈਂਦੇ ਹਨ।

ਪੰਜਾਬੀਆਂ ਦੀ ਪਰਵਾਸ ਦੀ ਤੜਫ਼ ਤੇ ਬਿਹਬਲਤਾ ਦੇ ਕਾਰਨ ਤਾਂ ਵੱਖਰੀ ਵਿਚਾਰ ਲੋੜਦੇ ਹਨ, ਪਰ ਇਸ ਗੱਲ ਵਿਚ ਕੋਈ ਸ਼ੱਕ ਨਹੀਂ, ਜੇ ਕੋਈ ਅਣਜਾਣਿਆ ਛੋਟਾ-ਮੋਟਾ ਦੇਸ ਵੀ ਇਹ ਕਹਿ ਦੇਵੇ ਕਿ ਕਿਸੇ ਵੀਜ਼ੇ-ਵੂਜ਼ੇ ਦੀ ਲੋੜ ਨਹੀਂ, ਆਓ ਜਿਸ ਪੰਜਾਬੀ ਨੇ ਆਉਣਾ ਹੈ, ਅਗਲੇ ਦਿਨ ਪੰਜਾਬੀ ਸ਼ੇਰ ਹਵਾਈ ਜਹਾਜ਼ਾਂ ਦੇ ਖੰਭਾਂ ਉੱਤੇ ਬੈਠੇ ਦਿੱਸਣਗੇ। ਪੰਜਾਬੀ ਪਰਵਾਸ ਦੀ ਇਕ ਧਿਆਨਜੋਗ ਗੱਲ ਇਹ ਹੈ ਕਿ ਇਹਨਾਂ ਦੀ ਮੁੱਖ ਰੀਝ ਪੰਜਾਬ ਛੱਡਣ ਦੀ ਹੈ, ਇਸ ਗੱਲ ਦਾ ਓਨਾ ਮਹੱਤਵ ਨਹੀਂ ਕਿ ਪਹੁੰਚਣਾ ਕਿਥੇ ਹੈ। ਜੇ ਕੋਈ ਏਜੰਟ ਰੁਆਂਡਾ-ਰੁਆਂਡੀ ਜਾਂ ਬੁਰਕੀਨਾ ਫ਼ਾਸੋ ਭੇਜਣ ਵਾਲਾ ਮਿਲ ਜਾਵੇ, ਇਹ ਉਥੇ ਪਹੁੰਚ ਜਾਣਗੇ। ਆਖਦੇ ਹਨ, ਕਿਸੇ ਹੋਰ ਦੇਸ ਵਿਚ ਪਹੁੰਚੀਏ ਸਹੀ, ਉਥੋਂ ਅੱਗੇ ਦੀ ਅੱਗੇ ਕਿਸੇ ਠੀਕ ਥਾਂ ਪਹੁੰਚ ਜਾਵਾਂਗੇ।

ਪੰਜਾਬੀਆਂ ਨੂੰ ਜੁਗਤੀ-ਜੁਗਾੜੀ ਹੋਣ ਦਾ ਮਾਣ ਹੈ। ਇਹਨਾਂ ਤੋਂ ਅਣਹੋਣੀ ਨੂੰ ਹੋਣੀ ਬਣਾ ਲੈਣ ਦੀ ਉਮੀਦ ਕੀਤੀ ਜਾ ਸਕਦੀ ਹੈ। ਭੈਣ-ਭਾਈ ਦੇ ਪਤੀ-ਪਤਨੀ ਬਣ ਕੇ ਜਾਣ ਜਿਹੀਆਂ ਗੱਲਾਂ ਤਾਂ ਹੁਣ ਪੁਰਾਣੀਆਂ ਹੋ ਗਈਆਂ ਹਨ। ਇਕ ਦਿਨ ਫੋਨ 'ਤੇ ਗੱਲਾਂ ਕਰਦਿਆਂ ਮੈਂ ਇਕ ਅਣਜਾਣੇ ਸੱਜਨ ਨੂੰ ਇਸ ਪਾਸੇ ਤੋਰ ਲਿਆ। ਉਹਨੇ ਆਪਣੇ ਗੁਆਂਢ ਦਾ ਕਿੱਸਾ ਸੁਣਾਇਆ। ਕੁੜੀ ਨੂੰ ਆਸਟਰੇਲੀਆ ਪੜ੍ਹਨ ਦਾ ਵੀਜ਼ਾ ਮਿਲ ਗਿਆ ਤੇ ਟੱਬਰ ਪੈਸਿਆਂ ਦੇ ਪ੍ਰਬੰਧ ਵਿਚ ਜੁਟ ਗਿਆ। ਇਕ ਦਿਨ ਇਕ ਓਪਰਾ ਆਦਮੀ ਸੰਕਟ-ਹਰਤਾ ਬਣ ਕੇ ਆਇਆ। ਇਕ ਮੁੰਡੇ ਨੂੰ ਨਕਲੀ ਪਤੀ ਬਣਾ ਕੇ ਨਾਲ ਲਿਜਾਣਾ ਸੀ ਜਿਸ ਬਦਲੇ ਉਹਨਾਂ ਨੇ ਖਾਸੀ ਨਕਦ ਮਾਇਆ ਵੀ ਦੇਣੀ ਸੀ ਤੇ ਸਾਰਾ ਖਰਚ ਵੀ ਕਰਨਾ ਸੀ। ਸਬੱਬ ਨਾਲ ਦੋਵਾਂ ਦੇ ਰਿਸ਼ਤੇਦਾਰ ਪਹਿਲਾਂ ਤੋਂ ਉਥੇ ਰਹਿੰਦੇ ਸਨ। ਮੁੰਡੇ ਤੇ ਕੁੜੀ ਨੇ ਹਵਾਈ ਅੱਡੇ ਤੋਂ ਲੈਣ ਆਏ ਹੋਏ ਆਪਣੇ-ਆਪਣੇ ਰਿਸ਼ਤੇਦਾਰਾਂ ਨਾਲ ਤੁਰ ਜਾਣਾ ਸੀ। ਮੈਂ ਉਸ ਬੰਦੇ ਨੂੰ ਕੁੜੀ ਦੇ ਪਰਦੇਸ ਜਾਣ ਬਾਰੇ ਓਪਰੇ ਵਿਚੋਲੇ ਦੀ ਜਾਣਕਾਰੀ ਦਾ ਵਸੀਲਾ ਪੁੱਛਿਆ। ਉਹਨੇ ਦੱਸਿਆ ਕਿ ਉਹ ਲੋਕ ਵੀਜ਼ੇ ਦੇ ਦਫ਼ਤਰੋਂ ਪਤਾ ਕਰ ਲੈਂਦੇ ਹਨ ਤੇ ਉਹਨਾਂ ਨੇ ਪੰਜਾਬ ਵਿਚ ਆਪਣਾ ਪੂਰਾ ਤਾਣਾ-ਬਾਣਾ ਬਣਾਇਆ ਹੋਇਆ ਹੈ। ਮੈਨੂੰ ਹੈਰਾਨੀ ਹੋਈ ਕਿ ਮਸਲਾ ਕੋਈ ਵੀ ਹੋਵੇ,

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਅਗਲੇ ਸਾਲ ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਦਾ ਦਬਾਅ ਕੀ ਅਤੇ ਵਿਰੋਧੀ ਧਿਰਾਂ ਦੀ ਸਥਿਤੀ ਕੀ!

**ਦ੍ਰਿਸ਼ਟੀਕੋਣ**

**ਜਤਿੰਦਰ ਪਨੂੰ**

ਇਹ ਗੱਲ ਭਾਰਤ ਵਿੱਚ ਆਮ ਕਹੀ ਜਾਂਦੀ ਹੈ ਕਿ ਸਰਕਾਰ ਕਿਸੇ ਵੀ ਪਾਰਟੀ ਦੀ ਹੋਵੇ, ਪਹਿਲੀ ਵਾਰੀ ਬਣਦੀ ਹੈ ਜਾਂ ਲਗਾਤਾਰ ਦੂਸਰੀ ਜਾਂ ਤੀਸਰੀ ਵਾਰ ਬਣ ਗਈ ਹੋਵੇ, ਪਹਿਲੇ ਚਾਰ ਸਾਲ ਉਹ ਕੁਝ ਨਾ ਕੁਝ ਕੰਮ ਕਰਦੀ ਹੈ, ਪੰਜਵੇਂ ਸਾਲ ਵਿੱਚ ਉਹ ਲੋਕਾਂ ਲਈ ਕੁਝ ਕਰਨ ਦੀ ਥਾਂ ਅਗਲੀ ਚੋਣ ਬਾਰੇ ਸੋਚਣ ਲੱਗ ਜਾਂਦੀ ਹੈ। ਇਹ ਗੱਲ ਇਸ ਵਾਰ ਭਾਰਤ ਦੇ ਹਰ ਸੂਬੇ ਦੀ ਹਰ ਪਾਰਟੀ ਦੀ ਸਰਕਾਰ ਅਤੇ ਕੇਂਦਰ ਦੀ ਸਰਕਾਰ ਦੇ ਰੁਝਾਨਾਂ ਵਿੱਚੋਂ ਵੀ ਦਿੱਸ ਰਹੀ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜਕੱਲ੍ਹ ਹਰ ਛੋਟੇ-ਵੱਡੇ ਕੰਮ ਦੀ ਸ਼ੁਰੂਆਤ ਦਾ ਨੀਂਹ-ਪੱਥਰ ਅਤੇ ਕੀਤੇ ਗਏ ਹਰ ਕੰਮ ਮਗਰੋਂ ਉਸ ਦੇ ਉਦਘਾਟਨ ਕਰਨ ਦਾ ਜ਼ਿੰਮਾ ਖੁਦ ਸੰਭਾਲ ਕੇ ਇਸ ਵਿੱਚ ਚੋਖੀ ਤੇਜ਼ੀ ਲੈ ਆਂਦੀ ਹੈ। ਉਹ ਕਦੀ ਕਿਸੇ ਰਾਜ ਵਿੱਚ ਵੰਦੇ ਭਾਰਤ ਦੀ ਹਰ ਨਵੀਂ ਸ਼ੁਰੂ ਹੋਈ ਟਰੇਨ ਨੂੰ ਝੰਡੀ ਵਿਖਾਉਂਦੇ ਦਿੱਸਦੇ ਹਨ, ਕਦੀ ਵਿਕਾਸ ਕੰਮਾਂ ਨੂੰ ਭੁਲਾ ਕੇ ਇੱਕ ਜਾਂ ਦੂਸਰੇ ਸੰਤ ਵੱਲ ਜਾਂ ਫਿਰ ਕਿਸੇ ਸੰਪਰਦਾ ਦੇ ਮੁਖੀ ਵੱਲ ਹਾਜ਼ਰੀਆਂ ਭਰਨ ਜਾਂਦੇ ਨਜ਼ਰ ਪੈਂਦੇ ਹਨ। ਜਿੱਥੇ ਕਿਤੇ ਵੀ ਉਹ ਜਾਣ, ਬਾਕੀ ਕੰਮਾਂ ਦੀ ਤਰਤੀਬ ਬਦਲਦੀ ਰਹਿੰਦੀ ਹੈ, ਹਰ ਰਾਜ ਦੀ ਰਾਜਨੀਤੀ ਦੇ ਰੰਗਾਂ ਬਾਰੇ ਉਸ ਰਾਜ ਵਿਚਲੀ ਮੁੱਖ ਭਾਜਪਾ-ਵਿਰੋਧੀ ਧਿਰ ਨੂੰ, ਬੇਸ਼ੱਕ ਉਹ ਪਾਰਟੀ ਉਸ ਰਾਜ ਦੀ ਸਰਕਾਰ ਚਲਾ ਰਹੀ ਹੋਵੇ ਅਤੇ ਕੇਂਦਰ ਨਾਲ ਸਿੱਧਾ ਵਿਰੋਧ ਨਾ ਵੀ ਕਰਦੀ ਹੋਵੇ, ਨਿੰਦਣ-ਭੰਡਣ ਦਾ ਕੰਮ ਪੂਰੇ ਜ਼ੋਰ ਨਾਲ ਕਰਦੇ ਹਨ। ਵਿਰੋਧ ਦੀਆਂ ਸਰਕਾਰਾਂ ਪੱਛਮੀ ਬੰਗਾਲ ਜਾਂ ਕੇਰਲਾ ਜਾਂ ਫਿਰ ਕਰਨਾਟਕ ਆਦਿ ਵਾਲੀਆਂ ਹੋਣ ਜਾਂ ਦਿੱਲੀ ਤੇ ਪੰਜਾਬ ਦੀਆਂ ਆਮ ਆਦਮੀ ਪਾਰਟੀ ਦੀਆਂ ਸਰਕਾਰਾਂ ਹੋਣ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਪਣੇ ਭਾਸ਼ਣਾਂ ਵਿੱਚ ਉੱਨੀ-ਇੱਕੀ ਜਿੰਨਾ ਲਿਹਾਜ਼ ਵੀ ਕਿਸੇ ਦਾ ਨਹੀਂ ਕਰਦੇ ਅਤੇ ਸਾਰਿਆਂ ਦੇ ਪੋਤੜੇ ਫੋਲਣ ਲੱਗੇ ਰਹਿੰਦੇ ਹਨ। ਭਾਸ਼ਣ ਦੌਰਾਨ ਨਰਿੰਦਰ ਮੋਦੀ ਬੇਸ਼ੱਕ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਵਿਰੋਧ ਕਰਨਾ ਨਹੀਂ ਭੁੱਲਦੇ, ਪਰ ਅਮਲ ਵਿੱਚ ਉਹ ਇੰਦਰਾ ਗਾਂਧੀ ਵਾਲਾ ਫਾਰਮੂਲਾ ਵਰਤਦੇ ਹਨ ਕਿ ਹਰ ਕਿਸੇ ਉੱਤੇ ਦੋਸ਼ ਲਾਈ ਜਾਣਾ ਅਤੇ ਜਵਾਬ ਵਿੱਚ ਕਹੀ ਗੱਲ ਸੁਣੇ ਬਗੈਰ ਅਗਲੇ ਦੋਸ਼ ਲਾਉਣ ਲਈ ਉਹੋ ਸਮਾਂ ਕਿਸੇ ਨਵੀਂ ਚਾਂਦਮਾਰੀ ਦੀ ਤਿਆਰੀ ਵਾਸਤੇ ਲਾਇਆ ਕਰਦੇ ਹਨ। ਇੰਦਰਾ ਗਾਂਧੀ ਵੀ ਵਿਰੋਧੀਆਂ ਨੂੰ ਠਿੱਠ ਕਰਨ ਦਾ ਕੰਮ ਕਰਦੀ ਸੀ, ਪਰ ਆਪਣੇ ਉੱਤੇ ਲਾਏ ਗਏ ਦੋਸ਼ਾਂ ਨੂੰ ਇੰਜ ਹੀ ਅਣਗੌਲੇ ਕਰ ਦਿਆ ਕਰਦੀ ਸੀ।

ਦੂਸਰਾ ਪੱਖ ਪ੍ਰਧਾਨ ਮੰਤਰੀ ਦੀ ਨੀਤੀ ਦੇ ਰੁਝਾਨਾਂ ਤੋਂ ਇਹ ਝਲਕਦਾ ਹੈ ਕਿ ਜਿੱਥੇ ਵੀ ਭਾਜਪਾ ਆਪਣੇ ਸਿਰ ਅਜੇ ਖੜੋਣ ਜੋਗੀ ਨਹੀਂ ਹੋ ਸਕੀ, ਓਥੇ ਜਿਹੜੀ ਵੀ ਪਾਰਟੀ ਵਿੱਚ ਪਾਟਕ ਪਾਇਆ ਜਾ ਸਕਦਾ ਹੈ, ਭਾਜਪਾ ਦੇ ਪ੍ਰਤੀਨਿਧ ਹਰ ਉਸ ਪਾਰਟੀ ਦੇ ਮੱਤਭੇਦਾਂ ਨੂੰ ਵਰਤਣ ਦੀ ਰਾਜਨੀਤੀ ਖੇਡਣ ਰੁੱਝੇ ਰਹਿੰਦੇ ਹਨ। ਮਹਾਰਾਸ਼ਟਰ ਵਿੱਚ ਸ਼ਰਦ ਪਵਾਰ ਵਾਲੀ ਐੱਨ ਸੀ ਪੀ ਪਾਰਟੀ ਵਿੱਚ ਪਾੜ ਪਾ ਲਿਆ ਹੈ, ਬਿਹਾਰ ਵਿੱਚ ਨਿਤੀਸ਼ ਕੁਮਾਰ ਦੇ ਜਨਤਾ ਦਲ (ਯੂ) ਦੇ ਕੁਝ ਆਗੂਆਂ ਨੂੰ ਆਪਣੇ ਵੱਲ ਖਿੱਚਣ ਲਈ ਭਾਜਪਾ ਦੀਆਂ ਟੀਮਾਂ ਪੂਰੇ ਜ਼ੋਰ ਨਾਲ ਰੁੱਝ ਗਈਆਂ ਹਨ। ਆਮ ਆਦਮੀ ਪਾਰਟੀ ਵਿੱਚੋਂ ਕਿਸੇ ਲੀਡਰ ਨੂੰ ਆਪਣੇ ਵੱਲ ਖਿੱਚਣ ਦੀ ਭਾਜਪਾ ਲੀਡਰਸ਼ਿਪ ਨੂੰ ਅਜੇ ਤੱਕ ਸਫਲਤਾ ਨਹੀਂ ਮਿਲੀ, ਪਰ ਉਸ ਦੇ ਆਗੂਆਂ ਨੂੰ ਕੇਸਾਂ ਵਿੱਚ ਬੁਰੀ ਤਰ੍ਹਾਂ ਫਸਾ ਦਿੱਤੇ ਜਾਣ ਨਾਲ ਓਧਰ ਤੋਂ ਵੀ ਸਖਤ ਮੁਕਾਬਲੇ ਦੀ ਧਾਰ ਖੁੰਢੀ ਕਰਨ ਦਾ ਰਾਹ ਕੱਢਣ ਦੇ ਯਤਨ ਕਾਫੀ ਤੇਜ਼ੀ ਨਾਲ ਚੱਲ ਪਏ ਸੁਣੀਂਦੇ ਹਨ। ਰਾਜਸਥਾਨ ਜਾਂ ਛੱਤੀਸਗੜ੍ਹ ਦੇ ਕਾਂਗਰਸੀ ਆਗੂ ਖੁਦ ਹੀ ਆਪਸ ਵਿੱਚ ਏਦਾਂ ਦਾ ਬਖੇੜਾ ਖੜਾ ਕਰੀ ਰੱਖਦੇ ਹਨ ਕਿ ਭਾਜਪਾ ਉਨ੍ਹਾਂ ਵਿੱਚ ਕੋਈ ਨਵਾਂ ਪਾਟਕ ਪਾਉਣ ਦੀ ਬਜਾਏ ਪਹਿਲੇ ਪਏ ਹੋਏ ਕਾਂਗਰਸੀ ਪਾਟਕ ਨੂੰ ਹਵਾ ਦੇਣ ਦਾ ਕੰਮ ਕਰ ਕੇ ਵੀ ਲਾਹਾ ਖੱਟ ਸਕਦੀ ਹੈ ਅਤੇ ਏਦਾਂ ਹੋ ਰਿਹਾ ਜਾਪਦਾ ਹੈ।

ਵਿਰੋਧੀ ਪਾਰਟੀਆਂ ਦੇ ਲੀਡਰ ਭਾਜਪਾ ਨਾਲ ਭਿੜਨ ਦੀਆਂ ਗੱਲਾਂ ਕਰਦੇ ਹਨ, ਪਰ ਅਮਲ ਵਿੱਚ ਉਨ੍ਹਾਂ ਨੇ ਭਾਜਪਾ ਦਾ ਕੀ ਵਿਗਾੜਨਾ ਹੈ, ਹਰ ਰਾਜ ਵਿੱਚ ਉਨ੍ਹਾਂ ਦੀ ਹਰ ਮੀਟਿੰਗ ਆਖਰ ਵਿੱਚ ਮੱਤਭੇਦਾਂ ਦਾ ਖਿਲਾਰਾ ਜਨਤਕ ਤੌਰ ਉੱਤੇ ਹੋਰ ਵਧਾ ਲੈਣ ਦਾ ਕੰਮ ਕਰਨ ਤੋਂ ਵੱਧ ਕੁਝ ਕਰਨ ਵਾਲੀ ਕਦੀ ਸਾਬਤ ਨਹੀਂ ਹੁੰਦੀ। ਇਨ੍ਹਾਂ ਪਾਰਟੀਆਂ ਨੂੰ ਭਾਜਪਾ ਬਾਰੇ ਤਾਂ ਚਿੰਤਾ ਹੈ ਕਿ ਉਨ੍ਹਾਂ ਦੇ ਆਗੂਆਂ ਨੂੰ ਪਤਿਆਉਂਦੀ, ਕੁਰਸੀ ਦਾ ਲਾਲਚ ਦੇਂਦੀ ਜਾਂ ਫਿਰ ਕੇਸਾਂ ਵਿੱਚ ਫਸਾ ਕੇ ਆਪਣੇ ਨਾਲ ਆ ਮਿਲਣ ਨੂੰ ਮਜਬੂਰ ਕਰਦੀ ਹੈ, ਪਰ ਇਹ ਪਾਰਟੀਆਂ ਆਪੋ ਆਪਣਾ ਘਰ ਸਾਂਭਣ ਲਈ ਸੁਹਿਰਦ ਨਹੀਂ। ਜਿਹੜੀ ਵੀ ਪਾਰਟੀ ਵਿੱਚ ਸੰਨ੍ਹ ਲਾਉਣ ਦਾ ਮਨ ਬਣਾ ਕੇ ਭਾਜਪਾ ਤੁਰ ਪੈਂਦੀ ਹੈ, ਉਸ ਵਿੱਚ ਵਿਕਣ ਜਾਂ ਦਬਾਅ ਹੇਠ ਆਉਣ ਦੀ ਸਥਿਤੀ ਵਾਲੇ ਆਗੂ ਝੱਟ ਮਿਲ ਜਾਂਦੇ ਹਨ। ਅੰਗਰੇਜ਼ਾਂ ਦੇ ਭਾਰਤ ਆਉਣ ਤੋਂ ਪਹਿਲਾਂ ਦਾ ਰਾਜ ਸੁਖ ਮਾਣਦਾ ਆ ਰਿਹਾ ਗਵਾਲੀਅਰ ਅਤੇ ਪਟਿਆਲਾ ਖਾਨਦਾਨ ਇਸ ਦੀਆਂ ਮਿਸਾਲਾਂ ਹਨ। ਸਿੰਧੀਆ ਪਰਵਾਰ ਦਾ ਅਜੋਕਾ ਤਾਜਦਾਰ ਕਿਹਾ ਜਾਣ ਵਾਲਾ ਜਯੋਤੀਰਾਦਿੱਤਿਆ ਸਿੰਧੀਆ ਕੇਂਦਰ ਦੀ ਵਜ਼ੀਰੀ ਖਾਤਰ ਉਸ ਕਾਂਗਰਸ ਪਾਰਟੀ ਨੂੰ ਛੱਡ ਗਿਆ, ਜਿਸ ਨਾਲ ਸਾਂਝ ਉਸ ਦੇ ਬਾਪ ਨੇ ਮਰਨ ਤੱਕ ਨਿਭਾਈ ਹੋਈ ਸੀ ਅਤੇ ਪਟਿਆਲੀਆਂ ਦਾ ਅਜੋਕਾ ਮੁਖੀ ਕੈਪਟਨ ਅਮਰਿੰਦਰ ਸਿੰਘ ਕੇਂਦਰ ਦੀ ਸਰਕਾਰ ਅੱਗੇ ਇਸ ਲਈ ਝੁਕ ਗਿਆ ਕਿ ਭ੍ਰਿਸ਼ਟਾਚਾਰ ਦੇ ਕੇਸਾਂ ਦੀ ਜਾਂਚ ਨਹੀਂ ਝੱਲ ਸਕਦਾ। ਇਹੋ ਜਿਹੇ ਲੋਕ ਜਦੋਂ ਕਾਂਗਰਸ ਪਾਰਟੀ ਜਾਂ ਹੋਰ ਧਿਰਾਂ ਦੇ ਕੋਲ ਸਨ ਤਾਂ ਉਹ ਪਾਰਟੀਆਂ ਜਾਣਦੀਆਂ ਸਨ ਕਿ ਬੰਦਾ ਪਾਏਦਾਰ ਨਹੀਂ, ਪਰ ਉਨ੍ਹਾਂ ਤੋਂ ਪੱਲਾ ਛੁਡਾਉਣ ਦੀ ਬਜਾਏ ਉਨ੍ਹਾਂ ਨੂੰ ਗਲ਼ ਨਾਲ ਲਾਉਣ ਤੋਂ ਵੀ ਵੱਧ ਆਗੂ ਬਣਾਈ ਫਿਰਦੀਆਂ ਸਨ। ਸ਼ਰਦ ਪਵਾਰ ਆਪਣੇ ਭਤੀਜੇ ਬਾਰੇ ਹਰ ਨਿੱਕੀ-ਵੱਡੀ ਗੱਲ ਤੋਂ ਜਾਣੂ ਸੀ ਅਤੇ ਪਤਾ ਸੀ ਕਿ ਕੇਂਦਰੀ ਏਜੰਸੀਆਂ ਦੀ ਜਾਂਚ ਦਾ ਜਦੋਂ ਵੀ ਦਬਕਾ ਵੱਜਾ, ਭਤੀਜਾ ਭੱਜ ਕੇ ਭਾਜਪਾ ਵੱਲ ਚਲਾ ਜਾਊਗਾ, ਪਰ ਉਹ ਇਹੋ ਜਿਹੇ ਭਤੀਜੇ ਨੂੰ ਵੇਲੇ ਸਿਰ ਸੰਭਾਲਣ ਜੋਗਾ ਸਾਬਤ ਨਹੀਂ ਹੋ ਸਕਿਆ ਤਾਂ ਭਤੀਜਾ ਦਾਅ-ਮਾਰ ਕਰ ਗਿਆ ਹੈ। ਏਦਾਂ ਕਈ ਹੋਰ ਧਿਰਾਂ ਵਿੱਚ ਵੀ ਹੋਇਆ ਹੈ।

ਇੱਕ ਸਮਾਂ ਸੀ ਕਿ ਕੇਰਲਾ ਵਿੱਚ ਕਮਿਊਨਿਸਟਾਂ ਦੀ ਸਰਕਾਰ ਬਣ ਗਈ ਤਾਂ ਉਨ੍ਹਾਂ ਕੋਲ ਸਿਰਫ ਇੱਕ ਵਿਧਾਇਕ ਦੀ ਬਹੁ-ਗਿਣਤੀ ਹੁੰਦੀ ਸੀ। ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਉਸ ਸਰਕਾਰ ਨੂੰ ਤੋੜਨ ਲਈ ਤਿਆਰ ਨਹੀਂ ਸੀ ਹੋ ਰਿਹਾ ਤੇ ਓਦੋਂ ਦੀ ਕਾਂਗਰਸ ਪ੍ਰਧਾਨ ਇੰਦਰਾ ਗਾਂਧੀ ਨੂੰ ਵਿਰੋਧੀ ਪਾਰਟੀਆਂ ਦੀ ਇਕਲੌਤੀ ਸਰਕਾਰ ਵੀ ਬਰਦਾਸ਼ਤ ਨਹੀਂ ਸੀ ਹੁੰਦੀ। ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਉਹ ਸਿਰਫ ਇੱਕ ਵਿਧਾਇਕ ਨਹੀਂ ਸੀ ਤੋੜ ਸਕੇ, ਪਰ ਅੱਜ ਵਿਰੋਧ ਦੀ ਜਿਸ ਵੀ ਪਾਰਟੀ ਵੱਲ ਭਾਜਪਾ ਮੂੰਹ ਕਰਦੀ ਹੈ, ਉਸ ਦਾ ਚੌਥਾ ਹਿੱਸਾ ਚੱਬ ਲਵੇ ਜਾਂ ਅੱਧੀ ਪਾਰਟੀ ਤੋੜ ਕੇ ਲੈ ਜਾਵੇ, ਉਸ ਦੇ ਅੱਗੇ ਕੋਈ ਸਪੀਡ ਬਰੇਕਰ ਹੀ ਨਹੀਂ। ਨਵੀਂ ਬਣੀ ਹੋਈ ਆਮ ਆਦਮੀ ਪਾਰਟੀ ਅਜੇ ਤੱਕ ਇਸ ਮਾਰ ਤੋਂ ਬਚੀ ਹੋਈ ਹੈ ਤਾਂ ਇਸ ਲਈ ਨਹੀਂ ਬਚ ਸਕੀ ਕਿ ਇਸ ਵਿੱਚ ਕੋਈ ਸਾਧੂ ਸੁਭਾਅ ਦੇ ਆਦਮੀ ਚੁਣ ਕੇ ਆਏ ਹਨ, ਸਗੋਂ ਉਸ ਜਨਤਕ ਦਬਾਅ ਦੇ ਕਾਰਨ ਬਚੀ ਹੋਈ ਹੈ, ਜਿਸ ਵਿੱਚ ਆਮ ਲੋਕਾਂ ਨੇ ਸਾਰੇ ਰੰਗਾਂ ਦੀ ਸਿਆਸਤ ਰੱਦ ਕਰ ਕੇ ਇਨ੍ਹਾਂ ਨੂੰ ਚੁਣਿਆ ਸੀ ਅਤੇ ਜੇ ਕਿਸੇ ਵਿਧਾਇਕ ਨੇ ਜ਼ਮੀਰ ਵੇਚ ਕੇ ਪਲਟੀ ਮਾਰਨ ਦਾ ਯਤਨ ਕੀਤਾ ਤਾਂ ਆਮ ਲੋਕ ਇਹ ਗੱਲ ਬਰਦਾਸ਼ਤ ਨਹੀਂ ਕਰਨਗੇ। ਇਹ ਪਾਰਟੀ ਵੀ ਇਸ ਪੈਂਤੜੇ ਉੱਤੇ ਕਦੋਂ ਤੱਕ ਟਿਕੀ ਰਹੇਗੀ, ਕਹਿਣਾ ਔਖਾ ਹੋ ਰਿਹਾ ਹੈ। ਦਿੱਲੀ ਵਿੱਚ ਉੱਪ ਮੁੱਖ ਮੰਤਰੀ ਮੁਨੀਸ਼ ਸਿਸੋਦੀਆ ਦੀ ਗ੍ਰਿਫਤਾਰੀ ਅਤੇ ਕੇਸਾਂ ਦੀ ਭਰਮਾਰ ਦੇ ਬਾਅਦ ਬਾਕੀਆਂ ਵਿੱਚੋਂ ਵੀ ਕਈਆਂ ਉੱਤੇ ਸਿਆਸੀ ਦਬਾਅ ਬਹੁਤ ਵਧਦਾ ਜਾਣ ਦੀਆਂ ਕਨਸੋਆਂ ਮਿਲਣ ਲੱਗੀਆਂ ਹਨ। ਜਦੋਂ ਉਨ੍ਹਾ ਵਿੱਚੋਂ ਕਈ ਵਿਧਾਇਕਾਂ ਨੇ ਮਾੜੇ ਧੰਦੇ ਕਰਨ ਵਾਲਿਆਂ ਨਾਲ ਉਹੋ ਮਹੀਨਾ ਬੰਨ੍ਹਣ ਵਿੱਚ ਸ਼ਰਮ ਨਹੀਂ ਰੱਖੀ, ਜਿਹੜਾ ਉਨ੍ਹਾਂ ਤੋਂ ਪਹਿਲਾਂ ਦੂਸਰੀਆਂ ਪਾਰਟੀਆਂ ਦੇ ਲੀਡਰ ਬੇਸ਼ਰਮੀ ਨਾਲ ਲਗਾਤਾਰ ਬੰਨ੍ਹੀ ਫਿਰਦੇ ਸਨ ਤਾਂ ਦੂਸਰੀਆਂ ਧਿਰਾਂ ਦੇ ਕਿਸੇ ਕੈਪਟਨ ਅਮਰਿੰਦਰ ਸਿੰਘ ਜਾਂ ਕਿਸੇ ਮਾਧਵ ਰਾਓ ਸਿੰਧੀਆ ਵਾਲੇ ਛੜੱਪੇ ਇਹ ਲੋਕ ਵੀ ਮਾਰ ਸਕਦੇ ਹਨ। ਅਗਲੇ ਸਾਲ ਜਦੋਂ ਲੋਕ ਸਭਾ ਚੋਣਾਂ ਹੋਣੀਆਂ ਹਨ, ਓਦੋਂ ਤੱਕ ਕਿਸ ਰਾਜ ਵਿੱਚ ਕੀ ਵਾਪਰ ਜਾਊਗਾ, ਕਿਹਾ ਨਹੀਂ ਜਾ ਸਕਦਾ।

ਭਾਰਤੀ ਲੋਕਤੰਤਰ ਜਿਸ ਪੜਾਅ ਉੱਤੇ ਪਹੁੰਚ ਚੁੱਕਾ ਹੈ, ਇਸ ਦਾ ਬਚਾਅ ਤਦੇ ਹੋ ਸਕਦਾ ਹੈ, ਜੇ ਕਿਸੇ ਸਮੇਂ ਦੀ ਇੱਕ ਵਿਧਾਇਕ ਦੀ ਬਹੁ-ਗਿਣਤੀ ਨਾਲ ਚੱਲਦੀ ਰਹੀ ਕਮਿਊਨਿਸਟਾਂ ਦੀ ਸਰਕਾਰ ਵਾਂਗ ਵਿਰੋਧੀ ਧਿਰ ਦੀ ਹਰ ਪਾਰਟੀ ਦੇ ਆਗੂ ਹਰ ਮਾਰ ਝੱਲ ਲੈਣ ਲਈ ਤਿਆਰ ਹੋਣ, ਪਰ ਵਿਕਣਾ ਨਾ ਮੰਨਣ। ਕੀ ਇਹ ਪਾਰਟੀਆਂ ਆਪਣੇ ਆਗੂਆਂ ਦੀ ਏਦਾਂ ਦੀ ਗਾਰੰਟੀ ਕਰਨ ਦੀ ਸਥਿਤੀ ਵਿੱਚ ਹਨ! ਜੇ ਕੁਰਸੀ ਵਾਸਤੇ ਕੋਈ ਸਚਿਨ ਪਾਇਲਟ ਕਿਸੇ ਵਕਤ ਵੀ ਉਸ ਪਾਰਟੀ ਨੂੰ ਛੱਡਣ ਦੇ ਦਬਕੇ ਮਾਰਦਾ ਹੋਵੇ, ਜਿਸ ਨੇ ਪਹਿਲਾਂ ਉਸ ਦੇ ਬਾਪ ਨੂੰ ਸਿਖਰਾਂ ਦਾ ਮਾਣ ਦਿੱਤਾ ਸੀ ਤੇ ਉਸ ਦੇ ਬਾਅਦ ਇਸ 'ਕੱਲ੍ਹ ਦੇ ਜਵਾਕ ਨੂੰ ਵੀ ਅਣਗੌਲਿਆ ਨਹੀਂ ਸੀ ਕੀਤਾ, ਸਿਰਫ ਇੱਕ ਮੁੱਖ ਮੰਤਰੀ ਨਹੀਂ ਬਣਾਇਆ, ਤਾਂ ਹੋਰ ਪਾਰਟੀਆਂ ਵਿੱਚੋਂ ਕਈ ਇਹੋ ਜਿਹਾ ਪਾਸਾ ਬਦਲਣ ਨੂੰ ਤਿਆਰ ਮਿਲ ਜਾਣਗੇ। ਅਗਲੇ ਸਾਲ ਦੀਆਂ ਚੋਣਾਂ ਲਈ ਕੇਂਦਰ ਦੀ ਸਰਕਾਰ ਤੀਸਰੀ ਵਾਰੀ ਬਣਾਉਣ ਦੇ ਦਾਅ ਉੱਤੇ ਖੜੀ ਹੋਈ ਭਾਜਪਾ ਲੀਡਰਸ਼ਿਪ ਨੂੰ ਏਦਾਂ ਦੇ ਮੌਕਾ-ਪ੍ਰਸਤ ਆਗੂ ਲੱਭਣ ਦੀ ਲੋੜ ਪੈ ਰਹੀ ਹੈ ਤਾਂ ਆਪਣੀ ਖੁਰਦੀ ਜਾਂਦੀ ਸਾਖ ਬਚਾਉਣ ਲਈ ਵਿਰੋਧ ਦੀਆਂ ਪਾਰਟੀਆਂ ਨੂੰ ਵੀ ਇਸ ਕਿਸਮ ਦੇ ਆਗੂਆਂ ਨੂੰ ਵੇਲੇ ਤੋਂ ਪਹਿਲਾਂ ਪਛਾਨਣ ਦੀ ਲੋੜ ਹੈ। ਕੀ ਏਨੇ ਜੋਗੀਆਂ ਸਾਬਤ ਹੋ ਸਕਣਗੀਆਂ ਇਹ ਪਾਰਟੀਆਂ!

# ਕਪੁੱਤ ਦੀਆਂ ਨਿਗਾਹਾਂ ਹੁਣ ਵੱਡੀ ਕੁਰਸੀ ਵੱਲ

**ਸੁਲਘਦੇ ਸਵਾਲ**

**ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ**

ਜਿਸ ਦਿਨ ਤੋਂ ਵਿਰੋਧੀ ਪਾਰਟੀਆਂ ਦਾ ਦੋਸਤੀਨੁਮਾ ਇਕੱਠ ਹੋਂਦ ਵਿੱਚ ਆਇਆ ਹੈ, ਉਸ ਦਿਨ ਤੋਂ ਹੀ ਰਾਜ ਕਰਦੀ ਪਾਰਟੀ ਭਾਜਪਾ ਤਿਲਮਿਲਾ ਉੱਠੀ ਹੈ ਅਤੇ ਇਨ੍ਹਾਂ ਸੋਚਾਂ ਵਿੱਚ ਗਲਤਾਨ ਸੀ ਕਿ ਕਿਵੇਂ ਹੋਂਦ 'ਚ ਆਇਆ ਗੱਠਜੋੜ ਤੋੜਿਆ ਜਾਂ ਕਮਜ਼ੋਰ ਕੀਤਾ ਜਾ ਸਕੇ, ਪਰ ਯਾਦ ਰੱਖਿਆ ਜਾਵੇ ਕਿ ਇਹ ਬਣਿਆ ਹੋਇਆ ਟੁੱਟੇਗਾ ਨਹੀਂ, ਬਲਕਿ ਭਾਜਪਾ ਦੀਆਂ ਵਧੀਕੀਆਂ ਕਰਕੇ ਸਭ ਕਮਜ਼ੋਰ ਗਰੁੱਪ ਵੀ ਇਸ ਮਹਾਂਜੋੜ ਨਾਲ ਜੁੜਦੇ ਰਹਿਣਗੇ।

ਸਿਆਣੇ ਆਖਦੇ ਹਨ ਕਿ ਸੰਗਲ ਉੱਥੋਂ ਟੁੱਟਦਾ ਹੈ, ਜਿੱਥੋਂ ਕੜੀ ਕਮਜ਼ੋਰ ਹੋਵੇ। ਇਹ ਕਮਜ਼ੋਰ ਕੜੀ ਭਾਜਪਾ ਨੂੰ ਅਜੀਤ ਪਵਾਰ ਲੱਗੀ, ਕਿਉਂਕਿ ਉਹ ਪਹਿਲਾਂ ਵੀ ਭਾਜਪਾ ਦੇ ਵਾੜੇ ਵਿੱਚ ਵੜ ਚੁੱਕਾ ਸੀ। ਤੁਹਾਨੂੰ ਯਾਦ ਹੋਵੇਗਾ 2019 'ਚ ਉਸ ਨੇ ਤੜਕੇ-ਤੜਕੇ ਡਿਪਟੀ ਉਪ ਮੁੱਖ ਮੰਤਰੀ ਦੀ ਸਹੁੰ ਚੁੱਕ ਲਈ ਸੀ। ਸਹੁੰ ਚੁੱਕਣ ਤੋਂ ਬਾਅਦ ਉਸ ਨੇ ਕੁਝ ਘੰਟਿਆਂ ਵਿੱਚ ਹੀ ਆਪਣੇ ਖ਼ਿਲਾਫ਼ ਬਣੇ ਹੋਏ ਮੁਕੱਦਮੇ ਵੀ ਵਾਪਸ ਕਰਵਾ ਲਏ ਸੀ, ਜਿਸ ਤੋਂ ਬਾਅਦ ਸ਼ਰਦ ਪਵਾਰ ਦੀ ਪਹਿਲੀ ਘੁਰਕੀ ਤੋਂ ਆਪਣੇ ਅਹੁਦੇ ਡਿਪਟੀ ਮੁੱਖ ਮੰਤਰੀ ਤੋਂ ਫਾਰਗ ਹੋ ਗਿਆ ਸੀ। ਉਪ ਮੁੱਖ ਮੰਤਰੀ ਦਾ ਉਸ ਦਾ ਸਭ ਤੋਂ ਘੱਟ ਸਮਾਂ ਸੀ। ਸ਼ਾਇਦ ਇਹ ਕੁੱਲ 18 ਘੰਟਿਆਂ ਦਾ ਸੀ।

ਚਾਚੇ ਤੋਂ ਬਗਾਵਤ ਕਰਨ ਲਈ ਭਾਜਪਾ ਨੇ ਹੀ ਇਹ ਆਖ ਕੇ ਉਕਸਾਇਆ ਕਿ ਭਾਜਪਾ ਵਿੱਚ ਤਾਂ 75 ਸਾਲ ਤੋਂ ਬਾਅਦ ਸਿਆਸਤ ਤੋਂ ਰਿਟਾਇਰ ਕਰ ਦਿੱਤਾ ਜਾਂਦਾ ਹੈ, ਇਸ ਕਰਕੇ ਉਨ੍ਹਾਂ ਅਡਵਾਨੀ ਤੱਕ ਉਦਾਹਰਨਾਂ ਦਿੱਤੀਆਂ ਅਤੇ ਕਿਹਾ ਕਿ ਤੇਰਾ ਚਾਚੂ ਤਾਂ 83 ਪਾਰ ਕਰਨ ਵਾਲਾ ਹੈ। ਹੋਰ ਕਿੰਨੀ ਉਡੀਕ ਕਰੋਗੇ? ਉੱਠੋ ਤੇ ਮੌਕਾ ਸੰਭਾਲੋ। ਫਿਰ ਕੀ ਸੀ, ਪਵਾਰ ਦੇ ਭੁੱਖੇ, ਦਾਗੀ, ਲਾਲਚਵੱਸ ਸਭ ਇਕੱਠੇ ਹੋ ਕੇ ਉਸ ਬਜ਼ੁਰਗ ਚਾਣਕਿਆ ਨੂੰ ਛੱਡ ਭਾਜਪਾ ਦੀ ਛਤਰੀ ਹੇਠ ਇਕੱਠੇ ਹੋ ਗਏ। ਉਨ੍ਹਾਂ ਵਿੱਚ ਉਹ ਵੀ ਸਨ, ਜਿਨ੍ਹਾਂ ਸ਼ਰਦ ਪਵਾਰ ਪਾਸੋਂ ਸਿਆਸਤ ਦਾ ਊੜਾ-ਐੜਾ ਸਿੱਖਿਆ ਸੀ। ਉਨ੍ਹਾਂ ਵਿੱਚ ਉਹ ਵਫਾਦਾਰ ਵੀ ਸਨ, ਜੋ ਸਬਜ਼ੀ ਵਿਕਰੇਤਾ ਤੋਂ ਹੁਣ ਵਾਲੀ ਪੁਜ਼ੀਸ਼ਨ ਤੱਕ ਪੁੱਜੇ ਸਨ। ਜਿਵੇਂ ਸਭ ਜਾਣਦੇ ਹਨ ਕਿ ਸਿਆਸਤ ਵਿੱਚ ਕੋਈ ਸਕਾ ਨਹੀਂ ਹੁੰਦਾ, ਸਭ ਮੌਕੇ ਦੀ ਭਾਲ ਵਿੱਚ ਹੁੰਦੇ ਹਨ। ਸਿਆਸਤ ਵਿੱਚ ਹੁੰਦੇ ਦਾ ਹਿੰਦੂ ਹੁੰਦਾ ਹੈ।

ਦਲਬਦਲੀ ਅਜੋਕੇ ਰੋਗਾਂ 'ਚੋਂ ਇੱਕ ਰੋਗ ਹੈ, ਜਿਸ ਦੇ ਘੇਰੇ ਵਿੱਚ ਸਭ ਸਿਆਸੀ ਪਾਰਟੀਆਂ ਸਮੇਂ-ਸਮੇਂ ਆ ਚੁੱਕੀਆਂ ਹਨ। ਅੰਦਰੋ-ਅੰਦਰੀ ਸਭ ਡਰੇ ਹੋਏ ਹਨ। ਪਿਛਲੇ ਦਿਨੀਂ ਜਿਹੜੀਆਂ ਅਜੀਤ ਪਵਾਰ ਗਰੁੱਪ ਅਤੇ ਸ਼ਰਦ ਪਵਾਰ ਗਰੁੱਪ ਦੀਆਂ ਮੁੰਬਈ ਵਿੱਚ ਦੋ ਮੀਟਿੰਗਾਂ ਜਾਂ ਇਕੱਠ ਹੋਏ ਹਨ, ਜਿਨ੍ਹਾਂ ਦੀ ਆਪਸੀ ਦੂਰੀ ਸਤਾਰਾਂ ਕਿਲੋਮੀਟਰ ਤੱਕ ਸੀ, ਨੇ ਸਾਬਤ ਕੀਤਾ ਕਿ ਚੁਣੇ ਹੋਏ ਮੈਂਬਰ ਗਿਣਤੀ ਵਿੱਚ ਅਜੀਤ ਪਵਾਰ ਵੱਲ ਹਨ, ਪਰ ਆਮ ਜਨਤਾ ਦਾ ਹੜ੍ਹ ਸ਼ਰਦ ਪਵਾਰ ਵੱਲ ਹੈ, ਜੋ ਆਪਣਾ ਰੰਗ ਆਉਣ ਵਾਲੀਆਂ ਚੋਣਾਂ 'ਚ ਦਿਖਾਉਣਗੇ।

ਅਜੀਤ ਪਵਾਰ ਨਾਲ ਟਪੂਸੀ ਮਾਰਨ ਵਾਲੇ ਜਿੰਨੇ ਇਸ ਵਕਤ ਖੁਸ਼ ਹਨ, ਓਨੇ ਮਾਯੂਸ ਸ਼ਿਵ ਸੈਨਾ 'ਚੋਂ ਨਿਕਲੇ ਮੁੱਖ ਮੰਤਰੀ ਅਤੇ ਭਾਜਪਾ ਦਾ ਇੱਕ ਹਿੱਸਾ ਹੈ। ਕਾਰਨ! ਉਹ ਸਮਝਦੇ ਹਨ ਕਿ ਜੇਕਰ ਸ਼ਿਵ ਸੈਨਿਕਾਂ 'ਚੋਂ ਨਿਕਲੇ ਫਰਨਾਡੀਜ਼ ਦੀ ਜਗ੍ਹਾ ਲੈ ਸਕਦਾ ਹੈ ਹੁਣ ਜਾਂ ਅਟਕ ਕੇ ਸ਼ਿੰਦੇ ਦੀ ਜਗ੍ਹਾ ਵੀ ਕੋਈ ਬਿਠਾਇਆ ਜਾ ਸਕਦਾ ਹੈ। ਇਸ ਕਰਕੇ ਮੂਲ ਦੇ ਵਿਧਾਇਕ ਜ਼ਖ਼ਮੀ ਸ਼ੇਰ ਸ਼ਰਦ ਪਵਾਰ ਤੋਂ ਵੀ ਡਰੇ ਹੋਏ ਹਨ। ਡਰ ਇਸ ਗੱਲ ਦਾ ਹੈ ਕਿ ਅਸਲੀ ਲੜਾਈ ਤਾਂ ਹੁਣ ਸ਼ੁਰੂ ਹੋਵੇਗੀ।

ਅਜੀਤ ਪਵਾਰ ਨੇ ਵੀ ਟਪੂਸੀ ਮਾਰਦਿਆਂ ਆਖਿਆ ਕਿ ਮੇਰੀ ਇਹ ਛਾਲ ਪੰਜਵੀਂ ਹੈ, ਜਦ-ਜਦ ਮੈਂ ਉਪ ਮੁੱਖ ਮੰਤਰੀ ਬਣਿਆ ਹਾਂ, ਹੁਣ ਤਾਂ ਸਰਕਾਰ ਦਾ ਹਿੱਸਾ ਹਾਂ, ਹੋਰ ਅੱਗੇ ਵਧਣਾ ਹੈ ਅਤੇ ਜਨਤਾ ਦੀ ਸੇਵਾ ਕਰਨੀ ਹੈ। ਭਾਵ ਮੁੱਖ ਮੰਤਰੀ ਦੀ ਕੁਰਸੀ ਤੱਕ ਪਹੁੰਚਣਾ ਹੈ। ਉਂਜ ਵੀ ਅਜੀਤ ਪਵਾਰ ਏਕਨਾਥ ਸ਼ਿੰਦੇ ਤੋਂ ਕਾਫ਼ੀ ਸੀਨੀਅਰ ਅਤੇ ਤਜਰਬੇਕਾਰ ਹਨ। ਦੋਵੇਂ ਹੀ ਆਪੋ-ਆਪਣੀਆਂ ਪਾਰਟੀਆਂ ਦੇ ਭਗੌੜੇ ਹਨ। ਉਂਜ ਵੀ ਭਾਜਪਾ ਲੀਡਰਸ਼ਿਪ ਸਮਝਦੀ ਹੈ ਕਿ ਏਕਨਾਥ ਸ਼ਿੰਦੇ ਠਾਕਰੇ ਦੇ ਮੁਕਾਬਲੇ ਕਮਜ਼ੋਰ ਸਾਬਤ ਹੋ ਰਿਹਾ ਹੈ। ਇਸ ਕਰਕੇ ਏਕਨਾਥ ਸ਼ਿੰਦੇ ਸਵੇਰੇ-ਸ਼ਾਮ ਵਫ਼ਾਦਾਰੀ ਦੀ ਮੁੜ-ਮੁੜ ਸਹੁੰ ਖਾ ਰਿਹਾ ਹੈ। ਉਹ ਇਸ ਕਰਕੇ ਡਰਿਆ ਹੋਇਆ ਹੈ ਕਿ ਅਜੀਤ ਪਵਾਰ ਆਉਣ ਕਰਕੇ ਭਾਜਪਾ ਪਾਸ ਬਦਲ ਮੌਜੂਦ ਹੈ।

ਉਧਰ ਮੁਕਾਬਲੇ 'ਚ ਟੱਕਰ ਦੇਣ ਲਈ ਜ਼ਖ਼ਮੀ ਚਾਣਕਿਆ ਨੇ ਹਰ ਸੰਭਾਵੀ ਅਦਾਲਤ ਅਤੇ ਏਜੰਸੀ ਵਿੱਚ ਅਗਾਊਂ ਕੇਵਿਏਟ ਪਾ ਦਿੱਤੀ ਹੈ ਤਾਂ ਕਿ ਕੋਈ ਅਦਾਲਤ ਜਾਂ ਸੰਬੰਧਤ ਅਦਾਰਾ ਇੱਕਤਰਫ਼ਾ ਕੇਸ ਨਾ ਸੁਣ ਸਕੇ। ਸੁਣਾਈ ਤੋਂ ਪਹਿਲਾਂ ਕੇਵਿਟਧਾਰੀ ਨੂੰ ਜ਼ਰੂਰੀ ਸੂਚਿਤ ਕਰਨ। ਅਜੀਤ ਪਵਾਰ ਨੇ ਉਸ ਸਮੇਂ ਤੋਂ ਕਪੁੱਤ ਬਣਨਾ ਸ਼ੁਰੂ ਕਰ ਦਿੱਤਾ, ਜਦ ਸ਼ਰਦ ਪਵਾਰ ਜੀ ਨੇ ਆਪਣੀ ਧੀ ਨੂੰ ਅੱਗੇ ਕੀਤਾ। ਫਿਰ ਕੀ ਸੀ, ਲਗਦੈ ਅਜੀਤ ਪਵਾਰ ਨਫ਼ਰਤ ਜ਼ੋਨ ਵਿੱਚ ਪ੍ਰਵੇਸ਼ ਕਰ ਗਿਆ। ਇਸ ਕਰਕੇ ਹੀ ਉਹ ਮੌਜੂਦਾ ਸਥਿਤੀ ਵਿੱਚ ਪਹੁੰਚਿਆ ਹੈ। ਉਸ ਦੀ ਆਖਰੀ ਇੱਛਾ ਮੁੱਖ ਮੰਤਰੀ ਦੀ ਖਾਹਿਸ਼ ਦੇ ਬਾਵਜੂਦ ਬੇਵਫ਼ਾਈ ਦੇ ਪੂਰੀ ਹੁੰਦੀ ਹੈ ਕਿ ਨਹੀਂ ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ।

ਪਰ ਅਜੇ ਤੱਕ ਤਾਂ ਅਜੀਤ ਪਵਾਰ ਨੇ ਮੱਛੀ ਫੜਨ ਵਾਲੀ ਕੁੰਡੀ ਦੇ ਅੱਗਿਓਂ ਗੰਡੋਆ ਹੀ ਮੂੰਹ 'ਚ ਪਾਇਆ ਹੈ। ਦੇਖੋ ਕੀ ਬਣੇਗਾ। ਜਦ ਕੁੰਡੀ ਸੁੱਟਣ ਵਾਲੇ ਤੁਣਕਾ ਮਾਰਨਗੇ, ਉਹ ਵੀ ਪੂਰੀ ਤਿਆਰੀ 'ਚ ਖੜੇ ਹਨ। ਆਖਰੀ ਖ਼ਬਰਾਂ ਤੱਕ ਜੋ ਈ ਡੀ ਨੇ ਅਜੀਤ ਪਵਾਰ ਦੀ ਪਤਨੀ ਸਮੇਤ ਬਾਕੀਆਂ ਖਿਲਾਫ ਸੰਬੰਧਤ ਅਦਾਲਤ 'ਚ ਕੇਸ ਕੀਤਾ ਸੀ, ਉਹ ਹੁਣ ਸੁਣਾਈ ਵਾਸਤੇ 19 ਜੁਲਾਈ ਨੂੰ ਲੱਗ ਗਿਆ ਹੈ ਅਤੇ ਦੋਸ਼ੀਆਂ ਨੂੰ ਹਾਜ਼ਰ ਹੋਣ ਲਈ ਬੁਲਾਇਆ ਗਿਆ ਹੈ। ਹੁਣ ਇਸ ਕੇਸ ਦੀ ਵਾਪਸੀ ਨਹੀਂ ਹੋ ਸਕਦੀ। ਸਿਰਫ ਤੇ ਸਿਰਫ ਕਮਜ਼ੋਰ ਪੈਰਵੀ ਨਾਲ ਬਰੀ ਕਰਵਾਏ ਜਾ ਸਕਦੇ ਹਨ। ਮੁੱਖ ਮੰਤਰੀ ਦੀ ਸਹੁੰ ਖਾਣ ਤੋਂ ਬਾਅਦ ਵੀ ਦੋਸ਼ੀਆਂ 'ਤੇ ਈ ਡੀ ਦੀ ਤਲਵਾਰ ਲਟਕਦੀ ਰਹੇਗੀ। ਅਜੀਤ ਪਵਾਰ ਦੇ ਮੁੱਖ ਮੰਤਰੀ ਬਣਦਿਆਂ ਹੀ ਸ਼ਿੰਦੇ ਜੁੰਡਲੀ ਅਲੱਗ ਹੋ ਜਾਵੇਗੀ ਤਦ ਭਾਜਪਾ ਨਾਲ 'ਬੁੜ੍ਹੀ ਮੋਈ ਤੇ ਕੁੜੀ ਹੋਈ' ਵਾਲੀ ਗੱਲ ਹੋਵੇਗੀ।

**ਸੰਪਰਕ : 98721-65741**

# ਝੂਠ ਦੇ ਉਸਰਦੇ ਪਹਾੜ 'ਚੋਂ ਸੱਚਾਈ ਭਾਲਦਾ ਆਮ ਬੰਦਾ

**ਲੋਕਾਂ ਦੀ ਗੱਲ**

**ਹਰਜਿੰਦਰ ਸਿੰਘ ਅਟਵਾਲ (ਡਾ.)**

ਆਪਣੇ ਘਰ ਤੋਂ ਲੈ ਕੇ ਸੰਸਾਰ ਪੱਧਰ 'ਤੇ ਹੋ, ਵਾਪਰ ਰਹੇ ਵਰਤਾਰਿਆਂ ਦੀ ਸਹੀ ਸੂਚਨਾ ਲੈਣ ਦਾ ਹਰ ਵਿਅਕਤੀ ਦਾ ਹੱਕ ਹੈ। ਇਹ ਸੂਚਨਾ ਉਸ ਤੱਕ ਪਹੁੰਚਾਉਣ ਵਾਲੇ ਮਾਧਿਅਮਾਂ ਪ੍ਰਿੰਟ ਅਤੇ ਬਿਜਲਈ ਤੋਂ ਇਲਾਵਾ ਵਰਤਮਾਨ ਵਿੱਚ ਸੋਸ਼ਲ ਮੀਡੀਆ ਨੇ ਆਪੋ-ਆਪਣੀ ਭੂਮਿਕਾ ਨਿਭਾਉਣੀ ਹੁੰਦੀ ਹੈ ਜਾਂ ਉਹਨਾਂ ਨੂੰ ਨਿਭਾਉਣੀ ਚਾਹੀਦੀ ਹੈ। ਹਮੇਸ਼ਾ ਅਜਿਹਾ ਨਹੀਂ ਹੁੰਦਾ। ਵਰਤਮਾਨ ਵਿੱਚ ਪ੍ਰਿੰਟ ਅਤੇ ਬਿਜਲਈ ਮਾਧਿਅਮ ਜਿਸ ਤਰ੍ਹਾਂ ਦੇ ਫਰਜ਼ੀ ਬਿਰਤਾਂਤ ਦਾ ਪਹਾੜ ਉਸਾਰਨ ਵਿੱਚ ਲੱਗੇ ਹੋਏ ਹਨ, ਉਸ ਨਾਲ ਉਸ ਆਮ ਬੰਦੇ ਦੀ ਹਾਲਤ ਬੜੀ ਸ਼ਸ਼ੋਪੰਜ ਵਾਲੀ ਬਣ ਜਾਂਦੀ ਹੈ ਕਿ ਉਹ, ਉਸ ਨੂੰ ਪਰੋਸੇ ਜਾ ਰਹੇ ਇੱਕ ਹੀ ਘਟਨਾਕ੍ਰਮ ਦੇ ਵੱਖੋ-ਵੱਖਰੇ ਬਿਰਤਾਂਤਾਂ ਵਿੱਚੋਂ ਕਿਸ 'ਤੇ ਯਕੀਨ ਕਰੇ। ਉਸ ਲਈ ਇਹ ਨਿਰਣਾ ਕਰਨਾ ਔਖਾ ਹੁੰਦਾ ਹੈ ਕਿ ਉਸ ਨੂੰ ਪਰੋਸਿਆ ਜਾ ਰਿਹਾ ਬਿਰਤਾਂਤ ਸੱਚ ਦੇ ਕਿੰਨੇ ਕੁ ਨੇੜੇ ਹੈ।

ਕੁਝ ਸਮਾਂ ਪਹਿਲਾਂ ਅਜਿਹਾ ਬਿਰਤਾਂਤ ਸਿਰਜਣਾ ਕਿਸੇ ਵੱਡੀ ਚੋਣ ਤੋਂ ਕੁਝ ਦੇਰ ਪਹਿਲਾਂ ਆਰੰਭ ਹੁੰਦਾ ਸੀ ਤੇ ਜਿੰਨੀ ਤੇਜ਼ੀ ਨਾਲ ਕੋਈ ਦਲ ਜਾਂ ਵਿਅਕਤੀ ਆਪਣੇ ਸਿਰਜੇ ਹੋਏ ਬਿਰਤਾਂਤ (ਬਹੁਤ ਵਾਰੀ ਝੂਠ) ਦਾ ਪਹਾੜ ਖੜਾ ਕਰ ਲੈਂਦਾ ਸੀ, ਭੋਲੀ-ਭਾਲੀ ਜਨਤਾ ਉਸ 'ਤੇ ਯਕੀਨ ਕਰਕੇ ਉਸ/ਉਹਨਾ ਦੇ ਝੂਠ ਨੂੰ ਸੱਚ ਜਾਣ/ਮੰਨ ਕੇ ਉਨ੍ਹਾਂ ਦੇ ਪਿੱਛੇ ਹੋ ਤੁਰਦੀ ਸੀ ਅਤੇ ਬਹੁਤੀ ਵਾਰੀ ਉਹਨਾਂ ਨੂੰ ਜੇਤੂ ਬਣਾ ਦਿੰਦੀ ਸੀ। ਵੀਹਵੀਂ ਸਦੀ ਦੇ ਛੇਵੇਂ-ਸੱਤਵੇਂ ਦਹਾਕੇ ਤੋਂ ਇਹ ਕੁਝ ਉਸਰਦਾ ਅਸੀਂ ਦੇਖਦੇ ਆ ਰਹੇ ਹਾਂ। ਭਾਵੇਂ ਪੰਜ ਜਾਂ ਦਸ ਸਾਲ ਬਾਅਦ ਉਸ ਝੂਠ ਦਾ ਮੁਲੰਮਾ ਉੱਤਰ ਜਾਂਦਾ ਸੀ ਤੇ ਲੋਕ ਕਿਸੇ ਦੂਸਰੇ ਵੱਲੋਂ ਉਸਾਰੇ ਝੂਠ ਦੇ ਪਹਾੜ 'ਤੇ ਯਕੀਨ ਕਰ ਬੈਠਦੇ ਸਨ, ਪਰ ਅਜੋਕੇ ਯੁੱਗ ਵਿੱਚ ਸੂਚਨਾ ਕ੍ਰਾਂਤੀ ਦੀ ਚਾਲ ਏਡੀ ਤੇਜ਼ ਹੋ ਗਈ ਹੈ ਕਿ ਆਮ ਬੰਦੇ ਨੂੰ ਸੋਚਣ ਤੱਕ ਦਾ ਮੌਕਾ ਹੀ ਨਹੀਂ ਮਿਲ ਰਿਹਾ ਕਿ ਉਹ ਤੈਅ ਕਰ ਸਕੇ ਕਿ ਪੇਸ਼ ਹੋ ਰਿਹਾ ਬਿਰਤਾਂਤ ਸੱਚ ਦੇ ਕਿੰਨਾ ਕੁ ਨੇੜੇ ਹੈ?

ਬਿਜਲਈ ਮਾਧਿਅਮਾਂ ਰਾਹੀਂ ਆ ਰਹੀ ਸੂਚਨਾ ਦੇ ਬਿਰਤਾਂਤ ਦੀ ਪੇਸ਼ਕਾਰੀ ਇਸ 'ਗਲੈਮਰਸ' ਢੰਗ ਨਾਲ ਹੋ ਰਹੀ ਹੈ ਕਿ ਕੋਈ ਦੌੜ-ਦੌੜ ਕੇ ਖਬਰਾਂ ਸਮਝਾ ਰਿਹਾ ਹੈ, ਕੋਈ ਕਿਲ੍ਹ-ਕਿਲ੍ਹ ਕੇ, ਕੋਈ ਹੋਰ ਚੀਕ-ਚੀਕ ਕੇ। ਸ਼ਾਇਦ ਇਸ ਸਾਰੇ ਪਿੱਛੇ ਉਹਨਾ ਦਾ ਮਨੋਰਥ ਇਹ ਹੋਵੇ ਕਿ ਇਹਨਾਂ ਢੰਗ-ਤਰੀਕਿਆਂ ਨਾਲ ਆਪਣੀ ਮਨ-ਮਰਜ਼ੀ ਦੇ ਸਿਰਜੇ ਬਿਰਤਾਂਤ ਤੇ ਦਰਸ਼ਕ/ਸਰੋਤੇ ਸੁਆਲ ਨਹੀਂ ਖੜਾ ਕਰਦੇ। ਵਿਡੰਬਨਾ ਇਹ ਹੈ ਕਿ ਬਹੁਤੀ ਵਾਰ ਅਜਿਹਾ ਹੁੰਦਾ ਦੇਖਣ 'ਚ ਆ ਰਿਹਾ ਹੈ ਕਿ ਕਿਸੇ ਇੱਕ ਜਾਂ ਇੱਕ ਤੋਂ ਵਧੇਰੇ ਚੈਨਲਾਂ ਵੱਲੋਂ ਉਸਾਰਿਆ ਜਾ ਰਿਹਾ ਝੂਠ ਦਾ ਬਿਰਤਾਂਤ ਆਮ ਬੰਦਾ ਸੱਚ ਮੰਨਣ ਲਈ ਮਜਬੂਰ ਹੁੰਦਾ ਨਜ਼ਰ ਆਉਂਦਾ ਹੈ। ਕੋਈ ਹਸਾਸ ਵਿਅਕਤੀ ਇਸ ਸਾਰੇ ਕੁਝ ਤੋਂ ਖਿਝਿਆ ਹੋਇਆ ਅਜਿਹੇ ਚੈਨਲ ਦੇਖਣੇ ਬੰਦ ਕਰਦਾ ਹੈ ਤਾਂ ਕਿ ਉਹ ਸਕੂਨ ਨਾਲ ਸਾਹ ਤਾਂ ਲੈ ਸਕੇ।

ਉਸ ਦਾ ਅਗਲਾ ਰੁਖ 'ਪ੍ਰਿੰਟ ਮੀਡੀਆ' ਵੱਲ ਹੁੰਦਾ ਹੈ। ਅਖਬਾਰਾਂ ਇਸ ਦਾ ਮੁੱਖ ਸਾਧਨ ਹਨ, ਪਰ ਜਦੋਂ ਅਸੀਂ ਇੱਕ ਹੀ ਖਬਰ ਵੱਖ-ਵੱਖ ਅਖਬਾਰਾਂ ਵਿੱਚ ਅਲੱਗ-ਅਲੱਗ ਜ਼ਾਵੀਏ ਤੋਂ ਪ੍ਰਕਾਸ਼ਤ ਹੋਈ ਪੜ੍ਹਦੇ ਹਾਂ ਤਾਂ ਪਹਿਲਾਂ ਵਰਗੀ ਘੋਰ ਨਿਰਾਸ਼ਾ ਹੀ ਪੱਲੇ ਪੈਂਦੀ ਹੈ। ਹਰ ਅਖਬਾਰ ਖਬਰਾਂ ਦੇਣ ਸਮੇਂ ਖਬਰਾਂ ਵਿਚਲੀ ਸੱਚਾਈ ਨੂੰ ਪੇਸ਼ ਕਰਨਾ ਆਪਣਾ ਮਨੋਰਥ ਨਹੀਂ ਬਣਾ ਰਹੀ, ਸਗੋਂ ਅਖਬਾਰ ਲਗਾਤਾਰ ਚੱਲਦੀ ਰੱਖਣ (ਉਹ ਵੀ ਬਿਨਾਂ ਕਿਸੇ ਦਬਾਅ, ਡਰ, ਭੈਅ ਆਦਿ ਤੋਂ) ਲਈ ਮੀਣੇ ਬਲਦ ਬਣ ਕੇ ਵਗਦੇ ਜਾ ਰਹੇ ਹਨ। ਲੱਗਭੱਗ ਇਹੀ ਹਾਲ ਸੰਪਾਦਕੀ ਦਾ ਵੀ ਹੋ ਰਿਹਾ ਹੈ, ਕੋਈ ਵਿਰਲਾ-ਟਾਂਵਾਂ ਸੰਪਾਦਕ ਹੀ ਆਪਣੇ ਸੰਪਾਦਕੀ ਫਰਜ਼ ਸਹੀ-ਮਾਅਨਿਆਂ ਵਿੱਚ ਨਿਭਾਅ ਰਿਹਾ ਹੈ। ਕਿਸੇ ਖਾਸ ਰਾਜਨੀਤਕ ਪਾਰਟੀ ਦੀ ਖਬਰ ਕਿਸੇ ਇੱਕ ਅਖਬਾਰ ਵਿੱਚੋਂ ਗਾਇਬ ਹੋਣੀ, ਉਸੇ ਹੀ ਪਾਰਟੀ ਦੇ ਵਿਰੋਧ ਦੀ ਖਬਰ ਦਾ ਮੁੱਖ ਸੁਰਖੀ ਬਣਨਾ, ਉਸ ਦੀ ਪਾਰਟੀ ਦੀ ਉਹੀ ਖਬਰ ਜੋ ਪਹਿਲੀ ਅਖਬਾਰ ਵਿੱਚ ਗਾਇਬ ਹੁੰਦੀ ਹੈ, ਉਹ ਕਿਸੇ ਹੋਰ ਅਖਬਾਰ ਦੀ ਸੁਰਖੀ ਬਣਨਾ ਤੇ ਪਹਿਲੀ ਦੀ ਸੁਰਖੀ ਕਿਸੇ ਦੂਜੀ ਅਖਬਾਰ 'ਚੋਂ ਗਾਇਬ ਹੁੰਦੀ ਹੈ। ਆਮ ਬੰਦੇ ਨੂੰ ਸਹੀ ਸੂਚਨਾ ਦੇਣ ਦੀ ਭੂਮਿਕਾ ਬਹੁਤ ਘੱਟ ਅਖਬਾਰਾਂ ਨਿਭਾਅ ਰਹੀਆਂ ਹਨ, ਜਿਸ ਨਾਲ ਆਮ ਬੰਦਾ ਫਿਰ ਠਗਿਆ, ਠਗਿਆ ਮਹਿਸੂਸ ਕਰ ਰਿਹਾ ਹੈ।

ਸੋਸ਼ਲ ਮੀਡੀਆ ਉੱਪਰ ਜਾ ਕੇ ਉਹ ਬੰਦਾ ਹੋਰ ਵੀ ਭੰਬਲ-ਭੂਸੇ ਦੀ ਸਥਿਤੀ ਵਿੱਚ ਪਹੁੰਚ ਜਾਂਦਾ ਹੈ। ਇਸ ਮਾਧਿਅਮ ਉੱਪਰ ਵੀ, ਉਪਰਲੇ ਦੋਨਾਂ ਮਾਧਿਅਮਾਂ ਵਾਂਗ ਯਕੀਨ ਨਹੀਂ ਕੀਤਾ ਜਾ ਸਕਦਾ, ਕਿਉਂ ਜੋ ਉਸ ਵਿੱਚ ਖਬਰ ਅਤੇ ਖਬਰ ਦੀ ਤਸਦੀਕ ਕਰਨ ਹਿੱਤ ਪੇਸ਼ ਹੋ ਰਹੀਆਂ ਤਸਵੀਰਾਂ ਆਦਿ ਦੀ ਪ੍ਰਮਾਣਿਕਤਾ ਤਾਂ ਨਾ ਹੋਣ ਦੇ ਹੀ ਬਰਾਬਰ ਰਹਿੰਦੀ ਹੈ। ਇਹ ਮਾਧਿਅਮ ਅਸਲ ਵਿੱਚ ਆਮ ਬੰਦਿਆਂ ਨੂੰ ਭਾਵਨਾਤਮਕ/ ਸਮਾਜਿਕ/ ਰਾਜਨੀਤਕ/ ਆਰਥਿਕ ਤੌਰ 'ਤੇ ਠੱਗਣ ਦਾ ਬਹੁਤ ਵੱਡਾ ਸਾਧਨ ਬਣ ਰਿਹਾ ਹੈ। ਸਥਿਤੀ ਛੋਟੇ ਹੁੰਦਿਆਂ ਪੜ੍ਹੀ/ਸੁਣੀ ਉਹਨਾਂ ਤਿੰਨ ਠੱਗਾਂ ਦੀ ਕਹਾਣੀ ਵਰਗੀ ਬਣਦੀ ਹੋਈ ਨਜ਼ਰ ਆਉਂਦੀ ਹੈ, ਜੋ ਥੋੜ੍ਹੀ-ਥੋੜ੍ਹੀ ਵਿੱਥ 'ਤੇ ਖੜੇ ਹੋ ਜਾਂਦੇ ਹਨ। ਇੱਕ ਆਮ ਬੰਦਾ ਬੱਕਰੀ ਦਾ ਲੇਲਾ ਚੁੱਕੀ ਘਰ ਨੂੰ ਜਾ ਰਿਹਾ ਹੈ, ਉਹ ਤਿੰਨੇ ਉਸ ਲੇਲੇ ਨੂੰ 'ਕੁੱਤਾ' ਸਿੱਧ ਕਰਨ ਲਈ ਕਾਮਯਾਬ ਹੋ ਜਾਂਦੇ ਹਨ, ਉਹ ਠੱਗਿਆ ਹੋਇਆ ਆਮ ਬੰਦਾ ਅੱਜ ਵੀ ਬਹੁਤੀ ਵਾਰ ਠਗਿਆ ਹੋਇਆ ਮਹਿਸੂਸ ਕਰਦਾ ਹੈ। ਜਦ ਤੱਕ ਉਸ ਨੂੰ ਠੱਗਾਂ ਦੀ ਠੱਗੀ ਦਾ ਅਹਿਸਾਸ ਹੁੰਦਾ ਹੈ, ਤਦ ਤੱਕ 'ਚਿੜੀਆਂ ਖੇਤ ਚੁਗ' ਚੁੱਕੀਆਂ ਹੁੰਦੀਆਂ ਹਨ।

**ਸੰਪਰਕ : 98721-73475**

# ਸ਼ਾਂਤੀ ਤੋਂ ਇਲਾਵਾ ਕੋਈ ਬਦਲ ਨਹੀਂ

**ਜ਼ਿੰਦਗੀ ਵੱਲ ਖੁੱਲ੍ਹਦੀ ਖਿੜਕੀ**

**ਡਾ. ਸ਼ਿਆਮ ਸੁੰਦਰ ਦੀਪਤੀ**

ਸਪੈਕਟਰਮ-ਅੰਮ੍ਰਿਤਸਰ ਵਿਚ ਬਨਣ ਜਾ ਰਹੀ ਇਕ ਨਵੀਂ ਸਵੈ-ਸੇਵੀ ਸੰਸਥਾ (ਐੱਨ.ਜੀ.ਓ.) ਗੈਰ-ਸਰਕਾਰੀ ਸੰਸਥਾ ਦੀ ਮੀਟਿੰਗ ਸੀ। 'ਭਾਰਤ ਗਿਆਨ ਵਿਗਿਆਨ ਸੰਮਤੀ' ਦੇ ਜ਼ਰੀਏ ਜਾਣ-ਪਛਾਣ ਹੋਈ ਤੇ ਹੁਣ ਮਾਰਕਫੈੱਡ ਦੇ ਮੈਨੇਜਰ ਬਣ ਕੇ ਪਹੁੰਚੇ ਤੇ ਇਕ ਐੱਨ.ਜੀ.ਓ. ਬਣਾਉਣ ਦਾ ਫੁਰਨਾ ਫੁਰਿਆ। ਸੰਸਥਾ ਨੂੰ ਰਜਿਸਟਰਡ ਵੀ ਕਰਵਾਉਣਾ ਸੀ ਤਾਂ ਉਸ ਦੀ ਸ਼ਰਤ ਸੀ ਕਿ ਹੋਰ ਲੋੜੀਂਦੇ ਕਾਗਜ਼ਾਂ ਨਾਲ ਸੰਸਥਾ ਦਾ ਸੰਵਿਧਾਨ ਵੀ ਹੋਵੇ, ਭਾਵ ਕਿ ਟੀਚੇ ਕੀ ਹਨ, ਕੰਮ-ਕਾਜ ਦਾ ਤਰੀਕਾ ਕੀ ਹੋਵੇਗਾ ਵਗੈਰਾ-ਵਗੈਰਾ।

ਮੀਟਿੰਗ ਦੌਰਾਨ ਸੰਸਥਾ ਦੇ ਗਠਨ ਦੀ ਸੋਚ ਲੈ ਕੇ ਬੈਠੇ ਸ. ਕੇ.ਐੱਸ. ਗੁਰਾਇਆ, ਜਿਨ੍ਹਾਂ ਦੇ ਮਨ ਵਿਚ 'ਸਪੈਕਟਰਮ' ਦੇ ਅੰਗਰੇਜ਼ੀ ਅੱਖਰਾਂ ਨੂੰ ਟੀਚੇ ਦੇ ਰੂਪ ਵਿਚ ਪੇਸ਼ ਕਰਨਾ ਸ਼ੁਰੂ ਕੀਤਾ। ਐੱਸ ਤੋਂ ਸੈਕੂਲਰ, ਪੀ ਤੋਂ ਪੈਟਰੀਆਟ, ਈ ਤੋਂ ਐਜੂਕੇਸ਼ਨ, ਸੀ ਤੋਂ... ਆਦਿ-ਆਦਿ।

ਇਸ ਤਰ੍ਹਾਂ ਚਰਚਾ ਚੱਲਦਿਆਂ ਸ਼ਹਿਰ ਦੇ ਸੀਨੀਅਰ ਸਮਾਜਿਕ ਕਾਰਕੁੰਨ, ਆਜ਼ਾਦੀ ਘੁਲਾਟੀਏ ਅਤੇ ਨਹਿਰੀ ਵਿਭਾਗ ਤੋਂ ਚੀਫ਼ ਇੰਜੀਨੀਅਰ ਦੇ ਅਹੁਦੇ ਤੋਂ ਰਿਟਾਇਰ ਇੰ. ਪ੍ਰਤਾਪ ਸਿੰਘ ਨੇ ਗੱਲ ਕਰਦਿਆਂ ਕਿਹਾ, "ਮੈਨੂੰ ਇਨ੍ਹਾਂ ਟੀਚਿਆਂ ਵਿੱਚੋਂ ਪੀ ਤੋਂ ਪੈਟਰੀਆਟ ਠੀਕ ਨਹੀਂ ਲੱਗਦਾ। ਪੈਟਰੀਆਟ ਮਤਲਬ ਦੇਸ਼ ਭਗਤੀ। ਮੈਨੂੰ ਇਸ 'ਤੇ ਇਤਰਾਜ਼ ਇਸ ਲਈ ਹੈ ਕਿ ਮੈਨੂੰ ਭਾਰਤ ਦੇਸ਼ ਨਾਲ ਪਿਆਰ ਹੈ, ਮੇਰੀ ਇਸ ਦੇਸ਼ ਪ੍ਰਤੀ ਭਗਤੀ ਹੈ, ਇਸੇ ਤਰ੍ਹਾਂ ਪਾਕਿਸਤਾਨ ਦੇ ਆਵਾਮ ਦੀ ਦੇਸ਼ਭਗਤੀ ਆਪਣੇ ਮੁਲਕ ਲਈ ਹੈ। ਇਸ ਤਰੀਕੇ ਨਾਲ ਸੋਚੋ ਤਾਂ ਦੋਹੇਂ ਆਪਣੀ ਦੇਸ਼ ਭਗਤੀ ਨਿਭਾਉਂਦੇ ਪਤਾ ਨਹੀਂ ਕਦੋਂ ਇਕ-ਦੂਸਰੇ ਦੀਆਂ ਅੱਖਾਂ ਕੱਢਣ ਲਈ ਤਿਆਰ ਹੋ ਜਾਂਦੇ ਹਨ। ਇਕ ਸਿਰ ਦੇ ਬਦਲੇ ਦਸ।"

ਗੱਲ ਸਹੀ ਕਹੀ ਇੰਜੀਨੀਅਰ ਸਾਹਬ ਨੇ। ਇਹ ਇਸ ਕਰਕੇ ਜ਼ਿਆਦਾ ਵੱਖਰੀ ਅਤੇ ਹੈਰਾਨੀ ਵਾਲੀ ਲਗਦੀ ਹੈ ਕਿ ਪਾਕਿਸਤਾਨ ਦੀ ਹੱਦ ਅੰਮ੍ਰਿਤਸਰ ਤੋਂ ਤੀਹ ਕਿਲੋਮੀਟਰ ਵੀ ਨਹੀਂ ਤੇ ਪਾਕਿਸਤਾਨ ਦਾ ਅਹਿਮ ਸ਼ਹਿਰ ਲਾਹੌਰ, ਜਲੰਧਰ ਤੋਂ ਵੀ ਨੇੜੇ ਹੈ। ਬਾਰਡਰ 'ਤੇ ਖੜਿਆਂ ਲਾਹੌਰ ਸਾਫ਼ ਦਿਸਦਾ ਹੈ। ਦੂਸਰੇ ਪਾਸੇ ਖੇਤੀ ਕਰਦੇ ਕਿਸਾਨ ਅਤੇ ਬਾਰਡਰ ਦੀ ਰਾਖੀ ਲਈ ਤੈਨਾਤ ਨੌਜਵਾਨ ਸਿਪਾਹੀ ਆਪਣੇ ਵਰਗੇ ਜੁਸੇ ਦੇ ਲੱਗਦੇ ਹਨ, ਪੰਜਾਬ ਹੀ ਹੈ ਉਹ। ਸੱਭਿਆਚਾਰਕ ਸਾਂਝ ਦੁਨੀਆ ਵਿਚ ਸਭ ਤੋਂ ਪੱਕੀ ਸਾਂਝ ਹੁੰਦੀ ਹੈ। ਤੁਹਾਡੀ ਬੋਲੀ ਉਸ ਵਿਚ ਇਕ ਸਭ ਤੋਂ ਤਾਕਤਵਰ ਜ਼ਰੀਆ ਹੈ, ਜਿਸ ਰਾਹੀਂ ਹਰ ਕੋਈ ਆਪਣੇ ਦਿਲ ਦੀ ਗੱਲ ਪ੍ਰਗਟਾਉਂਦਾ ਹੈ।

ਵੈਸੇ ਵੀ ਬਹੁਤੇ ਪੰਜਾਬੀਆਂ ਦਾ ਪਾਕਿਸਤਾਨ ਨਾਲ ਸਿੱਧਾ ਰਿਸ਼ਤਾ ਹੈ, ਉਥੋਂ ਉੱਜੜ ਕੇ ਆਉਣ ਦਾ। ਉੱਥੋਂ ਦੀ ਮਿੱਟੀ ਛੱਡ ਕੇ ਆਉਣ ਦੇ ਹੇਰਵੇ ਵਾਲਾ ਰਿਸ਼ਤਾ। ਡਾ. ਹਰਦੇਵ ਸਿੰਘ ਵਿਰਕ ਵਿਗਿਆਨੀ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਫਿਜ਼ਿਕਸ ਵਿਭਾਗ ਦੇ ਮੁਖੀ ਰਹੇ, ਸਬੱਬੀਂ ਮੇਰੀ ਜਾਣ-ਪਛਾਣ ਦੇ ਘੇਰੇ ਵਿਚ ਆਏ। ਵੈਨਕੂਵਰ ਰਹਿੰਦੇ ਨੇ ਅੱਜ-ਕੱਲ੍ਹ। ਮੈਨੂੰ ਕਹਿੰਦੇ, "ਤੁਸੀਂ ਪਾਕਿਸਤਾਨ ਦੇ ਬਹਾਵਲਪੁਰ ਇਲਾਕੇ ਤੋਂ ਹੋ।" ਮੈਂ ਹੈਰਾਨ ਹੋ ਕੇ ਪੁੱਛਿਆ, "ਤੁਹਾਨੂੰ ਕਿਵੇਂ ਪਤਾ ਚਲਿਆ?" ਕਹਿੰਦੇ "ਤੇਰਾ ਜਨਮ ਸਥਾਨ ਅਬੋਹਰ ਹੈ ਨਾ, ਅਬੋਹਰ-ਫਾਜ਼ਿਲਕਾ ਵਿਚ ਵੱਸੇ ਬਹੁਤੇ ਬਹਾਵਲਪੁਰ-ਮੁਲਤਾਨ ਤੋਂ ਨੇ। ਬਾਰਡਰ ਦੇ ਨੇੜੇ ਹੀ ਵਸ ਗਏ।" ਅੰਮ੍ਰਿਤਸਰ ਦੇ ਬਹੁਤੇ ਲੋਕਾਂ ਬਾਰੇ ਵੀ ਇਹੀ ਸੱਚ ਹੈ। ਸਾਡਾ ਪੰਜਾਬੀਆਂ ਦਾ, ਮੈਂ ਆਪਣੇ ਬਾਰੇ ਕਹਾਂ ਤਾਂ ਪਾਕਿਸਤਾਨ ਨਾਲ ਬਹੁ-ਪਰਤੀ ਰਿਸ਼ਤਾ ਹੈ। ਪੰਜਾਬੀ ਬੋਲੀ ਕਰਕੇ, ਖਾਣ-ਪਾਣ, ਪਹਿਰਾਵੇ ਕਰਕੇ, ਗੀਤਾਂ-ਬੋਲੀਆਂ, ਤਿਉਹਾਰਾਂ ਨੂੰ ਲੈ ਕੇ, ਸਾਡੇ ਵੱਡੇ-ਵਡੇਰਿਆਂ ਦੀ ਜਨਮ ਭੋਇ ਕਰਕੇ, ਸਾਡੀਆਂ ਜੜ੍ਹਾਂ ਕਰਕੇ।

ਇੰਜੀਨੀਅਰ ਸਾਹਬ ਨੇ ਚਰਚਾ ਦੇ ਚੱਲਦੇ ਫਿਰ ਗੱਲ ਕਹੀ ਕਿ "ਜੇਕਰ ਪੀ ਤੋਂ ਹੀ ਲਫ਼ਜ਼, ਕੋਈ ਟੀਚਾ ਮਿੱਥਣਾ ਹੈ ਤਾਂ ਉਹ ਰੱਖੋ ਪੀ ਫਾਰ ਪੀਸ। ਸ਼ਾਂਤੀ! ਸ਼ਾਂਤੀ ਹੀ ਇਕੋ-ਇਕ ਬਦਲ ਹੈ। ਉਂਜ ਵੀ ਸਿਰਫ਼ ਹਿੰਦੁਸਤਾਨ-ਪਾਕਿਸਤਾਨ ਦੇ ਬਾਰਡਰਾਂ ਦੀ ਗੱਲ ਨਹੀਂ, ਪੂਰੇ ਵਿਸ਼ਵ ਦੀ ਗੱਲ ਹੈ।" ਭਾਵਨਾ ਤਾਂ ਇਹੀ ਸੁਖਦ ਹੈ ਕਿ ਬਾਰਡਰ ਲੇਸ ਦੁਨੀਆ ਹੋਵੇ ਭਾਵੇਂ ਹੈ ਵੀ ਕਈਆਂ ਲਈ, ਗਲੋਬਲ ਵਿਲੇਜ਼ ਕਿਹਾ ਜਾਂਦਾ ਹੈ। ਪਿੰਡ ਹੈ ਦੁਨੀਆ, ਜਿੱਥੇ ਮਰਜ਼ੀ ਰਹਿ ਲੈਣ।

ਇੰਜੀਨੀਅਰ ਪ੍ਰਤਾਪ ਸਿੰਘ ਦੀ ਪਰਵਰਿਸ਼ ਕਲਕੱਤਾ ਵਿਚ ਹੋਈ ਤੇ ਸਮਾਂ ਸੀ ਅੰਗਰੇਜ਼ੀ ਹਕੂਮਤ ਦੇ ਖਿਲਾਫ਼ ਆਜ਼ਾਦੀ ਲਹਿਰ ਦਾ। ਉਨ੍ਹਾਂ ਦੇ ਦਿਮਾਗ ਵਿਚ ਆਜ਼ਾਦ ਭਾਰਤ ਦੀ ਤਸਵੀਰ ਸੀ। ਉਨ੍ਹਾਂ ਨੇ ਆਜ਼ਾਦੀ ਟੀਚਿਆਂ ਬਾਰੇ, ਆਜ਼ਾਦੀ ਬਾਰੇ ਘਰੇ ਸੁਣਿਆ ਸੀ ਤੇ ਖੁਦ ਭਾਗੀਦਾਰ ਵੀ ਰਹੇ।

ਜਦੋਂ ਮੇਰੇ ਨਾਲ ਮੁਲਾਕਾਤ ਹੋਈ ਤਾਂ ਇਕ ਦਿਨ ਮੇਰੇ ਵਿਭਾਗ ਵਿਚ ਮੈਡੀਕਲ ਕਾਲਜ ਆ ਗਏ। ਚਾਹ ਪੀਂਦਿਆਂ ਗੱਲਾਂ ਕਰਦੇ, ਆਪਣੇ ਫ਼ਿਕਰ ਜ਼ਾਹਿਰ ਕੀਤੇ, ਉਨ੍ਹਾਂ ਨੇ 'ਅੰਮ੍ਰਿਤਸਰ ਵਿਚਾਰ ਮੰਚ' ਦੇ ਗਠਨ ਨੂੰ ਲੈ ਕੇ ਗੱਲ ਕੀਤੀ। ਮਕਸਦ ਸੀ, ਮਹੀਨੇ ਵਿਚ ਇਕ ਦਿਨ, ਨਿਰਧਾਰਤ ਸਮਾਂ, ਸ਼ਹਿਰ ਦੇ ਬੁੱਧੀਜੀਵੀ, ਫ਼ਿਕਰਮੰਦ ਲੋਕ ਜੁੜ ਬੈਠਣ। ਉਨ੍ਹਾਂ ਨੇ ਆਪਣੇ ਰਾਣੀ ਦਾ ਬਾਗ ਬਣਾਏ ਘਰ ਵਿਚ ਪੱਚੀ-ਤੀਹ ਕੁਰਸੀਆਂ ਮੰਗਵਾਈਆਂ। ਬਹੁਤ ਹੀ ਸਧਾਰਨ ਜਿਹਾ ਬੰਦੋਬਸਤ, ਮੁੱਖ ਦਰਵਾਜ਼ਾ ਖੁੱਲ੍ਹਾ ਹੁੰਦਾ, ਫਿਰ ਘਰ ਦੇ ਦਰਵਾਜ਼ੇ ਤੋਂ ਦਾਖਲ ਹੋ ਪੌੜੀਆਂ ਚੜ੍ਹਦੇ। ਬੈਠਦੇ, ਗੱਲਾਂ ਕਰਦੇ। ਕਿਸੇ ਵਿਸ਼ੇ ਨੂੰ ਲੈ ਕੇ ਕੋਈ ਮਾਹਿਰ ਸੱਦ ਲੈਂਦੇ ਜਾਂ ਕਿਸੇ ਮਾਹਿਰ ਨੂੰ ਵਿਸ਼ਾ ਦੇ ਕੇ ਬੋਲਣ ਲਈ ਕਹਿੰਦੇ। ਨਹੀਂ ਤਾਂ ਦੇਸ਼, ਰਾਜ ਦੇ ਮੌਜੂਦਾ ਹਾਲਾਤ ਤੇ ਆਪੋ ਆਪਣੀ ਰਾਏ, ਵਿਚਾਰ ਰੱਖਦੇ। ਸਧਾਰਨ ਚਾਹ ਦਾ ਕੱਪ ਆ ਜਾਂਦਾ, ਗੁਲੂਕੋਸ਼ ਦੇ ਬਿਸਕੁਟਾਂ ਨਾਲ।

ਮੈਨੂੰ ਮਿਲ ਕੇ ਜਦੋਂ ਜਾਣ ਲੱਗੇ ਤਾਂ ਮੈਂ ਬਾਹਰ ਛੱਡਣ ਆਇਆ। ਵਿਭਾਗ ਦੀ ਕੰਧ ਨਾਲ ਲੱਗੇ ਸਾਈਕਲ ਵੱਲ ਹੋਏ ਤੇ ਉਥੋਂ ਚੁੱਕ ਕੇ ਉਸ 'ਤੇ ਚੜ੍ਹ ਗਏ। ਇੰਜੀਨੀਅਰ ਸਾਹਬ ਦੇ ਪੁੱਤ-ਨੂੰਹ ਡਾਕਟਰ ਹਨ, ਹਸਪਤਾਲ ਚਲਾਉਂਦੇ ਹਨ, ਆਪ ਵੀ ਪੈਨਸ਼ਨਰ ਹਨ, ਪਰ ਸਵਾਲ ਸਾਦਗੀ ਦਾ ਹੈ ਤੇ ਉਸ ਤੋਂ ਵੱਧ ਫ਼ਿਕਰਮੰਦੀ ਦਾ ਹੈ। ਹਰ ਵੇਲੇ ਫ਼ਿਕਰ ਹਰ ਵੇਲੇ ਚਿੱਤ ਕਬੀਰ।

ਸਵਾਲ ਸੀ 'ਸਪੈਕਟਰਮ' ਜਥੇਬੰਦੀ ਦਾ। ਉਸ ਦੇ ਟੀਚਿਆਂ 'ਤੇ ਜੋ ਚੀਜ਼ ਮੈਂ ਅਕਸਰ ਸੋਚਦਾ ਰਿਹਾ ਹਾਂ ਜਾਂ ਜਿੱਥੇ ਕਿਤੇ ਮੌਕਾ ਮਿਲੇ, ਬੋਲਦਾ ਰਿਹਾ ਹਾਂ, ਉਹ ਹੈ ਪੀ.ਫ਼ਾਰ ਪੀਸ। ਸ਼ਾਂਤੀ! ਮੈਨੂੰ ਤਾਂ ਇਸ ਅਖਾਣ ਤੋਂ ਵੀ ਚਿੜ ਹੈ ਜਾਂ ਕਹਾਂ ਕਿ ਇਸ ਵਿਚ ਸਰਮਾਏਦਾਰੀ ਸਾਜ਼ਿਸ਼ ਦੀ ਬੂਅ ਆਉਂਦੀ ਹੈ ਕਿ 'ਜੇਕਰ ਸ਼ਾਂਤੀ ਨਾਲ ਰਹਿਣਾ ਹੈ ਤਾਂ ਜੰਗ ਲਈ ਤਿਆਰ ਰਹੋ।' ਮੈਂ ਇਸ ਨੂੰ ਇਸ ਮਨੋਵਿਗਿਆਨ ਨਾਲ ਵੀ ਜੋੜਦਾ ਹਾਂ ਕਿ ਕੋਈ ਸਿਰਹਾਣੇ ਥੱਲੇ ਬੰਦੂਕ ਰੱਖ ਕੇ ਚੈਨ ਦੀ ਨੀਂਦ ਕਿਵੇਂ ਸੌਂ ਸਕਦਾ ਹੈ?

ਸ਼ਾਂਤੀ ਦੀ ਗੱਲ ਕਰੋ ਤਾਂ ਪ੍ਰਵਚਨ ਲੱਗਦਾ ਹੈ, ਜਿਵੇਂ ਇਹ ਭਾਸ਼ਾ ਸੰਤਾਂ-ਸਾਧੂਆਂ ਦੀ ਹੈ। ਹੌਲੀ-ਹੌਲੀ ਇਹ ਪ੍ਰਭਾਵ ਸਿਰਜਿਆ ਗਿਆ ਹੈ ਕਿ ਸ਼ਾਂਤੀ ਦੀ ਗੱਲ ਬੁਜ਼ਦਿਲ ਕਰਦੇ ਨੇ। ਬਦਲਾ, ਅੱਖ ਬਦਲੇ ਅੱਖ ਤੇ ਫਿਰ ਸਾਰੀ ਦੁਨੀਆ ਵਿਚ ਹਨੇਰਾ। ਇਸ ਲਈ ਨਹੀਂ ਕਿ ਚਾਨਣ ਨਹੀਂ ਹੈ, ਸੂਰਜ ਛੁਪ ਗਿਆ ਹੈ, ਚੰਦਰਮਾ ਦੀ ਰੋਸ਼ਨੀ ਮੱਧਮ ਹੋ ਗਈ ਹੈ। ਇਸ ਲਈ ਕਿ ਸਾਰੇ ਹੀ ਅੰਨ੍ਹੇ ਹੋ ਗਏ ਹਨ, ਅੱਖਾਂ-ਵਿਹੂਣੇ।

ਚੰਡੀਗੜ੍ਹ ਜਾਣਾ ਹੋਵੇ ਜਾਂ ਲੁਧਿਆਣੇ ਵਾਲੇ ਰਾਹ 'ਤੇ, ਹਰ ਵਾਰੀ ਰਸਤੇ ਵਿੱਚੋਂ 'ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ' ਦੇ ਅੱਗੋਂ ਟੱਪ ਕੇ ਜਾਣਾ ਪੈਂਦਾ ਹੈ। ਉਸ ਅੱਗੋਂ ਟੱਪਦਿਆਂ, ਬਾਕੀਆਂ ਦਾ ਮੈਨੂੰ ਨਹੀਂ ਪਤਾ, ਪਰ ਯੂਨੀਵਰਸਿਟੀ ਦੇ ਮੁੱਖ ਦਰਵਾਜ਼ੇ, ਪ੍ਰਵੇਸ਼ ਦਵਾਰ 'ਤੇ, ਫੌਜੀ ਟੈਂਕ ਪਿਆ, ਮੈਨੂੰ ਆਵਾਜ਼ਾਂ ਮਾਰਦਾ ਹੈ, "ਓਏ! ਕਿੰਨੀ ਵਾਰੀ ਲੰਘ ਗਿਆ, ਕਦੇ ਸੋਚਿਆ, ਕਦੇ ਲੱਭਿਆ ਕਿ ਕੀ ਕਾਰਨ ਹੈ ਮੈਨੂੰ ਇਥੇ ਰੱਖਣ ਦਾ? ਇਹ ਵਿੱਦਿਆ ਦੀ ਸਰਵ ਉੱਚ ਸੰਸਥਾ ਹੈ। ਯੂਨੀਵਰਸਿਟੀ! ਯੂਨੀਵਰਸਲ, ਵਿਸ਼ਵ ਪੱਧਰੀ, ਸਰਵ ਵਿਆਪਕ ਸੋਚ ਵਾਲੀ। ਮੇਰਾ ਇਥੇ ਹੈ ਕੋਈ ਕੰਮ। ਮੈਂ ਤਾਂ ਸਮਝਦਾ ਹਾਂ ਕਿ ਮੇਰੀ ਲੋੜ ਤਾਂ ਬਾਰਡਰ 'ਤੇ ਵੀ ਨਹੀਂ ਹੋਣੀ ਚਾਹੀਦੀ। ਮੈਂ ਹੀ ਜ਼ਰੀਆ ਬਣਦਾ ਹਾਂ ਉਜਾੜੇ ਦਾ। ਮੈਨੂੰ ਖਿਝ ਆਉਂਦੀ ਹੈ। ਹੁਣ ਜੋ ਬੇਚੈਨੀ-ਪਰੇਸ਼ਾਨੀ ਹੈ, ਉਹ ਤਾਂ ਬਿਆਨ ਤੋਂ ਪਰ੍ਹੇ ਹੈ। ਵਿੱਦਿਆ ਅਤੇ ਜੰਗ। ਵਿੱਦਿਆ ਨੇ ਤਾਂ ਰਾਹ ਲੱਭਣੇ ਸੀ ਜੰਗ ਟਾਲਣ ਦੇ। ਸ਼ਾਂਤੀ ਬਹਾਲੀ ਦੇ।

ਪਰ ਮੁਸ਼ਕਲ ਇਹ ਹੈ ਕਿ ਇਹ ਜੰਗ ਦਾ ਪ੍ਰਤੀਕ ਨਹੀਂ ਹੈ, ਇਹ ਦੇਸ਼ ਭਗਤੀ, ਪੈਟਰੀਆਟ ਦੀ ਭਾਵਨਾ ਪੈਦਾ ਕਰਨ ਦਾ ਚਿੰਨ੍ਹ ਬਣਾ ਕੇ ਪੇਸ਼ ਕੀਤਾ ਗਿਆ ਹੈ। ਵਿੱਦਿਆ ਤੋਂ ਵੱਧ ਜੰਗ 'ਤੇ ਵਿਸ਼ਵਾਸ ਹੋਣਾ ਹਿਟਲਰੀ ਸੋਚ ਹੈ। ਮੈਂ ਟੈਂਕ ਨੂੰ ਜਵਾਬ ਤਾਂ ਨਹੀਂ ਦਿੰਦਾ, ਪਰ ਸੋਚਦਾ ਜ਼ਰੂਰ ਹਾਂ, ਹਰ ਵਾਰੀ, ਸਰਮਾਏਦਾਰੀ ਗੁੰਝਲਾਂ ਵਿਚ ਫਸੇ ਜਾਂ ਫਸਾਏ ਸੋਚ ਕੇ ਵੀ ਉਸ ਤੋਂ ਮੁਕਤ ਨਾ ਹੁੰਦੇ ਸਭ ਕੁਝ ਵਿਸਰ ਜਾਂਦਾ ਹੈ। ਕਿੰਨੇ ਹੀ ਮੁੱਦੇ ਹਨ। ਦੇਸ਼ ਦੇ ਹਾਲਾਤ ਨੂੰ ਲੈ ਕੇ, ਭਾਵੇਂ ਕਿਤੇ ਨਾ ਕਿਤੇ ਜਾ ਕੇ ਇਕ ਨੁਕਤੇ 'ਤੇ ਆ ਜਾਂਦੇ ਹਨ।

ਐੱਨ.ਜੀ.ਓ. ਰਜਿਸਟਰਡ ਹੋ ਗਈ। ਇੰਜੀਨੀਅਰ ਸਾਹਿਬ ਦੀ ਗੱਲ ਜਚ ਗਈ। ਗੋਰਾਇਆ ਸਾਹਿਬ ਦੀ ਮੰਸ਼ਾ ਸੀ। ਮਾਰਕਫੈੱਡ ਦਾ ਮਹਿਕਮਾ ਸੀ। ਇਕ-ਦੋ ਭਰਵੇਂ ਸਮਾਗਮ ਕਰਵਾਏ। ਮਾਰਕਫੈੱਡ ਦਾ ਮਹਿਕਮਾ ਹੋਰ ਮਹਿਕਮਿਆਂ ਵਾਂਗ ਹੈ, ਭ੍ਰਿਸ਼ਟਾਚਾਰ ਲਈ ਮਸ਼ਹੂਰ ਤੇ ਉਹ ਵੀ ਸੰਸਥਾਗਤ, ਤਰਤੀਬਬੱਧ। ਗੁਰਾਇਆ ਸਾਹਿਬ ਕੋਲ ਇਕ ਕਰਮਚਾਰੀ ਉਨ੍ਹਾਂ ਦਾ ਬਣਦਾ ਹਿੱਸਾ ਲੈ ਕੇ ਆਇਆ ਤਾਂ ਉਨ੍ਹਾਂ ਨੇ ਮਨ੍ਹਾਂ ਕਰ ਦਿੱਤਾ। ਪਰ ਤਰਤੀਬ ਸੀ, ਉਹ ਕਿਵੇਂ ਤੋੜੀ ਜਾਵੇ। ਹੱਲ ਕੱਢਿਆ, 'ਮੇਰੇ ਪੈਸਿਆਂ ਨਾਲ 'ਮਾਰਕਫੈੱਡ ਵੈੱਲਫੇਅਰ ਕਮੇਟੀ' ਬਣਾਓ, ਹੋਰ ਜੋ ਕੋਈ ਹਿੱਸਾ ਪਾਉਣਾ ਚਾਹੇ ਮਰਜ਼ੀ।' ਪੈਸਿਆਂ ਦੀ ਵਰਤੋਂ ਗਰੀਬਾਂ, ਲੋੜਵੰਦਾਂ ਲਈ। ਪਰ ਵਿਵਸਥਾ ਬੜੀ ਗੁੰਝਲਦਾਰ ਹੈ, ਉਨ੍ਹਾਂ ਨੇ ਗੋਰਾਇਆ ਸਾਹਿਬ ਨੂੰ ਨਾਲ ਜੋੜੇ ਰੱਖਣ ਲਈ ਰਾਹ ਲੱਭਿਆ। ਇਕ ਕਰਮਚਾਰੀ ਕਹਿਣ ਲੱਗਿਆ, "ਸਰ! ਇਹ ਨਾ ਮਿਰਚਾਂ ਦਾ ਮੌਸਮ ਹੈ, ਸਸਤੀ ਮਿਲ ਰਹੀ ਹੈ ਮਾਰਕੀਟ ਵਿਚ। ਹੁਣ ਪੰਜ-ਦਸ ਕਵਿੰਟਲ ਖਰੀਦ ਲੈਂਦੇ ਹਾਂ, ਜਦੋਂ ਮਹਿੰਗੀ ਹੋਵੇਗੀ, ਵੇਚ ਦਿਆਂਗੇ।" ਗੋਰਾਇਆ ਸਾਹਿਬ ਕਹਿਣ, "ਰੱਖਾਂਗੇ ਕਿੱਥੇ, ਮੇਰੇ ਕੋਲ ਤਾਂ ਥਾਂ ਨਹੀਂ ਹੈ, ਮਤਲਬ ਗੋਦਾਮ।" ਕਰਮਚਾਰੀ ਕਹਿਣ ਲੱਗਿਆ, "ਆਪਣੇ ਕੋਲ ਕਈ ਆੜ੍ਹਤੀਏ ਹਨ, ਉਥੇ ਰੱਖ ਦਿਆਂਗੇ, ਨਾਲੇ ਆਪਾਂ ਤਾਂ ਕੁਝ ਕੁ ਮਹੀਨਿਆਂ ਨੂੰ ਵੇਚਣੀ ਹੀ ਹੈ।" ਗੋਰਾਇਆ ਸਾਹਬ ਨੂੰ ਗੱਲ ਜਚ ਗਈ, ਮਤਲਬ ਉਹ ਫਸ ਗਏ। ਛੇ ਕੁ ਮਹੀਨੇ ਬਾਅਦ ਕਰਮਚਾਰੀ ਨੇ ਆ ਕੇ ਪੈਸੇ ਫੜਾਉਂਦੇ ਕਿਹਾ, "ਆ ਲਵੋ, ਤੁਹਾਡਾ ਮੁਨਾਫਾ। ਮਿਰਚਾਂ ਵੇਚ ਦਿੱਤੀਆਂ।" ਹੁਣ ਗੁਰਾਇਆ ਸਾਹਬ ਨੂੰ ਲੱਗਿਆ ਕਿ ਇਹ ਭ੍ਰਿਸ਼ਟਾਚਾਰ ਨਹੀਂ ਹੈ। ਆਪਣੀ ਕਮਾਈ ਹੈ, ਭਾਵੇਂ ਖੂਨ-ਪਸੀਨੇ ਦੀ ਨਾ ਕਹੀਏ।

ਸਪੈਕਟਰਮ ਦਾ ਇਕ ਸਮਾਗਮ ਰੱਖਿਆ। ਸੁਝਾਅ ਆਇਆ ਕਿ ਪੰਜਾਬ ਦੇ ਮਕਬੂਲ-ਮਸ਼ਹੂਰ ਲੋਕਪੱਖੀ ਸੁਰ ਵਾਲੇ ਕਵੀ ਕੁਮਾਰ ਵਿਕਲ ਬੁਲਾਏ ਜਾਣ। ਕੁਮਾਰ ਵਿਕਲ ਜਦੋਂ ਪਹੁੰਚੇ ਤਾਂ ਨਸ਼ੇ ਵਿਚ ਧੁੱਤ। ਗੋਰਾਇਆ ਸਾਹਿਬ ਨੇ ਉਨ੍ਹਾਂ ਨੂੰ ਵਾਪਸ ਉਸੇ ਹਾਲਤ ਵਿਚ ਘਰੇ ਭੇਜ ਦਿੱਤਾ, ਭਾਵੇਂ ਸਰੋਤਿਆਂ ਨੂੰ ਪਤਾ ਸੀ ਤੇ ਉਹ ਇਸੇ ਹਾਲਤ ਵਿਚ ਮਕਬੂਲ ਵੀ ਸੀ ਤੇ ਮਸ਼ਹੂਰ ਵੀ।

ਗੋਰਾਇਆ ਸਾਹਿਬ ਦੀ ਨੇਕ ਨੀਤੀ 'ਤੇ ਕੋਈ ਸਵਾਲ ਨਹੀਂ, ਪਰ ਸਿਸਟਮ ਦੀ ਲਪੇਟ ਤੋਂ ਕੋਈ ਵਿਰਲਾ ਹੀ ਬਚਦਾ ਹੈ। ਗੋਰਾਇਆ ਸਾਹਿਬ ਦੀ ਬਦਲੀ ਹੋ ਗਈ। ਉਹ ਸਪੈਕਟਰਸ ਵੀ ਨਾਲ ਲੈ ਗਏ। ਹੈ ਵੀ ਉਨ੍ਹਾਂ ਦੀ ਸੀ। ਮਿੰਨੀ ਕਹਾਣੀ ਵਿਧਾ ਤੋਂ ਪ੍ਰਭਾਵਿਤ ਹੋ 1989 ਵਿਚ, ਉਨ੍ਹਾਂ ਨੇ ਆਪਣੀ ਸੰਸਥਾ ਵੱਲੋਂ ਮਿੰਨੀ ਕਹਾਣੀ ਸੰਗ੍ਰਹਿ 'ਗਵਾਹੀ' ਛਾਪਣ ਦੀ ਪਹਿਲ ਵੀ ਕੀਤੀ ਦੋ-ਭਾਸ਼ੀ, ਹਿੰਦੀ ਪੰਜਾਬੀ ਵਿਚ।

ਇਕ ਵਾਰੀ ਰਜਿਸਟਰਾਰ ਆਫਿਸ ਨਾਲ ਵਾਸਤਾ ਪਿਆ ਤਾਂ ਪੁੱਛਿਆ ਕਿ ਕਿੰਨੀਆਂ ਸੰਸਥਾਵਾਂ ਨੇ ਰਜਿਸਟਰਡ ਕਰਵਾਇਆ ਹੋਇਆ ਹੈ, ਕਹਿਣ ਲੱਗੇ, 'ਹਜ਼ਾਰ ਤੋਂ ਵੀ ਵੱਧ।' ਪਰ ਜ਼ਮੀਨੀ ਹਕੀਕਤ ਹੈ ਕਿ ਇਕੋ ਸਾਹੇ ਦਸ ਵੀ ਨਹੀਂ ਗਿਣ ਸਕਦੇ। ਸਾਰੀਆਂ ਸੰਸਥਾਵਾਂ ਨੇ ਸੰਵਿਧਾਨ ਦੇਸ਼ ਦੇ ਸੰਵਿਧਾਨ ਦਾ ਨੈਨੋ ਰੂਪ ਹੈ। ਪਰ ਜਿਥੋਂ ਤੱਕ ਸੰਵਿਧਾਨ ਨੂੰ ਲਾਗੂ ਕਰਨ ਦੀ ਗੱਲ ਹੈ, ਇਹ ਸੰਸਥਾਵਾਂ ਪਹਿਲੇ ਦਿਨ ਤੋਂ ਇਕ ਵਿਅਕਤੀ ਦੁਆਲੇ ਘੁੰਮਦੀਆਂ ਹਨ। ਚੰਦਾ ਲੈਣ ਲਈ ਜੇਕਰ ਸਰਕਾਰੀ ਫੰਡ ਲੈਣਾ ਹੋਵੇ ਤਾਂ ਸਰਕਾਰ ਦੀ ਲੋੜ ਲਈ, ਫਾਈਲ ਵਧੀਆ ਤਿਆਰ ਕੀਤੀ ਜਾਂਦੀ ਹੈ ਜਾਂ ਕਰਵਾ ਲਈ ਜਾਂਦੀ ਹੈ।

ਗੱਲ ਸ਼ੁਰੂ ਕੀਤੀ ਸੀ ਸ਼ਾਂਤੀ ਤੋਂ। ਸਵੈ-ਸੇਵੀ ਸੰਸਥਾਵਾਂ ਦਾ ਕਾਰਜ ਕੀ ਹੈ? ਇਹ ਸਵੈ-ਸੇਵੀ ਨਹੀਂ, ਗੈਰ-ਸਰਕਾਰੀ ਸੰਸਥਾਵਾਂ ਹਨ। ਭਾਵ ਜੋ ਕੰਮ ਸਰਕਾਰ ਨੂੰ ਕਰਨਾ ਚਾਹੀਦਾ ਹੈ, ਉਹ ਇਹ ਕਰਦੀਆਂ ਹਨ। ਪਹਿਲਾਂ ਆਪ-ਮੁਹਾਰੇ ਕਰਦੀਆਂ ਸੀ ਤਾਂ ਸਵੈ-ਸੇਵੀ ਸੀ, ਹੁਣ ਸਰਕਾਰ ਇਹਨਾਂ ਦੀ ਸਹਾਇਤਾ ਕਰਦੀ ਹੈ, ਫੰਡ ਦਿੰਦੀ ਹੈ। ਦਰਅਸਲ ਸਰਕਾਰ ਆਪਣੀ ਜ਼ਿੰਮੇਵਾਰੀ ਤੋਂ ਪੱਲਾ ਝਾੜਦੀ ਹੈ। ਫੋਕਲੋਰ ਰਿਸਰਚ ਅਕਾਦਮੀ ਪਿਛਲੇ ਤਿੰਨ ਦਹਾਕਿਆਂ ਤੋਂ ਹਿੰਦ-ਪਾਕਿ ਦੋਸਤੀ ਜ਼ਰੀਏ ਸ਼ਾਂਤੀ ਬਹਾਲੀ ਲਈ ਉੱਦਮ ਕਰ ਰਹੀ ਹੈ। ਭਾਵ ਜੋ ਕੰਮ ਦੋਹਾਂ ਦੇਸ਼ਾਂ ਨੇ ਆਪਸ ਵਿਚ ਮਿਲ-ਬੈਠ ਕੇ ਕਰਨਾ ਹੈ ਤੇ ਇਹ ਉਦੋਂ ਹੀ ਹੋਣਾ ਹੈ। ਇਹ ਗੱਲ ਵੱਖਰੀ ਹੈ ਕਿ ਸ਼ਾਂਤੀ ਦੀ ਲੋੜ ਸਾਨੂੰ, ਮੈਨੂੰ, ਪੰਜਾਬ ਦੀ ਵੱਸੋਂ ਨੂੰ ਵੱਧ ਹੈ, ਪਰ ਜਿਸ ਤਰ੍ਹਾਂ ਦਾ ਮਾਹੌਲ ਹੈ ਦੇਸ਼ ਵਿਚ, ਇਕ ਧਿਰ, ਇਕ ਫ਼ਿਰਕਾ ਕਹਿ ਲਵੋ, 'ਪਾਕਿਸਤਾਨ ਨੂੰ, ਮੁਸਲਿਆਂ ਨੂੰ ਸਬਕ ਸਿਖਾਉਣ' ਦੀ ਗੱਲ ਕਰਦਾ ਹੋਇਆ ਮਿਲ ਜਾਵੇਗਾ।

ਸ਼ਾਂਤੀ, ਮਨ ਦੇ ਚਿਤ ਨਾਲ ਜੁੜਦੀ ਹੈ। ਮਨ ਦੀ ਸਮਝ ਨੂੰ ਲੈ, ਯੋਗਾ ਅਤੇ ਮੈਡੀਟੇਸ਼ਨ ਦੀ ਸ਼ੁਰੂਆਤ ਦਾ ਸਬੱਬ ਸਾਡੇ ਮੁਲਕ ਨਾਲ ਜੁੜਦਾ ਹੈ। ਯੂ.ਐੱਨ.ਓ. ਵੱਲੋਂ 'ਅੰਤਰਰਾਸ਼ਟਰੀ ਯੋਗਾ ਦਿਵਸ' ਦਾ ਐਲਾਨ ਵੀ ਕਰਵਾਇਆ ਹੈ, ਪਰ ਆਲੇ-ਦੁਆਲੇ ਨਜ਼ਰ ਮਾਰੀਏ ਤਾਂ ਦੁਨੀਆ ਦੇ ਵੱਖ-ਵੱਖ ਦੇਸ਼ਾਂ ਦੇ ਬਾਰਡਰ ਤਾਂ ਵੱਡੀ ਗੱਲ ਹੈ, ਪਰ ਦੇਸ਼ ਦੇ ਰਾਜਾਂ ਨੂੰ ਲੈ ਕੇ, ਪਾਣੀਆਂ ਦੀ ਵੰਡ ਨੂੰ ਲੈ ਕੇ ਵੀ ਸ਼ਾਂਤੀ ਨਾਲ ਨਿਪਟਾਰਾ ਕਰ ਪਾਉਣ ਦੇ ਸਮਰੱਥ ਨਹੀਂ ਹੋਏ ਹਾਂ। ਬਾਰਡਰ ਜ਼ਰੂਰੀ ਨੇ ਤਾਂ ਬਣੇ ਰਹਿਣ, ਪਰ ਬਾਰਡਰ ਦੀ ਨਫ਼ਰਤੀ ਪਰੇਡ ਬਾਰੇ ਜ਼ਰੂਰ ਸੋਚਣਾ ਚਾਹੀਦਾ ਹੈ।

ਅੰਮ੍ਰਿਤਸਰ ਲੋਕ ਆਉਂਦੇ ਹਨ, ਬਾਰਡਰ ਦੇਖਣ ਦੇ ਚਾਹਵਾਨ। ਲੋੜੀਂਦਾ ਬੰਦੋਬਸਤ ਕਰ ਦਿੰਦਾ ਹਾਂ, ਪਰ ਮੈਂ ਨਾਲ ਨਹੀਂ ਜਾਂਦਾ।

**ਮੋਬਾ: 98158-08506**

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**

ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

9-July-Sunday.qxd 7/8/2023 9:52 PM Page 4



## ਸੂਰਜ ਦੇ ਸਾਰਥੀ

(ਕਾਵਿ ਪੁਸਤਕ)
ਜਸਪਾਲਜੀਤ
ਪੰਨੇ : 128, ਮੁੱਲ : 225 ਰੁਪਏ
ਚੇਤਨਾ ਪ੍ਰਕਾਸ਼ਨ, ਲੁਧਿਆਣਾ

ਸਮਕਾਲੀ ਪੰਜਾਬੀ ਕਵਿਤਾ ਵਿੱਚ ਜਸਪਾਲਜੀਤ ਕਾਰਜਸ਼ੀਲ ਸ਼ਾਇਰ ਹੈ। ਇਸ ਅਸਾਵੇਂ ਵਿਕਾਸ ਵਾਲੇ ਮੁਲਕ ਅੰਦਰਲੀਆਂ ਤੇ ਬਾਹਰਲੀਆਂ ਵਿਸੰਗਤੀਆਂ ਨੂੰ ਸੂਖਮਤਾ ਦੇ ਨਾਲ ਵਾਚਦਾ ਹੈ। ਉਸ ਦੀ ਵਿਚਾਰਧਾਰਕ ਸੂਝ ਹਰ ਸਥਿਤੀ ਤੇ ਹਰ ਘਟਨਾ ਪਿਛਲੇ ਕਾਰਜਸ਼ੀਲ ਤੱਤਾਂ ਦੀ ਪੜਚੋਲ ਵੀ ਕਰਦੀ ਹੈ। ਉਹ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਘਟਨਾਵਾਂ ਤੇ ਵਰਤਾਰੇ ਨੂੰ ਆਪਣੇ ਕਾਵਿ ਕੈਨਵਸ ਵਿਚ ਸਮਾਉਣ ਦੀ ਸਮਰੱਥਾ ਰੱਖਦਾ ਹੈ। ਉਸ ਦੀ ਕਵਿਤਾ ਬੇਤਰਤੀਬੀ, ਅਕਾਵੇਂਪਣ, ਦੁਬਿਧਾ ਦਾ ਸ਼ਿਕਾਰ ਮਾਨਸਿਕਤਾ ਦੀਆਂ ਅਨੇਕਾਂ ਪਰਤਾਂ ਖੋਲ੍ਹਦੀ ਹੈ। ਪਹਿਲੀਆਂ ਕਿਤਾਬਾਂ ਵਿੱਚੋਂ ਵੀ ਜਿੱਥੇ ਕਰੂਰ ਯਥਾਰਥ ਦੇ ਝਲਕਾਰੇ ਪੈਂਦੇ ਹਨ ਤੇ ਉੱਥੇ ਇਸ ਕਰੂਰਤਾ ਨੂੰ ਦੂਰ ਕਰਨ ਦਾ ਰਾਹ ਵੀ ਤਲਾਸ਼ਣ ਦੀ ਕੋਸ਼ਿਸ਼ ਕਰਦੀ ਇਹ ਕਵਿਤਾ ਆਪਣੀ ਪਛਾਣ ਬਣਾਉਂਦੀ ਹੈ। ਕਵਿਤਾ ਵਿਚ ਜਮਾਤੀ ਸੰਰਚਨਾ ਦਾ ਚਿੰਤਨ ਕਰਨਾ ਇਸ ਕਵਿਤਾ ਦੀ ਮੁੱਖ ਪਛਾਣ ਚਿੰਨ੍ਹ ਬਣਦਾ ਹੈ। ਉਹ ਆਪਣੀ ਕਵਿਤਾ ਨੂੰ ਜਿਉਂਦੇ ਹੋਣ ਦਾ ਪ੍ਰਮਾਣ ਪੱਤਰ ਮੰਨਦਾ ਹੈ। ਜਸਪਾਲਜੀਤ ਕਵਿਤਾ, ਬਾਲ ਕਵਿਤਾ, ਗੀਤ ਸੰਗ੍ਰਹਿ, ਆਲੋਚਨਾ ਦੀਆਂ ਪੁਸਤਕਾਂ ਪੰਜਾਬੀ ਸਾਹਿਤ ਨੂੰ ਦੇ ਕੇ ਇੱਕ ਸਮਰੱਥ ਸਿਰਜਕ ਦਾ ਪ੍ਰਮਾਣ ਦਿੱਤਾ ਹੈ। 'ਸੂਰਜ ਦੇ ਸਾਰਥੀ' ਜਸਪਾਲਜੀਤ ਦੀ ਨਵੀਂ ਕਾਵਿ ਪੁਸਤਕ ਹੈ। ਇਸ ਪੁਸਤਕ ਵਿੱਚੋਂ ਗੁਜ਼ਰਦਿਆਂ ਨਿਰਾਸ਼ਤਾ ਤੋਂ ਮੁਕਤ ਨਵੀਂ ਆਸ ਦੀਆਂ ਪੈੜਾਂ ਦੀ ਤਲਾਸ਼ ਪ੍ਰਤੀਤ ਹੁੰਦੀ ਹੈ। ਇਸ ਕਵਿਤਾ ਵਿਚਲੀ ਊਰਜਾ ਜ਼ਿੰਦਗੀ ਦੀਆਂ ਵਿਰਲੀਆਂ ਕਤਾਰਾਂ ਨੂੰ ਭਰਨ ਲਈ ਅੱਗੇ ਤੁਰਦੀ ਹੈ।

"ਸੂਰਜ ਦੇ ਸਾਰਥੀ" ਪੁਸਤਕ ਦੀਆਂ ਸਾਰੀਆਂ ਕਵਿਤਾਵਾਂ ਜੀਵਨ ਦੇ ਵੱਖ-ਵੱਖ ਪਹਿਲੂਆਂ ਨੂੰ ਚਿਤਰਮਾਨ ਕਰਦੀਆਂ ਹਨ। ਜਸਪਾਲਜੀਤ ਦੀ ਕਵਿਤਾ ਸਮਾਜ ਦੀ ਕਾਣੀ ਵੰਡ ਨੂੰ ਪਛਾਣਦੀ ਹੈ। ਸਮਾਜਿਕ, ਆਰਥਿਕ ਨਾ-ਬਰਾਬਰੀ ਕਵੀ ਨੂੰ ਪ੍ਰੇਸ਼ਾਨ ਕਰਦੀ ਹੈ, ਪਰ ਇਸ ਵਿੱਚੋਂ ਨਿਕਲਣ ਦਾ ਰਾਹ ਅਖਤਿਆਰ ਕਰਦਾ ਹੈ। ਉਹ ਸਮਾਜਿਕ ਅਲਾਮਤਾਂ ਨੂੰ ਆਪਣੀ ਕਾਵਿ ਸਿਰਜਣਾ ਰਾਹੀਂ ਚਿਤਰਦਾ ਹੈ। ਕਵੀ ਆਪਣੇ ਅੰਤਰੀਵ ਭਾਵਾਂ ਨੂੰ ਕਵਿਤਾ ਦੇ ਮਾਧਿਅਮ ਰਾਹੀਂ ਪ੍ਰਗਟਾਉਂਦਾ ਹੋਇਆ ਸ਼ਬਦ ਸ਼ਕਤੀ ਵਿੱਚ ਪੂਰਨ ਵਿਸ਼ਵਾਸ ਰੱਖਦਾ ਹੈ ਤੇ ਸ਼ਬਦਾਂ ਦੇ ਅੰਗਸੰਗ ਰਹਿਣ ਨੂੰ ਆਪਣਾ ਧਰਮ ਮੰਨਦਾ ਹੈ।

ਹੇ! ਖੁਦਾ
ਸ਼ਬਦ ਮੇਰੀ ਕਮਾਈ
ਇਨ੍ਹਾਂ ਸ਼ਬਦਾਂ ਨੂੰ
ਚਿੰਤਾ ਤੇ ਚਿੰਤਨ ਦੀ
ਗਹਿਰਾਈ ਬਖਸ਼
ਹੇ! ਖੁਦਾ
ਮੈਨੂੰ ਅਸੀਸ ਦੇ
ਮੇਰੀ ਕਵਿਤਾ
ਬਣ ਸਕੇ ਠਹਿਰੀ ਹੋਈ
ਜ਼ਿੰਦਗੀ ਲਈ
ਦੀਵੇ ਦੀ ਲੋਅ
ਹਨੇਰੇ ਵਿਚ ਭਟਕਦੇ ਲੋਕਾਂ
ਲਈ ਬਣੇ ਰਾਹ-ਦਸੇਰਾ

# ਸੂਰਜ ਦੇ ਸਾਰਥੀ ਬਣਨ ਦਾ ਸੰਵਾਹਕ ਬਣਦੀ ਸ਼ਾਇਰੀ





ਕਿਤਾਬ ਦੀ
ਪਰਖ ਪੜਚੋਲ
ਡਾ. ਅਰਵਿੰਦਰ ਕਾਕੜਾ

ਜਸਪਾਲਜੀਤ ਦੀ ਕਵਿਤਾ ਇਤਿਹਾਸ ਦੇ ਨਾਲ-ਨਾਲ ਮਿਥਿਹਾਸ ਦੀ ਗੱਲ ਵੀ ਕਰਦੀ ਹੈ। ਉਹ ਇਤਿਹਾਸਕ/ਮਿਥਿਹਾਸਕ ਬਿੰਬ ਅਤੇ ਤੱਥਾਂ ਨੂੰ ਨਵੇਂ ਰੂਪ ਵਿੱਚ ਰੂਪਾਂਤਰਣ ਕਰਦੀ ਹੋਈ ਸਮਾਜਿਕ ਬੇਇਨਸਾਫੀ ਵਿਰੁੱਧ ਸੰਵਾਦ ਰਚਾਉਂਦੀ ਹੈ। ਇਸ ਲਈ ਕਵਿਤਾ ਦਾ ਕਿਰਦਾਰ ਮਨੋਬਚਨੀ ਨਾ ਰਹਿ ਕੇ ਬਹੁਬਚਨੀ ਬਣ ਜਾਂਦਾ ਹੈ। ਮਨੁੱਖ ਦੀ ਸੌੜੀ ਸੋਚ ਅੰਦਰ ਵਿਸ਼ਾਲਤਾ ਪੈਦਾ ਕਰਕੇ ਦਿਸਹੱਦਿਆਂ ਤੋਂ ਪਾਰ ਜਾ ਕੇ ਗੁੱਝੇ ਸਵਾਲਾਂ ਦਾ ਜਵਾਬ ਲੱਭਣਾ ਹੀ ਇਸ ਕਵਿਤਾ ਦਾ ਇਕ ਪਸਾਰ ਬਣਦਾ ਹੈ। ਕਵੀ ਅੱਖਰਾਂ ਦੀ ਖੇਤੀ ਕਰਦਾ ਹੋਇਆ ਲੋਕ ਵਿਰਾਸਤ ਵਿਚ ਪਏ ਮਾਨਵੀ ਅੰਸ਼ਾਂ ਨੂੰ ਧਰਮ, ਨਸਲ, ਜਾਤ, ਖੇਤਰ ਆਦਿ ਦੀ ਹੱਦਬੰਦੀ ਤੋੜ ਕੇ ਰਾਹ ਬਣਾਉਂਦਾ ਹੈ, ਇਸ ਲਈ ਉਹ ਆਧੁਨਿਕ ਮਨੁੱਖ ਦੇ ਸਮਾਨੰਤਰ ਨਵੇਂ ਮਨੁੱਖ ਦੀ ਕਲਪਨਾ ਕਰਦਾ ਹੈ। ਇਹ ਨਵਾਂ ਮਨੁੱਖੀ ਉਸ ਦੇ ਕਵਿਤਾ ਦਾ ਕੇਂਦਰੀ ਪਾਤਰ ਬਣਦਾ ਹੈ, ਜੋ ਗੀਤਾ ਦੇ ਅਗਲੇ ਕਾਂਡ ਦਾ ਵਿਖਿਆਨ ਦਰੋਪਤੀ ਨਾਲ ਸ਼ੁਰੂ ਕਰਦਾ ਹੈ। ਜਿੱਥੋਂ ਕਵੀ ਦੀ ਔਰਤ ਪੱਖੀ ਦ੍ਰਿਸ਼ਟੀ ਦਾ ਵੀ ਇਜ਼ਹਾਰ ਹੁੰਦਾ ਹੈ। ਇਸ ਕਵਿਤਾ ਵਿਚਲਾ ਪਾਤਰ ਏਕਲਵਯ ਨੂੰ ਸੂਰਜ ਦਾ ਸਾਰਥੀ ਮੰਨਦਾ ਹੋਇਆ ਭੀਸਮ ਪਿਤਾਮਾ, ਧ੍ਰਿਤਰਾਸ਼ਟਰ, ਦੁਰਯੋਧਨ, ਸਕੁਨੀ, ਦੁਸਾਸਨ, ਅਸਵਧਾਮਾ ਨਾਲ ਸੰਵਾਦ ਰਚਾਉਂਦਾ ਨਵੀਂ ਕਥਾ ਲਿਖਦਾ ਹੈ। ਕਵੀ ਡਰੇ ਹੋਏ ਬੰਦੇ ਦੀ ਮਾਨਸਿਕਤਾ ਨੂੰ ਜਾਣਦਾ ਹੋਇਆ ਉਸ ਦੀ ਹੋਂਦ ਦੇ ਖੁਰ ਜਾਣ ਦੇ ਪਸਰੇ ਭੈਅ ਦੀਆਂ ਪਰਤਾਂ ਨੂੰ ਪ੍ਰਤੀਬਿੰਬਤ ਕਰਦਾ ਹੈ। ਕਵੀ ਨਵੀਂ ਤਕਨਾਲੋਜੀ ਅੰਦਰ ਬਿਨਸ ਰਹੇ ਤੇ ਉਤਪੰਨ ਹੋ ਰਹੇ ਰਿਸ਼ਤਿਆਂ ਨੂੰ ਵਾਚਦਾ ਹੈ। ਉਹ ਅਜੋਕੇ ਬਦਲ ਰਹੇ ਸਮਾਜਿਕ ਕੈਨਵਸ ਅੰਦਰ ਗਲੋਬਲੀ ਮਨੁੱਖ ਦੀਆਂ ਰੁਚੀਆਂ, ਸ਼ੌਂਕ, ਅਮਲ ਤੇ ਕਾਰਜਤਾ ਤਹਿਤ ਸਮਾਜ ਦੀ ਦਸ਼ਾ ਬਿਆਨਦਾ ਹੈ। ਇਹ ਕਵਿਤਾ ਮਨੁੱਖ ਦਾ ਵਿਰਾਸਤ ਨਾਲੋਂ ਟੁੱਟ ਕੇ ਧੁੰਧਲੇਪਣ 'ਚ ਵਾਹੇ ਤਰੱਕੀ ਦੇ ਨਕਸ਼ਾਂ 'ਤੇ ਵਿਅੰਗ ਵੀ ਕਰਦੀ ਹੈ। ਕਵੀ ਸੋਸ਼ਲ ਮੀਡੀਆ ਦੇ ਵੱਖੋ-ਵੱਖਰੇ ਰੂਪਾਂ ਦੇ ਚੱਕਰਵਿਊ ਵਿੱਚ ਗ੍ਰਸਤ ਉਸ ਵਿਵੇਕਹੀਣ ਮਾਨਸਿਕਤਾ ਅੰਦਰ ਪਣਪ ਰਹੇ ਡਰ ਨੂੰ ਵੀ ਅਭੀਵਿਅਕਤ ਕਰਦਾ ਹੈ। ਕਵੀ ਨੂੰ ਇਸ ਗੱਲ ਦਾ ਦੁੱਖ ਹੈ ਕਿ ਮਨੁੱਖ ਆਪਣੀ ਸਵੈ ਅਲੋਚਨਾ ਕਰਨ ਦੀ ਬਜਾਏ ਬਿਨਾਂ ਸੋਚੇ ਇਕ-ਦੂਜੇ ਦੇ ਮਗਰ ਤੁਰੀ ਜਾ ਰਿਹਾ ਹੈ। ਅੱਜ ਦੇਸ਼ ਅੰਦਰ ਮਨੁੱਖ ਨੂੰ ਦਬਾਉਣ ਦੀਆਂ ਚੱਲ ਰਹੀਆਂ ਸਾਜ਼ਿਸ਼ਾਂ ਤਹਿਤ ਵੱਡੇ-ਵੱਡੇ ਮੱਠ ਲੋਕ ਪੱਖੀ ਵਿਚਾਰਾਂ ਦਾ ਕਤਲ ਕਰਕੇ ਆਪਣੇ ਮੁੱਲ, ਵਿਚਾਰ ਤੇ ਸੋਚ ਲੋਕਾਂ 'ਤੇ ਥੋਪ ਰਹੇ ਹਨ। ਇਹ ਅਸਲ ਵਿੱਚ ਅੱਜ ਦੇ ਸਮੇਂ ਇਹ ਮਨੁੱਖ ਦੀ ਹੋਣੀ ਹੈ। ਜਿਸ ਬਾਰੇ ਸੁਚੇਤ ਹੋਣ ਲਈ ਕਵੀ ਨੇ ਆਪਣੀਆਂ ਕਈ ਕਵਿਤਾਵਾਂ ਵਿੱਚ ਸਿੱਧੇ/ਅਸਿੱਧੇ ਰੂਪ ਵਿੱਚ ਬਿਆਨਿਆ ਹੈ। 'ਯੂ ਟਿਊਬ ਵਿੱਚ ਸਿਮਟਿਆ ਮਨੁੱਖ', 'ਡਰੇ ਹੋਏ ਬੰਦੇ', 'ਹੋਂਦ ਦੁਆਲੇ ਉੱਗੇ ਖੰਡਰ', 'ਮੱਠਾਂ ਦੁਆਲੇ ਪਰਿਕਰਮਾ ਕਰਦੀ ਰਾਜਨੀਤੀ' ਬਹੁਤ ਹੀ ਮਹੱਤਵਪੂਰਨ ਕਵਿਤਾਵਾਂ ਹਨ, ਜਿਸ ਅੰਦਰਲੀ ਚਿੰਤਨਮੁਖੀ ਧੁਨੀ ਪਾਠਕ ਨੂੰ ਸੋਚਣ ਲਈ ਮਜਬੂਰ ਕਰਦੀ ਹੈ। ਸੋਸ਼ਲ ਡਿਸਟੈਂਸ-1, ਸੋਸ਼ਲ ਡਿਸਟੈਂਸ-2 ਕਵਿਤਾ ਇੱਕ-ਦੂਸਰੇ ਦੇ ਪੂਰਕ ਹਨ। ਕਵੀ ਅਸਾਵੇਂ ਵਿਕਾਸ ਵਾਲੇ ਮੁਲਕ ਵਿਚ ਜਾਤ-ਪਾਤ ਦੇ ਗਲਬੇ ਨੂੰ ਪ੍ਰਗਟਾਉਂਦਾ ਹੋਇਆ ਸੋਸ਼ਲ ਡਿਸਟੈਂਸ ਸ਼ਬਦ ਵਿੱਚ ਛੁਪੇ ਸੰਕੀਰਨ ਅਰਥ ਪ੍ਰਤੀ ਨਫਰਤ ਦਾ ਇਜ਼ਹਾਰ ਕਰਦਾ ਹੈ। ਜਿੱਥੇ ਭਾਰਤ ਵਰਗੇ ਮੁਲਕ ਵਿੱਚ ਜਾਤ-ਪਾਤ ਦੀ ਜਕੜ ਪੀਡੀ ਹੈ, ਉੱਥੇ ਵਿਸ਼ਵ ਪੱਧਰ 'ਤੇ ਨਸਲੀ ਵਿਤਕਰੇ ਦੀ ਕੁਹਜਮਈ ਤਸਵੀਰ ਸਾਹਮਣੇ ਹੈ। ਕਵਿਤਾ ਜਾਰਜ ਫਲਾਇਡ-1, ਜਾਰਜ ਫਲਾਇਡ-2 ਕਵਿਤਾਵਾਂ ਰਾਹੀਂ ਛੂਤ-ਛਾਤ ਤੇ ਭੇਦਭਾਵ ਦੀ ਸਥਿਤੀ ਉਸ ਸਮੇਂ ਭਿਅੰਕਰ ਰੂਪ ਧਾਰਨ ਕਰਦੀ ਹੈ, ਜਦੋਂ ਸੱਤਾਧਾਰੀ ਜਮਾਤ ਦੀ ਕੱਟੜਤਾ ਹੱਦ ਪਾਰ ਕਰ ਜਾਵੇ। ਜਿਵੇਂ ਅੱਜਕੱਲ੍ਹ ਭਾਰਤ ਮੁਲਕ ਵਿਚ ਹੋ ਰਿਹਾ ਹੈ। ਧਰਮਤੰਤਰੀ ਦੇਸ਼ ਬਣਾਉਣ ਦੀਆਂ ਸਾਜ਼ਿਸ਼ਾਂ ਨੇ ਮਾਨਵੀ ਹਿੱਤਾਂ ਨੂੰ ਕੁਚਲਣਾ ਸ਼ੁਰੂ ਕਰ ਦਿੱਤਾ ਹੈ। ਕਵੀ ਕਿਸੇ ਕੌਮ ਦੀ ਨਸਲਕੁਸ਼ੀ ਕਰਨ ਵਾਲਿਆਂ ਦਾ ਸੱਤਾਧਾਰੀ ਜਮਾਤ ਰਾਹੀਂ ਨਿਵਾਜਿਆ ਜਾਣਾ ਉਸ ਮੁਲਕ ਦੀ ਰਾਜਸੀ ਸੰਰਚਨਾ 'ਤੇ ਉਂਗਲ ਰੱਖਦਾ ਹੈ। ਅਜਿਹੀ ਘਟਨਾ ਜਦੋਂ ਵਿਸ਼ਵ ਪੱਧਰ 'ਤੇ ਵਾਪਰਦੀ ਹੈ, ਉਸ ਦਾ ਵਿਰੋਧ ਲੋਕ ਪੱਖੀ ਹਲਕਿਆਂ ਵਿੱਚ ਹੁੰਦਾ ਹੈ। ਅਜਿਹੀ ਘਟਨਾ 25 ਮਈ 2020 ਨੂੰ ਵਾਪਰੀ, ਜਦੋਂ ਅਫਰੀਕੀ ਮੂਲ ਦੇ ਅਮਰੀਕੀ ਨਾਗਰਿਕ ਜਾਰਜ ਫਲਾਇਡ ਨੂੰ ਅਮਰੀਕਾ ਦੇ ਪੁਲਸ ਅਧਿਕਾਰੀ ਡਐਰੇਕ ਚੌਵਿਨ ਵੱਲੋਂ ਉਹਦੀ ਧੌਣ 'ਤੇ ਲਗਾਤਾਰ 9 ਮਿੰਟ 29 ਸੈਕਿੰਡ ਗੋਡਾ ਰੱਖ ਕੇ ਮਾਰ ਦਿੱਤਾ। ਕਵੀ ਨੇ ਅਮਰੀਕੀ ਸਾਮਰਾਜ ਦੀ ਧੌਂਸਬਾਜ਼ੀ ਨੂੰ ਨੰਗਿਆਂ ਕੀਤਾ ਹੈ। ਇਹ ਕਵਿਤਾ ਮਿਹਨਤਕਸ਼ ਲੋਕਾਂ ਦੀ ਬਾਤ ਪਾਉਂਦੀ ਹੈ। ਸੀਰੀ ਤੇ ਪਿੰਡ ਦੇ ਅੰਤਰ ਸੰਬੰਧ ਨੂੰ ਪੇਸ਼ ਕਰਦਿਆਂ ਜਾਤੀ ਸਮਾਜ ਅੰਦਰਲੀਆਂ ਵਿਰੋਧਤਾਈਆਂ ਨੂੰ ਦੇਖਦੀ ਹੈ। ਜ਼ਿੰਦਗੀ ਦੇ ਸਵਾਲ ਨੂੰ ਸੰਬੋਧਿਤ ਹੁੰਦੀ 'ਬੋਧ ਗਯਾ ਤੋਂ ਉਰੇ', ਆਪਣੇ-ਆਪ ਨਾਲ ਸੰਵਾਦ ਰਚਾਉਂਦੀ ਕਵਿਤਾ 'ਸਵੈ-ਸਮਾਧੀ' ਨਵੇਂ ਸੁਪਨਿਆਂ ਨੂੰ ਜੀਉਂਦੇ ਰੱਖਣ ਲਈ ਨਵੀਂ ਦੁਨੀਆ ਦੀ ਕਲਪਨਾ ਕਰਦੀ ਕਵਿਤਾ 'ਏਸ ਜਨਮ', ਬੁੱਧ ਹੋਣ ਦੇ ਅਰਥ ਜਾਣਦੀ ਹੋਈ ਬੁੱਧ ਦੀ ਤਲਾਸ਼ ਕਰਦੀ ਤੇ ਬੁੱਧ ਦੇ ਸਫਰ ਨੂੰ ਮਾਪਦੀਆਂ ਕਵਿਤਾਵਾਂ 'ਬੁੱਧ-1', 'ਬੁੱਧ 2', 'ਬੁੱਧ ਹੋਣ ਦਾ ਸਫਰ' ਕਈ ਸਵਾਲਾਂ ਨੂੰ ਸੰਬੋਧਤ ਹੁੰਦੀਆਂ ਕਵਿਤਾਵਾਂ ਹਨ। ਕਵੀ ਜਸਪਾਲਜੀਤ ਖੁਦ ਇਕ ਚਿੰਤਕ ਹੋਣ ਕਰਕੇ ਉਸ ਦੀ ਕਵਿਤਾ ਦੇ ਵਿੱਚ ਚੇਤਨਾ ਤੇ ਚਿੰਤਨ ਆਪ-ਮੁਹਾਰਾ ਆਉਂਦਾ ਹੈ। ਉਹ ਇੱਕ-ਇੱਕ ਸ਼ਬਦ ਦਾ ਵੀ ਅਰਥ ਸਥਾਪਤ ਕਰਦਾ ਹੈ, ਇਸੇ ਸੰਦਰਭ ਵਿਚ ਬਹੁਤ ਸਾਰੀਆਂ ਕਵਿਤਾਵਾਂ ਵੇਖੀਆਂ ਜਾ ਸਕਦੀਆਂ ਹਨ। ਆਧੁਨਿਕ ਮਾਵਾਂ ਦੀ ਆਪਣੇ ਬੱਚਿਆਂ ਪ੍ਰਤੀ ਕੀ ਭੂਮਿਕਾ ਹੈ ਤੇ ਅਸਲ ਦੇ ਵਿੱਚ ਮਾਂ ਹੋਣ ਦਾ ਅਰਥ ਕੀ ਹੈ, ਇਸੇ ਸੰਦਰਭ ਵਿੱਚ 'ਮਾਵਾਂ-1', 'ਮਾਵਾਂ 2' ਕਵਿਤਾਵਾਂ ਵੇਖੀਆਂ ਜਾ ਸਕਦੀਆਂ ਹਨ। ਕਵੀ ਘਰ ਨੂੰ ਅਲਵਿਦਾ ਦੇ ਅਰਥਾਂ ਨੂੰ ਵੀ ਕਈ ਕੋਣਾਂ ਤੋਂ ਦੇਖਦਾ ਹੈ, ਜਿਵੇਂ ਕਿਸੇ ਮਕਸਦ ਦੇ ਲਈ ਘਰਾਂ ਨੂੰ ਅਲਵਿਦਾ ਕਹਿਣਾ ਤੇ ਆਲੇ-ਦੁਆਲੇ ਚੇਤਨਾ ਦਾ ਪ੍ਰਸਾਰ ਕਰਨ ਲਈ ਦੁਨੀਆ ਨੂੰ ਆਪਣਾ ਘਰ ਬਣਾ ਲੈਣਾ, ਘਰਾਂ ਨੂੰ ਅਲਵਿਦਾ ਕਹਿਣ ਦਾ ਇਕ ਅਰਥ ਕਵੀ ਬੇਰੁਖੇ ਮੌਸਮ ਦਾ ਮੁਕਾਬਲਾ ਕਰਨ ਦੀ ਬਜਾਏ ਭਾਂਜਵਾਦ ਨੂੰ ਅਪਣਾਉਣਾ ਅਤੇ ਇਸ ਖਪਤਕਾਰੀ ਦੌਰ ਵਿਚ ਮੰਡੀ ਵਿੱਚ ਗਵਾਚ ਕੇ ਘਰ ਦੇ ਅਰਥਾਂ ਨੂੰ ਭੁੱਲ ਜਾਣਾ ਆਦਿ ਵੱਖੋ-ਵੱਖਰੇ ਅਰਥਾਂ ਵਿੱਚ ਸਮਾਈਆਂ ਕਵਿਤਾਵਾਂ 'ਘਰਾਂ ਨੂੰ ਅਲਵਿਦਾ-1', 'ਘਰ ਅਲਵਿਦਾ-2', 'ਘਰ ਨੂੰ ਅਲਵਿਦਾ-3' ਆਦਿ ਕਵਿਤਾਵਾਂ ਵੇਖੀਆਂ ਜਾ ਸਕਦੀਆਂ ਹਨ। ਕਵੀ ਸਮਾਜ ਦੇ ਵਿਕਾਸਕ ਪੜਾਅ ਤੇ ਕਿਰਤ ਦੀ ਭੂਮਿਕਾ ਨੂੰ ਕਿਰਤੀ ਮਨੁੱਖ ਦੀ ਉਮਰ ਦੇ ਵੱਖੋ-ਵੱਖਰੇ ਪੜਾਵਾਂ ਨੂੰ ਸਮਾਨ ਅੰਤਰ ਰੱਖ ਕੇ ਦੇਖਦਾ ਹੈ। 'ਬੂੜਾ-1', 'ਬੂੜਾ-2', 'ਬੂੜਾ-3' ਆਦਿ ਕਵਿਤਾਵਾਂ ਜਿਸ ਵਿੱਚ ਬੂੜੇ ਵਿਅਕਤੀ ਦੇ ਸਿਰਜਣਾਤਮਕ ਪੱਖ, ਦੁਬਿਧਾ ਦਾ ਸ਼ਿਕਾਰ, ਉਦਾਸੀ ਦੇ ਅਲਾਰਮ ਦਾ ਅਹਿਸਾਸ ਸਾਹਮਣੇ ਆਉਂਦਾ ਹੈ। ਕਵੀ ਸਿਆਸਤ ਦੇ ਰੰਗਾਂ ਅੰਦਰ ਸੁੱਤੀ ਉਨ੍ਹਾਂ ਦੀ ਬੁਰਜੂਆਜੀ ਵਿਚਾਰਧਾਰਾ ਨੂੰ ਪ੍ਰਗਟ ਕਰਦਾ ਹੈ। ਸਿਆਸਤ ਦੀ ਭਾਸ਼ਾ ਆਮ ਲੋਕਾਂ ਦੀ ਭਾਸ਼ਾ ਤੋਂ ਵੱਖਰੀ ਹੁੰਦੀ ਹੈ। ਇਸੇ ਲਈ ਮੈਂ ਕਵੀ ਚੁੱਪ ਦੇ ਅਰਥਾਂ ਨੂੰ ਸਿਆਸਤ ਅਤੇ ਆਮ ਲੋਕਾਂ ਤੋਂ ਵਖਰਾਉਂਦਾ ਹੋਇਆ ਸਿਆਸਤ ਵਿੱਚ ਨਾਇਕ ਬਦਲਣ ਦੀ ਗੱਲ ਵੀ ਤੋਰਦਾ ਹੈ। ਕਵੀ ਦੀ ਬਹੁਤ ਹੀ ਖੂਬਸੂਰਤ ਗੱਲ ਹੈ ਕਿ ਸਿਆਸਤ ਸਿਰਫ ਕਾਨੂੰਨ ਦੀ ਵਿਵਸਥਾ ਲੋਕਾਂ ਉਪਰ ਥੋਪਦੀ ਹੈ, ਪਰ ਆਪ ਕਾਨੂੰਨ ਦੀਆਂ ਧੱਜੀਆਂ ਉਡਾਉਂਦੇ ਹਨ, ਜੋ ਅਜੋਕੇ ਸਮੇਂ ਦਾ ਸੱਚ ਹੈ। ਕਵਿਤਾਵਾਂ "ਸਿਆਸਤ-1', 'ਸਿਆਸਤ-2', 'ਸਿਆਸਤ-3' ਸਿਆਸਤ ਦੇ ਪਾਜ ਉਧੇੜਦੀਆਂ ਖੂਬਸੂਰਤ ਛੋਟੀਆਂ ਕਵਿਤਾਵਾਂ ਹਨ।

ਸਿਆਸਤ ਫੈਲਦੀ ਹੈ-
ਦੰਭ ਤੇ ਧ੍ਰੋਹ ਦੇ
ਧਰਾਤਲ 'ਤੇ—
ਸਿਆਸਤ ਵਿੱਚ ਨਾਇਕ
ਬਦਲਦੇ ਨੇ
ਭੂਮਿਕਾ ਨਹੀਂ।

ਸਮਾਜ ਵਿੱਚ ਪਈਆਂ ਹੋਈਆਂ ਆਰਥਿਕ ਤੇ ਸਮਾਜਿਕ ਵੰਡੀਆਂ ਤਹਿਤ ਜਾਤ-ਪਾਤ ਦੇ ਅਧਾਰ 'ਤੇ ਹੋਏ ਸ਼ੋਸ਼ਣ ਨੂੰ 'ਰਾਮਜ਼ਾਦੇ/ਹਰਾਮਜ਼ਾਦੇ 1', 'ਰਾਮਜ਼ਾਦੇ/ਹਰਾਮਜ਼ਾਦੇ-2', 'ਰਾਮਜ਼ਾਦੇ/ਹਰਾਮਜ਼ਾਦੇ-3' ਮਿਹਨਤ ਦੀ ਲੁੱਟ ਨੂੰ 'ਘਾਹੀਆਂ ਦੇ ਪੁੱਤ', 'ਸੀਰੀ', 'ਸੀਤੋ' ਆਦਿ ਕਵਿਤਾਵਾਂ ਵਿੱਚ ਇਹ ਦ੍ਰਿਸ਼ਟਮਾਨ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਹਾਸ਼ੀਆਗ੍ਰਸਤ ਸ਼੍ਰੇਣੀ ਨੂੰ ਹਨੇਰੇ ਵਿੱਚ ਰੱਖਣਾ ਹੀ ਹਾਕਮ ਜਮਾਤ ਦਾ ਮੁੱਖ ਮਕਸਦ ਹੁੰਦਾ ਹੈ। ਉਹ ਨਹੀਂ ਚਾਹੁੰਦੇ ਕਿ ਇਹ ਸ਼੍ਰੇਣੀ ਜਾਗ ਕੇ ਆਪਣੇ ਹੱਕਾਂ ਦੀ ਗੱਲ ਕਰੇ। ਕਵੀ ਨੂੰ ਇਸ ਗੱਲ 'ਤੇ ਪੂਰਾ ਭਰੋਸਾ ਹੈ ਜਦੋਂ ਇਹ ਲੋਕ ਜਾਗ ਪੈਣਗੇ ਤਾਂ ਨਵਾਂ ਇਤਿਹਾਸ ਸਿਰਜਿਆ ਜਾਵੇਗਾ। ਇਤਿਹਾਸ ਗਵਾਹ ਹੈ ਕਿ ਹਮੇਸ਼ਾ ਹੀ ਲੋਕਾਂ ਦੇ ਸੰਘਰਸ਼ ਦੀ ਜਿੱਤ ਹੁੰਦੀ ਹੈ।

ਕਵੀ ਵਗਦੇ ਪਾਣੀਆਂ ਵਾਂਗ ਸਾਰੀਆਂ ਅੜਚਨਾਂ ਤੋੜਨ ਵਿਚ ਵਿਸ਼ਵਾਸ ਰੱਖਦਾ ਹੋਇਆ ਸਦਾ ਤੁਰਦੇ ਰਹਿਣ ਦਾ ਅਹਿਦ ਕਰਦਾ ਹੈ। ਮੱਥੇ ਵਿੱਚ ਉੱਗਿਆ ਜੰਗਲ ਕਵੀ ਨੂੰ ਬੇਚੈਨ ਕਰਦਾ ਹੈ ਅਤੇ ਉਸ ਤੋਂ ਪਾਰ ਜਾਣ ਦਾ ਉਹ ਰਾਹ ਲੱਭਣ ਲਈ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

## ਤ੍ਰਿਪਤ ਭੱਟੀ ਦੀਆਂ ਚੋਣਵੀਆਂ ਮਿੰਨੀ ਕਹਾਣੀਆਂ

ਸੰਪਾਦਕ : ਡਾ. ਹਰਪ੍ਰੀਤ ਸਿੰਘ ਰਾਣਾ
ਮੁੱਲ : 250 ਰੁਪਏ, ਪੰਨੇ : ਸੁਜਿਲਦ : 144
ਸੰਗਮ ਪਬਲੀਕੇਸ਼ਨਜ਼, ਪਟਿਆਲਾ

ਤ੍ਰਿਪਤ ਸਿੰਘ ਭੱਟੀ ਚਰਚਿੱਤ ਲੇਖਕ ਹੈ, ਜਿਸ ਨੇ ਕਵਿਤਾ, ਕਹਾਣੀ, ਮਿੰਨੀ ਕਹਾਣੀ ਅਤੇ ਅਨੁਵਾਦ ਖੇਤਰ ਵਿੱਚ ਭਰੋਸੇਯੋਗ ਠਿੱਠ ਕੇ ਕਾਰਜ ਕੀਤਾ ਹੈ, ਪ੍ਰੰਤੂ ਮਿੰਨੀ ਕਹਾਣੀ ਖੇਤਰ ਵਿੱਚ ਉਸ ਦਾ ਅਜੋਕੇ ਮਿੰਨੀ ਲੇਖਕਾਂ ਵਿੱਚ ਨਾਂਅ ਲਿਆ ਜਾ ਸਕਦਾ ਹੈ। ਉਸ ਨੇ ਹੁਣ ਤੱਕ 3 ਕਹਾਣੀ ਸੰਗ੍ਰਹਿ, 3 ਕਾਵਿ ਸੰਗ੍ਰਹਿ ਅਤੇ ਲੱਗਭੱਗ ਅੱਧੀ ਦਰਜਨ ਵਾਰਤਕ ਦੀਆਂ ਪੁਸਤਕਾਂ ਪ੍ਰਕਾਸ਼ਤ ਕਰਵਾਈਆਂ ਹਨ। ਆਪ ਨੇ 9 ਪੁਸਤਕਾਂ ਦਾ ਪੰਜਾਬੀ ਅਨੁਵਾਦ ਵੀ ਕੀਤਾ ਹੈ। ਅੱਜ-ਕੱਲ੍ਹ ਲੇਖਕ ਤ੍ਰਿਪਤ ਭੱਟੀ ਯੂ ਐੱਸ ਏ ਵਿਖੇ ਰਹਿ ਰਿਹਾ ਹੈ।

ਤ੍ਰਿਪਤ ਭੱਟੀ ਦੀਆਂ ਚੋਣਵੀਆਂ ਮਿੰਨੀ ਕਹਾਣੀਆਂ ਦਾ ਸੰਪਾਦਨ ਡਾ: ਹਰਪ੍ਰੀਤ ਸਿੰਘ ਰਾਣਾ ਨੇ ਕੀਤਾ ਹੈ, ਜਿਸ ਵਿੱਚ ਉਸ ਨੇ ਉਸ ਦੀਆਂ 131 ਚੋਣਵੀਆਂ ਕਹਾਣੀਆਂ ਨੂੰ ਸ਼ਾਮਲ ਕੀਤਾ ਹੈ।

ਪੰਜਾਬੀ ਸਾਹਿਤ ਵਿੱਚ ਭਾਰਤੀ ਅਤੇ ਵਿਦੇਸ਼ੀ ਭਾਸ਼ਾਵਾਂ ਵਿੱਚ ਚਿਰ ਕਾਲ ਤੋਂ ਲਿਖੀ ਜਾ ਰਹੀ ਮਿੰਨੀ ਕਹਾਣੀ ਵਾਂਗ ਭਾਵੇਂ ਪਿਛਲੇ ਤਿੰਨ ਦਹਾਕੇ ਤੋਂ ਹੀ ਮਿੰਨੀ ਕਹਾਣੀ ਹਰਮਨ ਵਿਧਾ ਵਜੋਂ ਪਰਵਾਨ ਹੋਈ ਹੈ। ਕਾਰਨ ਵਿਸ਼ੇਸ਼ ਤੌਰ 'ਤੇ ਇਹੋ ਹੈ ਕਿ ਪੰਜਾਬੀ ਵਿੱਚ ਵੀ ਕਲਾਤਮਿਕ ਮਿੰਨੀ ਕਹਾਣੀਕਾਰ ਲਿਖਣ ਵਾਲੇ ਲੇਖਕ ਅਜੋਕੇ ਸਮੇਂ ਆਪਣੀ ਹਾਜ਼ਰੀ ਤਾਂ ਲਵਾ ਰਹੇ ਹਨ, ਪਰ ਮਿੰਨੀ ਕਹਾਣੀ ਦੀ ਮੁੱਢਲੀ ਅਤੇ ਪਹਿਲੀ ਸ਼ਰਤ ਇਹੋ ਮੰਨੀ ਗਈ ਹੈ ਕਿ ਇਹ ਸਰਲਤਾ, ਸਪੱਸ਼ਟਤਾ ਅਤੇ ਸੰਖੇਪਤਾ ਦੀਆਂ ਸ਼ਰਤਾਂ ਪੂਰੀ ਕਰਦੀ ਹੋਵੇ, ਪੇਸ਼ ਵਿਸ਼ਾ, ਚਲੰਤ, ਭਖਦਾ ਅਤੇ ਯਥਾਰਥਕ ਹੋਵੇ। ਜਦੋਂ ਅਸੀਂ ਸੰਖੇਪਤਾ ਦੀ ਗੱਲ ਕਰਦੇ ਹਾਂ ਤਾਂ ਸੁਭਾਵਕ ਹੀ ਅਸੀਂ ਵਿਸ਼ਾ ਇੱਕ, ਪਰ ਭਖਦਾ ਹੋਵੇ, ਪਾਤਰ ਦੋ-ਚਾਰ ਤੋਂ ਵੱਧ ਠੀਕ ਨਹੀਂ, ਵਿਆਖਿਆ ਦੀ ਥਾਂ ਸੰਯੁਕਤ, ਸੰਖੇਪ ਅਤੇ ਸਪੱਸ਼ਟ ਪੇਸ਼ਕਾਰੀ ਹੋਵੇ। ਮਿੰਨੀ ਕਹਾਣੀ ਦੀ ਲੰਬਾਈ ਪੁਸਤਕ ਦਾ ਇੱਕ ਪੰਨਾ ..ਬੱਸ ਅੰਤ ਵਲਵਤਾ ਭਰਪੂਰ, ਸੰਖੇਪ ਸਪੱਸ਼ਟ ਅਤੇ ਹੈਰਾਨੀ ਭਰਪੂਰ : ਇੰਜ ਅਸੀਂ ਮਿੰਨੀ ਕਹਾਣੀ ਦੇ ਮੁੱਖ ਲਕਸ਼ ਦੀ ਸਹਿਜੇ ਹੀ ਪੂਰਤੀ ਕਰਵਾ ਸਕਦੇ ਹਾਂ।

ਇਸ ਫਾਰਮੂਲੇ ਅਨੁਸਾਰ ਤ੍ਰਿਪਤ ਭੱਟੀ ਦੀਆਂ ਇਸ ਪੁਸਤਕ ਦੀਆਂ ਸਮੁੱਚੀਆਂ ਕਹਾਣੀਆਂ ਦਾ ਮੁਲਾਂਕਣ ਕਰਦੇ ਹਾਂ, ਤਾਂ ਸਹਿਜੇ ਹੀ ਕਹਿ ਸਕਦੇ ਹਾਂ ਕਿ ਇਹ ਕਹਾਣੀਆਂ ਇਸ ਪੈਮਾਨੇ ਉੱਪਰ ਪੂਰੀਆਂ ਉਤਰਦੀਆਂ ਹਨ, ਜਦ ਕਿ ਅਜੋਕੀਆਂ ਕਹਾਣੀਆਂ ਵਿੱਚ ਮਿੰਨੀ ਸਰੂਪ ਦਾ ਖਿਆਲ ਘੱਟ ਰੱਖਿਆ ਜਾ ਰਿਹਾ ਹੈ।

ਇਸ ਪੁਸਤਕ ਦੀਆਂ ਮਿੰਨੀ ਕਹਾਣੀਆਂ ਦੀ ਵਿਸ਼ੇਸ਼ਤਾ ਇਹ ਹੈ ਕਿ ਇਹਨਾਂ ਕਹਾਣੀਆਂ ਵਿੱਚ ਅੰਤਰ-ਰਾਸ਼ਟਰੀ ਪੱਧਰ ਦੇ ਵਿਸ਼ੇ ਲਏ ਗਏ ਹਨ; ਦੂਜੇ ਇਹਨਾਂ ਕਹਾਣੀਆਂ ਦਾ ਅੰਤ ਹੈਰਾਨ ਕਰਨ ਵਾਲਾ, ਅਚੰਭੇ ਵਾਲਾ, ਠੋਕਰ ਮਾਰਨ ਵਾਲਾ ਤਨਜ਼ੀਆ ਹੈ। ਸੰਖੇਪਤਾ, ਸਰਲਤਾ, ਸਪੱਸ਼ਟਤਾ ਦੀ ਘਾਟ ਨਹੀਂ। ਉਹ ਵਿਸ਼ੇ ਵੀ ਕਲਾਤਮਿਕ-ਵਿਧੀ ਨਾਲ ਦ੍ਰਿਸ਼ਟੀ-ਗੋਚਰੇ ਕਰਵਾਏ ਗਏ ਹਨ, ਜਿਨ੍ਹਾਂ ਨੂੰ ਅਸੀਂ ਸਾਰੇ ਨੰਗੇਜ਼ ਅਥਵਾ ਮਲੀਨ ਸਮਝਦੇ ਹਾਂ। ਪਾਤਰ ਵਧੇਰੇ ਕਹਾਣੀਆਂ ਵਿੱਚ ਦੋ ਤੋਂ ਵੱਧ ਨਹੀਂ ਸੰਖੇਪਤਾ, ਹਰ ਕਹਾਣੀ ਵਿੱਚ ਹੈ। ਇਨ੍ਹਾਂ ਮਿੰਨੀ ਕਹਾਣੀਆਂ ਦਾ ਜੋ-ਜੋ ਸਿਰਲੇਖ ਹੈ, ਉਹ ਪੇਸ਼ ਮਿੰਨੀ ਕਹਾਣੀ ਦੀ ਸਮੁੱਚੀ ਕਥਾ ਦਾ ਭਾਵਨਾਤਮਕ ਨਿਚੋੜ ਹੈ। ਕਹਾਣੀ ਵਿੱਚ ਚੁਸਤੀ ਲਿਆਉਣ ਲਈ ਵਾਰਤਾਲਾਪ ਰੱਖੀ ਗਈ ਹੈ। ਵਿਆਖਿਆ ਹੈ, ਪਰ ਸੰਖੇਪ ਹੈ। ਕਹਾਣੀ ਦੇ ਸਿਰਲੇਖ, ਸਮੁੱਚੀ ਕਹਾਣੀ ਦਾ ਢੁੱਕਵਾਂ ਸਾਰ ਹੈ। ਜਾਦੂ ਉਹ ਹੁੰਦਾ ਹੈ, ਜੋ ਸਿਰ ਚੜ੍ਹ ਬੋਲਦਾ ਹੈ, ਇਹਨਾਂ ਮਿੰਨੀ ਕਹਾਣੀਆਂ ਨੂੰ ਪੜ੍ਹ ਕੇ ਪਾਠਕ ਨਵਾਂ ਕੁਝ ਸਿੱਖਣ-ਪੜ੍ਹਣ ਅਤੇ ਜਾਣਨਾ ਅਨੁਭਵ ਕਰਦੇ ਹਨ।

ਲੇਖਕ ਦੀਆਂ ਵਧੇਰੇ ਕਹਾਣੀਆਂ 'ਚ ਸੰਖੇਪਤਾ, ਸਰਲਤਾ ਅਤੇ ਸਪੱਸ਼ਟਤਾ ਦਾ ਖਿਆਲ ਰੱਖਿਆ ਗਿਆ ਹੈ।

ਇਸ ਸੰਗ੍ਰਹਿ ਦੀ ਇੱਕ ਕਹਾਣੀ 'ਮੁੜ੍ਹਕਾ' ਹੈ, ਜੋ ਬਹੁਤ ਸਫਲ ਮਿੰਨੀ ਕਹਾਣੀ ਹੈ, ਬਿਨਾਂ ਬੋਲੇ, ਕਹੇ, ਅਹਿਸਾਸ ਦਿਲਾਏ ਦੋਸ਼ੀ ਨੂੰ ਆਪਣੀ ਗਲਤੀ ਦਾ ਅਹਿਸਾਸ ਜਦ ਹੁੰਦਾ ਹੈ, ਉਸ ਨੂੰ ਮੁੜ੍ਹਕਾ ਆ ਜਾਂਦਾ ਹੈ।

ਬਾਹਰਲੇ ਦੇਸ਼ਾਂ ਦਾ ਤਰਜ਼ਿ-ਫਿਕਰ ਅਤੇ ਤਰਜ਼ਿ ਅਮਲ ਇਹਨਾਂ ਕਹਾਣੀਆਂ ਵਿੱਚ ਪੜ੍ਹ ਕੇ ਸਾਨੂੰ ਪਾਠਕਾਂ ਨੂੰ ਨਵਾਂ ਕੁਝ ਸਿੱਖਣ, ਪੜ੍ਹਨ ਦਾ ਅਹਿਸਾਸ ਹੁੰਦਾ ਹੈ।

ਇਹਨਾਂ ਕਹਾਣੀਆਂ ਵਿੱਚ ਵਧੇਰੇ ਟੀ ਡਬਲਿਊ ਆਈ ਐੱਸ ਮਰੋੜਾ ਹੈ, ਜੋ ਇਸ ਦੇ ਲਿਖਣ-ਉਦੇਸ਼ ਦੀ ਸਪੂਰਤੀ ਕਰਦਾ ਹੈ।

ਇਸ ਸੰਗ੍ਰਹਿ ਨੂੰ ਪੜ੍ਹਦਿਆਂ ਸਹਿਜੇ ਹੀ ਕਹਿ ਸਕਦੇ ਹਾਂ ਕਿ ਅਜੋਕੀ ਮਿੰਨੀ ਕਹਾਣੀ, ਪੰਜਾਬੀ ਸਾਹਿਤ ਵਿੱਚ ਮਹੱਤਵਪੂਰਨ ਵਿਧਾ ਬਣ ਕੇ ਉੱਭਰੇਗੀ, ਜਿਸ ਨੂੰ ਪਾਠਕ ਚਾਅ ਨਾਲ ਪਹਿਲ ਦੇ ਆਧਾਰ 'ਤੇ ਪੜ੍ਹਿਆ ਕਰਨਗੇ।

ਲੇਖਕ, ਸੰਪਾਦਕ ਅਜਿਹੀ ਰਚਨਾ ਦੇ ਪ੍ਰਕਾਸ਼ਨ ਉੱਪਰ ਵਧਾਈ ਦੇ ਹੱਕਦਾਰ ਹਨ।

- ਡਾ: ਅਮਰ ਕੋਮਲ

## ਜ਼ਹਿਰ ਮਹੁਰਾ

ਲੇਖਕ-ਡਾ. ਬਰਿੰਦਰ ਕੌਰ
ਕੁੱਲ ਪੰਨੇ-115, ਕੀਮਤ-150 ਰੁਪਏ
ਪ੍ਰਕਾਸ਼ਕ-ਸਪਤਰਿਸ਼ੀ ਪਬਲੀਕੇਸ਼ਨਜ਼, ਚੰਡੀਗੜ੍ਹ

ਡਾ. ਬਰਿੰਦਰ ਕੌਰ ਦਾ ਨਾਵਲ 'ਜ਼ਹਿਰ ਮਹੁਰਾ' ਕੋਰੋਨਾ ਤਾਲਾਬੰਦੀ ਦੌਰਾਨ ਦੀ ਸਿਰਜਣ ਪ੍ਰਕਿਰਿਆ ਦਾ ਇੱਕ ਵੱਖਰਾ ਤੇ ਨਿਵੇਕਲਾ ਨਮੂਨਾ ਹੈ, ਜਿਸ ਵਿੱਚ ਤਾਲਾਬੰਦੀ ਦੇ ਸਮੇਂ ਦਾ ਸੁਚੱਜਾ ਤੇ ਸਿਰਜਣਾਤਮਕ ਪ੍ਰਯੋਗ ਉੱਭਰਦਾ ਦਿਖਾਈ ਦਿੰਦਾ ਹੈ। ਇਸ ਪੁਸਤਕ ਦੀ ਵਿਧਾ ਨਾਵਲ ਹੈ। ਇਸ ਪੁਸਤਕ ਤੋਂ ਪਹਿਲਾਂ ਉਹਨਾਂ ਦੀਆਂ ਕਾਫ਼ੀ ਖੋਜ ਪੁਸਤਕਾਂ ਭਾਸ਼ਾ, ਲੋਕਧਾਰਾ ਅਤੇ ਸੱਭਿਆਚਾਰ ਨਾਲ ਸੰਬੰਧਤ ਆ ਚੁੱਕੀਆਂ ਹਨ। 12 ਕਾਂਡਾਂ ਵਿੱਚ ਲਿਖੇ ਇਸ ਨਾਵਲ ਦਾ ਮੁੱਖ ਥੀਮ ਕੋਰੋਨਾ ਮਹਾਂਮਾਰੀ ਸਮੇਂ ਹੋਈ ਤਾਲਾਬੰਦੀ ਦੇ ਸਮੇਂ ਦੇ ਸਹਿਮ, ਇਸ ਸਮੇਂ ਦੌਰਾਨ ਪੇਸ਼ ਹੋਈਆਂ ਸਮਾਜਿਕ, ਆਰਥਿਕ, ਵਿੱਦਿਅਕ ਆਦਿ ਸਮੱਸਿਆਵਾਂ ਅਤੇ ਇਹਨਾਂ ਖੇਤਰਾਂ 'ਤੇ ਪਏ ਪ੍ਰਭਾਵਾਂ ਨੂੰ ਵੀ ਬਿਆਨ ਕਰਦਾ ਹੈ। ਹਰ ਦਿਨ ਦੇ ਬਦਲਦੇ-ਉੱਭਰਦੇ ਕੋਰੋਨਾ ਪੀੜਤ ਅੰਕੜੇ ਅਤੇ ਇਹਨਾਂ ਲਈ ਹੁੰਦੇ ਨਿੱਤ ਦਿਨ ਦੇ ਨਿਵੇਕਲੇ ਇਲਾਜਾਂ ਕਾਰਨ ਕਿਤੇ-ਕਿਤੇ ਵਿਅੰਗਮਈ ਸਥਿਤੀ ਵੀ ਉਪਜਦੀ ਦਿਖਾਈ ਦਿੰਦੀ ਹੈ। ਭਵਿੱਖੀ ਖੋਜ ਲਈ ਇਹ ਅੰਕੜੇ ਸਹਾਇਤਾ ਪ੍ਰਦਾਨ ਸਮੱਗਰੀ ਸਮੋਈ ਬੈਠੇ ਹਨ। ਕੋਰੋਨਾ ਸੰਕਟ ਦੌਰਾਨ ਆਏ ਪਰਿਵਰਤਨਾਂ ਅਤੇ ਸਮੱਸਿਆਵਾਂ ਨੂੰ ਪ੍ਰਗਟਾਉਣ ਦੇ ਨਾਲ-ਨਾਲ ਇਹ ਨਾਵਲ ਇਸ ਮਹਾਂਮਾਰੀ ਦੌਰਾਨ ਵਾਪਰੇ ਕੁਝ ਸਾਕਾਰਾਤਮਕ ਪੱਖਾਂ ਜਿਵੇਂ ਮਨੁੱਖਤਾ ਦੀ ਸੇਵਾ, ਵਾਤਾਵਰਣਿਕ ਸ਼ੁੱਧਤਾ, ਸੁਚੱਜੀ ਜ਼ਿੰਦਗੀ ਜਿਉਣ ਦੇ ਆਚਾਰ-ਵਿਹਾਰ ਆਦਿ ਨੂੰ ਵੀ ਬਿਆਨ ਕਰਦਾ ਹੈ। ਇਸ ਨਾਵਲ ਦੀ ਭੂਮਿਕਾ ਸਾਹਿਤ ਅਕਾਦਮੀ ਪੁਰਸਕਾਰ ਨਾਲ ਨਿਵਾਜੇ ਸਾਹਿਤਕਾਰ ਮਨਮੋਹਨ ਨੇ ਲਿਖੀ ਹੈ। ਨਾਵਲ ਬਿਰਤਾਂਤ ਵਿਧਾ ਵਿੱਚ ਲਿਖੀ ਇਸ ਪੁਸਤਕ ਜ਼ਰੀਏ ਡਾ. ਬਰਿੰਦਰ ਕੌਰ ਨੇ ਵੱਖ-ਵੱਖ ਵਿਦਵਾਨਾਂ ਦੇ ਸੰਦਰਭ ਰਾਹੀਂ ਤਾਲਾਬੰਦੀ ਦੌਰਾਨ ਉਪਜੀ ਸਾਹਿਤ ਸਿਰਜਣਾ ਅਤੇ ਗਿਆਨ-ਵਿਗਿਆਨ ਦੇ ਹੋਰਨਾਂ ਖੇਤਰਾਂ ਵਿੱਚ ਹੋਈਆਂ ਖੋਜਾਂ ਨੂੰ ਵੀ ਬਿਆਨ ਕੀਤਾ ਹੈ। ਇਸੇ ਤਹਿਤ ਹੀ ਤਾਲਾਬੰਦੀ ਦੇ ਸਮੇਂ ਵੱਖ-ਵੱਖ ਵਿਦਵਾਨਾਂ ਦੀਆਂ ਸਿਰਜਣਾਵਾਂ ਦੇ ਸੰਦਰਭ ਰਾਹੀਂ ਆਪਣੇ ਖ਼ੁਦ ਦੇ ਏਕਾਂਤਵਾਸ ਵਿੱਚੋਂ ਪੈਦਾ ਹੋਈ ਸਿਰਜਣਾ ਜ਼ਹਿਰ ਮਹੁਰਾ ਨੂੰ ਵੀ ਇਸੇ ਦਾ ਹੀ ਸਿੱਟਾ ਦੱਸਦੇ ਹਨ। ਜ਼ਹਿਰ ਮਹੁਰਾ ਕੋਵਿਡ-19 ਨੂੰ ਕਿਹਾ ਗਿਆ ਹੈ।

ਇਸ ਦੇ ਸਿਰਲੇਖ ਨੂੰ ਸਪੱਸ਼ਟ ਕਰਦੇ ਹੋਏ ਲੇਖਿਕਾ ਲਿਖਦੀ ਹੈ ਕਿ "ਅੱਜ ਤਾਂ ਅਜੇ ਤੀਸਰਾ ਹੀ ਦਿਨ ਹੈ ਜ਼ਹਿਰ ਮਹੁਰੇ ਦਾ। ਹੈਰਾਨ ਨਾ ਹੋਵੋ ਕਿਉਂਕਿ ਮੈਂ ਕੋਰੋਨਾ ਵਾਇਰਸ ਨੂੰ ਇਹ ਨਾਂਅ ਦਿੱਤੈ....। ਜ਼ਹਿਰ ਦੀ ਸੰਗਯਾ ਕ੍ਰੋਧ ਹੈ ਅਤੇ ਮਹੁਰਾ ਤੋਂ ਭਾਵ ਵੀ ਵਿਸ਼ੈਲਾ ਜਾਂ ਵਿੱਖ ਭਰਿਆ ਹੈ । ਇਸ ਲਈ ਜ਼ਿਹਨ 'ਚ ਵਾਰ-ਵਾਰ ਇਹ ਵਾਇਰਸ ਗੁੱਸੇ ਵਾਲਾ, ਕ੍ਰੋਧੀ ਸੁਭਾਅ ਦਾ ਵਿਸ਼ੈਲਾ ਭਾਵ ਰੱਖਣ ਕਰਕੇ ਇਹ ਨਾਂਅ ਵਾਰ-ਵਾਰ ਘੁੰਮ ਰਿਹਾ ਹੈ ਜਾਂ ਸ਼ਾਇਦ ਇਸ ਲਈ ਇਸ ਵਾਸਤੇ ਲੱਗਭੱਗ ਸਾਡੇ ਘਰਾਂ ਵਿੱਚ ਜ਼ਹਿਰੀਲੇ ਜਨੌਰਾਂ ਜਿਵੇਂ ਕੋਹੜ, ਕਿਰਲੀਆਂ ਅਤੇ ਸੱਪਾਂ ਤੋਂ ਬਚਾਓ ਲਈ ਘਰਾਂ ਵਿੱਚ ਮੋਰ ਦੇ ਪੰਖਾਂ ਨੂੰ ਰੱਖਿਆ ਜਾਂਦਾ ਸੀ। ਮਨਮੋਹਨ ਦੇ ਸ਼ਬਦਾਂ ਅਨੁਸਾਰ, "'ਜ਼ਹਿਰ ਮਹੁਰਾ' ਦੇ ਬਿਰਤਾਂਤਕ ਪੈਰਾਡਾਇਮ 'ਚ ਕਈ ਪ੍ਰਬਲ ਮੋਟਿਫ਼ ਹਨ, ਪਰ ਸਭ ਤੋਂ ਵੱਧ ਪ੍ਰਬਲ ਮੋਟਿਫ਼ ਮੌਤ ਜਾਂ ਮੌਤ ਦੇ ਭੈਅ ਦਾ ਹੈ। ਮਹਾਂਮਾਰੀਆਂ 'ਚ ਮੌਤ ਬਹੁਤ ਵਿਕਰਾਲ ਰੂਪ 'ਚ ਹਰ ਮਨੁੱਖ ਮੂਹਰੇ ਦਰਪੇਸ਼ ਹੁੰਦੀ ਹੈ। ਇਹ ਮੌਤ ਦਾ ਮੋਟਿਫ਼ ਲਗਾਤਾਰ ਬਿਰਤਾਂਤ ਦੀ ਭਾਸ਼ਾ ਦੇ ਆਰ-ਪਾਰ ਫੈਲਦਾ ਹੈ।" ਗੁਰਬਾਣੀ ਦੀਆਂ ਤੁਕਾਂ ਇਸ ਸਮੇਂ ਵਿਚਰਦੇ ਮੌਤ ਦੇ ਭੈਅ ਅਤੇ ਸਹਿਜਮਈ ਜੀਵਨ ਜਿਉਣ ਲਈ ਬਲ ਬਖ਼ਸ਼ਦੀਆਂ ਹਨ। ਉੱਤਮ-ਪੁਰਖੀ ਸ਼ੈਲੀ ਵਿੱਚ ਲਿਖੀ ਇਹ ਪੁਸਤਕ ਆਪਣੇ-ਆਪ ਵਿੱਚ ਇੱਕ ਨਿਵੇਕਲੀ ਸਾਹਿਤਕ ਵਿਧਾ ਦੀ ਉਸਾਰੀ ਕਰਦੀ ਹੈ। ਨਾਵਲ ਵਿਚਲੀ ਸ਼ੇਅਰੋ-ਸ਼ੇਅਰੀ ਕਿਤੇ-ਕਿਤੇ ਇਸ ਵਿੱਚ ਵੱਖਰਾ ਰਸ ਘੋਲਦੀ ਪ੍ਰਤੀਤ ਹੁੰਦੀ ਹੈ,

ਸਲਾਮਤ ਰਹੇ ਵੋ ਸ਼ਹਿਰ ਜਿਸ ਮੇ ਤੁਮ ਬਸੇ ਹੋ
ਇਕ ਤੁਮਹਾਰੀ ਖ਼ਾਤਿਰ ਹਮ ਪੂਰੇ ਸ਼ਹਿਰ ਕੋ ਦੁਆ ਦੇਤੇ ਹੈਂ.....

— ਜਸਵੰਤ ਕੌਰ ਮਣੀ,

# ਕਿਤਾਬਾਂ

## ਮੇਰੀ ਨਜ਼ਰ ਵਿੱਚ

ਡਾ: ਕਰਨਜੀਤ ਸਿੰਘ
ਪੰਨੇ : 176, ਮੁੱਲ : 200 ਰੁਪਏ
ਨਵਯੁੱਗ ਪਬਲਿਸ਼ਰਜ਼, ਨਵੀਂ ਦਿੱਲੀ



ਕੋਈ ਵੀ ਸਿਆਸੀ ਪਾਰਟੀ ਜਾਂ ਸੰਸਥਾ ਓਨਾ ਚਿਰ ਆਪਣੇ ਕਿਸੇ ਪ੍ਰਯੋਜਨ ਦੀ ਸਫਲਤਾ ਤਾਂ ਦੂਰ ਦੀ ਗੱਲ, ਉਸ ਵਾਸਤੇ ਕਾਰਜਸ਼ੀਲ ਹੀ ਨਹੀਂ ਹੋ ਸਕਦੀ, ਜਿੰਨਾ ਚਿਰ ਉਸ ਦਾ ਆਪਣਾ ਕੋਈ ਅਖਬਾਰ ਜਾਂ ਰਸਾਲਾ ਨਾ ਹੋਵੇ। ਆਪਣੇ ਆਸ਼ਿਆਂ ਦੇ ਪ੍ਰਚਾਰ ਲਈ ਅਤੇ ਵਿਸ਼ਾਲ ਜਨ-ਸੰਪਰਕ ਲਈ ਸੰਚਾਰ ਦੇ ਇਸ ਮਾਧਿਅਮ ਤੋਂ ਬਗੈਰ ਮੁੱਢਲੇ ਕਦਮ ਪੁੱਟਣੇ ਵੀ ਕਲਪਨਾ-ਬਾਹਰੀ ਗੱਲ ਪ੍ਰਤੀਤ ਹੁੰਦੀ ਹੈ। ਇਸ ਲਈ ਹਿੰਦੁਸਤਾਨ ਗਦਰ ਪਾਰਟੀ ਨੇ 8 ਦਸੰਬਰ 1913 ਨੂੰ 'ਗਦਰ' ਨਾਂਅ ਦਾ ਇੱਕ ਪੰਜਾਬੀ ਅਖਬਾਰ ਚਾਲੂ ਕੀਤਾ, ਜਿਹੜਾ ਸਾਨਫਰਾਂਸਿਸਕੋ ਤੋਂ ਛਪ ਕੇ ਲੁਕਵੇਂ ਢੰਗਾਂ ਨਾਲ ਵਿਦੇਸ਼ਾਂ ਵਿੱਚ ਵਸਦੇ ਭਾਰਤੀਆਂ ਕੋਲ ਅਤੇ ਭਾਰਤ ਵਿੱਚ ਵੀ ਪਹੁੰਚਾਇਆ ਜਾਂਦਾ ਸੀ। ਇਸ ਪੱਤਰ ਵਿੱਚ ਪਾਰਟੀ ਦੇ ਇਨਕਲਾਬੀ ਵਿਚਾਰਾਂ ਅਤੇ ਗਦਰ ਸੰਬੰਧੀ ਉਸ ਦੇ ਪ੍ਰੋਗਰਾਮ ਨੂੰ ਕਵਿਤਾਵਾਂ ਦੇ ਰੂਪ ਵਿੱਚ ਵੀ ਪੇਸ਼ ਕੀਤਾ ਜਾਂਦਾ, ਜਿਹੜੀਆਂ ਅਤਿਅੰਤ ਪ੍ਰਭਾਵਸ਼ਾਲੀ, ਪ੍ਰੇਰਕ ਤੇ ਉਤਸ਼ਾਹ ਵਧਾਉਣ ਵਾਲੀਆਂ ਹੁੰਦੀਆਂ ਸਨ। ਪਾਠਕਾਂ ਉੱਤੇ ਪੈਣ ਵਾਲੇ ਪ੍ਰਭਾਵ ਤੋਂ ਉਤਪੰਨ ਹੁੰਦੇ ਪ੍ਰਤੀਕਰਮ ਦਾ ਮਾਂ-ਮੁਖੀ ਮੁੱਲ ਹੀ ਸੀ, ਜਿਸ ਦਾ ਸਦਕਾ ਸਮੇਂ-ਸਮੇਂ ਛਪਣ ਵਾਲੀਆਂ ਇਹਨਾਂ ਕਵਿਤਾਵਾਂ ਨੂੰ 'ਗਦਰ ਦੀ ਗੂੰਜ' ਹੇਠ ਇਕੱਤਰ ਕਰਕੇ ਕਿਤਾਬਚਿਆਂ ਦੇ ਰੂਪ ਵਿੱਚ ਛਾਪਿਆ ਜਾਂਦਾ ਰਿਹਾ। ਫੇਰ ਇਹਨਾਂ ਵਿੱਚੋਂ ਕੁਝ ਹਿੰਦੀ, ਉਰਦੂ ਤੇ ਗੁਜਰਾਤੀ ਵਿੱਚ ਅਨੁਵਾਦ ਵੀ ਪ੍ਰਕਾਸ਼ਤ ਹੋਏ। ਇਹ ਕਾਵਿ-ਸੰਗ੍ਰਹਿ ਪੂਰੇ ਦੇ ਪੂਰੇ ਕਿਸੇ ਪੁਸਤਕਾਲੇ ਵਿੱਚ ਪ੍ਰਾਪਤ ਹਨ ਜਾਂ ਨਹੀਂ, ਇਸ ਬਾਰੇ ਸਾਨੂੰ ਬਹੁਤੀ ਭਰੋਸੇਯੋਗ ਜਾਣਕਾਰੀ ਨਹੀਂ। ਹਾਂ ਕੁਝ ਪੁੱਛ-ਪੜਤਾਲ ਕਰਨ ਤੋਂ ਮਗਰੋਂ ਇੱਕ ਸਾਥੀ ਮਿੱਤਰ ਕੋਲੋਂ 'ਗਦਰ ਦੀ ਗੂੰਜ' ਨੰਬਰ 7 ਪ੍ਰਾਪਤ ਹੋ ਸਕੀ ਹੈ, ਜਿਹੜੀ 1931 ਵਿੱਚ ਪ੍ਰਕਾਸ਼ਤ ਹੋਈ ਸੀ। ਸ: ਸੋਹਣ ਸਿੰਘ ਜੋਸ਼ ਨੇ ਆਪਣੀ ਪੁਸਤਕ ਵਿੱਚ ਇਸ ਪੁਸਤਕ ਦਾ ਜ਼ਿਕਰ ਕੀਤਾ ਹੈ। ਗਿਆਨੀ ਹੀਰਾ ਸਿੰਘ ਦਰਦ ਨੇ 'ਪੰਜਾਬੀ ਦੁਨੀਆ' ਦੇ ਦੇਸ਼ਭਗਤੀ ਕਾਵਿ ਵਿੱਚ 'ਗਦਰ ਦੀ ਗੂੰਜ' ਨੰਬਰ 1 ਤੇ ਨੰਬਰ 7 ਦੇ ਹਵਾਲੇ ਦਿੱਤੇ ਹਨ। ਇਹਨਾਂ ਤੋਂ ਜਾਪਦਾ ਹੈ ਕਿ 'ਗਦਰ ਦੀ ਗੂੰਜ' ਨੰਬਰ 7 ਆਖਰੀ ਪੁਸਤਕ ਸੀ। ਇਸ ਵਿੱਚ ਛੱਤੀ ਕਵਿਤਾਵਾਂ ਹਨ।

- ਇੱਕ ਲੇਖ 'ਚੋਂ

## ਟਾਪੂ ਨਹੀਂ ਹਾਂ ਮੈਂ

(ਆਤਮ ਕਥਾ)
ਖਵਾਜ਼ਾ ਅਹਿਮਦ ਅੱਬਾਸ
ਅਨੁਵਾਦਕ : ਡਾ. ਨਰੇਸ਼
ਪੰਨੇ : 618, ਮੁੱਲ : 600 ਰੁਪਏ
ਨਵਯੁੱਗ ਪਬਲਿਸ਼ਰਜ਼, ਨਵੀਂ ਦਿੱਲੀ

ਪੈਂਤੀ ਵਰ੍ਹੇ ਪਹਿਲਾਂ ਮੈਂ ਇੱਕ ਕਹਾਣੀ ਲਿਖੀ ਸੀ-'ਸਰਕਸ਼ੀ'। ਉਸ ਵਿੱਚ ਇੱਕ ਮੁਸਲਮਾਨ ਕੁੜੀ ਨੂੰ ਆਪਣੇ ਘਰਦਿਆਂ ਦੇ ਤੁਅੱਸਬ ਵਿਰੁੱਧ ਬਗਾਵਤ ਕਰਕੇ ਇੱਕ ਹਿੰਦੂ ਨਾਲ ਵਿਆਹ ਕਰਾਉਂਦੇ ਵਿਖਾਇਆ ਸੀ। ਦਿੱਲੀ ਤੋਂ ਛਪਦੇ ਇੱਕ ਉਰਦੂ ਰਸਾਲੇ ਵਿੱਚ ਉਸ ਦੇ ਪ੍ਰਕਾਸ਼ਤ ਹੁੰਦਿਆਂ ਹੀ ਮੈਨੂੰ ਅਤੇ ਸੰਪਾਦਕ ਨੂੰ ਧਮਕੀ ਭਰੀਆਂ ਅਪਮਾਨਜਨਕ ਚਿੱਠੀਆਂ ਆਉਣ ਲੱਗੀਆਂ ਸਨ ਕਿ ਮੈਂ ਇੱਕ ਕਾਲਪਨਿਕ ਪਾਤਰ ਦਾ ਵਿਆਹ ਇੱਕ ਕਾਫਰ ਨਾਲ ਕਰਕੇ ਮੁਸਲਮਾਨਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ। ਇਸਲਾਮ ਦਾ ਅਪਮਾਨ ਕੀਤਾ ਹੈ। ਸੰਪਾਦਕ ਨੇ ਆਪਣੇ ਵੱਲੋਂ ਮੁਆਫੀ ਛਾਪ ਦਿੱਤੀ ਸੀ ਅਤੇ ਮੁੜ ਕਦੀ ਮੈਨੂੰ ਕਹਾਣੀ ਭੇਜਣ ਲਈ ਨਹੀਂ ਕਿਹਾ। ਸੰਪ੍ਰਦਾਇਕ ਮੁਸਲਿਮ ਅਖ਼ਬਾਰਾਂ ਨੇ ਮੇਰੇ ਉੱਤੇ ਇਲਜ਼ਾਮ 'ਤੇ ਇਲਜ਼ਾਮ ਲਾਏ। ਮਸੀਤਾਂ ਵਿੱਚ ਪ੍ਰਵਚਨਾਂ ਦੌਰਾਨ ਮੇਰੀ ਮੁਸਲਿਮ ਵਿਰੋਧੀ ਕਹਾਣੀ ਦੀ ਚਰਚਾ ਹੋਈ ਅਤੇ ਮੈਨੂੰ ਸਦੀਵੀ ਅਜ਼ਾਬ ਦਾ ਵਿਸ਼ਵਾਸ ਦਿਵਾਇਆ ਗਿਆ।



ਅਜੇ ਇਹ ਵਿਵਾਦ ਥੰਮ੍ਹਿਆ ਵੀ ਨਹੀਂ ਸੀ ਕਿ ਮੈਂ ਇੱਕ ਹੋਰ ਕਹਾਣੀ ਲਿਖ ਬੈਠਾ। ਸਿਰਲੇਖ ਸੀ 'ਬਾਰਾਂ ਘੰਟੇ'। ਲਾਹੌਰ (ਉਦੋਂ ਲਾਹੌਰ ਭਾਰਤ ਵਿੱਚ ਸੀ) ਦੇ ਮਹਾਂਸਭਾਈ ਉਰਦੂ ਅਖ਼ਬਾਰਾਂ ਨੇ ਉਸ ਨੂੰ ਹਿੰਦੂ ਵਿਰੋਧੀ ਕਰਾਰ ਦੇ ਦਿੱਤਾ, ਹਾਲਾਂਕਿ ਇਹ ਇੱਕ ਹੌਸਲੇਮੰਦ ਕਹਾਣੀ ਸੀ। ਇਹ ਇੱਕ ਅਜਿਹੀ ਆਦਰਸ਼ਵਾਦੀ ਕੁੜੀ ਦੀ ਕਹਾਣੀ ਸੀ, ਜਿਹੜੀ ਆਪਣਾ ਸਰੀਰ ਇੱਕ ਅਜਿਹੇ ਪ੍ਰਸਿੱਧ ਪੁਰਾਣੇ ਇਨਕਲਾਬੀ ਨੂੰ ਅਰਪਣ ਕਰ ਦਿੰਦੀ ਹੈ, ਜਿਹਨੂੰ ਕੇਵਲ ਇੱਕ ਰਾਤ ਹੀ ਨਸੀਬ ਹੋਈ ਹੁੰਦੀ ਹੈ ਅਤੇ ਅਗਲੇ ਦਿਨ ਫਿਰ ਗ੍ਰਿਫਤਾਰੀ ਦੇਣੀ ਹੁੰਦੀ ਹੈ। ਉਹ ਪੰਜੀ ਵਰ੍ਹੇ ਜੇਲ੍ਹ ਵਿੱਚ ਰਹਿ ਕੇ ਆਇਆ ਸੀ। ਭਾਵੁਕਤਾ ਦੀ ਰੌਂ ਵਿੱਚ ਵਹਿ ਕੇ ਨਹੀਂ, ਸਗੋਂ ਦਰਦਮੰਦੀ ਹੱਥੋਂ ਮਜਬੂਰ ਹੋ ਕੇ ਉਹ ਆਪਣੀ ਮਰਜ਼ੀ ਨਾਲ ਆਪਣਾ ਸਰੀਰ ਇਨਕਲਾਬੀ ਨੂੰ ਸੌਂਪ ਦਿੰਦੀ ਹੈ। ਕੁੜੀ ਦਾ ਨਾਂਅ ਵੀਨਾ ਸੀ। ਮੇਰੇ ਆਲੋਚਕਾਂ ਨੇ ਦਲੀਲ ਕੱਢੀ ਕਿ ਇੱਕ ਮੁਸਲਮਾਨ ਕਹਾਣੀਕਾਰ ਨੇ ਹਿੰਦੂ ਨੌਜਵਾਨਾਂ ਦੇ ਚਰਿੱਤਰ ਹਨਨ ਦੇ ਵਿਸ਼ੇਸ਼ ਇਰਾਦੇ ਨਾਲ ਇਹ ਕਹਾਣੀ ਲਿਖੀ ਹੈ।

ਮੈਨੂੰ ਆਪਣੀ ਕਰਨੀ ਦਾ ਫਲ ਮਿਲ ਗਿਆ, ਸਗੋਂ ਦੇਰ ਤੱਕ ਮਿਲਦਾ ਰਿਹਾ। ਜਦੋਂ ਵੀ ਮੈਂ ਕਿਸੇ ਕਾਨਫਰੰਸ ਦੇ ਉਦਘਾਟਨ ਲਈ ਜਾਂਦਾ ਸੀ, ਫਲ ਮੇਰੀ ਉਡੀਕ ਕਰ ਰਿਹਾ ਹੁੰਦਾ ਸੀ। ਮੈਨੂੰ ਕੇਰਲ ਸ਼ਾਂਤੀ ਕਾਨਫਰੰਸ ਦੇ ਉਦਘਾਟਨ ਲਈ ਆਮੰਤ੍ਰਿਤ ਕੀਤਾ ਗਿਆ ਸੀ। ਮੈਂ ਕੋਚੀਨ ਪੁੱਜਾ ਤਾਂ ਪੁਲਸ ਦਾ ਇੱਕ ਮਜ਼ਬੂਤ ਦਸਤਾ ਮੇਰੇ ਸਵਾਗਤ ਲਈ ਹਾਜ਼ਰ ਸੀ। ਇੱਕ ਡੀ ਐੱਸ ਪੀ ਮੇਰੇ ਪਾਸ ਆਇਆ ਅਤੇ ਇੱਕ ਨੋਟਿਸ ਮੇਰੇ ਹੱਥ ਫੜਾ ਦਿੱਤਾ ਕਿ ਮੈਂ ਸੂਬੇ ਦੀ ਅਮਨ-ਸ਼ਾਂਤੀ ਵਿੱਚ ਵਿਘਨ ਨਾ ਪਾਵਾਂ। ਮੇਰਾ ਮਨ ਕੀਤਾ ਕਿ ਉਸੇ ਜਹਾਜ਼ 'ਤੇ ਬੰਬਈ ਪਰਤ ਜਾਵਾਂ, ਪਰ ਜ਼ੋਰ-ਜ਼ੋਰ ਨਾਲ ਹਿੱਲਦੇ ਕੁਝ ਹੱਥਾਂ ਨੇ ਮੈਨੂੰ ਰੋਕ ਲਿਆ।

- ਪ੍ਰਗਤੀਸ਼ੀਲ ਸਾਹਿਤ ਦੇ ਖ਼ਤਰੇ 'ਚੋਂ

## ਨੀਲਾ ਘੁਮਿਆਰ



ਅਜੀਤ ਕੌਰ
ਪੰਨੇ : 410, ਮੁੱਲ : 500 ਰੁਪਏ
ਨਵਯੁੱਗ ਪਬਲਿਸ਼ਰਜ਼, ਨਵੀਂ ਦਿੱਲੀ

ਅਜੀਬ ਗੱਲ ਏ, ਕ੍ਰਿਸ਼ਨਾ ਸੋਬਤੀ ਜਿਸ ਨੇ ਪਹਿਲੀ ਵਾਰੀ ਹਿੰਦੀ ਵਿੱਚ ਪੰਜਾਬੀ 'ਆਂਚਲਿਕਤਾ' ਨੂੰ ਲਿਆਂਦਾ, ਪਹਿਲੀ ਵਾਰੀ ਉਹਦੀ ਲੇਖਣੀ ਨੂੰ ਪੜ੍ਹਦਿਆਂ ਪੰਜਾਬੀ ਲਫਜ਼ ਤੇ ਪੰਜਾਬੀ ਮੁਹਾਵਰਾ ਉਹਦੀ ਹਿੰਦੀ ਵਿੱਚ ਆਟੇ ਵਿੱਚ ਗੁੰਨ੍ਹੇ ਮੋਣ ਵਾਂਗੂੰ ਨਜ਼ਰ ਆਏ, ਉਹ ਖੁਦ ਪੰਜਾਬੀ ਨਹੀਂ ਬੋਲਦੀ, ਹਮੇਸ਼ਾ ਹਿੰਦੁਸਤਾਨੀ ਵਿੱਚ ਗੱਲ ਕਰਦੀ ਏ। ਪੰਜਾਬ ਦੀ ਜੰਮ-ਪਲ, ਚੰਗੇਰਾਂ ਵਿੱਚੋਂ ਕੱਢ-ਕੱਢ ਜਿੰਨੇ ਤੰਦੂਰ ਦੀਆਂ ਰੋਟੀਆਂ ਖਾਧੀਆਂ, ਚਾਟੀ ਵਿੱਚ ਰਿੜਕੀ ਲੱਸੀ ਪੀਤੀ, ਸਰ੍ਹੋਂ ਦੇ ਸਾਗ ਉੱਤੇ ਮੱਖਣ ਦਾ ਪੇੜਾ ਰੱਖ ਕੇ ਜਿਹਨੂੰ ਇਲਾਹੀ ਨਸ਼ਾ ਆਉਂਦਾ ਰਿਹਾ, ਉਹ ਪੰਜਾਬੀ ਬੋਲਦੀ ਕਿਉਂ ਨਹੀਂ? ਇਹ ਵੀ ਉਹਦੀ 'ਫਕੀ-ਫਕਾਈ' (ਬਕੌਲ ਖੁਸ਼ਵੰਤ ਦੇ) ਸ਼ਖਸੀਅਤ ਦਾ ਹੀ ਸ਼ਾਇਦ ਇੱਕ ਹਿੱਸਾ ਏ। ਹੋ ਸਕਦਾ ਏ ਪੰਜਾਬੀ ਜ਼ੁਬਾਨ ਵੀ ਉਹਦੀ ਨਿਰੋਲ ਨਿੱਜੀ ਜ਼ਿੰਦਗੀ ਦਾ ਹੀ ਹਿੱਸਾ ਹੋਵੇ ਤੇ ਨਿੱਜੀ ਜ਼ਿੰਦਗੀ ਉਹ ਕਿਸੇ ਨਾਲ ਸਾਂਝੀ ਨਹੀਂ ਕਰਦੀ।

ਮੈਂ ਹਮੇਸ਼ਾ ਉਹਦੇ ਨਾਲ ਪੰਜਾਬੀ ਵਿੱਚ ਗੱਲ ਕਰਦੀ ਹਾਂ ਤੇ ਉਹ ਅੱਗੋਂ ਹਿੰਦੁਸਤਾਨੀ ਵਿੱਚ। ਦੋਵੇਂ ਜਿਵੇਂ ਇੱਕ-ਦੂਜੀ ਨੂੰ ਕਹਿ ਰਹੀਆਂ ਹੋਈਏ, 'ਤੇਰੀ ਐਸੀ ਕੀ ਤੈਸੀ।'

* * *

ਕ੍ਰਿਸ਼ਨਾ ਨੂੰ ਮਿਲਣ ਲਈ ਮੈਂ ਕਈ ਵਰ੍ਹੇ ਤਰਸਦੀ ਰਹੀ ਹਾਂ। ਉਹਦੀ ਲੇਖਣੀ ਤੋਂ ਉਹਦਾ ਕੱਦ ਏਡਾ ਵੱਡਾ ਜਾਪਦਾ ਸੀ ਕਿ ਮਿਲਣ ਦਾ ਸੋਚ ਕੇ ਓਨੀ ਹੀ ਘਬਰਾਹਟ ਹੁੰਦੀ ਸੀ, ਜਿੰਨੀ ਕਿਸੇ ਬੱਚੇ ਨੂੰ ਪਹਿਲੀ ਵਾਰੀ ਸਕੂਲ ਜਾਣ ਲੱਗਿਆਂ ਹੁੰਦੀ ਏ ਜਾਂ ਨਵੀਂ ਵਿਆਹੀ ਕੁੜੀ ਨੂੰ ਸਹੁਰੇ ਜਾਣ ਲੱਗਿਆਂ। ਇੱਕ ਅਜੀਬ ਉਤਸੁਕਤਾ ਭਰੀ ਘਬਰਾਹਟ।

ਉਂਜ ਪਤਾ ਜ਼ਰੂਰ ਸੀ ਕਿ ਇਹ ਐ ਕ੍ਰਿਸ਼ਨਾ ਸੋਬਤੀ। ਕਦੇ-ਕਦੇ ਸਾਹਿਤਕ ਜਮਘਟਾਂ ਵਿੱਚ ਦੂਰੋਂ ਦਿਸ ਪੈਂਦੀ, ਕਦੇ ਕਿਸੇ ਰੈਸਟੋਰੈਂਟ ਵਿੱਚ, ਕਦੇ ਕਨਾਟ ਪਲੇਸ ਦੇ ਵਰਾਂਡਿਆਂ ਵਿੱਚ ਤੁਰਦੀ ਨਜ਼ਰ ਆ ਜਾਂਦੀ।

ਉਹ ਮੇਰੇ ਕੋਲੋਂ ਲੰਘ ਜਾਂਦੀ ਤਾਂ ਮੈਂ ਉਹਨੂੰ ਮੁੜ-ਮੁੜ ਕੇ ਵੇਖਦੀ।

ਤੇੜ ਵੱਡੇ ਘੇਰ ਵਾਲਾ ਗਰਾਰਾ, ਜਿਹੜਾ ਉਹਦੀ ਮੁਗਲਈ ਬੇਗਮ ਵਾਲੀ ਚਾਲ ਨਾਲ ਬੜੇ ਫਖਰ-ਨੁਮਾ ਅੰਦਾਜ਼ ਵਿੱਚ ਲਹਿਰਾਉਂਦਾ। ਗਲ ਛੋਟੀ ਜਿਹੀ ਕੁੜਤੀ, ਜਿਹੜੀ ਲੱਕ ਤੇ ਗੋਡਿਆਂ ਦੇ ਵਿਚਕਾਰ ਜਿਹੇ ਆ ਕੇ ਖਤਮ ਹੋ ਜਾਂਦੀ। ਸਿਰ 'ਤੇ ਬੇਗਮੀ, ਰੋਹਬਦਾਰ ਦੁਪੱਟਾ ਜਿਸ ਦੀ ਬੁੱਕਲ ਉਹ ਬਾਕਾਇਦਾ ਸਿਰ ਢਕ ਕੇ ਮਾਰੀ ਰੱਖਦੀ। ਚਾਲ ਵਿੱਚ ਅਜੀਬ ਮਸਤੀ ਤੇ ਹੁਲਾਰ। ਪੈਰ ਜਿਵੇਂ ਹਰ ਕਦਮ 'ਤੇ ਇਸ ਹਕੀਕਤ ਨੂੰ ਧਰਤੀ ਉੱਤੇ ਖੁਣਦੇ ਚੱਲਦੇ ਕਿ ਚਾਰੇ ਚੱਕ ਆਪਣੀ ਹੀ ਜਾਗੀਰ ਏ, ਜ਼ਰਾ ਚੱਕਰ ਮਾਰਨ ਨਿਕਲੇ ਹਾਂ ਆਪਣੀ ਸਲਤਨਤ ਦਾ।

ਤੇ ਅੱਖਾਂ 'ਤੇ ਕਾਲਾ ਚਸ਼ਮਾ।

ਹੋਰ ਸਭਨਾਂ ਗੱਲਾਂ ਦੀ ਸਮਝ ਆ ਜਾਂਦੀ, ਪਰ ਕਾਲੇ ਚਸ਼ਮੇ ਦੀ ਨਾ ਆਉਂਦੀ। ਇਹੀ ਸੋਚ ਕੇ ਬੜੇ ਵਰ੍ਹੇ ਤਸੱਲੀ ਕੀਤੀ ਰੱਖੀ ਕਿ ਵਿਚਾਰੀ ਜ਼ਰੂਰ ਭੈਂਗੀ ਹੋਵੇਗੀ, ਪਰ ਵਰ੍ਹਿਆਂ ਮਗਰੋਂ ਜਦੋਂ ਇੱਕ ਦਿਨ ਉਹਦੇ ਘਰ ਉਹਦੀਆਂ ਨੰਗੀਆਂ ਅੱਖਾਂ ਤੱਕੀਆਂ ਤਾਂ ਸ਼ਹਿਦ ਦੇ ਦੋ ਛੋਟੇ-ਛੋਟੇ ਚੁਬੱਚਿਆਂ ਵਿੱਚ ਜੁਗਨੂੰਆਂ ਦੀ ਰੋਸ਼ਨੀ ਤੈਰ ਰਹੀ ਸੀ। ਬੇਹੱਦ ਫਰਾਖਦਿਲ ਮਾਸੂਮ, ਜ਼ਹੀਨ ਤੇ ਤਜਰਬੇਕਾਰ ਅੱਖਾਂ।

- ਝਨਾਂ ਦੀ ਜਾਈ ਲੇਖ 'ਚੋਂ

## ਮਹਿਫ਼ੂਜ਼ ਪਲ

ਐੱਸ ਬਲਵੰਤ
ਪੰਨੇ : 420, ਮੁੱਲ : 500 ਰੁਪਏ
ਨਵਯੁੱਗ ਪਬਲਿਸ਼ਰਜ਼, ਨਵੀਂ ਦਿੱਲੀ

ਪਿੰਡ ਪਹੁੰਚਦੇ ਹੀ ਮੇਰੇ ਪਿਤਾ ਨੇ ਬੰਸੋ ਨੂੰ ਕੁੜੀਆਂ ਦੇ ਤੇ ਪ੍ਰਕਾਸ਼ ਅਤੇ ਮੈਨੂੰ ਮੁੰਡਿਆਂ ਦੇ ਸਕੂਲੇ ਦਾਖਲ ਕਰਾ ਦਿੱਤਾ। ਉਦੋਂ ਅਸੀਂ ਹਰ ਰੋਜ਼ ਸਵੇਰੇ ਸਕੂਲੇ ਜ਼ਮੀਨ 'ਤੇ ਬੈਠਣ ਲਈ ਬੋਰੀ ਦਾ ਟਾਟ ਤੇ ਗਾਚਣੀ ਨਾਲ ਪੋਚੀ ਹੋਈ ਫੱਟੀ ਚੁੱਕ ਸਕੂਲੇ ਜਾਣ ਲੱਗ ਪਏ। ਪ੍ਰਕਾਸ਼ ਭੋਲਾ ਸੀ। ਲੋਕਾਂ ਦੀਆਂ ਗੱਲਾਂ ਵਿੱਚ ਝੱਟ ਆ ਜਾਂਦਾ ਸੀ। ਉਸ ਨੂੰ ਉਸੇ ਦੀ ਕਲਾਸ ਦੇ ਇੱਕ ਮੁੰਡੇ ਨੇ ਬੇਵਕੂਫ ਬਣਾਇਆ ਕਿ ਕਾਨ੍ਹੇ ਦੇ ਛਿਲਕੇ ਦੀ ਸਿਆਹੀ ਬਹੁਤ ਖੁਸ਼ਖਤ ਲਿਖਦੀ ਹੈ। ਉਹ ਘਰ ਆ ਕੇ ਪਹਿਲਾਂ ਬੂਝਿਆਂ 'ਚੋਂ ਕਾਨ੍ਹੇ ਤੋੜ ਕੇ ਲਿਆਇਆ। ਫਿਰ ਉਹਨਾਂ ਦੇ ਛਿਲਕੇ ਲਾਹੇ ਤੇ ਉਹਨਾਂ ਨੂੰ ਅੱਗ ਲਾ ਕੇ ਉਹਦੀ ਸੁਆਹ ਨੂੰ ਪਾਣੀ 'ਚ ਉਬਾਲ ਕੇ ਇਸ ਤਰਕੀਬ ਨੂੰ ਅਜ਼ਮਾਉਂਦਾ ਰਿਹਾ, ਪਰ ਕਾਮਯਾਬ ਕਿੱਥੋਂ ਹੋਣਾ ਸੀ? ਉਸ ਨੇ ਤਾਂ ਫੜ੍ਹ ਮਾਰੀ ਸੀ ਜਾਂ ਉਸ ਨੂੰ ਤਰੀਕ ਨਹੀਂ ਸੀ ਸਮਝ ਆਇਆ। ਸੋ ਉਸ ਦਾ ਇਹ ਟੈੱਸਟ ਫੇਲ੍ਹ ਹੋ ਗਿਆ।



ਜਿੱਥੇ ਪ੍ਰਕਾਸ਼ 'ਚ ਭੋਲਾਪਨ ਸੀ, ਉੱਥੇ ਹੀ ਮੇਰੇ ਬਾਰੇ ਲੋਕ ਸੋਚਦੇ ਕਿ ਮੈਂ ਹਰ ਗੱਲੇ ਕਾਫੀ ਹੁਸ਼ਿਆਰ ਹਾਂ। ਪੜ੍ਹਾਈ ਵਿੱਚ ਵੀ ਤੇ ਬਾਕੀ ਹੋਰ ਗੱਲਾਂ ਵਿੱਚ ਵੀ। ਸਕੂਲ ਦੇ ਹੈੱਡ ਮਾਸਟਰ ਨੂੰ ਡਾਕਖਾਨੇ ਦਾ ਐਡੀਸ਼ਨਲ ਕੰਮ ਮਿਲਿਆ ਹੋਇਆ ਸੀ। ਉਸ ਨੇ ਇਸ ਕੰਮ ਲਈ ਹੌਲੀ-ਹੌਲੀ ਮੇਰੀ ਡਿਊਟੀ ਲਗਾ ਦਿੱਤੀ। ਮੈਂ ਪਹਿਲੋਂ ਲੈਟਰ-ਬਾਕਸ 'ਚੋਂ ਚਿੱਠੀਆਂ ਕੱਢਦਾ ਹੁੰਦਾ ਸੀ। ਫਿਰ ਹੌਲੀ-ਹੌਲੀ ਉਹਨਾਂ ਕੱਢੀਆਂ ਹੋਈਆਂ ਚਿੱਠੀਆਂ 'ਤੇ ਮੋਹਰਾਂ ਲਗਾਉਣੀਆਂ, ਡਾਕ ਬੈਗ ਵਿੱਚ ਪਾਉਣੀ, ਲਾਖ ਗਰਮ ਕਰਕੇ ਡਾਕਖਾਨੇ ਵੱਲੋਂ ਮਿਲੀ ਸੀਲ ਲਗਾਉਣੀ, ਤੇ ਡਾਕੀਏ ਦੇ ਆਉਣ ਤੋਂ ਪਹਿਲਾਂ ਹੀ ਲਿਜਾਣ ਵਾਲੀ ਡਾਕ ਦੀ ਥੈਲੀ ਤਿਆਰ ਕਰਕੇ ਰੱਖ ਦੇਣੀ। ਜੇ ਕੋਈ ਮਨੀਆਰਡਰ ਆਉਂਦਾ ਜਾਂ ਜਾਂਦਾ ਤਾਂ ਉਹਦੇ ਲਈ ਚਮੜੇ ਦੀ ਛੋਟੀ ਜਿਹੀ ਮਛਕ ਵਰਗਾ ਇੱਕ ਵੱਖਰਾ ਬੈਗ ਹੁੰਦਾ ਸੀ। ਡਾਕੀਆ ਡਾਕ ਲਿਆਉਂਦਾ ਤਾਂ ਜਿਹੜੀ ਥੈਲੀ ਡਾਕ ਦੀ ਉਹ ਲੈ ਕੇ ਆਉਂਦਾ, ਮੈਂ ਉਸ ਵਿਚਲੀਆਂ ਸਾਰੀਆਂ ਚਿੱਠੀਆਂ ਪਿੰਡ ਦੇ ਘਰਾਂ ਵਿੱਚ ਵੰਡ ਦਿੰਦਾ। ਜੇ ਮਨੀਆਰਡਰ ਵਾਲੀ ਥੈਲੀ ਵੀ ਹੁੰਦੀ ਤਾਂ ਉਹ ਹੈੱਡਮਾਸਟਰ ਨੂੰ ਦੇ ਦਿੰਦਾ। ਹੈੱਡ-ਮਾਸਟਰ ਉਸ 'ਚੋਂ ਪੈਸੇ ਕੱਢ ਨਾਲ ਆਏ ਕਾਗਜ਼ 'ਤੇ ਲਿਖੇ ਵੇਰਵੇ ਨਾਲ ਮਿਲਾ ਲੈਂਦਾ ਤੇ ਜਿਸ ਦਾ ਵੀ ਉਹ ਮਨੀਆਰਡਰ ਹੁੰਦਾ, ਮੈਂ ਉਸ ਦੇ ਘਰ ਸੁਨੇਹਾ ਦੇ ਆਉਂਦਾ। ਉਹ ਬੰਦਾ ਅਗਲੇ ਦਿਨ ਸਕੂਲੇ ਆ ਕੇ ਖੁਦ ਮਨੀਆਰਡਰ ਲੈ ਕੇ ਜਾਂਦਾ। ਹੈੱਡ-ਮਾਸਟਰ ਖੁਸ਼ ਸੀ ਮੇਰੇ ਕੰਮ ਤੋਂ, ਕਿਉਂਕਿ ਉਸ ਨੂੰ ਕੁਝ ਵੀ ਕੀਤੇ ਬਗੈਰ ਪੱਚੀ ਰੁਪਏ ਮਹੀਨਾ ਮਿਲੀ ਜਾਂਦੇ ਸਨ।

ਸਕੂਲੋਂ ਛੁੱਟੀ ਹੋਣ 'ਤੇ ਪ੍ਰਕਾਸ਼ ਤਾਂ ਘਰ ਚਲਾ ਜਾਂਦਾ, ਪਰ ਮੈਂ ਸਾਰੀਆਂ ਚਿੱਠੀਆਂ ਪੂਰੇ ਪਿੰਡ ਵਿੱਚ ਵੰਡਣ ਦਾ ਕੰਮ ਨਿਪਟਾ ਕੇ ਘਰ ਪਹੁੰਚਦਾ। ਉਧਰ ਮੇਰੇ ਪਿਤਾ ਦਾ ਵੀ ਖੇਤੀ 'ਚ ਦਿਲ ਨਾ ਲੱਗਦਾ, ਪਰ ਉਸ ਨੇ ਟਰਾਂਸਪੋਰਟ ਵਾਲੀ ਭਾਈਵਾਲੀ ਜਾਰੀ ਰੱਖੀ। ਤਾਈ ਬਚਨੀ ਦਾ ਮੇਰੀ ਮਾਂ ਨਾਲ ਮਨ-ਮੁਟਾਅ ਵਧਦਾ ਹੀ ਗਿਆ।

- ਇੱਕ ਲੇਖ 'ਚੋਂ



ਪਿਛਲੇ ਦਿਨੀ ਪੰਜਾਬੀ ਕਵਿਤਾ ਦੇ ਦੋ ਹਸਤਾਖ਼ਰ ਜਗਵਿੰਦਰ ਜੋਧਾ ਅਤੇ ਮਨਦੀਪ ਔਲਖ 'ਨਵਾਂ ਜ਼ਮਾਨਾ' ਵਿਖੇ ਆਏ ਅਤੇ ਉਨ੍ਹਾ ਨੇ ਸਮਕਾਲੀ ਪੰਜਾਬੀ ਕਾਵਿ ਅਤੇ ਸਾਹਿਤ ਬਾਰੇ ਗੰਭੀਰ ਵਿਚਾਰ ਵਟਾਂਦਰਾ ਕੀਤਾ। 'ਨਵਾਂ ਜ਼ਮਾਨਾ' ਲਾਇਬ੍ਰੇਰੀ ਵਿੱਚ ਉਹ ਸਾਹਿਤ ਸੰਪਾਦਕ ਨਾਲ।

## ਸਬੱਬੀਂ ਹੋ ਗਏ ਮੇਲੇ



ਪੰਜਾਬੀ ਭਵਨ ਲੁਧਿਆਣਾ ਵਿਖੇ ਵੱਖ ਵੱਖ ਸਮਿਆਂ ਦੇ ਚਾਰ ਜਮਾਤੀ ਡਾ. ਲਾਭ ਸਿੰਘ ਖੀਵਾ ਅਤੇ ਡਾ. ਹਰਜਿੰਦਰ ਸਿੰਘ ਅਟਵਾਲ (ਪੰਜਾਬੀ ਯੂਨੀਵਰਸਿਟੀ ਪਟਿਆਲਾ), ਡਾ. ਖੀਵਾ ਅਤੇ ਡਾ. ਲਖਵਿੰਦਰ ਸਿੰਘ ਜੌਹਲ (ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ), ਡਾ. ਖੀਵਾ ਅਤੇ ਡਾ. ਗੁਰਇਕਬਾਲ ਸਿੰਘ (ਪੰਜਾਬ ਯੂਨੀਵਰਸਿਟੀ ਚੰਡੀਗੜ੍ਹ)

# ਪੰਜਾਬੀ ਲਿਖਾਰੀ ਸਭਾ ਵੱਲੋਂ ਸਾਹਿਤਕ ਪ੍ਰੋਗਰਾਮ

**ਸਿਆਟਲ**-ਪੰਜਾਬੀ ਲਿਖਾਰੀ ਸਭਾ ਸਿਆਟਲ (ਰਜਿ.) ਵੱਲੋਂ ਇਕ ਸਾਹਿਤਕ ਪ੍ਰੋਗਰਾਮ ਅਵਤਾਰ ਸਿੰਘ ਆਦਮਪੁਰੀ ਦੇ ਨਵੇਂ ਗ੍ਰਹਿ ਵਿਖੇ ਜੂਨ 25 ਨੂੰ ਕੀਤਾ ਗਿਆ। ਉੱਘੇ ਪੰਜਾਬੀ ਸਾਹਿਤਕਾਰ, ਨਾਵਲਿਸਟ ਮਹਿੰਦਰਪਾਲ ਸਿੰਘ ਧਾਲੀਵਾਲ ਯੂ.ਕੇ, ਮਾਂ ਬੋਲੀ ਪੰਜਾਬੀ ਦੀ ਝੋਲੀ ਅਨੇਕਾਂ ਕਾਵਿ-ਪੁਸਤਕਾਂ ਪਾ ਚੁੱਕੇ ਮਹਿੰਦਰਪਾਲ ਸਿੰਘ ਪਾਲ ਕੈਨੇਡਾ ਅਤੇ ਪੰਜਾਬ-ਪੰਜਾਬੀ-ਪੰਜਾਬੀਅਤ ਦਾ ਮੁਜੱਸਮਾ ਭੈਣ ਕੁਲਵੰਤ ਕੌਰ ਢਿੱਲੋਂ ਯੂ.ਕੇ., ਮਾਂ ਬੋਲੀ ਪੰਜਾਬੀ ਦੀ ਬੇਟੀ ਯਸ਼ ਸਾਥੀ ਯੂ.ਕੇ. ਨੇ ਸ਼ਿਰਕਤ ਕੀਤੀ।

ਹਰਪਾਲ ਸਿੱਧੂ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ। ਸਮਾਗਮ ਦੀ ਰੂਪ-ਰੇਖਾ ਸਾਂਝੀ ਕੀਤੀ। ਮਹਿੰਦਰਪਾਲ ਸਿੰਘ ਧਾਲੀਵਾਲ ਨੇ ਦੱਸਿਆ ਕਿ ਉਹਨਾਂ ਦੇ ਨਾਵਲਾਂ ਦੇ ਵਿਸ਼ੇ ਜ਼ਿਆਦਾ ਕਰਕੇ ਇਤਿਹਾਸਕ ਹਨ, ਜਦੋਂ ਕਿ 'ਗਦਰ ਪਾਰਟੀ ਲਹਿਰ', 'ਨਕਸਲਾਈਟ ਮੂਵਮੈਂਟ' ਅਤੇ ਬਰਤਾਨੀਆਂ ਸਮਾਜ ਦੀ ਦਿਸ਼ਾ ਅਤੇ ਦਸ਼ਾ ਆਦਿ ਦੀ ਚਰਚਾ ਵੀ ਉਸ ਦੇ ਨਾਵਲਾਂ ਵਿੱਚ ਹੈ।



ਉਹਨਾਂ ਦੀਆਂ ਕਈ ਪੁਸਤਕਾਂ ਅੰਗਰੇਜ਼ੀ ਵਿੱਚ ਵੀ ਹਨ। ਕੁਲਵੰਤ ਕੌਰ ਢਿੱਲੋਂ ਨੇ ਪੰਜਾਬੀ ਲਿਖਾਰੀ ਸਭਾ ਨਾਲ ਦਿਲੀ-ਸਾਂਝ ਦਾ ਜ਼ਿਕਰ ਕਰਦਿਆਂ ਉਹਨਾਂ ਆਪਣੀ ਮਸ਼ਹੂਰ ਕਵਿਤਾ 'ਮੈਂ ਨਹੀਂ ਕੋਈ ਮੀਰਾ ਜੋ ਜ਼ਹਿਰ ਪਿਆਲਾ ਪੀ ਜਾਵਾਂ' ਦੇ ਰਾਹੀਂ ਔਰਤਾਂ ਨੂੰ ਅਗਾਂਹਵਧੂ ਸੋਚ ਅਪਨਾਉਣ ਲਈ ਪ੍ਰੇਰਿਆ। ਸ੍ਰੀਮਤੀ ਯਸ਼ ਸਾਥੀ ਸੁਪਤਨੀ ਸਵਰਗਵਾਸੀ ਸਾਥੀ ਲੁਧਿਆਣਵੀ ਨੇ ਸਾਥੀ ਜੀ ਦੀਆਂ ਗ਼ਜ਼ਲਾਂ ਦੇ ਕੁਝ ਸ਼ੇਅਰ ਬੋਲ ਕੇ ਯਾਦਾਂ ਨੂੰ ਤਾਜ਼ਾ ਕੀਤਾ। ਕਵੀ ਦਰਬਾਰ ਵਿੱਚ ਸ਼ਿੰਗਾਰ ਸਿੰਘ ਸਿੱਧੂ, ਅਵਤਾਰ ਸਿੰਘ ਆਦਮਪੁਰੀ, ਵਾਸਦੇਵ ਸਿੰਘ ਪਰਹਾਰ, ਹਰਦਿਆਲ ਸਿੰਘ ਚੀਮਾ, ਹਰਪਾਲ ਸਿੰਘ ਸਿੱਧੂ, ਬਲਿਹਾਰ ਲੇਹਲ, ਹਰਸ਼ਿੰਦਰ ਸਿੰਘ ਸੰਧੂ, ਮੰਗਤ ਕੁਲਜਿੰਦ, ਸਾਧੂ ਸਿੰਘ ਝੱਜ ਆਦਿ ਨੇ ਆਪਣੇ ਗੀਤ, ਕਵਿਤਾਵਾਂ ਪੇਸ਼ ਕੀਤੀਆਂ। ਰਾਜ ਕੌਰ ਦੀ ਨਵੀਂ ਛਪੀ ਕਾਵਿ-ਪੁਸਤਕ 'ਪੈਗੰਬਰਾਂ ਦੇ ਬੂਹੇ' ਨੂੰ ਲੋਕ ਅਰਪਣ ਕੀਤਾ ਗਿਆ।

**—ਮੰਗਤ ਕੁਲਜਿੰਦ**

# ਪੰਜਾਬੀ ਸਾਹਿਤ ਸਭਾ ਆਦਮਪੁਰ ਵੱਲੋਂ ਸਮਾਗਮ

**ਆਦਮਪੁਰ**-ਪੰਜਾਬੀ ਸਾਹਿਤ ਸਭਾ ਆਦਮਪੁਰ ਦੋਆਬਾ (ਰਜਿ.) ਜਲੰਧਰ ਵੱਲੋਂ ਸਾਬਕਾ ਜ਼ਿਲ੍ਹਾ ਸਿੱਖਿਆ ਅਫਸਰ ਰੂਪ ਲਾਲ ਰੂਪ ਦੀ ਪ੍ਰਧਾਨਗੀ ਹੇਠ ਇਕ ਪ੍ਰਭਾਵਸ਼ਾਲੀ ਸਮਾਗਮ ਵਿੱਚ ਕਾਮਰੇਡ ਗੁਰਨਾਮ ਸਿੰਘ ਨਿੱਜਰ, ਸਭਾ ਦੇ ਸਰਪ੍ਰਸਤ ਦਾ 96ਵਾਂ ਜਨਮ ਦਿਨ ਮਨਾਇਆ ਗਿਆ। ਸਮਾਗਮ ਦੇ ਪਹਿਲੇ ਅੱਧ ਵਿੱਚ ਸਾਰੇ ਹਾਜ਼ਰ ਮੈਂਬਰਾਂ ਵੱਲੋਂ ਉਨ੍ਹਾਂ ਦਾ ਭਰਵਾਂ ਸਵਾਗਤ ਕੀਤਾ ਗਿਆ। ਜਸਵਿੰਦਰ ਸਿੰਘ ਵਿਰਦੀ ਨੇ ਕਾਮਰੇਡ ਨਿੱਜਰ ਨੂੰ ਇਲਾਕੇ ਲਈ ਪ੍ਰੇਰਨਾ-ਸਰੋਤ ਦੱਸਦਿਆਂ ਉਨ੍ਹਾਂ ਵੱਲੋਂ ਬਤੌਰ ਅਧਿਆਪਕ, ਜਥੇਬੰਦਕ ਆਗੂ ਅਤੇ ਇਕ ਸਰਗਰਮ ਸਮਾਜਿਕ ਕਾਰਜ ਕਰਤਾ ਵਜੋਂ ਸਮਾਜ ਹਿੱਤਕਾਰੀ ਕਾਰਜਾਂ ਵਿੱਚ ਪਾਏ ਯੋਗਦਾਨ ਦੀ ਸ਼ਲਾਘਾ ਕੀਤੀ।



ਹਰਮੀਤ ਸਿੰਘ ਅਟਵਾਲ ਪ੍ਰਸਿੱਧ ਸਾਹਿਤਕਾਰ ਨੇ ਆਪਣੇ ਭਾਸ਼ਣ ਵਿੱਚ ਕਾਮਰੇਡ ਨਿੱਜਰ ਦੇ ਪੁਰਖਿਆਂ ਵੱਲੋਂ ਆਜ਼ਾਦੀ ਦੇ ਸੰਘਰਸ਼ ਵਿਚ ਪਾਏ ਯੋਗਦਾਨ ਦੀ ਚਰਚਾ ਕੀਤੀ। ਪ੍ਰੋ. ਹਰਦੀਪ ਰਾਜਾਰਾਮ ਨੇ ਨਿੱਜਰ ਦੇ ਵਡੇਰੀ ਉਮਰ ਵਿੱਚ ਸਰਗਰਮ ਰਹਿਣ ਨੂੰ ਸਮਾਜ ਲਈ ਇਕ ਚੰਗਾ ਸੁਨੇਹਾ ਦੱਸਿਆ। ਰੂਪ ਲਾਲ ਰੂਪ ਨੇ ਕਿਹਾ ਕਿ ਉਨ੍ਹਾਂ ਦਾ ਜੀਵਨ ਪੁਰਾਣੀ ਤੇ ਨਵੀਂ ਪੀੜ੍ਹੀ ਵਿਚਾਲੇ ਸਾਂਝ ਦੀ ਇਕ ਅਜਿਹੀ ਕੜੀ ਹੈ, ਜੋ ਸਮਾਜਿਕ ਰਿਸ਼ਤਿਆਂ ਨੂੰ ਹੰਢਣਸਾਰ ਬਣਾਉਣ ਦੀ ਸਮਰੱਥਾ ਰੱਖਦੀ ਹੈ। ਕਾਮਰੇਡ ਨਿੱਜਰ ਨੇ ਆਪਣੇ ਭਾਸ਼ਣ ਵਿੱਚ ਆਪਣੀ ਸਿਹਤ ਦਾ ਰਾਜ ਸਾਦਾ ਭੋਜਨ, ਲੰਮੀ ਸੈਰ, ਉਸਾਰੂ ਸੋਚ ਤੇ ਨਿਰੰਤਰ ਦੋਸਤਾਂ ਦੀ ਸੰਗਤ ਵਿਚ ਰਹਿਣਾ ਦੱਸਿਆ।

ਸਮਾਗਮ ਦੇ ਦੂਜੇ ਅੱਧ ਦਾ ਆਗਾਜ਼ ਮਾਸਟਰ ਬਲਦੇਵ ਚੰਦ ਦੀ ਪਹਿਲੀ ਲਿਖੀ ਕਵਿਤਾ ਨਾਲ ਹੋਇਆ। ਸੋਡੀ ਸੱਤੋਵਾਲੀ ਨੇ 'ਭੁਲੱਕੜ ਜ਼ਨਾਨੀ' ਹਾਸਰਸ ਦੀ ਕਵਿਤਾ ਸੁਣਾ ਕੇ ਸਰੋਤਿਆਂ ਨੂੰ ਹਾਸੇ ਦਾ ਚੰਗਾ ਅਭਿਆਸ ਕਰਵਾਇਆ। ਲਾਲੀ ਕਰਤਾਰਪੁਰੀ ਨੇ 'ਨਿੱਕੀਆਂ ਨਿੱਕੀਆਂ ਗੱਲਾਂ ਨੂੰ ਫੜ ਲੈਂਦਾ ਏਂ' ਗੀਤ ਤਰੰਨਮ ਵਿੱਚ ਗਾ ਕੇ ਚੰਗਾ ਰੰਗ ਬੰਨ੍ਹਿਆ। ਦਲਜੀਤ ਮਹਿਮੀ ਤੇ ਸੁਖਦੇਵ ਸਿੰਘ ਗੰਢਵਾਂ ਦੇ ਤਰੰਨਮ ਵਿਚ ਗਾਏ ਗੀਤ ਵੀ ਸਰੋਤਿਆਂ ਨੂੰ ਕੀਲਣ ਵਿੱਚ ਸਫਲ ਰਹੇ। ਜਸਪਾਲ ਜ਼ੀਰਵੀ, ਮਦਨ ਬੋਲੀਨਾ, ਮਨੋਜ ਫਗਵਾੜਵੀ, ਸਰਵਨ ਭਾਰਦਵਾਜ ,ਦਰਸ਼ਨ ਸਿੰਘ ਦਰਸ਼ੀ, ਸੁਦੇਸ਼ ਕੁਮਾਰੀ ਦੀਆਂ ਕਵਿਤਾਵਾਂ ਸਮਕਾਲੀ ਹਾਲਾਤ ਦੀ ਵਧੀਆ ਤਰਜਮਾਨੀ ਕਰ ਗਈਆਂ। ਇਸ ਮੌਕੇ ਹਰਵਿੰਦਰ ਸਿੰਘ ਸਾਬੀ, ਸਰਵਨ ਦਾਸ ਕਡਿਆਣਾ, ਭਾਨ ਸਿੰਘ, ਸਰਦਾਰਾ ਸਿੰਘ ਨਰ, ਹਰਸ਼ਾਨਵੀਰ ,ਕਾਂਤਾ ਰਾਣੀ, ਮੰਜੂ ਆਦਿ ਵੀ ਹਾਜ਼ਰ ਸਨ । ਸਟੇਜ ਸਕੱਤਰ ਦੀ ਭੂਮਿਕਾ ਪ੍ਰੋ. ਹਰਦੀਪ ਰਾਜਾਰਾਮ ਤੇ ਸੁਦੇਸ਼ ਕੁਮਾਰੀ ਨੇ ਸਾਂਝੇ ਤੌਰ 'ਤੇ ਨਿਭਾਈ।

**—ਰੂਪ ਲਾਲ ਰੂਪ**

# ਸਾਹਿਤ ਚਿੰਤਨ ਦੀ ਮਾਸਿਕ ਬੈਠਕ



**ਚੰਡੀਗੜ੍ਹ**-ਸਾਹਿਤ ਚਿੰਤਨ, ਚੰਡੀਗੜ੍ਹ ਦੀ ਜੁਲਾਈ ਮਹੀਨੇ ਦੀ ਇਕੱਤਰਤਾ ਚੰਡੀਗੜ੍ਹ ਵਿਖੇ ਡਾ. ਅਕਸ਼ੇ ਕੁਮਾਰ ਦੀ ਪ੍ਰਧਾਨਗੀ ਹੇਠ ਹੋਈ। ਸਭ ਤੋਂ ਪਹਿਲਾਂ ਪਿਛਲੇ ਦਿਨੀਂ ਵਿੱਛੜੇ ਸਾਥੀਆਂ ਨੂੰ ਦੋ ਮਿੰਟ ਮੌਨ ਖੜੇ ਹੋ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਫਿਰ ਪਿਛਲੇ ਮਹੀਨੇ ਦੀ ਕਾਰਵਾਈ ਪੜ੍ਹੀ ਤੇ ਪ੍ਰਵਾਨ ਕੀਤੀ ਗਈ। ਡਾ. ਸੱਤਿਆਪਾਲ ਸਹਿਗਲ ਦੇ ਨਵੇਂ ਕਾਵਿ-ਸੰਗ੍ਰਹਿ-'ਦੂਸਰੀ ਕਿਤਾਬ' ਬਾਰੇ ਸੰਖੇਪ ਚਰਚਾ ਕਰਦਿਆਂ ਡਾ. ਵਿਜਿਆ ਸਿੰਘ ਨੇ ਕਿਹਾ ਕਿ ਕਵੀ ਅੰਦਰ ਤਨਹਾਈ ਦਾ ਆਲਮ ਹੈ। ਉਸ ਨੇ ਧੁੱਪ ਦੇ ਕਈ ਦ੍ਰਿਸ਼ ਚਿਤਰੇ ਹਨ। ਅਵਾਰਾਪਣ ਕਰਕੇ ਕਵੀ ਅੰਦਰਲਾ ਬੰਦਾ ਗਾਇਬ ਹੁੰਦਾ ਲੱਗਦਾ ਹੈ।

ਇਹ ਕਵਿਤਾ ਮਾਨਵਤਾ ਦੀ ਮੋਮਬੱਤੀ ਨੂੰ ਹਵਾਵਾਂ ਤੋਂ ਬਚਾਉਣ ਦਾ ਉਪਰਾਲਾ ਹੈ। ਉਸ ਨੂੰ ਕਵਿਤਾ ਦੇ ਸੁੱਕ ਜਾਣ ਦਾ ਭੈਅ ਹੈ। ਡਾ. ਲਲਨ ਸਿੰਘ ਨੇ ਬਹਿਸ ਸ਼ੁਰੂ ਕਰਦਿਆਂ ਕਿਹਾ ਕਿ ਕਵਿਤਾ ਨੂੰ ਦਰਸ਼ਨ ਦੇ ਅਧਾਰ ਉੱਤੇ ਵੀ ਪਰਖਿਆ ਜਾਣਾ ਚਾਹੀਦਾ ਹੈ। ਕਵੀ ਨੂੰ ਆਪ ਪਿੱਛੇ ਰਹਿ ਕੇ, ਕਵਿਤਾ ਨੂੰ ਅੱਗੇ ਕਰਨਾ ਚਾਹੀਦਾ ਹੈ। ਡਾ. ਰਾਜੇਸ਼ ਜੈਸਵਾਲ ਨੇ ਕਿਹਾ ਕਿ ਜੋ ਸਾਨੂੰ ਆਹਤ ਕਰ ਰਿਹਾ ਹੈ, ਉਸ ਦਾ ਪਤਾ ਹੋਣਾ ਚਾਹੀਦਾ ਹੈ। ਡਾ. ਜਸਪਾਲ ਸਿੰਘ ਨੇ ਕਿਹਾ ਕਿ ਕਵੀ ਲਈ ਸਾਰਾ ਸੰਸਾਰ ਯੁੱਧ ਭੂਮੀ ਹੁੰਦੀ ਹੈ। ਕਵਿਤਾ ਨਿੱਜ ਤੋਂ ਪਰ ਵੱਲ ਦਾ ਸਫਰ ਤੈਅ ਕਰੇ।

ਸ੍ਰੀ ਅਭੈ ਸਿੰਘ ਸੰਧੂ ਨੇ ਕਿਹਾ ਕਿ ਕਵਿਤਾ ਸਾਰੀਆਂ ਵਲਗਣਾਂ ਤੋਂ ਪਾਰ ਜਾਣ ਦੀ ਵਿਧਾ ਹੈ। ਡਾ. ਅਰੀਤ ਕੌਰ ਨੇ ਕਿਹਾ ਕਿ ਭਾਸ਼ਾ ਦੇ ਚੱਕਰਾਂ ਵਿੱਚ ਫਸ ਕੇ ਗਿਆਨ ਦੇ ਦਰਵਾਜ਼ੇ, ਖਿੜਕੀਆਂ ਤੇ ਰੋਸ਼ਨਦਾਨ ਬੰਦ ਨਹੀਂ ਕਰਨੇ ਚਾਹੀਦੇ। ਕੰਮ ਦੀ ਗੱਲ ਕਿਤੋਂ ਵੀ ਮਿਲੇ, ਲੈ ਲੈਣੀ ਚਾਹੀਦੀ ਹੈ। ਡਾ. ਸੱਤਪਾਲ ਸਹਿਗਲ ਨੇ ਸਰੋਤਿਆਂ ਦੇ ਸਨਮੁੱਖ ਹੁੰਦਿਆਂ ਕਿਹਾ ਕਿ ਹਰ ਟੈਕਸਟ ਦਾ ਜ਼ਿੰਮੇਵਾਰ ਤੇ ਸੁਹਿਰਦ ਮੁਲਾਂਕਣ ਹੋਣਾ ਚਾਹੀਦਾ ਹੈ। ਕਵਿਤਾ ਦੀ ਆਪਣੀ ਸਚਾਈ ਤੇ ਮਸੂਮੀਅਤ ਹੁੰਦੀ ਹੈ। ਡਾ. ਅਕਸ਼ੇ ਕੁਮਾਰ ਨੇ ਪ੍ਰਧਾਨਗੀ ਸਮੇਂ ਬੋਲਦਿਆਂ ਕਿਹਾ ਕਿ ਕਵਿਤਾ ਵਿੱਚ ਕਈ ਕੁਝ ਅਣਕਿਹਾ ਵੀ ਹੁੰਦਾ ਹੈ।

ਕਵਿਤਾ ਵਿੱਚ ਨਾਅਰਾ ਤੇ ਬੇਨਤੀ ਨਾ ਹੋਵੇ। ਧੁੱਪ ਕੇਵਲ ਸੂਰਜ ਦਾ ਖੇਲ੍ਹ ਨਹੀਂ, ਧੁੱਪ ਨਾ ਹੋਣਾ ਵੀ ਇਤਿਹਾਸ ਦਾ ਅੰਤ ਹੋਵੇਗਾ। ਸੱਤਾ ਦੇ ਜ਼ੋਰ ਅਤੇ ਸ਼ੋਰ ਵਿੱਚ ਬਦਲਵਾਂ ਅਤੇ ਸਮਾਨਅੰਤਰ ਨਰੇਟਿਵ ਸਿਰਜਣਾ ਕਵਿਤਾ ਦਾ ਧਰਮ ਹੈ। ਆਪਣੇ ਆਪ ਨੂੰ ਬਚਾ ਕੇ ਰੱਖਣਾ ਵੀ ਕੋਈ ਛੋਟਾ ਕੰਮ ਨਹੀਂ। ਮੀਟਿੰਗ ਦੀ ਕਾਰਵਾਈ ਸ੍ਰੀ ਸਰਦਾਰਾ ਸਿੰਘ ਚੀਮਾ ਨੇ ਚਲਾਈ।

**—ਸਰਦਾਰਾ ਸਿੰਘ ਚੀਮਾ**

## ਸਾਹਿਤ ਜਾਗ੍ਰਤੀ ਸਭਾ ਵੱਲੋਂ ਸਾਹਿਤਕ ਸਮਾਗਮ

**ਬਠਿੰਡਾ** : ਸਾਹਿਤ ਜਾਗ੍ਰਤੀ ਸਭਾ ਬਠਿੰਡਾ ਵੱਲੋਂ ਸਵ. ਸ੍ਰੀ ਜਗਦੀਸ਼ ਸਿੰਘ ਘਈ ਨੂੰ ਸਮਰਪਿਤ ਸਾਹਿਤਕ ਸਮਾਗਮ ਕਰਵਾਇਆ ਗਿਆ, ਜਿਸ ਵਿਚ ਪੰਜਾਬ ਦੇ ਉੱਘੇ ਗਜ਼ਲਗੋ ਸ੍ਰੀ ਜਨਕ ਰਾਜ ਜਨਕ ਨੂੰ ਉਹਨਾਂ ਦੀਆਂ ਪੰਜਾਬੀ ਮਾਂ ਬੋਲੀ ਨੂੰ ਦੇਣ ਲਈ ਸਨਮਾਨਿਤ ਕੀਤਾ ਗਿਆ। ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਸ. ਡਾ. ਬੂਟਾ ਸਿੰਘ ਸਿੱਧੂ ਸਨ। ਪ੍ਰਧਾਨਗੀ ਮੰਡਲ ਵਿਚ ਗੁਰਦੇਵ ਖੋਖਰ ਤੇ ਪ੍ਰੋਫੈਸਰ ਤਰਸੇਮ ਨਰੂਲਾ ਸਨ। ਪ੍ਰੋਗਰਾਮ ਦੀ ਸ਼ੁਰੂਆਤ ਸਭਾ ਦੇ ਸਲਾਹਕਾਰ ਮੋਹਨਜੀਤ ਸਿੰਘ ਪੁਰੀ ਦੇ ਸਵਾਗਤੀ ਭਾਸ਼ਣ ਨਾਲ ਹੋਈ। ਇਸ ਤੋਂ ਬਾਅਦ ਬੂਟਾ ਸਿੰਘ ਸਿੱਧੂ ਤੇ ਸਮੁੱਚੀ ਸਾਹਿਤ ਜਾਗ੍ਰਤੀ ਸਭਾ ਬਠਿੰਡਾ ਦੇ ਮੈਂਬਰ ਤੇ ਅਹੁਦੇਦਾਰਾਂ ਨੇ ਜਨਕ ਰਾਜ ਜਨਕ ਨੂੰ ਸਨਮਾਨਿਤ ਕੀਤਾ। ਸਭਾ ਦੇ ਪ੍ਰਧਾਨ ਅਮਰਜੀਤ ਜੀਤ ਨੇ ਜਨਕ ਰਾਜ ਜਨਕ ਦੇ ਜੀਵਨ ਤੇ ਉਹਨਾਂ ਦੇ ਸਾਹਿਤਕ ਸਫਰ ਦਾ ਇਤਿਹਾਸ ਪੇਸ਼ ਕੀਤਾ ਅਤੇ ਸਭਾ ਦੇ ਸਰਪ੍ਰਸਤ ਜਸਪਾਲ ਜੱਸੀ ਨੇ ਜਨਕ ਰਾਜ ਜਨਕ ਦੇ ਜੀਵਨ ਬਾਰੇ ਸਨਮਾਨ ਪੱਤਰ ਪੜ੍ਹ ਕੇ ਹਾਜ਼ਰ ਸਰੋਤਿਆਂ ਨੂੰ ਸੁਣਾਇਆ। ਸ. ਬੂਟਾ ਸਿੰਘ ਸਿੱਧੂ ਨੇ ਇਸ ਕਾਰਜ ਲਈ ਸਮੁੱਚੀ ਟੀਮ ਨੂੰ ਵਧਾਈ ਦਿੱਤੀ ਤੇ ਸਮੁੱਚੀ ਸਾਹਿਤ ਜਾਗ੍ਰਤੀ ਸਭਾ ਬਠਿੰਡਾ ਦੀ ਟੀਮ ਨੂੰ ਸੱਦਾ ਦਿੱਤਾ ਕਿ ਉਹ ਯੂਨੀਵਰਸਿਟੀ ਵਿਖੇ ਆ ਕੇ ਵੀ ਮਹਾਰਾਜਾ ਰਣਜੀਤ ਸਿੰਘ ਦੇ ਨਵੰਬਰ ਵਿਚ ਹੋਣ ਵਾਲੇ ਫੰਕਸ਼ਨ ਲਈ ਕੋਈ ਪੰਜਾਬੀ ਦਾ ਪ੍ਰੋਗਰਾਮ ਕਰਨ। ਇਸ ਮੌਕੇ ਪੰਜਾਬੀ ਸਾਹਿਤ ਸਭਾ ਬਠਿੰਡਾ ਦੇ ਪ੍ਰਧਾਨ ਸ੍ਰੀ ਜਸਪਾਲ ਮਾਨਖੇੜਾ, ਸਾਹਿਤ ਸਿਰਜਣਾ ਮੰਚ ਬਠਿੰਡਾ ਦੇ ਪ੍ਰਧਾਨ ਸੁਰਿੰਦਰਪ੍ਰੀਤ ਘਣੀਆਂ ਤੇ ਸਾਹਿਤ, ਸੱਭਿਆਚਾਰ ਮੰਚ ਵੱਲੋਂ ਕਹਾਣੀਕਾਰ ਅਤਰਜੀਤ ਸਿੰਘ ਹੁਰਾਂ ਨੇ ਵੀ ਸੰਬੋਧਨ ਕੀਤਾ। ਇਸ ਤੋਂ ਬਾਅਦ ਕਵੀ ਦਰਬਾਰ ਕਰਵਾਇਆ ਗਿਆ, ਜਿਸ ਵਿਚ ਪੰਜਾਬ ਦੇ ਉੱਘੇ ਕਵੀਆਂ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਹਾਜ਼ਰ ਕਵੀਆਂ ਵਿੱਚ ਹਰਦਰਸ਼ਨ ਸਿੰਘ ਸੋਹਲ, ਤਰਸੇਮ ਬੁੱਟਰ, ਇਕਬਾਲ ਪੀ.ਟੀ., ਰਮੇਸ਼ ਗਰਗ, ਮਨਜੀਤ ਜੀਤ, ਐਡਵੋਕੇਟ ਗੁਰਵਿੰਦਰ ਸਿੰਘ, ਪੋਰਿੰਦਰ ਸਿੰਗਲਾ, ਅਮਰਜੀਤ ਜੀਤ ਤੇ ਜਸਪਾਲ ਜੱਸੀ, ਰੁਲਦੂ ਸਿੰਘ ਚੌਹਾਨ, ਨਛੱਤਰ ਸਿੰਘ ਝੁੱਟੀਕਾ, ਜਸਵੀਰ ਫੀਰਾ, ਸਿਕੰਦਰ ਚੰਦਭਾਨ, ਸ੍ਰੀਮਤੀ ਅਮਰਜੀਤ ਕੌਰ ਹਰੜ, ਅਮਨ ਦਾਤੇਵਾਸ, ਦਵੀ ਸਿੱਧੂ, ਦਰਸ਼ਨ ਸਿੰਘ ਭੰਮੇ, ਰਣਬੀਰ ਰਾਣਾ, ਆਤਮਾ ਰਾਮ ਰੰਜਨ ਅਬੋਹਰ, ਮਨਜੀਤ ਬਠਿੰਡਾ, ਸੇਵਕ ਸਿੰਘ ਸਮੀਰੀਆ, ਮਲਕੀਤ ਮੀਤ, ਕੰਵਲਜੀਤ ਕੁਟੀ, ਸੁਦਰਸ਼ਨ ਗਰਗ, ਕੁਲਦੀਪ ਸਿੰਘ ਬੰਗੀ, ਮੇਜਰ ਸਿੰਘ ਰਾਜਗੜ੍ਹ, ਸੁਰਿੰਦਰ ਦਮਦਮੀ, ਗੁਰਨਾਮ ਸਿੰਘ ਖੋਖਰ, ਕੁਲਵਿੰਦਰ ਚਾਂਨੀ, ਗੁਰਸੇਵਕ ਸਿੰਘ ਚੁੱਘੇ ਖੁਰਦ ਸਮੇਤ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਕਵੀ ਪਾਠਕਾਂ ਨਾਲ ਰਚਨਾਵਾਂ ਨਾਲ ਸੰਬੋਧਿਤ ਹੋਏ।

ਪ੍ਰਸਿੱਧ ਵਾਰਤਕ ਲੇਖਕ ਜਸਪਾਲ ਮਾਨਖੇੜਾ ਵੱਲੋਂ ਆਪਣਾ ਇੱਕ ਗੀਤ ਸੁਣਾਇਆ ਗਿਆ। ਕਹਾਣੀਕਾਰ ਅਤਰਜੀਤ ਸਿੰਘ ਤੇ ਸਾਬਕਾ ਜ਼ਿਲ੍ਹਾ ਸਿੱਖਿਆ ਅਫਸਰ ਹਰਦੀਪ ਸਿੰਘ ਤੱਗੜ ਵੱਲੋਂ ਸਵ. ਜਗਦੀਸ਼ ਸਿੰਘ ਘਈ ਨਾਲ ਬਿਤਾਏ ਪਲ ਸਾਂਝੇ ਕੀਤੇ। ਇਸ ਪ੍ਰੋਗਰਾਮ ਦਾ ਮੰਚ ਸੰਚਾਲਨ ਤਰਸੇਮ ਬਸਰ ਤੇ ਤਰਸੇਮ ਬੁੱਟਰ ਵੱਲੋਂ ਬੜੇ ਭਾਵਪੂਰਤ ਢੰਗ ਨਾਲ ਕੀਤਾ ਗਿਆ।

**—ਤਰਸੇਮ ਬਸਰ**

## ਪੰਜਾਬੀ ਸਾਹਿਤ ਸਭਾ ਪਟਿਆਲਾ ਵੱਲੋਂ ਸਾਹਿਤਕ ਸਮਾਗਮ ਅੱਜ

**ਪਟਿਆਲਾ**-ਪੰਜਾਬੀ ਸਾਹਿਤ ਸਭਾ (ਰਜਿ.) ਪਟਿਆਲਾ ਵੱਲੋਂ ਇੰਡੋ-ਕੈਨੇਡੀਅਨ ਕਲਚਰਲ ਐਸੋਸੀਏਸ਼ਨ ਦੇ ਪ੍ਰਧਾਨ ਅਤੇ ਗਾਇਕ ਸੁਰਜੀਤ ਸਿੰਘ ਮਾਧੋਪੁਰੀ (ਕੈਨੇਡਾ) ਦੇ ਉਚੇਚੇ ਸਹਿਯੋਗ ਸਦਕਾ 9 ਜੁਲਾਈ ਦਿਨ ਐਤਵਾਰ ਨੂੰ ਸਵੇਰੇ 9.30 ਵਜੇ ਭਾਸ਼ਾ ਵਿਭਾਗ, ਸ਼ੇਰਾਂਵਾਲਾ ਗੇਟ, ਪਟਿਆਲਾ ਵਿਖੇ ਰਾਜ ਪੱਧਰ ਦਾ ਸਾਹਿਤਕ ਸਮਾਗਮ ਕਰਵਾਇਆ ਜਾ ਰਿਹਾ ਹੈ। ਇਹ ਸੂਚਨਾ ਦਿੰਦੇ ਹੋਏ ਪੰਜਾਬੀ ਸਾਹਿਤ ਸਭਾ ਪਟਿਆਲਾ ਦੇ ਪ੍ਰਧਾਨ ਡਾ. ਦਰਸ਼ਨ ਸਿੰਘ 'ਆਸ਼ਟ' ਨੇ ਦੱਸਿਆ ਕਿ ਇਸ ਸਮਾਗਮ ਦੀ ਪ੍ਰਧਾਨਗੀ ਪੰਜਾਬੀ ਦੀ ਉੱਘੀ ਲੇਖਿਕਾ ਅਤੇ ਕਾਲਮਨਵੀਸ ਬੱਬੂ ਤੀਰ, ਚੰਡੀਗੜ੍ਹ (ਸਪੁੱਤਰੀ ਉੱਘੇ ਹਾਸ ਵਿਅੰਗ ਲੇਖਕ ਸ. ਗੁਰਨਾਮ ਸਿੰਘ ਤੀਰ) ਕਰਨਗੇ ਅਤੇ ਮੁੱਖ ਮਹਿਮਾਨ ਹਰਿੰਦਰ ਕੌਰ, ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਪਟਿਆਲਾ ਹੋਣਗੇ। ਸਮਾਗਮ ਦੇ ਵਿਸ਼ੇਸ਼ ਮਹਿਮਾਨ ਵਜੋਂ ਪ੍ਰਸਿੱਧ ਪੰਜਾਬੀ ਗਾਇਕ ਬਿੱਟੂ ਖੰਨੇ ਵਾਲਾ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬੀ ਵਿਭਾਗ ਦੇ ਅਸਿਸਟੈਂਟ ਪ੍ਰੋਫ਼ੈਸਰ ਅਤੇ ਸਟੇਟ ਐਵਾਰਡੀ ਡਾ. ਰਾਜਵੰਤ ਕੌਰ ਪੰਜਾਬੀ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ ਐਜੂਕੇਸ਼ਨ) ਡਾ. ਅਰਚਨਾ ਮਹਾਜਨ ਪੁੱਜ ਰਹੇ ਹਨ। ਡਾ. 'ਆਸ਼ਟ' ਨੇ ਹੋਰ ਵੇਰਵੇ ਸਾਂਝੇ ਕਰਦਿਆਂ ਕਿਹਾ ਕਿ ਇਸ ਸਮਾਗਮ ਵਿਚ ਜ਼ਿਲ੍ਹਾ ਪਟਿਆਲਾ ਦੇ ਸਾਲ 2023 ਦੇ ਨਤੀਜਿਆਂ ਦੌਰਾਨ ਪੰਜਵੀਂ ਤੋਂ ਲੈ ਕੇ ਬਾਰਵ੍ਹੀਂ ਜਮਾਤ ਤੱਕ ਦੀਆਂ ਪ੍ਰੀਖਿਆਵਾਂ ਵਿੱਚੋਂ ਟਾਪਰ ਰਹਿਣ ਦੇ ਨਾਲ-ਨਾਲ ਪੰਜਾਬੀ ਵਿਸ਼ੇ ਵਿੱਚੋਂ ਵੀ ਸੌ ਫੀਸਦੀ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦਾ ਸਨਮਾਨ ਕੀਤਾ ਜਾਵੇਗਾ।

# ਡਾ. ਦੀਪਤੀ ਹੋਏ ਪਾਠਕਾਂ ਦੇ ਰੂ-ਬ-ਰੂ

**ਸ੍ਰੀਗੰਗਾਨਗਰ** : ਹਿੰਦੀ ਅਤੇ ਪੰਜਾਬੀ ਦੇ ਪ੍ਰਸਿੱਧ ਸਾਹਿਤਕਾਰ ਅਤੇ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਸੀਨੀਅਰ ਮੀਤ ਪ੍ਰਧਾਨ ਡਾ: ਸ਼ਿਆਮ ਸੁੰਦਰ ਦੀਪਤੀ ਨੇ ਕਿਹਾ ਹੈ ਕਿ ਉਹ ਲਿਖਣ ਲਈ ਨਹੀਂ ਲਿਖਦੇ। ਉਹ ਉਦੋਂ ਲਿਖਦੇ ਹਨ, ਜਦੋਂ ਉਹ ਕੁਝ ਕਹਿਣਾ ਜ਼ਰੂਰੀ ਸਮਝਦੇ ਹਨ, ਕੀ, ਕਿਉਂ ਅਤੇ ਕਿਵੇਂ ਕਹਿਣਾ ਹੈ, ਉਦੋਂ ਉਹ ਲਿਖਦੇ ਹਨ। ਉਹ ਐਤਵਾਰ ਨੂੰ ਮਹਾਰਾਜਾ ਅਗਰਸੇਨ ਵਿੱਦਿਆ ਮੰਦਰ ਸਕੂਲ, ਜਵਾਹਰ ਨਗਰ ਵਿਖੇ ਸਿਰਜਨ ਸੇਵਾ ਸੰਸਥਨ ਵੱਲੋਂ ਕਰਵਾਏ ਗਏ 'ਲੇਖਕ ਨੂੰ ਮਿਲੋ' ਪ੍ਰੋਗਰਾਮ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਉਹ ਕਿਸੇ ਵਿਸ਼ੇਸ਼ ਵਿਧਾ ਨਾਲ ਬੱਝੇ ਨਹੀਂ ਹਨ। ਸਾਰੀਆਂ ਵਿਧਾਵਾਂ ਵਿਚ ਕੰਮ ਕਰਦੇ ਹਨ। ਡਾ: ਦੀਪਤੀ ਨੇ ਇਸ ਗੱਲ 'ਤੇ ਸਹਿਮਤੀ ਪ੍ਰਗਟਾਈ ਕਿ ਰਚਨਾ ਆਪਣੀ ਵਿਧਾ ਆਪ ਤੈਅ ਕਰਦੀ ਹੈ। ਸਾਰਾ ਕੁਝ ਸਾਹਿਤ ਨਹੀਂ ਹੁੰਦਾ। ਕਲਪਨਾ ਦੇ ਨਾਲ ਸੱਚ ਹੋਵੇ ਅਤੇ ਉਹ ਕਲਿਆਣਕਾਰੀ ਹੋਵੇ ਤਾਂ ਹੀ ਸਾਹਿਤ ਹੋ ਸਕਦਾ ਹੈ। ਸਾਹਿਤ ਜੋੜਨ ਦਾ ਕੰਮ ਕਰਦਾ ਹੈ। ਪ੍ਰੋਗਰਾਮ ਦੌਰਾਨ ਡਾ. ਦੀਪਤੀ ਨੇ ਆਪਣੀਆਂ ਮਿੰਨੀ ਕਹਾਣੀਆਂ ਅਤੇ ਕਵਿਤਾਵਾਂ ਵੀ ਸੁਣਾਈਆਂ। ਇਸ ਦੌਰਾਨ ਵਿਜੇ ਕੁਮਾਰ ਗੋਇਲ, ਡਾ. ਕ੍ਰਿਸ਼ਨ ਕੁਮਾਰ ਆਸ਼ੂ, ਮੀਨਾਕਸ਼ੀ ਆਹੂਜਾ, ਰਿਤੂ ਸਿੰਘ, ਹਰਸ ਨਾਗਪਾਲ, ਦੌਲਤ ਰਾਮ ਅਨਪੜ੍ਹ ਅਤੇ ਜੈ ਸ੍ਰੀ ਜਾਂਗਿੜ ਨੇ ਕੁਝ ਸਵਾਲ ਪੁੱਛੇ। ਡਾ: ਦੀਪਤੀ ਨੇ ਉਹਨਾਂ ਦਾ ਸਹਿਜਤਾ ਨਾਲ ਜਵਾਬ ਦਿੱਤਾ। ਇਸ ਮੌਕੇ ਡਾ. ਦੀਪਤੀ ਨੂੰ ਸ਼ਾਲ, ਸਨਮਾਨ ਚਿੰਨ੍ਹ ਅਤੇ ਸਾਹਿਤਕ ਸਨਮਾਨ ਭੇਟ ਕਰਕੇ 'ਸਿਰਜਨ ਸਾਹਿਤ ਸਨਮਾਨ' ਪ੍ਰਦਾਨ ਕੀਤਾ ਗਿਆ। ਕ੍ਰਿਸ਼ਨ ਕੁਮਾਰ ਆਸੂ ਨੇ ਡਾ: ਦੀਪਤੀ ਦੀ ਜਾਣ-ਪਛਾਣ ਕਰਵਾਈ। ਚੇਅਰਮੈਨ ਡਾ: ਅਰੁਣ ਸਹਿਰੀਆ 'ਤੇਅਰ' ਵੱਲੋਂ ਧੰਨਵਾਦ ਪ੍ਰਗਟ ਕੀਤਾ ਗਿਆ। ਸਟੇਜ ਸੰਚਾਲਨ ਡਾ. ਸੰਦੇਸ਼ ਤਿਆਗੀ ਨੇ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੇਵਾਮੁਕਤ ਪ੍ਰੋਫ਼ੈਸਰ ਅਤੇ ਲੇਖਕ ਡਾ: ਹਰੀਰਾਮ ਸਵਾਮੀ, ਊਸ਼ਾ ਦੀਪਤੀ, ਰਾਧਾ ਰਾਣੀ, ਵਿਜੇਦੀਪ ਸਿੰਘ, ਅਮਨਦੀਪ ਸਿੰਘ, ਸੁਰਿੰਦਰ ਕੁਮਾਰ, ਬਨਵਾਰੀ ਲਾਲ ਸ਼ਰਮਾ, ਬੰਨੀ ਗੰਗਾਨਗਰੀ, ਸਤੀਸ਼ ਸ਼ਰਮਾ, ਕ੍ਰਿਸ਼ਨਾ ਬ੍ਰਿਹਸਪਤੀ, ਅਰੁਣ ਖਮਖਵਾਹ, ਸੁਸ਼ਮਾ ਗੁਪਤਾ, ਡਾ. ਸੰਦੀਪ ਸਿੰਘ ਮੁੰਡੇ, ਸ਼ਰਨਜੀਤ ਸਿੰਘ, ਮਮਤਾ ਆਹੂਜਾ, ਡਾ: ਆਸਾ ਰਾਮ ਭਾਰਗਵ, ਲਲਿਤ ਕਈ ਚਰਾਇਆ, ਰਿਤਿਕ, ਕੈਲਾਸ਼ ਅਤੇ ਸ਼ਿਵ ਆਦਿ ਵੀ ਮੌਜੂਦ ਸਨ।



# ਅੱਖਰ ਲੇਖਕ ਮੰਚ ਵੱਲੋਂ ਸਮਾਗਮ

**ਭਲੂਰ** : '35 ਅੱਖਰ ਲੇਖਕ ਮੰਚ ਭਲੂਰ' ਦੇ ਵਿਹੜੇ ਵਿੱਚ ਦਿਨ ਵੀਰਵਾਰ ਨੂੰ ਸਾਹਿਤਕਾਰਾਂ ਦੀ ਚਹਿਲ-ਪਹਿਲ ਸੀ। 'ਨੌਜਵਾਨ ਸਾਹਿਤ ਸਭਾ ਭਲੂਰ' ਦੇ ਨੁਮਾਇੰਦੇ ਕਵੀ ਬੇਅੰਤ ਗਿੱਲ ਅਤੇ ਕਵਿੱਤਰੀ ਅਨੰਤ ਗਿੱਲ ਵੱਲੋਂ ਕੀਤੇ ਛੋਟੇ ਜਿਹੇ ਉੱਦਮ ਨੇ ਉਦੋਂ ਇਕ ਵੱਡਾ ਸਾਹਿਤਕ ਤੇ ਸਿਰਜਣਾਤਮਕ ਮਾਹੌਲ ਸਿਰਜ ਦਿੱਤਾ, ਜਦੋਂ 'ਪੰਜਾਬੀ ਸਾਹਿਤ ਸਭਾ ਫਰੀਦਕੋਟ' ਦੇ ਲੱਗਭੱਗ 15 ਲੇਖਕਾਂ ਨਾਲ ਇਕ ਨਿਵੇਕਲੀ ਤੇ ਖੂਬਸੂਰਤ ਸਾਹਿਤਕ ਮਿਲਣੀ ਹੋਈ। ਪ੍ਰਧਾਨਗੀ ਮੰਡਲ ਵਿੱਚ ਨਾਮਵਰ ਕਵੀ ਬਾਪੂ ਨਵਰਾਹੀ ਘੁਗਿਆਣਵੀ, ਖੋਜੀ ਵਿਦਵਾਨ ਮਾਸਟਰ ਬਿੱਕਰ ਸਿੰਘ ਭਲੂਰ (ਹਾਂਗਕਾਂਗ), ਇਕਬਾਲ ਘਾਰੂ, ਦਰਸ਼ਨ ਸਿੰਘ ਰੋਮਾਣਾ ਅਤੇ ਲੋਕ ਕਵੀ ਤੇਜਾ ਸਿੰਘ ਸ਼ੌਂਕੀ ਬੈਠੇ। ਇਸ ਮਿਲਣੀ ਨੂੰ 'ਮਹਿਕਾਂ ਵਰਗੇ ਆੜੀ' ਦਾ ਨਾਂਅ ਦਿੱਤਾ ਗਿਆ। ਇਹਨਾਂ 'ਮਹਿਕਾਂ ਵਰਗੇ ਆੜੀਆਂ' ਦਾ ਮੁੱਖ ਹੀਰੋ ਨਾਮਵਰ ਕਵੀ ਬਾਪੂ ਨਵਰਾਹੀ ਘੁਗਿਆਣਵੀ ਸੀ। ਬੇਅੰਤ ਗਿੱਲ ਦੀਆਂ ਲਿਖੀਆਂ ਲਾਇਨਾਂ ਸਾਹਿਤਕ ਰੰਗ ਨੂੰ ਹੋਰ ਗੂੜ੍ਹਾ ਕਰ ਰਹੀਆਂ ਸਨ- ਮੈਂ ਹੱਸਿਆ ਵਿੱਚ ਪੰਜਾਬੀ ਦੇ-ਮੈਂ ਰੋਇਆ ਵਿਚ ਪੰਜਾਬੀ ਦੇ, ਮੈਂ ਜਿਉਂਦਾ ਵਿਚ ਪੰਜਾਬੀ ਦੇ-ਮੈਂ ਮੋਇਆ ਵਿਚ ਪੰਜਾਬੀ ਦੇ। ਇਸ ਸਮੇਂ '35 ਅੱਖਰਾਂ' ਦੇ ਵਿਹੜੇ ਚਹੁੰ ਪਾਸੀਂ ਗੀਤਾਂ, ਕਵਿਤਾਵਾਂ, ਰੁਬਾਈਆਂ ਤੇ ਗਜ਼ਲਾਂ ਦੀ ਮਹਿਕ ਸੀ। ਇਸ ਮਹਿਕ ਦੇ ਜ਼ਿੰਮੇਵਾਰ ਜਸਕਰਨ ਲੰਡੇ ਨੇ ਸਟੇਜੀ ਜ਼ਿੰਮੇਵਾਰੀ ਨੂੰ ਬਾਖੂਬੀ ਨਿਭਾਇਆ। '35ਅੱਖਰ ਲੇਖਕ ਮੰਚ ਭਲੂਰ' ਦੇ ਵਿਹੜੇ ਆਏ ਕਵੀਆਂ, ਵਿਦਵਾਨਾਂ ਤੇ ਲੇਖਕਾਂ ਦਾ ਬੇਅੰਤ ਗਿੱਲ ਤੇ ਅਨੰਤ ਗਿੱਲ ਵੱਲੋਂ ਸ਼ੁਕਰਾਨਾ ਕੀਤਾ ਗਿਆ।



**—ਬੇਅੰਤ ਗਿੱਲ ਭਲੂਰ**

# ਪਾਠਕਾਂ ਦੇ ਝਰੋਖੇ 'ਚੋਂ

## ਪਰਖ-ਪੜਚੋਲ

2 ਜੁਲਾਈ ਦੇ ਨਵਾਂ ਜ਼ਮਾਨਾ ਵਿਚ ਕਿਤਾਬ 'ਸਮੁੰਦਰ ਨਾਮਾ' (ਲੇਖਕ ਪਰਮਜੀਤ ਮਾਨ) ਦੀ ਸਮੀਖਿਆ ਡਾ. ਹਰਜਿੰਦਰ ਸਿੰਘ ਅਟਵਾਲ ਦੀ ਕਲਮ ਤੋਂ 'ਪਰਖ ਪੜਚੋਲ' ਹੇਠ ਪੜ੍ਹੀ। ਇਸ ਕਿਸਮ ਦੀ ਕਿਤਾਬ ਸ਼ਾਇਦ ਪੰਜਾਬੀ ਵਿਚ ਪਹਿਲੀ ਕਿਤਾਬ ਹੈ, ਕਿਉਂਕਿ ਪੰਜਾਬ ਨੂੰ ਸਮੁੰਦਰ ਨੇੜੇ ਨਹੀਂ ਲੱਗਦਾ, ਇਸ ਲਈ ਪੰਜਾਬੀਆਂ ਦਾ ਸਮੁੰਦਰਾਂ ਬਾਰੇ ਗਿਆਨ ਘੱਟ ਹੈ, ਪਰ ਲੇਖਕ ਪਰਮਜੀਤ ਮਾਨ ਨੇ ਇਸ ਦਿਸ਼ਾ ਵਿਚ ਆਪਣੀ ਨੇਵੀ ਦੀ ਨੌਕਰੀ ਦੌਰਾਨ ਜੋ ਤਜਰਬੇ ਹਾਸਲ ਕੀਤੇ, ਜੋ ਮੁਲਕ ਵੇਖੇ ਡਿਠੇ ਜਿਨ੍ਹਾਂ ਦੇਸ਼ਾਂ ਵਿਚ ਮਾਨ ਗਿਆ। ਉਨ੍ਹਾ ਲੋਕਾਂ ਦੀ ਜ਼ਿੰਦਗੀ ਨੇੜਿਓਂ ਤੱਕੀ-ਵੇਖੀ। ਉਹ ਇਸ ਸਵੈ-ਜੀਵਨੀ ਵਿਚ ਦਰਜ ਕੀਤੀ। ਬਿਨਾਂ ਸ਼ੱਕ ਇਹ ਨਵਾਂ ਤੇ ਅਨੋਖਾ ਤਜਰਬਾ ਹੈ। ਉਸੇ ਤਰ੍ਹਾਂ ਜਿਵੇਂ ਬਲਦੇਵ ਸਿੰਘ ਸੜਕਨਾਮਾ ਨੇ ਕਲਕੱਤੇ ਵਿਚ ਡਰਾਇਵਰੀ ਕਰਦੇ ਹੋਏ ਕਾਲਮ 'ਸੜਕਨਾਮਾ' ਲਿਖਿਆ ਸੀ ਤੇ ਅੰਮ੍ਰਿਤਾ ਪ੍ਰੀਤਮ ਦੇ ਸੰਸਾਰ ਪ੍ਰਸਿੱਧ ਮੈਗਜ਼ੀਨ 'ਨਾਗਮਣੀ' ਵਿਚ ਛਪਦਾ ਰਿਹਾ ਸੀ। ਮੈਂ ਪਰਮਜੀਤ ਮਾਨ ਦੇ ਕੁਝ ਲੇਖ ਸਮੁੰਦਰਨਾਮਾ ਦੇ ਕੁਝ ਅਖਬਾਰਾਂ ਦੇ ਸੰਡੇ ਅੰਕਾਂ ਦੇ ਮੈਗਜ਼ੀਨ ਪੰਨਿਆਂ 'ਤੇ ਪੜ੍ਹ ਚੁੱਕਾ ਹਾਂ। ਨਵਾਂ ਜ਼ਮਾਨਾ ਵੀ ਯਾਤਰਾ ਸਾਹਿਤ ਅਕਸਰ ਛਾਪਦਾ ਹੈ। ਮੇਰੀ ਬੇਨਤੀ ਹੈ ਕਿ ਸਮੁੰਦਰਨਾਮਾ ਦੇ ਕੁਝ ਲੇਖ ਨਵਾਂ ਜ਼ਮਾਨਾ ਵਿਚ ਛਾਪੇ ਜਾਣ ਤਾਂ ਕਿ ਨਵਾਂ ਜ਼ਮਾਨਾ ਦੇ ਮੇਰੇ ਜਿਹੇ ਪਾਠਕ ਘਰੋਂ ਦੂਰ ਬੈਠੇ ਦੁਨੀਆ ਦੇ ਨਜ਼ਾਰੇ ਵੇਖ ਸਕਣ। ਮੁਖਤਾਰ ਗਿੱਲ ਦੀ ਨਵੀਂ ਛਪੀ ਖਿਤਾਬ ਰਾਵੀ ਦੀਆਂ ਛੱਲਾਂ ਦੀ ਜਾਣਕਾਰੀ ਡਾ. ਅਮਰ ਕੋਮਲ ਦੀ ਲਿਖਤ ਵਿੱਚੋਂ ਮਿਲੀ। ਮੁਖਤਾਰ ਗਿੱਲ ਸਾਡਾ ਪੰਜਾਬੀ ਕਹਾਣੀਕਾਰਾਂ ਦਾ ਉੱਘਾ ਹਸਤਾਖਰ ਹੈ। ਉਹ ਲੰਮੇ ਸਮੇਂ ਤੋਂ ਕਹਾਣੀ ਲਿਖ ਰਿਹਾ ਹੈ। ਮੁਖਤਾਰ ਗਿੱਲ ਦੀਆਂ ਕਹਾਣੀਆਂ ਵਿਚ ਮਾਝੇ ਦੇ ਸਰਹੱਦੀ ਪਿੰਡਾਂ ਦਾ ਜ਼ਿਕਰ ਮਿਲਦਾ ਹੈ। ਮੁਖਤਾਰ ਗਿੱਲ ਲੰਮਾ ਸਮਾਂ ਅੰਮ੍ਰਿਤਸਰ ਦੇ ਪਿੰਡਾਂ ਵਿਚ ਅਧਿਆਪਕ ਰਿਹਾ ਹੈ। ਉਹ ਚੰਗਾ ਪੱਤਰਕਾਰ ਹੈ ਤੇ ਬਾਲ ਸਾਹਿਤ ਵਿਚ ਵੀ ਮੁਖਤਾਰ ਗਿੱਲ ਨੇ ਬਹੁਤ ਵੱਡੀਆਂ ਮੱਲਾਂ ਮਾਰੀਆਂ ਹਨ। ਬਾਕੀ ਕਿਤਾਬਾਂ ਦੀ ਵੀ ਜਾਣਕਾਰੀ ਚੰਗੀ ਲੱਗੀ, ਖਾਸ ਕਰਕੇ ਗੁਰਮੁਖੀ ਦੀ ਜੁਗਤ, ਬਾਗੀ ਹੋਈ ਪੌਣ। ਸਰਗਰਮੀਆਂ ਵਿਚ ਹਾਸ ਵਿਅੰਗ ਲੇਖਕ ਸ਼ੇਰ ਜੰਗ ਜਾਂਗਲੀ ਨੂੰ ਯਾਦ ਕੀਤਾ ਗਿਆ। ਚੰਗਾ ਲੱਗਾ। ਕਿਸੇ ਵੇਲੇ ਜਾਂਗਲੀ ਦੇ ਵਧੀਆ ਵਿਅੰਗ ਪੜ੍ਹੇ ਜਾਂਦੇ ਸੀ। ਜਾਂਗਲੀ ਦੀ ਇਕ ਕਿਤਾਬ ਮੈਨੂੰ ਕੇ ਐੱਲ ਗਰਗ ਨੇ ਦਿੱਤੀ ਸੀ। ਚੰਗੀ ਸੀ। ਕਿਤਾਬ ਤਿਰਕਾਲ ਸੰਧਿਆ ਦੀਪਦਵਿੰਦਰ ਸਿੰਘ ਲਿਖਤ ਬਾਰੇ ਵਿਚਾਰ-ਚਰਚਾ ਪੜ੍ਹ ਕੇ ਸਾਹਿਤਕ ਆਨੰਦ ਮਿਲਿਆ। ਦੀਪ ਦਵਿੰਦਰ ਸਿੰਘ ਨੇ ਪੰਜਾਬੀ ਕਹਾਣੀ ਦਾ ਨਾਂਅ ਬਹੁਤ ਉੱਚਾ ਕੀਤਾ ਹੈ। ਉਹ ਇਸ ਵੇਲੇ ਸਰਗਰਮ ਕਹਾਣੀਕਾਰ ਹੈ। ਡਾ. ਦੀਪਤੀ ਨੇ ਕਹਾਣੀਕਾਰ ਤਲਵਿੰਦਰ ਸਿੰਘ ਨਾਲ ਆਪਣੀ ਨੇੜਤਾ ਦਾ ਜ਼ਿਕਰ ਕੀਤਾ ਹੈ, ਚੰਗਾ ਲੱਗਾ। ਮੈਨੂੰ ਯਾਦ ਹੈ ਤਲਵਿੰਦਰ ਨੂੰ ਜਦੋਂ ਮੈਂ ਫੋਨ ਕਰਨਾ, ਉਸ ਕਹਿਣਾ ਹਾਂ ਮੇਰੀ ਜਾਨ, ਕੀ ਹੁਕਮ ਏ ਕੌਣ ਐਨੀ ਮੁਹੱਬਤ ਕਰਦਾ ਏ। ਫਿਰ ਰੀਝ ਨਾਲ ਉਸ ਨੇ ਆਪਣੀ ਕਹਾਣੀਆਂ ਦੀ ਕਿਤਾਬ ਮੈਨੂੰ ਭੇਜੀ। ਤਲਵਿੰਦਰ ਔਰਤ-ਮਰਦ ਦੇ ਰਿਸ਼ਤਿਆਂ ਦੀ ਬਰੀਕ ਤੰਦ ਫੜਦਾ ਸੀ। ਉਹ ਔਰਤ ਦੀ ਮਾਨਸਿਕਤਾ ਨੂੰ ਕਹਾਣੀ ਵਿਚ ਮਨੋਵਿਗਿਆਨਕ ਵਿਧੀ ਨਾਲ ਚਿਤਰਦਾ ਸੀ। ਉਹ ਸਾਹਿਤਕ ਸਮਾਗਮਾਂ ਦਾ ਅਣਥੱਕ ਕਾਮਾ ਤਲਵਿੰਦਰ ਸੀ। ਮੈਂ ਇਕ ਵਾਰੀ ਉਸ ਦੇ ਸੱਦੇ 'ਤੇ ਅੰਮ੍ਰਿਤਸਰ ਦੇ ਕਥਾ ਉਤਸਵ ਵਿਚ ਗਿਆ ਵੀ ਸੀ। ਤਲਵਿੰਦਰ ਦੇ ਜਾਣ ਨਾਲ ਪੰਜਾਬੀ ਕਹਾਣੀ ਵਿਚ ਖਿਲਾਅ ਪੈਦਾ ਹੋ ਗਿਆ ਸੀ। ਨਿੰਦਰ ਨੇ ਮਹਾਰਾਸ਼ਟਰ ਦੀ ਗਰਮੀ ਦਾ ਅਹਿਸਾਸ ਕਰਾ ਦਿੱਤਾ। ਮਰਾਠੀ ਸਿੱਖ ਕੇ ਪੰਜਾਬ ਵਾਪਸੀ ਕਰਨ ਦੀ ਇੱਛਾ ਜ਼ਰੂਰ ਪੂਰੀ ਹੋਵੇਗੀ, ਮੇਰਾ ਵਿਸ਼ਵਾਸ਼ ਹੈ।

**—ਪ੍ਰਿੰ. ਗੁਰਮੀਤ ਸਿੰਘ ਫਾਜ਼ਿਲਕਾ**

## ਆਉਂਦੇ ਐਤਵਾਰਤਾ 'ਚ ਵਿਸ਼ੇਸ਼


ਨਵ-ਜਾਗਰਣ ਦਾ ਅਗਰ ਦੂਤ-ਆਇਨਕਾਲੀ : ਡਾ. ਕਰਮਜੀਤ ਸਿੰਘ

ਜੀ ਡੀ ਪੀ ਦੇ ਭਰਮ ਜਾਲ 'ਚ ਉਲਝਿਆ ਬੰਦਾ : ਯਸ਼ ਪਾਲ

'ਅਗਨ ਕੁੰਡ ਦਾ ਕਰਣ ਦੁਆਰ' ਦੀ ਪਰਖ ਪੜਚੋਲ : ਜਲੌਰ ਸਿੰਘ ਖੀਵਾ

ਦਵਿੰਦਰ ਬਿਮਰਾ ਦੀਆਂ ਨਵੀਂਆਂ ਕਵਿਤਾਵਾਂ ਤੇ ਹੋਰ ਬਹੁਤ ਕੁਝ


# ਸਮਕਾਲ

## ਏਕਮ : ਜੁਲਾਈ-ਸਤੰਬਰ 2023



ਇਸ ਅੰਕ ਦੇ ਸਰਵਰਕ ਉਪਰ ਛਪੀ ਪੇਂਟਿੰਗ ਦਾ ਸਿਰਲੇਖ ਬਕੌਲ ਜਗਤਾਰਜੀਤ ਸਿੰਘ 'ਰੀ ਸਿੰਗਿਗ ਏ ਸੌਂਗ' ਹੈ। ਰਾਜ ਕੁਮਾਰ ਦੁਆਰਾ ਚਿਤਰੇ ਇਸ ਚਿੱਤਰ ਦੀ ਵਿਆਖਿਆ ਵੀ ਜਗਤਾਰਜੀਤ ਸੰਖੇਪ 'ਚ ਕਰਦਾ ਹੈ ਜੋ ਦਿਲਚਸਪ ਵੀ ਹੈ ਅਤੇ ਗਿਆਨਵਰਧਕ ਵੀ, ਅਜਿਹੇ ਯਤਨ ਹੋਣੇ ਚਾਹੀਦੇ ਹਨ। ਪੱਤਣ ਤੋਂ (ਸੰਪਾਦਕੀ) 'ਚ ਪਹਿਲਵਾਨ ਧੀਆਂ ਦੇ ਦੁਖੜਿਆਂ ਦੀ ਬਾਤ ਪਾਈ ਗਈ ਹੈ। ਨਾਲ ਹੀ ਦਿੱਲੀ ਅਤੇ ਦੇਸ਼ ਦੇ ਹੋਰ ਹਿੱਸਿਆਂ ਵਿੱਚ ਹੋਏ ਦਰਦਨਾਕ ਕਤਲਾਂ (ਖਾਸ ਤੌਰ 'ਤੇ ਲੜਕੀਆਂ) ਬਾਰੇ ਵੀ ਗੱਲ ਹੋਈ ਹੈ। ਹਵਾ ਦੇ ਨਾਂਅ... (ਅੰਤਿਕਾ) ਵਿੱਚ ਇਸਲਾਮੀ ਕੱਟੜਪੰਥੀਆਂ ਵੱਲੋਂ ਈਰਾਨ 'ਚ ਔਰਤਾਂ ਦੇ ਹੱਕਾਂ ਨੂੰ ਦਬਾਉਣ ਲਈ ਜਾਰੀ ਕੀਤੇ ਨਾਦਰੀ ਫਰਮਾਨਾਂ ਦੀ ਗੱਲ ਕੀਤੀ ਗਈ ਹੈ। ਸ਼ਾਇਰ ਵਿਸ਼ੇਸ਼ ਸਰਬਜੀਤ ਸੋਹੀ ਹੈ। ਉਂਜ ਭਗਵਾਨ ਢਿੱਲੋਂ, ਹਰਪ੍ਰੀਤ ਕੌਰ ਸੰਧੂ, ਕੁਲਵਿੰਦਰ ਚਾਵਲਾ, ਸੁਰਿੰਦਰ ਅਤੈ ਸਿੰਘ, ਸਰਦਾਰ ਪੰਛੀ, ਸੁਖਪਾਲ, ਅੰਮ੍ਰਿਤਪਾਲ ਸਿੰਘ ਸ਼ੈਦਾ ਅਤੇ ਹੋਰ ਕਵੀਆਂ ਦੀਆਂ ਕਾਵਿ ਵੰਨਗੀਆਂ ਵੀ ਪੇਸ਼ ਹਨ। ਜਸਬੀਰ ਭੁੱਲਰ, ਸੁਕੀਰਤ ਅਤੇ ਸੰਜੀਵ ਸਿੰਘ ਸੈਣੀ ਦੇ ਨਿਬੰਧ ਹਨ। ਕਹਾਣੀ ਭਾਗ ਵਿੱਚ ਮੈਨੂੰ ਫੋਨ ਕਰ ਦੇਵੀਂ (ਰਵਿੰਦਰ ਸਿੰਘ ਸੋਢੀ), ਛਿਪਣ ਤੋਂ ਪਹਿਲਾਂ (ਮਨਮੋਹਨ ਸਿੰਘ ਬਾਸਰਕੇ), ਹਕੀਕਤ (ਪ੍ਰੇਮ ਮਾਨ), ਛੁਰੀ (ਮੁਹੰਮਦ ਇਮਤਿਆਜ਼), ਤਿੜਕਿਆ ਵਜੂਦ (ਤਰਸੇਮ ਭੰਗੂ), ਸਾਡੀ ਗੱਲ ਹੋਰ (ਸੁਰਿੰਦਰ ਕੇ ਬਿਰਹਾ), ਕਾਹਲ ਬੜੀ ਏ (ਪਰਵੀਨ ਹਿਰਦੇਪਾਲ), ਇਸ਼ਤਿਹਾਕ ਅਹਿਮਦ ਦੀ ਪਾਕਿਸਤਾਨੀ ਪੰਜਾਬੀ ਕਹਾਣੀ, ਮਹੀਪ ਸਿੰਘ ਦੀ ਹਿੰਦੀ ਕਹਾਣੀ ਵੀ ਇਸ ਵਿੱਚ ਸ਼ਾਮਲ ਕੀਤੀ ਗਈ ਹੈ। ਕਿਤਾਬ ਵਿਸ਼ੇਸ਼ ਵਿੱਚ ਸੁਖਪਾਲ ਕੌਰ ਸਮਰਾਲਾ ਨੇ ਅਰਤਿੰਦਰ ਸੰਧੂ ਦੀ ਪੁਸਤਕ 'ਮਨ ਦਾ ਮੌਸਮ' ਬਾਰੇ ਵਿਸਥਾਰ ਸਹਿਤ ਲਿਖਿਆ ਹੈ ਅਤੇ ਨਾਲ ਹੀ ਹੋਰ ਪੁਸਤਕਾਂ ਦੇ ਵੀ ਵੱਖ-ਵੱਖ ਵਿਦਵਾਨਾਂ ਵੱਲੋਂ ਰੀਵਿਊ ਕੀਤੇ ਗਏ ਹਨ।

ਪੰਨੇ : 82, ਮੁੱਲ : 80 ਰੁਪਏ, ਸੰਪਾਦਕ : ਅਰਤਿੰਦਰ ਸੰਧੂ, ਸੰਪਰਕ : 404, ਤਿਲਕ ਨਗਰ, ਅੰਮ੍ਰਿਤਸਰ-143001 (ਮੋ:) 98153-02081

## ਪੰਖੜੀਆਂ : ਜੂਨ 2023



ਪੰਜਾਬ ਸਕੂਲ ਸਿੱਖਿਆ ਬੋਰਡ ਦਾ ਮਾਸਿਕ ਪੱਤਰ ਜੋ ਬੱਚਿਆਂ ਦੀ ਮਾਨਸਿਕਤਾ ਦੇ ਹਾਣੀ ਹੋਣ ਦਾ ਯਤਨ ਹਮੇਸ਼ਾ ਕਰਦਾ ਰਹਿੰਦਾ ਹੈ। ਇਸ ਵਾਰ ਵੀ ਪੇਸ਼ ਹੈ। ਟਹਿਕ ਪਏ ਫੁੱਲ (ਸੰਪਾਦਕੀ ਬੱਚਿਆਂ (ਪਾਠਕਾਂ) ਲਈ ਪ੍ਰੇਰਕ ਬਣਦੀ ਹੈ। ਗੁਰੂ ਅਰਜਨ ਦੇਵ ਦੀ ਲਾਸਾਨੀ ਕੁਰਬਾਨੀ ਬਾਰੇ, ਕਿਤਾਬਾਂ ਦੇ ਮਹੱਤਵ ਬਾਰੇ, ਤਿਲਾਂ ਬਾਰੇ ਅਤੇ ਹੋਰ ਮਸਲਿਆਂ ਬਾਰੇ ਲੇਖ ਹਨ। ਕਵਿਤਾ, ਕਹਾਣੀ ਵਿੱਚ ਜਸਵਿੰਦਰ ਸਿੰਘ ਰੁਪਾਲ, ਵਿਜੈ ਕੁਮਾਰ, ਗੁਰਨਾਇਬ ਸਿੰਘ, ਡਾ. ਸੋਨੀਆ ਚਹਿਲ, ਕਾਂਤਾ ਸ਼ਰਮਾ, ਜਸਬੀਰ ਭੁੱਲਰ ਅਤੇ ਹੋਰ ਸ਼ਾਮਲ ਹਨ।

ਪੰਨੇ : 36, ਮੁੱਲ : 20 ਰੁਪਏ, ਸੰਪਾਦਕ : ਦਰਸ਼ਨ ਸਿੰਘ ਬਨੂੜ, ਸੰਪਰਕ : ਪੰਜਾਬ ਸਕੂਲ ਸਿੱਖਿਆ ਬੋਰਡ, ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062 (ਫੋਨ) : 0172-5227395

## ਚੰਗੀ ਖੇਤੀ : ਜੂਨ 2023



ਪੰਜਾਬ ਦਾ ਇਹ ਖਿੱਤਾ ਐਗਰੀਕਲਚਰ ਨੂੰ ਪ੍ਰਣਾਇਆ ਹੋਇਆ ਹੈ। ਖੇਤੀ ਧੰਦੇ ਦੇ ਵਿਕਾਸ 'ਚ ਪੰਜਾਬ ਦੀ ਲੁਧਿਆਣੇ ਵਾਲੀ ਖੇਤੀਬਾੜੀ ਯੂਨੀਵਰਸਿਟੀ ਦਾ ਬਹੁਤ ਵੱਡਾ ਹੱਥ ਹੈ। ਬੜੇ ਲੰਮੇ ਸਮੇਂ ਤੋਂ ਖੇਤੀ ਧੰਦੇ ਨਾਲ ਜੁੜੇ ਹੋਏ ਪੜ੍ਹੇ-ਲਿਖੇ ਲੋਕ ਇਸ ਮਾਸਿਕ ਪਰਚੇ ਤੋਂ ਲਾਭ ਲੈ ਰਹੇ ਹਨ। ਸੰਪਾਦਕੀ ਖੇਤੀ ਵਿਭਿੰਨਤਾ 'ਤੇ ਜ਼ੋਰ ਦਿੰਦੀ ਹੈ, ਸੁਝਾਅ ਵੀ ਦਿੰਦੀ ਹੈ। ਸਾਉਣੀ ਦੀਆਂ ਫਸਲਾਂ, ਚਾਰੇ, ਫਲਾਂ ਆਦਿ ਬਾਰੇ ਤਾਂ ਜਾਣਕਾਰੀ ਹੈ ਹੀ, ਨਾਲ ਹੀ ਪਾਪੂਲਰ ਅਤੇ ਹੋਰ ਜੰਗਲ ਲਗਾਉਣ ਦੇ ਸੁਝਾਅ ਵੀ ਇਸ ਅੰਕ ਵਿੱਚ ਹਨ। ਇਸ ਨੂੰ ਉਹ ਵਣ ਖੇਤੀ ਦਾ ਨਾਂਅ ਦਿੰਦੇ ਹਨ। ਸੱਤੂ ਬਣਾਉਣ ਦਾ ਤਰੀਕਾ ਵੀ ਦਿੱਤਾ ਹੈ ਇਸ ਅੰਕ ਵਿੱਚ।

ਪੰਨੇ : 36, ਮੁੱਲ : 20 ਰੁਪਏ, ਸੰਪਾਦਕ : ਡਾ. ਜਗਵਿੰਦਰ ਸਿੰਘ, ਸੰਪਰਕ : ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ, (ਮੋ:) 82880-57707

*- ਹਰਜਿੰਦਰ ਅਟਵਾਲ (ਡਾ.)*

# ਸਵਿੰਦਰ ਸੰਧੂ ਦੀਆਂ ਨਵੀਂਆਂ ਕਵਿਤਾਵਾਂ



## ਰਿਸ਼ਤੇ ਡਿਸਪੋਜ਼ਬਲ ?

ਬਹੁਤੇ ਚਿਰਾਂ ਦੀ ਗੱਲ ਨਹੀਂ
ਜਦ ਕੱਚੇ ਘਰਾਂ 'ਚ ਵਸਦੇ ਸਨ
ਪੱਕੇ ਰਿਸ਼ਤੇ
ਉਹਨਾਂ ਵੇਲਿਆਂ ਵਿੱਚ
ਭਾਂਡੇ ਵੀ ਪੁਸ਼ਤਾਂ ਦਰ ਪੁਸ਼ਤਾਂ
ਸਾਂਭੇ ਜਾਂਦੇ

ਸਵਾਣੀਆਂ ਨੂੰ ਭਾਂਡਿਆਂ ਨਾਲ
ਡਾਢਾ ਮੋਹ ਹੁੰਦਾ
ਭਾਂਡੇ ਦਾ ਬੇਸ ਟੁਣਕਾ ਕੇ ਲੈਣਾ
ਰਿੱਝਦੀ ਤਰਕਾਰੀ
ਥੱਲੇ ਨਾ ਲੱਗੇ, ਸੜੇ ਨਾ

ਭਾਂਡੇ ਮਾਂਜ ਮਾਂਜ ਕੇ ਲਿਸ਼ਕਾਉਣੇ
ਫਿਰ ਪਾਡੀਆਂ ਮਾਰਨੀਆਂ
'ਭੈਣਾ ਮੇਰੀ ਦਦੇਹਸ ਦੀ ਨਿਸ਼ਾਨੀ ਆ
ਵੇਖ, ਵਿੱਚੋਂ ਮੂੰਹ ਦੀਹਦਾ ਈ'

ਕਦਰਾਂ-ਕੀਮਤਾਂ
ਦਾ ਚੌਰ ਕਰਕੇ
ਰਿਸ਼ਤਿਆਂ ਦੀ
ਉਤਾਰਨੀ ਨਜ਼ਰ
ਖਾਨਦਾਨੀ ਰਾਬਤਾ
ਕਰਨਾ ਵਜਰ

ਆਪਣੇ ਖਾਨਦਾਨ ਦੇ ਸੋਹਲੇ
ਗਾਉਂਦਿਆਂ ਨਾ ਅੱਕਣਾ
ਨਾ ਥੱਕਣਾ

ਦੋਹਾਂ ਧਿਰਾਂ ਦੇ ਜੱਫੇ ਨਾਲ
ਏਵੇਂ ਕੇਰਦੇ ਗੁੱਸੇ ਗਿਲੇ
ਭਾਂਡਿਆਂ ਦੀ ਜੂਠ
ਕਿਰਦੀ ਜਿਵੇਂ
ਪਾਣੀ ਦੇ ਰੋੜ੍ਹ ਥੱਲੇ

ਭਾਂਡਿਆਂ ਦੀ ਟੀਂਡ ਲਾਉਂਦਿਆਂ
ਜੁੜ ਜਾਂਦੇ ਸਨ
ਟੱਬਰ ਦੇ ਜੀਅ ਵੀ
(2)
ਵਕਤ ਦੇ ਨਖਰੇ ਨਾਲ
ਕੱਚ ਦੀ ਨਜ਼ਾਕਤ

ਆ ਵੜੀ
ਖਾਣ ਪਕਾਉਣ ਵਾਲੇ ਥਾਂਈਂ

ਕੱਚ ਨੇ ਕੱਚੇ
ਸੁਭਾਅ ਦੇ ਬਾਵਜੂਦ
ਮੱਲ ਲਿਆ
ਧਾਤੂ ਦਾ ਪਿੜ
ਬਣ ਬੈਠਾ ਸਟੇਟਸ ਸਿੰਬਲ

ਪਿੱਤਲ ਕੈਂਹ ਮਹਾਤੜਾਂ ਨਾਲ
ਅੜਿਆ ਰਿਹਾ

ਮੋਹ ਦੀ ਗਰੀਸ ਬਿਨ
ਰਿਸ਼ਤਿਆਂ ਦੇ ਪੇਚ ਵੀ
ਹੋਣ ਲੱਗੇ ਖਸਤਾ
ਲੱਗੇ ਭੁਰਨ, ਤਿੜਕਣ

ਸ਼ਰਮੋਂ ਕੁਸ਼ਰਮੀਂ
ਤਰੇੜਾਂ ਕੱਜਦਾ ਰਿਹਾ
ਆਮ ਬੰਦਾ

ਲਉ ਜੀ ਮੱਲੋ ਮੱਲੀ
ਆ ਵੜੀ
ਛੂਤ ਦੀ ਬੀਮਾਰੀ
ਨਿੱਜਤ ਦੀ ਮਹਾਂਮਾਰੀ
ਬਿਮਾਰ ਹੋਣ ਲੱਗੇ
ਸਮਾਜਕ, ਪਰਵਾਰਕ ਨਾਤੇ

ਭਾਂਡਿਆਂ ਵਿੱਚ
ਯੂਜ਼ ਐਂਡ ਥਰੋ ਦੀ ਛੂਤ
ਐਂਟਰ ਕਰ ਗਈ
ਸੁਵਾਣੀਆਂ ਵੱਲੋਂ
ਧੋ ਮਾਂਜ ਨੂੰ ਤਿਲਾਂਜਲੀ

ਖੜਕਦੇ ਪਏ ਨੇ ਹੁਣ
ਕਸੇ, ਦਾਗੀ, ਚਿੱਬ ਖੜਿੱਬੇ
ਉਦਾਸ ਭਾਂਡੇ
ਕਿਸੇ ਅਪਹੁੰਚ ਪਰਛੱਤੀ ਉੱਤੇ
ਜਾਂ ਬਿੰਨ ਵਿੱਚ ਸੁੱਟ
ਗਲੋਂ ਲਾਹੇ
ਘਰ ਦੇ ਕੂੜੇ ਦੀ ਤਰ੍ਹਾਂ

ਵਕਤ ਖਬਰਦਾਰ!
ਪ੍ਰਾਈਵੇਸੀ ਦੀ ਛੂਤ ਦਾ
ਨਹੀਂ ਬਣਿਆ ਵੈਕਸੀਨ
ਅੱਜ ਤੱਕ

ਰਿਸ਼ਤਿਆਂ ਵਿੱਚ ਮਹਾਂਮਾਰੀ
ਮੋਹ ਦਾ ਕੁਪੋਸ਼ਣ
ਤਿੜਕ ਤਿੜਕ ਟੁੱਟਦੇ
ਸਾਂਝਾਂ ਦੇ ਤੰਦ
ਭੁਸਕ ਭੁਸਕ ਫਿੱਸਦੇ
ਰੇਸ਼ਮੀ ਰਿਸ਼ਤੇ

ਦੂਰ ਤੁਰ ਜਾਂਦੇ
ਦੂਰ...ਕਿਤੇ

ਮਖਮਲੀ ਛੁਹਾਂ ਤੋਂ ਦੂਰ
ਜਿੰਦ ਜਿਹੀਆਂ ਦੁਲਾਰੀਆਂ
ਜੂਹਾਂ ਤੋਂ..ਦੂਰ
ਧਿਰਕਾਰ ਦੇ ਖੰਡ ਵਿੱਚ
ਬੇਕਦਰੀ ਦੇ ਬ੍ਰਹਿਮੰਡ ਵਿੱਚ

ਬੁੱਢੇ ਮਾਪਿਆਂ ਦੀਆਂ, ਮਲੂਕ ਡੋਰਾਂ
ਫੈਸ਼ਨ ਦੇ ਦੌਰ ਦੀਆਂ ਬੇਲੋੜੀਆਂ
ਅੱਕ ਫੰਬੀਆਂ ਬਣ ਕੇ
ਜ਼ਮਾਨੇ ਦੀ ਹਵਾ ਨਾਲ ਉੱਡ ਕੇ
ਪੁੱਜ ਜਾਂਦੀਆਂ
ਦੂਰੀਆਂ ਦੀ ਕੁੱਖ 'ਚ ਪਲਰਦੀ ਖਾਈ
ਵਿੱਚ ਉਸਰਦੀ
ਮੋਹ ਦੀ ਮੜ੍ਹੀ
'ਹੋਮ' ਵਿੱਚ।

## ਜ਼ਿੰਦਗੀ ਦੀ ਔੜ

ਹੇ ਪਰਵਰਦਗਾਰ! ਠਾਰ ਦੇ
ਭੱਠ ਵਾਂਗ ਭਖਦੀ
ਜ਼ਿੰਦਗੀ ਦੀ ਔੜ
ਠੰਢਾ ਕਰਦੇ
ਧਰਤੀ ਦਾ ਅਗਨ ਕੁੰਡ

ਅੰਬਰੋਂ ਵਰ੍ਹਦੀ ਅੱਗ
ਤੇ ਉੱਤੋਂ ਮਾਹੌਲ 'ਚ
ਸੁਲਗਦੇ ਅੰਗਿਆਰ
ਆਪਣੀ ਹੀ ਮਿੱਟੀ 'ਤੇ
ਬੇਗਾਨਗੀ ਦਾ ਡਰ
ਮਘਦੇ ਬੋਲ ਉੱਗਲਦੇ
ਨਫਰਤ, ਦਹਿਸ਼ਤ
ਕਹਿਰ ਜ਼ਹਿਰ
ਮਨ ਦੇ ਧਰਾਤਲ 'ਤੇ
ਔੜਾਂ ਦਾ ਰਾਜ

ਵਾਤਾਵਰਣ ਦੀ ਤਪਸ਼
ਬਣਾ ਰਹੀ
ਸ਼ਹਿਰ ਸ਼ਹਿਰ ਨੂੰ
ਹਾਈ ਵੋਲਟੇਜ ਦਾ
ਚੈਂਬਰ

ਜ਼ਿੰਦਗੀ ਮਹਿਫੂਜ਼
ਨਾ ਘਰ, ਨਾ ਬਾਹਰ
ਖੇਤਾਂ ਨੂੰ ਜਾਂ ਖਾਂਦੀ
ਖੇਤਾਂ ਦੀ ਵਾੜ
ਸੋਚਾਂ ਦੀ ਔੜ
ਲੂਹ ਰਹੀ
ਅੰਦਰਲੀ ਸਾਂਝ
ਦਿਲ ਦੇ ਮਹਿਲਾਂ ਦੀ
ਹਰਿਆਲੀ ਅੰਦਰ
ਤਪ ਤਪ ਫੁੱਟਦੇ
ਹਮਵਤਨਾਂ ਦੇ ਦਿੱਤੇ ਜ਼ਖਮ

ਭਵਿੱਖ ਦੇ ਨੇਰੇ ਦਾ ਧੌਂਕਣਾ
ਮਨ ਦੇ ਕਰੁਕਸ਼ੇਤਰ ਵਿੱਚ
ਭੜਕਾ ਰਿਹਾ
ਨਾ ਖਤਮ ਹੋਣ ਵਾਲੇ

ਯੁੱਧ ਦਾ ਪਲੀਤਾ

ਸੜ ਸਵਾਹ ਹੋ ਗਏ
ਪੰਛੀਆਂ ਦੇ ਘਰੌਂਦੇ
ਤ੍ਰਾਹੀ ਤ੍ਰਾਹੀ ਕਰਦੇ ਬੋਟ
ਵਿਲਕਦੇ, ਲੱਭਦੇ, ਮੰਗਦੇ
ਸ਼ਾਂਤੀ ਦੀ ਠੰਢ

ਮੇਰੇ ਮੌਲਾ!
ਅਹਿਸਾਸਾਂ ਦੀ ਔੜ
ਮੋਹ ਪਿਆਰ ਵਾਲੇ
ਜਜ਼ਬਾਤਾਂ ਦੀ ਔੜ
ਲੰਮੀ ਝੜੀ ਵਾਲੀਆਂ
ਬਰਸਾਤਾਂ ਦੀ ਔੜ
ਉਮੀਦਾਂ ਨਾਲ ਗਰਭਿਤ
ਪ੍ਰਭਾਤਾਂ ਦੀ ਔੜ
ਸਤਿ, ਸ਼ਿਵ, ਸੁੰਦਰ ਜਿਹੀਆਂ
ਮੁਹੱਬਤਾਂ ਦੀ ਔੜ
ਈਮਾਨ ਦੀ ਔੜ
ਇਨਸਾਨ ਦੀ ਔੜ
ਜ਼ਿੰਦਗੀ ਤਲਾਸ਼ਦੀ
ਬੁੱਧ ਤੇ ਨਾਨਕ ਦੇ
ਠੰਢੇ ਮਿੱਠੇ ਬੋਲ

ਐ ਖੁਦਾਇਆ!
ਹੁਣ ਤੇ ਧਰਤੀ ਦੀ
ਮਘਦੀ ਦੇਹ ਉੱਤੇ
ਮੇਘ ਮਾਲਾ ਪਹਿਨਾ ਦੇ
ਸੁੱਖ ਸ਼ਾਂਤੀ ਦੀਆਂ
ਆਬਸ਼ਾਰਾਂ ਵਰ੍ਹਾ ਦੇ
ਜ਼ਿੰਦਗੀ ਦੀ ਔੜ ਨੂੰ
ਪਲਾਂ 'ਚ ਮਿਟਾ ਦੇ

ਝੂਮ ਉੱਠੇ ਕਾਇਨਾਤ ਮੌਲਾ
ਦਿਲਾਂ ਦੀ ਫੁਲਵਾੜੀ ਵਿੱਚ
ਸੱਤੇ ਰੰਗ ਖਿੜਾ ਦੇ।

## ਪੁਰੇ ਦਾ ਬੁੱਲਾ

ਪੁਰੇ ਦਾ ਬੁੱਲਾ ਚੁੰਗੀਆਂ ਭਰਦਾ
ਮਨ ਦੀ ਕੁਟੀਆ 'ਚ ਆ ਵੜਿਆ
ਘੋਲ ਕੇ ਬਹਿ ਗਿਆ ਖੁਸ਼ੀ ਦੇ ਪਤਾਸੇ
ਵੰਡੀ ਜਾਵੇ ਗੁਲਾਬੀ ਹਾਸੇ

ਖੌਰੇ ਕਿਹੜੀ ਨਗਰੀ ਤੋਂ ਆਇਆ
ਖਿੜੀਆਂ ਮਹਿਕਾਂ ਨਾਲ ਲਿਆਇਆ
ਮੈਂ ਕਾਹਲੀ ਸਾਂ, ਗੁੰਝਲ ਖੋਲ੍ਹ
ਕੁਝ ਤੇ ਦੱਸ, ਵੇ ਕੁਝ ਤੇ ਬੋਲ

ਕੀਤੀ ਸ਼ਰਾਰਤ ਉਸ ਮਾਰਿਆ ਝਪਟਾ
ਕਿੱਲੀਉਂ ਡੇਗਿਆ ਲਾਲ ਦੁਪੱਟਾ
ਝੱਟ ਮੈਂ ਚੁੱਕ ਕੇ ਸਿਰ 'ਤੇ ਰੱਖਿਆ
ਉਹਦੇ ਵੱਲ ਮੈਂ ਘੂਰ ਕੇ ਤੱਕਿਆ

ਨਿਖਸਮਾਂ ਸੈਨਤਾਂ ਮਾਰੀ ਜਾਵੇ
ਹੱਥ 'ਚ ਲਿਫਾਫਾ ਲਹਿਰਾਈ ਜਾਵੇ
ਖੋਲ੍ਹਿਆ ਤੇ ਮਿਲੀ ਸੱਜਣ ਦੀ ਚਿੱਠੀ
ਰੋਜ਼ ਉਡੀਕਾਂ ਜੀਹਦੀ ਚਿੱਠੀ

ਮਹਿਕੀ ਮਹਿਕੀ ਦਿਲ ਦੀ ਕਸਤੂਰੀ
ਸੱਜਣਾ ਆਉਣਾ ਪਰਸੋਂ ਛੁੱਟੀ
ਬੁੱਲੇ ਤੋਂ ਕਰੀ ਜਾਵਾਂ ਵਾਰਨੇ
ਮੈਂ ਸਦਕੇ
ਚਿੱਠੀ ਲਿਆਂਦੀ ਬੁੱਲੇ ਯਾਰ ਨੇ।

## ਪੌਣੀ ਸਦੀ ਦੀ ਦੁਖਦੀ ਰਗ

ਨਿੱਕੇ ਹੁੰਦਿਆਂ ਵੇਖਿਆ
ਬਾਪੂ, ਬੇਬੇ ਦਾ
ਰੱਬ ਕੋਲ ਜਾਣਾ
ਬਾਪੂ, ਬੇਬੇ ਦਾ ਵੱਡਾ ਕਰਨਾ
ਸੋਨੇ ਦੀ ਪੌੜੀ,
ਅਰਥੀ ਉੱਤੋਂ ਸੁੱਟ ਕੀਤੇ ਸਿੱਕੇ
ਸਾਂਭ-ਸਾਂਭ ਰੱਖਣੇ
ਬਰਕਤਾਂ ਦਾ ਘਰ
ਛੁਹਾਰੇ, ਮਖਾਣੇ, ਪਤਾਸਿਆਂ
ਦਾ ਪਰਸ਼ਾਦ

ਉੜਮਾਂ ਕੋੜਮਾਂ
ਦੋਹਤ ਪੋਤ ਸਭ ਹਾਜ਼ਿਰ
ਜੋ ਜੀ ਖਾਵੇ
ਉਮਰਾਂ ਭੋਗੇ

ਬੇਬੇ ਦਾ ਮਰਨਾ
ਇੱਕ ਤਿਉਹਾਰ
ਸਮੇਂ ਦੇ ਪੜਛਾਵਿਆਂ ਵਿੱਚ
ਲੁਕ ਗਿਆ
ਬਾਪੂ, ਬੇਬੇ ਦਾ ਮਰਨਾ

ਵੱਡੇ ਮਕਾਨ, ਭਾਂ ਭਾਂ ਕਰਨ
ਬੇਬੇ ਤੁਰ ਗਈ
ਬੱਚੇ ਪਰਦੇਸੀਂ

ਡਾਲਰ ਬਹੁਤੇ
ਵਕਤੋਂ ਖਾਲੀ
ਬਾਪੂ ਨੂੰ ਚੁੱਪ?
ਕੌਣ ਕਰਾਵੇ

ਬਾਪੂ ਦੀ ਵਾਰੀ
ਬੱਚਿਆਂ ਨੈੱਟ 'ਤੇ
ਸਰਚ ਮਾਰੀ
ਏਜੰਸੀਆਂ ਨੂੰ ਡਾਲਰ
ਔਨ ਲਾਈਨ
ਧਰਮ ਰਸਮਾਂ
ਸਭ ਸਮਝਾਈਆਂ
ਵੀਡੀਓ ਕਾਲਾਂ

ਬਾਪੂ ਦੇ ਦਰਸ਼ਨ
ਔਨ ਲਾਈਨ
ਵੀਡੀਉ ਹਾਜ਼ਰ
ਏਜੰਸੀਆਂ ਹਵਾਲੇ
ਬਾਪੂ ਦਾ ਅੰਤਮ ਸਫਰ
ਖੂਬ ਕਿਰਦਾਰ

ਪੌਣੀ ਸਦੀ ਦੀ
ਦੁਖਦੀ ਰਗ
ਬਾਪੂ ਦਾ
ਸੁਹਣਾ ਸਸਕਾਰ।

# 'ਸੱਚੀ ਦੀ ਕਹਾਣੀ' ਨੂੰ ਸੱਚਾ ਇਨਾਮ

**ਡਾਇਰੀ ਦਾ ਪੰਨਾ**

**ਨਿੰਦਰ ਘੁਗਿਆਣਵੀ**

ਪੰਜਾਬੀ ਦੇ ਚਰਚਿੱਤ ਕਹਾਣੀਕਾਰ ਤੇ ਨਾਵਲਕਾਰ, ਬਹੁਪੱਖੀ ਲੇਖਕ ਗੁਰਮੀਤ ਕੜਿਆਲਵੀ ਨੂੰ ਇਸ ਵਾਰੀ ਭਾਰਤੀ ਸਾਹਿਤ ਅਕਾਦਮੀ ਦਿੱਲੀ ਵੱਲੋਂ ਉਸ ਦੀ ਬਾਲ ਸਾਹਿਤ ਬਾਰੇ ਪੁਸਤਕ (ਸੱਚੀ ਦੀ ਕਹਾਣੀ) ਵਾਸਤੇ 'ਰਾਸ਼ਟਰੀ ਪੁਰਸਕਾਰ' ਮਿਲੇਗਾ। ਇਹ ਖਬਰ ਨਿੱਜੀ ਤੌਰ ਉਤੇ ਮੇਰੇ ਲਈ ਖੁਸ਼ੀ ਦੇਣ ਵਾਲੀ ਹੈ, ਕਿਉਂਕਿ ਗੁਰਮੀਤ ਮੇਰਾ ਉਦੋਂ ਦਾ ਆੜੀ ਹੈ ਜਦੋਂ ਹਾਲੇ 1992 ਵਿਚ ਮੈਂ ਲਿਖਣਾ ਸ਼ੁਰੂ ਹੀ ਕਰਿਆ ਸੀ, ਸਾਲਾਂ ਦਾ ਹਿਸਾਬ ਤੁਸੀਂ ਆਪੇ ਲਾ ਲਵੋ। ਉਸ ਨੇ ਸ਼ੁਰੂਆਤੀ ਜ਼ਿੰਦਗੀ ਵਿਚ ਬੜੇ ਵੇਲਣ ਵੇਲੇ ਮੇਰੇ ਵਾਂਗਰ। ਸਾਡਾ ਸੰਘਰਸ਼ ਇਕੋ-ਜਿੱਕਾ ਹੀ ਰਿਹੈ। ਕਦੇ ਉਹ ਵਾਟਰ ਵਰਕਸ ਉਤੇ ਅਪ੍ਰੇਟਰ ਹੁੰਦਾ ਸੀ ਕੱਚੀ ਨੌਕਰੀ ਸੀ ਤੇ ਹੁਣ ਜ਼ਿਲ੍ਹਾ ਭਲਾਈ ਅਫਸਰ ਹੈ। ਹਾਲੇ ਸਿੰਮੀ ਨੂੰ ਵਿਆਹ ਕੇ ਆਪਣੇ ਪਿੰਡ ਆਇਆ ਹੀ ਸੀ ਕਿ ਥੋੜ੍ਹੇ ਦਿਨਾਂ ਬਾਅਦ ਹੀ ਇਹ ਦੋਵੇਂ ਜੀਅ ਪਟਿਆਲੇ ਨੂੰ ਤੁਰ ਪਏ। ਭਾਸ਼ਾ ਵਿਭਾਗ ਦੇ ਸ਼ੇਰਾਂ ਵਾਲੇ ਗੇਟ ਆਣ ਕੇ ਸਾਹਿਤ ਸਦਨ ਵਿਚ ਰੁਕੇ ਤੇ ਮੈਂ ਉਥੇ ਮਾਲੀ-ਕਮ-ਸੇਵਾਦਾਰ ਕੱਚੀ ਨੌਕਰੀ ਉਤੇ ਸਾਂ, ਚਾਈਂ ਚਾਈਂ ਇਨ੍ਹਾਂ ਦੀ ਸੇਵਾ ਕਰਦਾ ਮੈਂ ਭੱਜਿਆ ਫਿਰਾਂ। ਪੈਰ ਜੁੱਤੀ ਨਾ ਪਾਵਾਂ! ਭੈਣ ਸਿੰਮੀ ਵੀ ਪਹਿਲਾਂ ਤੋਂ ਹੀ ਜਾਣਦੀ ਸੀ ਕਵਿਤਾ ਲਿਖਦੀ ਹੋਣ ਕਰਕੇ। ਖੈਰ!

ਇਹ ਸਾਹਿਤ ਸਦਨ ਦੇ ਬਾਹਰਲੇ ਪਾਸੇ ਹਰੇ ਕਚੂਚ ਘਾਹ ਉਤੇ ਬੈਠੇ ਅੱਡੀਆਂ ਮਲਣ! ਕਿਆ ਖੂਬ ਦਿਨ ਸਨ ਉਹ। ਵੇਂਹਦਿਆਂ-ਵੇਂਹਦਿਆਂ ਦੋਵਾਂ ਜੀਆਂ ਨੇ ਤਰੱਕੀ ਕੀਤੀ ਤੇ ਫਿਰ ਦੋਵਾਂ ਧੀਆਂ ਨੇ ਵੀ। ਹਮੇਸ਼ਾ ਬਰਾ-ਬਰਾਬਰ ਤੁਰਦੇ ਰਹੇ ਹਾਂ। ਹਰ ਦੁੱਖ-ਸੁੱਖ ਵਿਚ ਸਹਾਈ। ਕਦੇ ਰੋਸੇ, ਕਦੇ ਗਿਲੇ, ਕਦੇ ਗਲੇ ਮਿਲੇ। ਇਕ ਦੂਏ ਦੀਆਂ ਸਾਹਿਤਕ ਪ੍ਰਾਪਤੀਆਂ ਉਤੇ ਡਾਹਢਾ ਮਾਣ। ਇਕ-ਦੂਜੇ ਦੀ ਸ਼ਾਨ ਬਣਦੇ ਰਹੇ, ਇਹ ਸਭ ਚਲਦਾ ਆ ਰਿਹੈ ਨਾਲੋ-ਨਾਲ। ਸਾਡੇ ਤਖੱਲਸ ਵੀ ਮਿਲਦੇ-ਜੁਲਦੇ, ਕੜਿਆਲਵੀ : ਘੁਗਿਆਣਵੀ। ਇਹ ਜੋ ਵੀ ਲਿਖਦਾ ਹੈ, ਪੜ੍ਹਦਾ ਹੈ ਤੇ ਲਗਦਾ ਕਿ ਮੈਂ ਲਿਖਿਆ ਹੈ।

ਲਿਖਦੇ-ਲਿਖਦੇ ਚੇਤੇ ਆਇਆ। ਬੜੇ ਸਾਲ ਹੋਏ, ਵੀਹ ਤੋਂ ਵੱਧ। ਮੈਂ ਸਾਹਿਤ ਸਭਾ ਫਰੀਦਕੋਟ ਦਾ ਮੈਂਬਰ ਸਾਂ, ਤਾਇਆ ਨਵਰਾਹੀ ਸਾਡਾ ਸਾਰਿਆਂ ਦਾ ਸਰਪ੍ਰਸਤ ਸੀ ਤੇ ਹੁਣ ਵੀ ਹੈ। ਇਕ ਦਿਨ ਆਖਿਆ ਕਿ ਤਾਇਆ, ਗੁਰਮੀਤ ਕੜਿਆਲਵੀ ਦਾ ਰੂਬਰੂ ਕਰਨਾ ਆਪਾਂ। ਤਾਇਆ ਕਹਿੰਦਾ ਕਿ ਸੱਦ ਲੈ!

ਫੋਨ ਨਹੀਂ ਸੀ ਹੁੰਦੇ। ਪੀਲਾ ਪੋਸਟ ਕਾਰਡ ਲਿਖਿਆ। ਇਹ ਬੱਸੇ ਬਹਿ ਕੇ ਆਇਆ, ਬੜੇ ਉਤਸ਼ਾਹ ਨਾਲ ਭਰਿਆ-ਭਰਿਆ। ਇਹ ਇਹਦਾ ਪਹਿਲਾ ਰੂਬਰੂ ਸੀ ਤੇ ਫਿਰ ਚੱਲ ਸੋ ਚੱਲ! ਉਸ ਨੇ ਬੜਾ ਕੁਛ ਲਿਖਿਆ ਤੇ ਲਿਖੀ ਜਾ ਰਿਹੈ। 'ਆਤੂ ਖੋਜੀ' ਕਹਾਣੀ ਲਿਖ ਕੇ ਮਸ਼ਹੂਰ ਹੋ ਗਿਆ ਤੇ ਉਸ ਦੀਆਂ ਕਈ ਕਹਾਣੀਆਂ ਉਤੇ ਫਿਲਮਾਂ ਬਣੀਆਂ। ਇਕ ਵਾਰ ਦਰਸ਼ਨ ਬੁੱਟਰ ਬਾਰੇ ਸ਼ਬਦ ਚਿੱਤਰ ਲਿਖਿਆ, ਉਹ ਰੁੱਸ ਗਿਆ ਸੀ। ਮਸੀਂ ਮੰਨਿਆ। ਇਹ ਵੀ ਸੰਭਲ ਗਿਆ ਕਿ ਜੀਂਦੇ ਜੀਅ ਦੋਸਤ ਨਹੀਂ ਗਵਾਉਣੇ। ਤਾਰਾ ਸਿੰਘ ਸੰਧੂ ਦੇ ਵਿਛੋੜੇ ਉਤੇ ਸ਼ਬਦ ਚਿੱਤਰ ਲਿਖਿਆ, ਸਿਰਲੇਖ ਬੜਾ ਢੁੱਕਵਾਂ ਸੀ-"ਕਿੱਥੇ ਕੱਟੇਂਗਾ ਰਾਤ ਵੇ ਟੁੱਟਿਆ ਤਾਰਿਆ।" ਜੇ ਤਾਰਾ ਸਿੰਘ ਜਿਊਂਦਾ ਹੁੰਦਾ ਪਹਿਲਾਂ ਰੁੱਸਦਾ ਤੇ ਫਿਰ ਮੰਨ ਜਾਂਦਾ। ਜਿਵੇਂ ਮੇਰੇ ਸ਼ਬਦ ਚਿੱਤਰ ਲਿਖਣ ਉਤੇ ਸੰਤੋਖ ਸਿੰਘ ਧੀਰ ਰੁੱਸ ਕੇ ਮੰਨੇ ਸਨ। ਖੈਰ!

ਕੜਿਆਲਵੀ ਡੁੱਬ ਕੇ ਲਿਖਦਾ ਹੈ ਤੇ ਦਿਲੋਂ ਲਿਖਦਾ ਹੈ, ਏਸੇ ਕਰਕੇ ਪੜ੍ਹਿਆ ਜਾ ਰਿਹੈ। ਲੋਕਾਂ ਦਾ ਲੇਖਕ ਹੈ। ਲੋਕਾਂ ਵਿੱਚ ਵਿਚਰਦਾ ਹੈ।

ਪਿਛਲੇ ਦਿਨੀਂ ਮੈਂ ਮਹਾਂਰਾਸ਼ਟਰ ਨੂੰ ਤੁਰਿਆ ਤਾਂ ਇਹਦੀਆਂ ਕਹਾਣੀਆਂ ਦਾ ਹਿੰਦੀ ਅਨੁਵਾਦ (ਵਕਤ ਕੇ ਪੰਖ ਸੇ ਬੰਧੀ ਹਵਾ) ਬੈਗ ਵਿੱਚ ਪਾ ਲਿਆ ਕਿ ਯੂਨੀਵਰਸਿਟੀ ਦੇ ਕਿਸੇ ਵਿਦਿਆਰਥੀ ਨੂੰ ਖੋਜ ਪੇਪਰ ਲਿਖਣ ਲਈ ਦੇ ਦਿਆਂਗਾ ਤੇ ਹਾਲੇ ਕੱਲ੍ਹ ਹੀ ਇਕ ਖੋਜਾਰਥੀ ਇਹਦੀ ਕਿਤਾਬ ਲੈ ਕੇ ਗਿਆ ਹੈ ਤੇ 24 ਜੂਨ ਦੀ ਸਵੇਰ ਹੋਰ ਵੀ ਸੁਹਾਵਣੀ ਹੋ ਗਈ ਹੈ, ਜਦ ਪੁਰਸਕਾਰ ਦੀ ਖਬਰ ਪੜ੍ਹੀ ਹੈ।

ਵੱਸਦਾ ਰਹਿ ਮਿੱਤਰਾ
ਰੱਬ ਵਰਗਾ ਆਸਰਾ ਤੇਰਾ—

ਸਫ਼ਾ 3 ਦੀ ਬਾਕੀ

## ਸੂਰਜ ਦੇ ਸਾਰਥੀ ਬਣਨ ਦਾ ਸੰਵਾਹਕ ...

ਕਵਿਤਾਵਾਂ ਨੂੰ ਨਵੀਂ ਉਡਾਣ ਭਰਦਾ ਹੈ। ਕਵੀ ਲੋਕ ਏਕੇ ਪ੍ਰਤੀ ਹਮਦਰਦੀ ਰੱਖਦਾ ਹੈ, ਇਸ ਲਈ ਅਧਿਆਪਕ ਦਿਵਸ ਤੇ ਹੋਰ ਘੋਲਾਂ ਦੀ ਸ਼ਲਾਘਾ ਕਰਦਾ ਹੈ, ਪਰ ਉਸ ਦੇ ਮਨ ਵਿੱਚ ਇਕ ਸਵਾਲ ਇਹ ਪੈਦਾ ਹੈ ਕਿ ਇਹ ਜੋ ਦੁਨੀਆ ਨੂੰ ਇੱਕ ਨਵਾਂ ਰੂਪ ਦੇਣ ਲਈ ਲੋਕਾਂ ਨੂੰ ਜਾਗਣ ਦੀ ਲੋੜ ਹੈ ਅਤੇ ਸਮੁੱਚੇ ਰੂਪ ਵਿਚ ਇਹ ਸਾਰੀ ਪੁਸਤਕ ਜਿੱਥੇ ਕਵਿਤਾ ਲਿਖਣ ਦਾ ਅਰਥ ਕੀ ਹੈ ਪਿਆਰ ਦੀ ਪਰਿਭਾਸ਼ਤ ਕਰਦਾ ਕਵੀ ਜਿੱਥੇ ਮਾਨਵੀ ਰਿਸ਼ਤਿਆਂ ਵਿਚ ਪਿਆਰ ਨੂੰ ਬਰਕਰਾਰ ਰੱਖਣਾ ਚਾਹੁੰਦਾ ਹੈ। ਕਵੀ ਰੰਗਾਂ ਦੀ ਸਿਆਸਤ ਤੋਂ ਮੁਕਤ ਹੋਣਾ ਚਾਹੁੰਦਾ ਹੈ। ਅਲਵਿਦਾ ਪਰਮਿੰਦਰ ਜੀਤ ਦਾ ਖੂਬਸੂਰਤ ਕਾਵਿ-ਚਿੱਤਰ ਹੈ। ਕਵੀ ਕਿਤੇ ਆਪਣੇ-ਆਪ ਨੂੰ ਸੰਬੋਧਿਤ ਹੁੰਦਾ ਹੋਇਆ ਸਵੈ ਸਮਾਧੀ ਲਾਉਂਦਾ ਹੈ ਤੇ ਕਿਤੇ ਮਾਰਕਸ ਦੇ ਫਲਸਫੇ ਦੇ ਲਾਗੂ ਕਰਨ ਦੀਆਂ ਊਣਤਾਈਆਂ ਨੂੰ ਵੀ ਖੋਲ੍ਹਣ ਦਾ ਯਤਨ ਕਰਦਾ ਹੈ। ਇਹ ਕਵਿਤਾ ਖਲਾਅ ਪਏ ਜੀਵਨ ਦੇ ਵੱਖੋ-ਵੱਖਰੇ ਕੋਨਿਆਂ ਵਿੱਚੋਂ ਚਾਨਣ ਦੀਆਂ ਕਿਰਨਾਂ ਨੂੰ ਚੁੱਕਦੀ ਹੋਈ ਸਵੈ ਇੱਛਤ ਯਥਾਰਥ ਅਤੇ ਕਾਮਨਾ ਕਰਦੀ ਹੈ। ਜਿਸ ਵਿੱਚ ਜਾਤ-ਜਮਾਤ ਦੀਆਂ ਵਾਹੀਆਂ ਲੀਕਾਂ ਮੇਟੀਆਂ ਜਾਣ। ਜਸਪਾਲਜੀਤ ਨੇ ਬਹੁਤ ਸਾਰੀਆਂ ਹੋਰ ਵੀ ਛੋਟੀਆਂ ਕਵਿਤਾਵਾਂ ਲਿਖੀਆਂ, ਜਿਸ ਵਿੱਚ ਛੋਟੇ-ਛੋਟੇ ਖਿਆਲ ਬੜੇ ਮਹੱਤਵਪੂਰਨ ਹਨ, ਜਿਨ੍ਹਾਂ ਵਿੱਚ ਵੱਡੇ ਸਵਾਲ ਸਮਾਏ ਹੋਏ ਹਨ।

ਕਵੀ ਅਤੇ ਜਮਾਤੀ ਸੰਘਰਸ਼ ਨੂੰ ਭਾਵੇਂ ਕਾਫੀ ਅਣਗੌਲਿਆਂ ਕਰ ਦਿੰਦਾ ਹੈ, ਪਰ ਕਵਿਤਾ ਵਿਚਲੀ ਧੁਨੀ ਪੈਦਾਵਾਰੀ ਸਾਧਨਾਂ ਤੋਂ ਵਿਹੂਣੀ ਜਮਾਤ ਦੇ ਹੱਕ ਵਿਚ ਖੜੀ ਦਿਖਾਈ ਦਿੰਦੀ ਹੈ। ਅਜਿਹੇ ਸਮਾਜ ਵਿਚਲੀਆਂ ਵੱਡੀਆਂ ਤੇ ਬਹੁਤ ਸਾਰੀਆਂ ਪਰਤਾਂ ਨੂੰ ਖੋਲ੍ਹਣਾ ਇਸ ਕਵਿਤਾ ਸਾਹਮਣੇ ਸਵਾਲ ਹੈ। ਬਰਾਬਰੀ ਵਾਲਾ ਸਮਾਜ ਸਿਰਜਣ ਲਈ ਸੱਤਾਧਾਰੀ ਜਮਾਤ ਅੱਗੇ ਵੰਗਾਰਮਈ ਸੁਰ ਪੈਦਾ ਕਰਨਾ ਤੇ ਸ਼ਬਦਾਂ ਅੰਦਰਲੀ ਗਤੀ ਨੂੰ ਹੋਰ ਵੀ ਤਿਖੇਰਾ ਬਣਾਉਣ ਲਈ ਨੌਜਵਾਨ ਕਵੀ ਜਸਪਾਲਜੀਤ ਜੀ ਤੋਂ ਬਹੁਤ ਸਾਰੀਆਂ ਉਮੀਦਾਂ ਹਨ। ਤੁਰਦੇ ਰਹਿਣ ਦਾ ਅਹਿਦਨਾਮਾ ਲੈ ਕੇ ਚੇਤਨਤਾ ਦੇ ਰਾਹਾਂ 'ਤੇ ਅਸਵਾਰ ਹੋਣਾ ਹੀ ਇਸ ਕਵਿਤਾ ਦਾ ਹਾਸਲ ਹੈ।

ਉਠ ਸੂਰਜ ਵਾਂਗ ਉਦੈ ਹੋ
ਤੇ ਤੁਰਦੇ ਰਹਿਣ ਦਾ ਅਹਿਦ ਕਰ
ਧਰਤੀ 'ਤੇ ਪਏ
ਤੇਰੇ ਪੈਰਾਂ ਦੇ ਨਿਸ਼ਾਨ
ਸਮਿਆਂ ਦਾ ਇਤਿਹਾਸ ਸਿਰਜਣਗੇ।

ਸਫ਼ਾ 1 ਦੀ ਬਾਕੀ

## ਇਕਸਾਰ ਨਾਗਰਿਕ ਕੋਡ : ਬਹਾਨਾ ਹੋਰ, ਨਿਸ਼ਾਨਾ ਹੋਰ...

ਐੱਸ-ਭਾਜਪਾ ਦਾ ਇਹ ਝੂਠਾ ਹੇਜ ਵਾਰ-ਵਾਰ ਬੇਪਰਦ ਹੋ ਰਿਹਾ ਹੈ। ਗੁਜਰਾਤ ਕਤਲੇਆਮ ਅਤੇ ਹੋਰ ਥਾਵਾਂ 'ਤੇ ਫਿਰਕੂ ਹਿੰਸਾ ਦੌਰਾਨ ਮੁਸਲਮਾਨ ਔਰਤਾਂ ਦੇ ਸਮੂਹਿਕ ਬਲਾਤਕਾਰਾਂ, ਬਲਾਤਕਾਰਾਂ ਦੇ ਸੱਦੇ ਦੇਣ ਵਾਲੀਆਂ 'ਧਰਮ-ਸੰਸਦਾਂ' ਅਤੇ ਬਲਾਤਕਾਰੀਆਂ ਦੀ ਰਾਜਕੀ ਤੇ ਰਾਜਸੀ ਪੁਸ਼ਤਪਨਾਹੀ ਇਸ ਨਕਲੀ ਹੇਜ ਦੀ ਅਸਲੀਅਤ ਨੂੰ ਸਮਝਣ ਲਈ ਕਾਫ਼ੀ ਹੈ। ਆਪਣੇ ਹੱਕਾਂ ਲਈ ਸੜਕਾਂ ਉੱਪਰ ਆਉਣ ਵਾਲੀਆਂ ਜੁਝਾਰੂ ਮੁਸਲਿਮ ਔਰਤਾਂ ਅਤੇ ਹੋਰ ਨਿਧੜਕ ਔਰਤਾਂ ਦਾ ਮਨੋਬਲ ਤੋੜਨ ਲਈ ਉਨ੍ਹਾਂ ਦੀ ਬਿਨਾਂ ਜ਼ਮਾਨਤ ਜੇਲ੍ਹਬੰਦੀ ਅਤੇ ਭਗਵੇ ਆਈ ਟੀ ਸੈੱਲ ਵੱਲੋਂ ਉਨ੍ਹਾਂ ਦੀ ਲਗਾਤਾਰ ਕਿਰਦਾਰਕੁਸ਼ੀ ਇਹ ਸੰਦੇਸ਼ ਦੇਣ ਲਈ ਹੈ ਕਿ ਜੈਂਡਰ ਬਰਾਬਰੀ ਦੀ ਗੱਲ ਤਾਂ ਛੱਡੋ, ਸੰਘ ਨੂੰ ਤਾਂ ਉਨ੍ਹਾਂ ਦੀ ਸਧਾਰਨ ਹੱਕ-ਜਤਾਈ ਵੀ ਮਨਜ਼ੂਰ ਨਹੀਂ ਹੈ।

ਇਹ ਭਰਮ ਸਿਰਜਿਆ ਜਾ ਰਿਹਾ ਹੈ ਕਿ ਸਾਰਿਆਂ ਲਈ ਇਕ ਕਾਨੂੰਨ ਕਿਉਂ ਨਾ ਹੋਵੇ, ਪਰ ਸੰਘ ਦਾ ਮਨੋਰਥ ਨਿਆਂ ਆਧਾਰਤ ਕਾਨੂੰਨੀ ਇਕਸਾਰਤਾ ਲਿਆਉਣਾ ਨਹੀਂ। ਔਰਤਾਂ ਉੱਪਰ ਜਬਰ ਅਤੇ ਅਨਿਆਂ ਦਾ ਭਗਵਾ ਬਿਰਤਾਂਤ ਸਿਰਫ਼ ਮੁਸਲਿਮ ਔਰਤਾਂ ਦੀ ਗੱਲ ਕਰਦਾ ਹੈ, ਜਦਕਿ ਹਿੰਦੂ ਔਰਤਾਂ ਦੀ ਸੰਤਾਪੀ ਹਾਲਤ ਇਸ ਬਿਰਤਾਂਤ ਵਿੱਚੋਂ ਹਮੇਸ਼ਾ ਮਨਫ਼ੀ ਹੁੰਦੀ ਹੈ। ਆਰ ਐੱਸ ਐੱਸ-ਭਾਜਪਾ ਦੀ ਬਦਨੀਅਤ ਸਮਾਜਕ-ਸੱਭਿਆਚਾਰਕ ਵੰਨ-ਸੁਵੰਨਤਾ ਨੂੰ ਖ਼ਤਮ ਕਰਕੇ ਸਾਰੇ ਲੋਕਾਂ, ਸਾਰੇ ਸਮੂਹਾਂ ਦੀਆਂ ਔਰਤਾਂ ਨੂੰ ਅਧਿਕਾਰਹੀਣ ਪਰਜਾ 'ਚ ਬਦਲਣ ਦੀ ਹੈ। ਲਵ-ਜਹਾਦ ਦਾ ਬਿਰਤਾਂਤ ਸਿਰਜ ਕੇ ਨੌਜਵਾਨ ਜੋੜਿਆਂ ਨੂੰ ਜ਼ਲੀਲ ਕਰਨਾ, ਔਰਤਾਂ ਨੂੰ ਮਨ-ਪਸੰਦ ਕੱਪੜੇ ਪਾਉਣ ਜਾਂ ਮਨ-ਪਸੰਦ ਜੀਵਨ-ਸਾਥੀ ਚੁਣਨ ਤੋਂ ਰੋਕਣਾ ਅਤੇ ਹਿੰਦੂ ਔਰਤਾਂ ਨੂੰ ਸੰਸਕਾਰੀ ਔਰਤਾਂ ਬਣਨ ਤੇ ਵੱਧ ਤੋਂ ਵੱਧ ਬੱਚੇ ਜੰਮਣ ਦੇ ਪਾਠ ਪੜ੍ਹਾਉਣਾ ਭਾਜਪਾ ਦੀਆਂ ਸਰਕਾਰਾਂ ਹੇਠ ਆਮ ਗੱਲ ਬਣ ਚੁੱਕੀ ਹੈ। ਉਹ ਤਾਂ ਮਨੂ ਸਮਰਿਤੀ ਮੁੜ ਲਾਗੂ ਕਰਕੇ ਔਰਤਾਂ ਤੋਂ ਉਹ ਹੱਕ ਵੀ ਖੋਹ ਲੈਣ 'ਤੇ ਤੁਲੇ ਹੋਏ ਹਨ, ਜੋ ਸਦੀਆਂ ਲੰਮੇ ਸੰਘਰਸ਼ ਦਾ ਹਾਸਲ ਹਨ।

ਇਹ ਗੱਲ ਵੀ ਗ਼ੌਰ ਕਰਨ ਵਾਲੀ ਹੈ ਕਿ ਭਾਰਤ ਦਾ ਹਰ ਮੁਸਲਮਾਨ (ਜਾਂ ਕਿਸੇ ਵੀ ਹੋਰ ਧਰਮ ਨੂੰ ਮੰਨਣ ਵਾਲਾ ਨਾਗਰਿਕ) ਆਪਣੇ ਧਰਮ ਨਾਲ ਸੰਬੰਧਤ ਪਰਸਨਲ ਕਾਨੂੰਨ ਨਾਲ ਨੂੜਿਆ ਹੋਇਆ ਨਹੀਂ। ਇਕ ਦਹਾਕਾ ਪਹਿਲਾਂ ਸੁਪਰੀਮ ਕੋਰਟ ਨੇ ਭਾਰਤੀ ਨਿਆਂ ਸ਼ਾਸਤਰ ਵਿਚ ਇਹ ਸਿਧਾਂਤ ਜੋੜਿਆ ਸੀ ਕਿ ਆਪਣੇ ਧਰਮ ਦੇ ਪਰਸਨਲ ਕਾਨੂੰਨ ਨੂੰ ਮੰਨਣਾ ਜਾਂ ਨਾ ਮੰਨਣਾ ਹਰ ਨਾਗਰਿਕ ਦੀ ਸਵੈ-ਇੱਛਾ ਉੱਪਰ ਨਿਰਭਰ ਹੈ। ਸਿਵਲ ਮਾਮਲਿਆਂ 'ਚ ਪਰਸਨਲ ਕਾਨੂੰਨ ਦੁਆਰਾ ਸੰਚਾਲਤ ਹੋਣ ਵਾਲੇ ਧਾਰਮਕ ਸਮੂਹ ਦਾ ਕੋਈ ਵਿਅਕਤੀ ਜੇਕਰ ਚਾਹੇ ਤਾਂ ਭਾਰਤ ਦੇ ਧਰਮ ਨਿਰਪੱਖ ਸਿਵਲ ਕਾਨੂੰਨ ਦੇ ਤਹਿਤ ਆਪਣੀ ਜ਼ਿੰਦਗੀ ਦੇ ਫ਼ੈਸਲੇ ਲੈ ਸਕਦਾ ਹੈ। ਇਹ ਦਿਸ਼ਾ-ਨਿਰਦੇਸ਼ ਸੁਪਰੀਮ ਕੋਰਟ ਨੇ ਇਕ ਮੁਸਲਮਾਨ ਜੋੜੇ ਵੱਲੋਂ ਬੱਚਾ ਗੋਦ ਲਏ ਜਾਣ ਦੇ ਕੇਸ 'ਚ ਦਿੱਤਾ ਸੀ। ਮੁਸਲਿਮ ਪਰਸਨਲ ਲਾਅ ਦੇ ਤਹਿਤ ਬੱਚਾ ਗੋਦ ਲੈਣਾ ਨਜਾਇਜ਼ ਸਮਝਿਆ ਜਾਂਦਾ ਹੈ, ਇਸ ਕਾਰਨ ਜੋੜੇ ਨੂੰ ਸੁਪਰੀਮ ਕੋਰਟ ਜਾਣਾ ਪਿਆ ਸੀ।

ਬਹਿਸ ਪਰਸਨਲ ਕੋਡਾਂ ਦੇ ਜੈਂਡਰ ਵਿਤਕਰੇ ਵਾਲੇ ਪੱਖਾਂ ਉੱਪਰ ਕੇਂਦਰਤ ਹੋਣਾ ਚਾਹੀਦੀ ਹੈ। ਦੱਬੇ-ਕੁਚਲਿਆਂ ਨੂੰ ਮਾਣ-ਸਨਮਾਨ ਵਾਲੀ ਜ਼ਿੰਦਗੀ ਦੇ ਕੇ ਅਤੇ ਉਨ੍ਹਾਂ ਦੀ ਚੇਤਨਾ ਦਾ ਪੱਧਰ ਉੱਚਾ ਚੁੱਕ ਕੇ ਰੂੜ੍ਹੀਵਾਦੀ ਕਦਰਾਂ-ਕੀਮਤਾਂ ਤੋਂ ਮੁਕਤ ਕਰਾਇਆ ਜਾ ਸਕਦਾ ਹੈ। ਅਜਿਹੇ ਸੰਵੇਦਨਸ਼ੀਲ ਸਵਾਲਾਂ ਨੂੰ ਢੁੱਕਵਾਂ ਰਾਜਨੀਤਕ ਮਾਹੌਲ ਸਿਰਜ ਕੇ ਘੱਟ ਗਿਣਤੀ ਭਾਈਚਾਰਿਆਂ ਨੂੰ ਜਮਹੂਰੀ, ਨਿਰਪੱਖ ਵਿਚਾਰ-ਚਰਚਾ ਰਾਹੀਂ ਜਮਹੂਰੀ ਅਮਲ ਦਾ ਹਿੱਸਾ ਬਣਾ ਕੇ, ਉਨ੍ਹਾਂ ਦਾ ਵਿਸ਼ਵਾਸ ਜਿੱਤ ਕੇ ਅਤੇ ਉਨ੍ਹਾਂ ਦੇ ਸੰਸਿਆਂ ਤੇ ਤੌਖਲਿਆਂ ਨੂੰ ਦੂਰ ਕਰਕੇ ਹੀ ਹੱਲ ਕੀਤਾ ਜਾ ਸਕਦਾ ਹੈ।

ਆਰ ਐੱਸ ਐੱਸ-ਭਾਜਪਾ ਦਾ ਮਨੋਰਥ ਮਸਲੇ ਨੂੰ ਹੋਰ ਉਲਝਾਉਣਾ, ਇਸ ਜ਼ਰੀਏ ਫਿਰਕੂ ਪਾੜਾ ਡੂੰਘਾ ਕਰਨਾ ਅਤੇ ਸਟੇਟ ਦੀ ਬੇਕਿਰਕ ਤਾਕਤ ਨਾਲ ਬਹੁਗਿਣਤੀ ਦੀ ਧੌਂਸ ਜਮਾਉਣਾ ਹੈ। ਇਸ ਦਾ ਹਿੰਦੂ ਧਰਮ ਨਾਲ ਵੀ ਕੋਈ ਲੈਣਾ-ਦੇਣਾ ਨਹੀਂ, ਇਹ ਤਾਂ ਆਪਣੀ ਰਾਜਨੀਤਕ ਵਿਚਾਰਧਾਰਾ ਹਿੰਦੂਤਵ ਥੋਪਣਾ ਚਾਹੁੰਦੀ ਹੈ। ਇਸ ਦਾ ਹਰ ਕਦਮ ਫਿਰਕੂ ਰਾਜਨੀਤੀ ਤੋਂ ਪ੍ਰੇਰਿਤ ਹੈ। ਆਮ ਆਦਮੀ ਪਾਰਟੀ ਧਾਰਾ-370 ਨੂੰ ਖ਼ਤਮ ਕਰਨ, ਸੀ ਏ ਏ-ਐੱਨ ਆਰ ਸੀ ਦੇ ਸਵਾਲ ਉੱਪਰ ਚੁੱਪ ਵੱਟਣ ਅਤੇ ਯੂ ਸੀ ਸੀ ਆਦਿ ਸਵਾਲਾਂ ਉੱਪਰ ਆਰ ਐੱਸ ਐੱਸ-ਭਾਜਪਾ ਦੇ ਫਿਰਕੂ ਰਾਸ਼ਟਰਵਾਦ ਦੀ ਬੇਸ਼ਰਮੀ ਨਾਲ ਹਮਾਇਤ ਕਰਕੇ ਵਾਰ-ਵਾਰ ਇਹ ਸਾਬਤ ਕਰ ਰਹੀ ਹੈ ਕਿ ਉਨ੍ਹਾਂ ਦਾ ਵਿਚਾਰਧਾਰਕ ਝੁਕਾਅ ਕਿੱਧਰ ਹੈ। ਇਸ ਲਈ ਸਮੂਹ ਅਗਾਂਹਵਧੂ ਅਤੇ ਜਮਹੂਰੀ ਤਾਕਤਾਂ ਇਨ੍ਹਾਂ ਫਿਰਕੂ ਧੌਂਸਬਾਜ਼ ਚਾਲਾਂ ਦਾ ਡਟ ਕੇ ਵਿਰੋਧ ਕਰਨਾ ਚਾਹੀਦਾ ਹੈ ਅਤੇ ਹਾਸ਼ੀਏ 'ਤੇ ਧੱਕੇ ਭਾਈਚਾਰਿਆਂ ਨਾਲ ਖੜ੍ਹਨਾ ਚਾਹੀਦਾ ਹੈ।

ਸਫ਼ਾ 1 ਦੀ ਬਾਕੀ

## ਛੇਤੀ ਹੀ ਪੰਜਾਬ ਕਰ ਸਕੇਗਾ ਬਜ਼ੁਰਗਾਂ ਦੀ ਧਰਤੀ ਹੋਣ ਦਾ 'ਮਾਣ' ...

ਜੁਗਤੀ ਪੰਜਾਬੀ ਬੇਈਮਾਨੀ ਦੇ ਸਹਾਰੇ ਸਭ ਅੜਿੱਕੇ ਦੂਰ ਕਰਨ ਲਈ ਪਹਿਲਾਂ ਹੀ ਤਿਆਰ ਹੁੰਦੇ ਹਨ।

ਜਿਹੜੇ ਲੋਕ ਵਿਦਿਆਰਥੀ ਵਜੋਂ ਜਾਂ ਉਧਰ ਪੱਕੇ ਨਾਗਰਿਕ ਬਣ ਚੁੱਕੇ ਕਿਸੇ ਨਾਲ ਰਿਸ਼ਤੇ ਦੇ ਆਧਾਰ ਉੱਤੇ ਜਾਂ ਹੋਰ ਕਿਸੇ ਕਾਨੂੰਨੀ ਰਾਹ ਸਦਕਾ ਪਰਦੇਸ ਜਾਂਦੇ ਹਨ, ਉਹਨਾਂ ਲਈ ਤਾਂ ਹੁਣ ਮਾਇਕ ਤੋਂ ਬਿਨਾਂ ਕੋਈ ਮੁਸ਼ਕਿਲ ਨਹੀਂ ਆਉਂਦੀ। ਹੈਰਾਨੀ ਉਹਨਾਂ ਬਾਰੇ ਹੁੰਦੀ ਹੈ ਜੋ ਠੱਗ ਏਜੰਟਾਂ ਦੀ ਮਦਦ ਲੈ ਕੇ ਗ਼ੈਰ-ਕਾਨੂੰਨੀ ਢੰਗ ਨਾਲ ਪਹੁੰਚਣਾ ਚਾਹੁੰਦੇ ਹਨ। ਉਹਨਾਂ ਨੇ ਅਜਿਹੀ ਸੂਰਤ ਵਿਚ ਆਪਣੇ ਵਰਗਿਆਂ ਦੀਆਂ ਸੁੰਨੇ, ਸੰਘਣੇ, ਬਿਨ-ਰਾਹੇ ਜੰਗਲ ਪਾਰ ਕਰਨ ਲਈ ਭਟਕਦਿਆਂ ਭੁੱਖ-ਤੇਹ ਨਾਲ ਹੋਈਆਂ ਭਿਆਨਕ ਮੌਤਾਂ ਦੀਆਂ ਖ਼ਬਰਾਂ ਪੜ੍ਹੀਆਂ ਹੁੰਦੀਆਂ ਹਨ। ਇਸ ਦੇ ਬਾਵਜੂਦ ਉਹ ਉਹੋ ਰਾਹ ਫੜਨ ਦੀ ਦਲੇਰੀ ਦਿਖਾਉਂਦੇ ਹਨ। ਦਿਲਚਸਪ ਤੱਥ ਇਹ ਹੈ ਕਿ ਗ਼ੈਰ-ਕਾਨੂੰਨੀ ਪਰਵਾਸ ਦੀ ਕਹਾਣੀ ਵੀ ਕਾਨੂੰਨੀ ਪਰਵਾਸ ਜਿੰਨੀ ਹੀ ਪੁਰਾਣੀ ਹੈ ਅਤੇ ਖ਼ਤਰੇ ਵੀ ਉਸੇ ਤਰ੍ਹਾਂ ਹਨ।

2006 ਵਿਚ ਆਪਣੀ ਅਮਰੀਕਾ ਦੀ ਫੇਰੀ ਸਮੇਂ ਮੈਂ ਮੁੱਢਲੇ ਪੰਜਾਬੀ ਪਰਵਾਸੀਆਂ ਬਾਰੇ ਜਾਣਨ ਦੀ ਕੋਸ਼ਿਸ਼ ਕੀਤੀ। ਉਥੋਂ ਦੀ ਖੋਜ ਦੇ ਉੱਚੇ ਤੇ ਸਿਦਕੀ-ਸਿਰੜੀ ਮਿਆਰਾਂ ਅਨੁਸਾਰ ਜਿਨ੍ਹਾਂ ਕੁਛ ਖੋਜਕਾਰਾਂ ਦਾ ਮੈਨੂੰ ਪਤਾ ਲੱਗਿਆ, ਉਹਨਾਂ ਵਿਚੋਂ ਇਕ ਸਟਾਕਟਨ ਦੀ ਯੂਨੀਵਰਸਿਟੀ ਆਫ਼ ਦਿ ਪੈਸੇਫ਼ਿਕ ਦਾ ਪ੍ਰੋਫ਼ੈਸਰ ਬਰੂਸ ਲਾ ਬਰੈਕ ਸੀ। ਉਹਦਾ ਇਕ ਅਹਿਮ ਕੰਮ ਉਹਨਾਂ ਪੰਜਾਬੀ ਬਜ਼ੁਰਗਾਂ ਨਾਲ ਗੱਲਾਂਬਾਤਾਂ ਕਰਨਾ ਸੀ ਜਿਹੜੇ ਵੀਹਵੀਂ ਸਦੀ ਦੇ ਮੁੱਢਲੇ ਸਾਲਾਂ ਵਿਚ ਜਵਾਨੀ-ਪਹਿਰੇ ਪੁੱਠੇ-ਸਿੱਧੇ ਰਾਹੋਂ ਅਮਰੀਕਾ ਪਹੁੰਚੇ ਸਨ। ਉਹ ਲਗਭਗ ਸਾਰੇ ਹੀ ਸਿੱਖ ਸਨ ਕਿਉਂਕਿ ਸਿੱਖ ਧਰਮ ਵਿਚ ਹਿੰਦੂ ਧਰਮ ਵਾਂਗ ਸਮੁੰਦਰੋਂ ਪਾਰ ਜਾਣ ਤੋਂ ਰੋਕਣ ਵਾਲੀ ਕੋਈ ਵਰਜਨਾ ਨਹੀਂ ਸੀ। ਇਕ ਬਜ਼ੁਰਗ ਨੇ ਉਹਨੂੰ ਦੱਸਿਆ, "ਮੈਂ ਹਜ਼ਾਰਾਂ ਮੀਲ ਦੂਰ ਆਇਆ। ਪਾਨਾਮਾ ਤੋਂ ਅਮਰੀਕਾ ਤੱਕ ਮੈਂ ਪੈਦਲ ਤੁਰਿਆ।" ਉਹਨੇ ਇਹ ਵੀ ਦੱਸਿਆ ਕਿ ਉਹਦਾ ਇਰਾਦਾ ਕਮਾਈ ਕਰ ਕੇ ਘਰ ਮੁੜਨ ਦਾ ਸੀ ਪਰ ਉਹ ਇਥੋਂ ਜੋਗਾ ਹੀ ਰਹਿ ਗਿਆ।

ਸਿੱਧਾ ਅਮਰੀਕਾ ਜਾਂ ਉਹਦੇ ਨੇੜਲੇ ਕਿਸੇ ਦੇਸ ਨਾ ਉਤਰਨ ਦਾ ਕਾਰਨ ਤਾਂ ਕਾਨੂੰਨੀ ਰੋਕਾਂ ਹੀ ਹੋਣਗੀਆਂ। ਹੈਰਾਨੀ ਉਹਦੇ ਸਿਰੜ ਤੇ ਜਨੂੰਨ ਦੀ ਹੁੰਦੀ ਹੈ ਜਿਸ ਦਾ ਅਹਿਸਾਸ ਉੱਤਰੀ ਅਮਰੀਕਾ ਤੇ ਦੱਖਣੀ ਅਮਰੀਕਾ ਦੇ ਵਿਚਕਾਰਲੇ ਸੈਂਟਰਲ ਅਮਰੀਕਾ ਦਾ ਨਕਸ਼ਾ ਦੇਖਿਆਂ ਹੁੰਦਾ ਹੈ। ਸਮੁੰਦਰੀ ਜਹਾਜ਼ ਤੋਂ ਪਾਨਾਮਾ ਦੀ ਬੰਦਰਗਾਹ ਉੱਤੇ ਉੱਤਰ ਕੇ ਅਮਰੀਕਾ ਪੈਦਲ ਪਹੁੰਚਣ ਲਈ ਕੀਤੀ ਉਹਦੀ ਹਿੰਮਤ ਦੰਗ ਕਰ ਦਿੰਦੀ ਹੈ! ਪਾਨਾਮਾ ਤੋਂ ਅੱਗੇ ਉਹਨੇ ਚਾਰ ਦੇਸ, ਕੋਸਟਾਰੀਕਾ, ਨਿਕਾਰਾਗੁਆ, ਹੋਂਡੂਰਸ ਤੇ ਗੁਆਟੇਮਾਲਾ ਪਾਰ ਕਰ ਕੇ ਇਹਨਾਂ ਮਿਲਵੇਂ ਚਾਰਾਂ ਤੋਂ ਕਈ ਗੁਣਾ ਵੱਡਾ ਮੈਕਸੀਕੋ ਲੰਘਿਆ ਹੋਵੇਗਾ ਤਾਂ ਕਿਤੇ ਜਾ ਕੇ ਅਮਰੀਕਾ ਦੀ ਹੱਦ ਆਈ ਹੋਵੇਗੀ! ਇਹ ਰਾਹ ਕੋਈ ਚਾਰ ਹਜ਼ਾਰ ਮੀਲ ਬਣਦਾ ਹੈ। ਜੇ ਉਸ ਅਣਥੱਕ ਰਾਹੀ ਨੇ ਹਰ ਰੋਜ਼ ਪੱਚੀ ਮੀਲ ਤੁਰਨ ਦੀ ਅਣਹੋਣੀ ਵੀ ਕਰ ਦਿਖਾਈ ਹੋਵੇ, ਉਹ ਲਗਾਤਾਰ ਇਕ ਸੌ ਸੱਠ ਦਿਨ ਤੁਰਦਾ ਹੀ ਰਿਹਾ ਹੋਵੇਗਾ। ਬੋਲੀ ਤੇ ਮਾਇਆ ਦੀਆਂ ਸਮੱਸਿਆਵਾਂ ਵੱਖਰੀਆਂ। ਜੇ ਉਹ ਚਾਰ ਅੱਖਰ ਅੰਗਰੇਜ਼ੀ ਦੇ ਜਾਣਦਾ ਵੀ ਹੋਇਆ, ਸਪੇਨ ਦੇ ਗ਼ੁਲਾਮ ਉਹਨਾਂ ਦੇਸਾਂ ਵਿਚ ਉਹ ਵੀ ਕੰਮ ਨਹੀਂ ਆਏ ਹੋਣੇ। ਪੰਜ-ਛੇ ਮਹੀਨਿਆਂ ਲਈ ਰੋਟੀ-ਟੁੱਕ ਖਰੀਦਣ ਦਾ ਸਾਧਨ ਉਸ ਕੋਲ ਹੋਣ ਦੀ ਕੋਈ ਸੰਭਾਵਨਾ ਨਹੀਂ। ਹਿੰਦੁਸਤਾਨੀ ਰੁਪਈਏ ਉਹਨਾਂ ਦੇਸਾਂ ਵਿਚ ਚਲਦੇ ਵੀ ਨਹੀਂ ਹੋਣੇ। ਇਸ ਹਾਲਤ ਵਿਚ ਉਹ ਮੰਗ-ਪਿੰਨ ਕੇ ਢਿੱਡ ਭਰਦਾ ਹੋਵੇਗਾ ਤੇ ਬਹੁਤ ਵਾਰ ਭੁੱਖਾ ਵੀ ਰਹਿੰਦਾ ਹੋਵੇਗਾ। ਹੁਣ ਵੀ ਇਹਨਾਂ ਦੇਸਾਂ ਦੇ ਹੀ ਸੁੰਨੇ ਜੰਗਲ ਪਾਰ ਕਰਦੇ ਪੰਜਾਬੀ ਮੁੰਡਿਆਂ ਦੇ ਭੁੱਖੇ-ਤਿਹਾਏ ਮਰਨ ਦੀਆਂ ਖ਼ਬਰਾਂ ਆਉਂਦੀਆਂ ਹਨ। ਪੁਰਾਣੇ ਵੇਲਿਆਂ ਵਿਚ ਭੁੱਖ-ਤੇਹ ਤੋਂ ਇਲਾਵਾ ਸੱਪ-ਸਰਾਲ਼ਾਂ ਤੇ ਰਿੱਛਾਂ, ਆਦਿ ਜੰਗਲੀ ਜੀਵਾਂ ਦਾ ਡਰ ਹੁੰਦਾ ਸੀ, ਹੁਣ ਇਹਨਾਂ ਖ਼ਤਰਿਆਂ ਵਿਚ ਹਥਿਆਰਬੰਦ ਲੁਟੇਰਿਆਂ ਦਾ ਵਾਧਾ ਹੋ ਗਿਆ ਹੈ।

ਇਹ ਹਾਲਤ ਸਾਨੂੰ ਇਹ ਸੋਚਣ ਲਈ ਮਜਬੂਰ ਕਰਦੀ ਹੈ ਕਿ ਆਖ਼ਰ ਉਹ ਕਿਹੜੇ ਕਾਰਨ ਹਨ ਜੋ ਪੰਜਾਬੀ ਨੌਜਵਾਨ ਪੀੜ੍ਹੀ ਨੂੰ ਆਪਣੀ ਜੰਮਣ-ਭੋਇੰ ਤੋਂ ਬਾਹਰ ਧੱਕਦੇ ਹਨ!

**ਸੰਪਰਕ: 80763-63058**

ਆਖਰੀ ਸਫ਼ਾ ਦੀ ਬਾਕੀ

## 'ਅੱਛੇ ਦਿਨਾਂ' ਦੇ ਲਾਰਿਆਂ 'ਚ ਉਲਝੇ ਲੋਕ ...

ਵਰਗੀਆਂ ਕਿੰਨੀਆਂ ਹੀ ਮਿਸਾਲਾਂ ਸਾਹਮਣੇ ਹਨ। ਬ੍ਰਿਜ ਭੂਸ਼ਣ (ਐੱਮ.ਪੀ.) ਦੀ ਪਹਿਲਵਾਨ ਲੜਕੀਆਂ ਨਾਲ ਕੀਤੀ ਕਰਤੂਤ 'ਤੇ ਉਸ ਨੂੰ ਮੋਦੀ ਸਰਕਾਰ ਵੱਲੋਂ ਕੁਝ ਨਾ ਕਹਿਣਾ ਉਲਟਾ ਪਹਿਲਵਾਨ ਕੁੜੀਆਂ ਦਾ ਧਰਨਾ ਚੁੱਕ ਦੇਣਾ, ਸ਼ਾਹੀਨ ਬਾਗ਼ ਧਰਨਾ ਜਬਰੀ ਉਠਾਉਣਾ ਆਦਿ ਅਨੇਕਾਂ ਮਿਸਾਲਾਂ ਤੋਂ ਸਾਬਤ ਹੁੰਦਾ ਹੈ ਕਿ ਮੋਦੀ ਸਰਕਾਰ ਨੇ ਦੇਸ਼ ਵਿਚ ਜਮਹੂਰੀਅਤ ਅਤੇ ਸੰਵਿਧਾਨ ਘੋਰ ਖ਼ਤਰੇ ਵਿਚ ਹੈ। ਬਾਬਾ ਬਣ ਕੇ ਧਰੇਂਦਰ ਸ਼ਾਸਤਰੀ ਜਿਸ ਤਰ੍ਹਾਂ ਅੰਧ-ਵਿਸ਼ਵਾਸ ਤੇ ਨਫ਼ਰਤ ਫੈਲਾ ਰਿਹਾ ਹੈ ਅਤੇ ਹਿੰਦੂ ਰਾਸ਼ਟਰ ਦਾ ਪ੍ਰਚਾਰ ਕਰ ਰਿਹਾ ਹੈ, ਇਹ ਕੀ ਹੈ? ਭਾਜਪਾ ਹਕੂਮਤ ਵਾਲੀਆਂ ਸਰਕਾਰਾਂ ਵਿਚ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ। ਭਾਜਪਾ ਹਾਕਮਾਂ ਨੇ ਭ੍ਰਿਸ਼ਟਾਚਾਰ ਦਾ ਸਿਰਾ ਲਾ ਦਿੱਤਾ ਹੈ। ਅਜੇ ਹੋਰ ਸਕੈਂਡਲ ਨਿਕਲਣੇ ਬਾਕੀ ਹਨ, ਜੋ ਮੋਦੀ ਰਾਜ 'ਚ ਨਹੀਂ ਨਿਕਲ ਸਕਦੇ। ਅਮੀਰਾਂ ਨੂੰ ਛੋਟ ਦੇਣੀ ਆਪਣੇ ਆਪ 'ਚ ਵੱਡਾ ਘੁਟਾਲਾ ਹੈ। ਅਡਾਨੀ ਨੂੰ ਅਮੀਰ ਬਣਾਉਣ, ਪੀ.ਐੱਮ. ਕੇਅਰ ਫੰਡ ਨੂੰ ਪਾਰਦਰਸ਼ੀ ਨਾ ਕਰਨ ਨਾਲ ਭ੍ਰਿਸ਼ਟਾਚਾਰ ਨੂੰ ਹੋਰ ਬਲ ਮਿਲਿਆ ਹੈ। ਮਿਥਿਹਾਸਕ ਕਥਾਵਾਂ ਨੂੰ ਸੱਚੀਆਂ ਘਟਨਾਵਾਂ ਸਾਬਤ ਕਰਨ ਲਈ 100 ਮੈਂਬਰੀ ਇਤਿਹਾਸ ਘੜਨੀ ਕਮੇਟੀ ਬਣਾਈ ਗਈ ਹੈ, ਜਿਸ ਨੂੰ ਭਾਰਤੀ ਇਤਿਹਾਸ ਨਵੇਂ ਸਿਰਿਓਂ ਲਿਖਣ ਦਾ ਜ਼ਿੰਮਾ ਦਿੱਤਾ ਹੈ। ਟੀਪੂ ਸੁਲਤਾਨ ਨੂੰ ਹਿੰਦੂ ਵਿਰੋਧੀ ਕਿਹਾ ਜਾ ਰਿਹਾ ਹੈ, ਮੁਸਲਿਮ ਨਾਵਾਂ 'ਤੇ ਰਾਹਾਂ ਨੂੰ ਤਬਦੀਲ ਕੀਤਾ ਜਾ ਰਿਹਾ ਹੈ, ਮੁਗ਼ਲਾਂ ਨੂੰ ਇਤਿਹਾਸ 'ਚੋਂ ਮੁਕਾਇਆ ਜਾ ਰਿਹਾ ਹੈ, ਵਿਦੇਸ਼ੀ ਪ੍ਰਾਹੁਣਿਆਂ ਨੂੰ 'ਤਾਜ ਮਹੱਲ' ਦੇ ਮਾਡਲ ਦੀ ਥਾਂ ਗੀਤਾਂ ਦਾ ਤੋਹਫ਼ਾ ਦਿੱਤਾ ਜਾ ਰਿਹਾ ਹੈ। ਉਦੇਸ਼ ਨੂੰ 800 ਸਾਲਾਂ ਬਾਅਦ ਹਿੰਦੂ ਰਾਜ ਮਿਲਿਆ ਹੈ, ਦਾ ਖ਼ੂਬ ਪ੍ਰਚਾਰ ਕੀਤਾ ਜਾ ਰਿਹਾ ਹੈ।

ਵਿਦੇਸ਼ ਨੀਤੀ ਸਿਰਫ਼ ਸਾਮਰਾਜੀ ਅਤੇ ਅਮਰੀਕਾ ਪੱਖੀ ਹੋ ਗਈ ਹੈ। ਗੁੱਟ ਨਿਰਲੇਪਤਾ ਦੀ ਅਗਵਾਈ ਕਰਨ ਵਾਲਾ ਭਾਰਤ ਹੁਣ ਰੂਸ ਚੀਨ ਤੋਂ ਦੂਰ ਹੀ ਨਹੀਂ ਹੋਇਆ, ਪੱਕਾ ਅਮਰੀਕੀ ਸਾਮਰਾਜਵਾਦੀ ਹੋ ਗਿਆ ਹੈ। ਸਾਰੇ ਗੁੱਟ ਨਿਰਲੇਪਤਾ ਪੱਖੀ ਅਤੇ ਆਪਣੇ ਗੁਆਂਢੀ ਦੇਸ਼ ਗੁੱਸੇ ਕਰ ਲਏ ਹਨ। ਭਾਰਤ ਨੂੰ ਨਾਟੋ ਪਲੱਸ ਗੁੱਟ ਵਿਚ ਸ਼ਾਮਲ ਕਰਨ ਦੀਆਂ ਤਿਆਰੀਆਂ ਹਨ, ਜੋ ਦੇਸ਼ ਲਈ ਅਤਿ ਖ਼ਤਰਨਾਕ ਹੋਵੇਗਾ।

ਮੋਦੀ ਆਪਣੇ ਰਾਜਨੀਤਕ ਵਿਦਰੋਹੀਆਂ ਨਾਲ ਜਿਵੇਂ ਦਾ ਚਾਹੇ ਵਤੀਰਾ ਕਰੇ, ਉਨ੍ਹਾਂ ਨੂੰ 'ਕਾਰਾਵਾਸ' ਦਾ ਦੰਡ ਵੀ ਦੇਵੇ, ਅੱਜ ਇਸ ਨੂੰ ਕੋਈ 'ਚੈਲੇਂਜ' ਨਹੀਂ ਹੈ। ਮੋਦੀ ਦਾ ਮੁੱਖ ਨਿਸ਼ਾਨਾ ਆਰ.ਐੱਸ.ਐੱਸ. ਦੇ ਉਦੇਸ਼ਾਂ ਦੀ ਪੂਰਤੀ ਕਰਨਾ ਹੈ। ਦੇਸ਼ ਨੂੰ 'ਹਿੰਦੂ ਰਾਜ' ਬਣਾਉਣਾ ਹੈ। ਲੋੜ ਮੁਤਾਬਕ ਸੰਵਿਧਾਨ 'ਚ ਸੋਧਾਂ ਕਰਨੀਆਂ ਹਨ। ਗ਼ਰੀਬੀ ਦੂਰ ਕਰਨ ਦੇ ਨਾਅਰੇ ਦੇ ਨਾਂਅ ਹੇਠ ਗ਼ਰੀਬਾਂ ਨੂੰ ਹੋਰ ਗ਼ਰੀਬ ਅਤੇ ਅਮੀਰਾਂ ਨੂੰ ਹੋਰ ਅਮੀਰ ਕਰਨਾ ਮੋਦੀ ਦਾ ਮੁੱਖ ਨਿਸ਼ਾਨਾ ਹੈ। ਸਰਕਾਰ ਮੋਦੀ ਦੀ ਨਹੀਂ ਆਰ.ਐੱਸ.ਐੱਸ. ਅਡਾਨੀ ਕਾਰਪੋਰੇਟਸ ਸ਼੍ਰੇਣੀ ਦੀ ਹੈ। ਮੋਦੀ ਤਾਂ ਮੋਹਰਾ ਹੈ। ਪਿਛਲੇ ਨੌਂ ਸਾਲਾਂ 'ਚ ਲੋਕਾਂ ਦੇ ਬਹੁਤੇ ਭੁਲੇਖੇ ਦੂਰ ਹੋ ਗਏ ਹਨ। ਰਹਿੰਦੇ ਵੀ ਦੂਰ ਹੋ ਜਾਣਗੇ। ਮੀਡੀਆ ਮੋਦੀ ਵੱਲ ਵੇਲ ਦੀ ਤਰ੍ਹਾਂ ਝੁਕ ਗਿਆ ਹੈ। ਮੀਡੀਆ ਹੁਣ ਸਵਾਲ ਕਰਨ ਦੀ ਥਾਂ ਚਰਚਾ ਕਰਦਾ ਹੈ। ਵਧੇਰੇ ਕਰਕੇ ਇਹ ਮੋਦੀ ਦਾ 'ਗੋਦੀ ਮੀਡੀਆ' ਬਣ ਚੁੱਕਾ ਹੈ। ਮੋਦੀ ਸਰਕਾਰ ਦਾ ਰਾਤ-ਦਿਨ ਗੁਣਗਾਨ ਕਰਦਾ ਹੈ। ਜਿਨ੍ਹਾਂ ਖੱਬੇ ਪੱਖੀਆਂ ਦੇਸ਼ ਨੂੰ ਸਹੀ ਸੇਧ ਦੇਣੀ ਹੈ, ਉਹ ਇੱਕਮੁੱਠ ਨਹੀਂ ਹੋ ਰਹੇ। ਇਹੀ ਤਾਂ ਹੈਨ ਜਿਨ੍ਹਾਂ ਕੋਲ ਸਰਮਾਏਦਾਰੀ ਪ੍ਰਬੰਧ ਦੀ ਬਦਲਵੀਂ ਸਮਾਜਵਾਦੀ ਵਿਚਾਰਧਾਰਾ ਹੈ। ਹੋਰ ਕਿਸੇ ਵੀ ਪਾਰਟੀ ਕੋਲ ਕੋਈ ਬਦਲਵੀਂ ਨੀਤੀ ਨਹੀਂ ਹੈ। ਕਾਂਗਰਸ ਨੇ ਬੀਤੇ ਤੋਂ ਸਬਕ ਤਾਂ ਸਿੱਖਿਆ ਲੱਗਦਾ ਹੈ, ਪਰ ਕੋਈ ਬਦਲਵੀਂ ਨੀਤੀ ਅਜੇ ਸਾਹਮਣੇ ਨਹੀਂ ਆਈ ਦਿਸਦੀ। ਸਾਰੀਆਂ ਨਿੱਜੀਕਰਨ, ਸੰਸਾਰੀਕਰਨ ਤੇ ਉਦਾਰੀਕਰਨ ਦੀਆਂ ਹਮਾਇਤੀ ਹਨ। ਕਾਰਪੋਰੇਟ ਪੱਖੀ ਹਨ। ਗ਼ਰੀਬੀ-ਅਮੀਰੀ ਦਾ ਪਾੜਾ ਕਿਵੇਂ ਦੂਰ ਕੀਤਾ ਜਾ ਸਕਦਾ ਹੈ, ਕਿਸੇ ਵੀ ਹੋਰ ਰਾਜਨੀਤਕ ਪਾਰਟੀ ਕੋਲ ਕੋਈ ਬਦਲਵਾਂ ਰਾਜਨੀਤਕ ਪ੍ਰਬੰਧ ਨਹੀਂ ਹੈ।

ਇਤਿਹਾਸ ਹਮੇਸ਼ਾ ਇਸ ਗੱਲ ਦਾ ਸਾਖ਼ਸ਼ੀ ਰਹੇਗਾ ਕਿ ਸ੍ਰੀ ਨਰਿੰਦਰ ਮੋਦੀ ਦੀ ਸਰਕਾਰ ਦੇ ਨੌਂ ਸਾਲਾਂ ਵਿਚ ਭਾਰਤੀ ਲੋਕਤੰਤਰ, ਧਰਮ ਨਿਰਪੱਖਤਾ, ਸੰਵਿਧਾਨਕ ਕਾਇਦਿਆਂ, ਮਾਨਵੀ ਕਦਰਾਂ-ਕੀਮਤਾਂ, ਮੌਲਿਕ ਅਧਿਕਾਰਾਂ, ਸੱਚੀ-ਸੁੱਚੀ ਤੇ ਧਰਮ ਨਿਰਲੇਪ ਰਾਜਕੀ ਪਹੁੰਚ, ਸਮਾਜਵਾਦੀ ਗ਼ਰੀਬ ਪੱਖੀ ਪ੍ਰੰਪਰਾਵਾਂ, ਔਰਤਾਂ, ਘੱਟ-ਗਿਣਤੀਆਂ ਤੇ ਦਲਿਤਾਂ ਦੀ ਸੁਰੱਖਿਆ ਆਦਿ ਨੂੰ ਗੰਭੀਰ ਢਾਹ ਲੱਗੀ ਹੈ।

ਆਰ.ਐੱਸ.ਐੱਸ. ਦੇ ਭਾਜਪਾ ਸਰਕਾਰ ਰਾਹੀਂ ਤਿੰਨ ਮੁੱਖ ਏਜੰਡੇ ਹਨ। ਇਕ ਰਾਮ ਮੰਦਰ ਬਣਾਉਣਾ, ਦੂਜਾ ਧਾਰਾ 370 ਤੋੜਨਾ, ਤੀਜਾ ਦੇਸ਼ ਨੂੰ ਹਿੰਦੂ ਰਾਸ਼ਟਰ ਐਲਾਨਣਾ। ਪਹਿਲੇ ਦੋ ਏਜੰਡੇ ਪੂਰੇ ਹੋ ਚੁੱਕੇ ਹਨ, ਤੀਜਾ 2024 ਦੀ ਚੋਣ ਜਿੱਤ ਕੇ ਪੂਰਾ ਕੀਤਾ ਜਾਣਾ ਹੈ।

ਬਾ ਮੁਲਾਹਜ਼ਾ, ਹੋਸ਼ਿਆਰ! 2024 ਦੀ ਚੋਣ ਸਿਰ 'ਤੇ ਹੈ। ਜੇ ਆਰ.ਐੱਸ.ਐੱਸ. ਨਿਰਦੇਸ਼ਤ, ਭਾਰਤੀ ਜਨਤਾ ਪਾਰਟੀ ਫੇਰ ਚੋਣ ਜਿੱਤ ਗਈ ਤਾਂ ਹਿੰਦੂ ਰਾਸ਼ਟਰ ਬਣਨ ਨਾਲ ਦੇਸ਼ ਬਰਬਾਦ ਹੋ ਜਾਵੇਗਾ। ਇਸ ਦਾ ਉਹੀ ਹਾਲ ਹੋਵੇਗਾ, ਜੋ ਅੱਜ ਪਾਕਿਸਤਾਨ ਦਾ ਹੈ। ਜੇ ਸਮੁੱਚੀਆਂ ਵਿਰੋਧੀ ਪਾਰਟੀਆਂ 1977 ਵਾਂਗ ਇੱਕਮੁੱਠ ਨਾ ਹੋਈਆਂ, ਕੋਈ ਬਦਲਵੀਂ ਲੋਕ ਪੱਖੀ ਨੀਤੀ ਨਾ ਅਪਣਾਈ ਤਾਂ ਇਸ ਨੂੰ ਹਰਾਇਆ ਨਹੀਂ ਜਾ ਸਕੇਗਾ।

9-July-Sunday.qxd 7/8/2023 9:48 PM Page 2



ਵਿਚਾਰ-ਚਰਚਾ

# ‘ਅੱਛੇ ਦਿਨਾਂ’ ਦੇ ਲਾਰਿਆਂ ’ਚ ਉਲਝੇ ਲੋਕ

## ਮੱਖਣ ਕੁਹਾੜ

ਨਰਿੰਦਰ ਮੋਦੀ ਦੀ ਅਗਵਾਈ ਵਿਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣੀ ਨੂੰ 9 ਸਾਲ ਤੋਂ ਵੱਧ ਹੋ ਗਏ ਹਨ। 2024 ਦੀ ਚੋਣ ਸਿਰ ’ਤੇ ਹੈ। ‘ਅੱਛੇ ਦਿਨ ਆਨੇ ਵਾਲੇ ਹੈਂ’ ਦੇ ਫ਼ਰੇਬੀ ਨਾਅਰੇ ਨਾਲ ਬਣੀ ਸਰਕਾਰ ਐਸਾ ਕੋਈ ਸੰਕੇਤ ਨਹੀਂ ਦੇ ਸਕੀ, ਜਿਸ ਤੋਂ ਲੋਕਾਂ ਨੂੰ ਆਸ ਬੱਝੇ ਕਿ ਮੋਦੀ ਰਾਜ ਵਿਚ ਥੋੜ੍ਹ-ਚਿਰੇ ਵੀ ‘ਅੱਛੇ ਦਿਨ’ ਆਏ ਹਨ ਜਾਂ ਆਉਣਗੇ। ਇਨ੍ਹਾਂ 9 ਸਾਲਾਂ ਵਿਚ ਡਾ. ਮਨਮੋਹਨ ਸਿੰਘ ਦੀ ਸਰਕਾਰ ਨਾਲੋਂ ਕੁੱਝ ਵੀ ਬਿਹਤਰ ਦਿਖਾਈ ਨਹੀਂ ਦਿੰਦਾ, ਸਗੋਂ ਮੋਦੀ ਰਾਜ ਨੇ ਦੇਸ਼ ਨੂੰ ਹੋਰ ਵੀ ਬਰਬਾਦ ਕੀਤਾ ਹੈ।

ਡਾ. ਮਨਮੋਹਨ ਸਿੰਘ ਦੀ ਅਗਵਾਈ ਵਿਚ ਕਾਂਗਰਸ ਸਰਕਾਰ ਦੇ ਰਾਜ ਸਮੇਂ ਮਹਿੰਗਾਈ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਸਮਾਜਿਕ ਬੇਇਨਸਾਫ਼ੀ ਆਦਿ ਨਾਲ ਲੋਕ ਤ੍ਰਾਹ-ਤ੍ਰਾਹ ਕਰ ਰਹੇ ਸਨ। ਸਿੱਖਿਆ, ਸਿਹਤ, ਬਿਜਲੀ, ਪਾਣੀ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਗਏ ਸਨ। ਨਿੱਜੀਕਰਨ ਦੀ ਹਨੇਰੀ ਝੁੱਲੀ ਹੋਈ ਸੀ। ਲੋਕ ਕੋਈ ਬਦਲ ਚਾਹੁੰਦੇ ਸਨ। ਮੋਦੀ ਨੇ ‘ਅੱਛੇ ਦਿਨਾਂ’ ਦੀ ਖ਼ੂਬ ਆਸ ਬਨ੍ਹਾਈ। ਕਈ ਤਰ੍ਹਾਂ ਦੇ ਲਾਰੇ ਲਾਏ। ਕਈ ਵਾਅਦੇ ਕੀਤੇ। ਵਿਦੇਸ਼ਾਂ ਵਿਚੋਂ ਕਾਲਾ ਧਨ ਵਾਪਸ ਲਿਆ ਕੇ 100 ਦਿਨਾਂ ਵਿਚ ਹਰ ਭਾਰਤੀ ਨਾਗਰਿਕ ਦੇ ਖ਼ਾਤੇ ਵਿਚ 15-15 ਲੱਖ ਰੁਪਏ ਪਾਉਣ ਦਾ ਪੱਕਾ ਵਾਅਦਾ ਵਾਰ-ਵਾਰ ਦੁਹਰਾਇਆ ਗਿਆ। ‘ਯੋਗ ਗੁਰੂ’ ਬਾਬਾ ਰਾਮਦੇਵ ਨੇ ਵੀ ਕਾਲੇ ਧਨ ਨੂੰ ਵਾਪਸ ਲਿਆਉਣ ਦੇ ਮੁੱਦੇ ਨੂੰ ਜ਼ੋਰ-ਜ਼ੋਰ ਨਾਲ ਉਭਾਰਿਆ ਅਤੇ ਮੋਦੀ ਦੇ ਵਾਅਦੇ ਨੂੰ ਖ਼ੂਬ ਦੁਹਰਾਇਆ। ਕਿਸਾਨਾਂ ਨੂੰ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਲਾਗੂ ਕਰਨ ਦਾ ਪੱਕਾ ਵਾਅਦਾ ਕੀਤਾ। ਹਰ ਸਾਲ ਦੋ ਕਰੋੜ ਨਵੀਆਂ ਨੌਕਰੀਆਂ ਪੈਦਾ ਕਰਕੇ ਬੇਰੁਜ਼ਗਾਰੀ ਦੂਰ ਕਰਨ, ਮਹਿੰਗਾਈ ’ਤੇ ਕਾਬੂ ਪਾਉਣ, ਅੱਤਵਾਦ ਦਾ ਖ਼ਾਤਮਾ, ਸਿਹਤ ਤੇ ਸਿੱਖਿਆ ਹਰ ਗ਼ਰੀਬ ਤੱਕ ਪਹੁੰਚਾਉਣ, ਸਾਫ਼ ਪਾਣੀ ਤੇ ਸਮਾਜਿਕ ਇਨਸਾਫ਼ ਦੀ ਗਾਰੰਟੀ, ਗੰਗਾ ਤੇ ਹੋਰ ਨਦੀਆਂ ਦੀ ਸਫ਼ਾਈ, ਹਰ ਸ਼ਹਿਰ ਨੂੰ ਸਮਾਰਟ ਸਿਟੀ ਬਣਾਉਣ, ਪਿੰਡਾਂ ਦਾ ਵਿਕਾਸ, ਵਿਆਪਕ ਭ੍ਰਿਸ਼ਟਾਚਾਰ ਦਾ ਖ਼ਾਤਮਾ, ਕਿਸਾਨੀ ਦੀ ਆਮਦਨ ਦੁੱਗਣੀ ਕਰਨ ਆਦਿ-ਆਦਿ ਅਨੇਕਾਂ ਵਾਅਦੇ ਕੀਤੇ ਗਏ। ਡਾ. ਮਨਮੋਹਨ ਸਿੰਘ ਸਰਕਾਰ ਤੋਂ ਅੱਕੇ ਲੋਕਾਂ ਨੇ 2014 ਵਿਚ ਕਿਸੇ ਵੀ ਹੋਰ ਸਾਰਥਕ ਬਦਲ ਦੀ ਅਣਹੋਂਦ ਕਾਰਨ 31 ਵੋਟਾਂ ਪਾ ਕੇ ਪਾਰਲੀਮੈਂਟ ਵਿਚ ਭਾਜਪਾ 282, ਐੱਨ.ਡੀ.ਏ. 336 ਸੀਟਾਂ ਨਾਲ ਪੂਰਨ ਤੋਂ ਕਿਤੇ ਵੱਧ ਬਹੁਮਤ ਦਿਵਾ ਦਿੱਤਾ। ਕਾਂਗਰਸ 46 ਅਤੇ ਯੂ.ਪੀ.ਏ. 64 ’ਤੇ ਸਿਮਟ ਗਈ। ਵਿਰੋਧੀ 69 ਵੋਟਾਂ ਦੇ ਇੱਕਮੁੱਠ ਨਾ ਹੋਣ ਕਾਰਨ ਸਿਰਫ਼ 31 ਵੋਟਾਂ ਪੈਣ ’ਤੇ ਵੀ ਮੋਦੀ ਦੀ ‘ਬੱਲੇ ਬੱਲੇ’ ਹੋ ਗਈ। 2019 ਦੀਆਂ ਚੋਣਾਂ ਵਿਚ ਬੀ.ਜੇ.ਪੀ. ਨੇ 37 ਵੋਟਾਂ ਲੈ ਕੇ 302 ਸੀਟਾਂ ਨਾਲ ਦੋ ਤਿਹਾਈ ਤੋਂ ਵੀ ਵੱਧ ਬਹੁਮਤ ਹਾਸਲ ਕਰ ਲਿਆ ਤੇ ਇਹ ਹੰਕਾਰੀ ਤਾਨਾਸ਼ਾਹੀ ਪਾਰਟੀ ਬਣ ਗਈ। ‘ਭਾਜਪਾ ਦੇ ਮੋਦੀ’ ਦੀ ਥਾਂ ‘ਮੋਦੀ ਦੀ ਭਾਜਪਾ’ ਹੋ ਗਈ। ਨਵੇਂ-ਨਵੇਂ ਨਾਅਰੇ ਗੂੰਜੇ। ‘ਸਭ ਕਾ ਸਾਥ, ਸਭ ਕਾ ਵਿਕਾਸ’, ਜਨ ਧਨ ਯੋਜਨਾ, ਮੇਕ ਇਨ ਇੰਡੀਆ, ਮੇਡ ਇਨ ਇੰਡੀਆ, ਐੱਫ਼.ਡੀ.ਆਈ., ਨੋਟਬੰਦੀ, ਸਵੱਛ ਭਾਰਤ, ਸਟਾਰਟ ਅੱਪ ਇੰਡੀਆ, ਡਿਜੀਟਲ ਇੰਡੀਆ, ਜੀ.ਐੱਸ.ਟੀ. ਆਦਿ ਅਨੇਕਾਂ ਯੋਜਨਾਵਾਂ ਦਾ ਐਲਾਨ ਕੀਤਾ ਗਿਆ, ਪਰ ਲੋਕਾਂ ਨੂੰ ਲਾਰਿਆਂ ਦੇ ਛਣਕਣੇ ਅਤੇ ਗੋਬਲੀ ਭਾਸ਼ਣਾਂ ਦੀ ਚੂਪਣੀ ਬਿਨਾਂ ਹੁਣ ਤੀਕ ਕੁੱਝ ਵੀ ਨਹੀਂ ਮਿਲਿਆ। ਲੋਕ ਵੱਡੀ ਪੱਧਰ ’ਤੇ ਠੱਗੀ ਮਹਿਸੂਸ ਕਰ ਰਹੇ ਹਨ। ਜਿੱਥੇ ਵੀ ਕਿਧਰੇ ਦਿੱਲੀ, ਬਿਹਾਰ, ਪੰਜਾਬ, ਹਿਮਾਚਲ, ਰਾਜਸਥਾਨ, ਕਰਨਾਟਕ ਆਦਿ ਵਿਚ ਕੋਈ ਬਦਲ ਦਿਸਿਆ, ਲੋਕਾਂ ਨੇ ਮੋਦੀ ਸੋਚ ਉਤੇ ਲੀਕ ਫੇਰ ਦਿੱਤੀ। ਕੋਈ ਵੀ ਦੇਸ਼ ਵਾਸੀ ਹੁਣ ‘ਅੱਛੇ ਦਿਨਾਂ’ ਦੀ ਆਸ ਨਹੀਂ ਕਰ ਰਿਹਾ, ਪਰ ਉਨ੍ਹਾਂ ਕੋਲ ਹੋਰ ਕੋਈ ਚਾਰਾ ਵੀ ਨਹੀਂ ਹੈ। ਮੋਦੀ ਸਰਕਾਰ ਨੂੰ ਵਿਧਾਇਕ ਖ਼ਰੀਦ ਕੇ ਸਰਕਾਰਾਂ ਉਲਟਾਉਣ ਵਿਚ ਪੂਰਨ ਮੁਹਾਰਤ ਹਾਸਲ ਹੋ ਚੁੱਕੀ ਹੈ।

ਬਿਨਾਂ ਸ਼ੱਕ ਯੂ.ਪੀ. ਦੀ ਚੋਣ ਜਿੱਤਣ, ਹਿਟਲਰ ਤੇ ਗੋਬਲਜ਼ ਨੀਤੀ ਤਹਿਤ ਪ੍ਰਚਾਰ ਕਾਰਨ, ਘੱਟ-ਗਿਣਤੀਆਂ ਨੂੰ ਧਮਕਾਉਣ, ਸਮਾਜ ਦਾ ਧਰੁਵੀਕਰਨ ਕਰਨ, ਸਮੁੱਚੇ ਮੀਡੀਆ (ਖ਼ਾਸ ਕਰਕੇ ਬਿਜਲਈ ਮੀਡੀਆ) ਨੂੰ ਲਿਫ਼ਣ ਲਈ ਮਜਬੂਰ ਕਰਨ, ਬਾਬਰੀ ਮਸਜਿਦ ਢਾਹ ਕੇ ਉਸੇ ਥਾਂ ’ਤੇ ਰਾਮ ਮੰਦਰ ਬਣਾਉਣ, ਸਤਿਆਪਾਲ ਮਲਿਕ (ਸਾਬਕਾ ਗਵਰਨਰ) ਮੁਤਾਬਿਕ ਪੁਲਵਾਮਾ ਹਮਲਾ ਕਰਾ ਕੇ ਸਰਜੀਕਲ ਸਟਰਾਈਕ ਰਾਹੀਂ ਚੋਣ ਜਿੱਤਣ, ਲੋਕਾਂ ਨੂੰ ਆਰਥਿਕ ਲਾਰਿਆਂ ਦਾ ਲਾਲੀਪੋਪ ਦੇਣ, ਵਿਰੋਧ ਦੇ ਬਾਵਜੂਦ ਨਵੀਂ ਪਾਰਲੀਮੈਂਟ ਬਣਾਉਣ ਅਤੇ ਵਿਰੋਧੀ ਪਾਰਟੀਆਂ ਦੇ ਬਾਈਕਾਟ ਦੇ ਬਾਵਜੂਦ ਰਾਸ਼ਟਰਪਤੀ ਸ੍ਰੀਮਤੀ ਦਰੋਪਦੀ ਮੁਰਮੂ ਤੋਂ ਉਦਘਾਟਨ ਕਰਾਉਣ ਦੀ ਥਾਂ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਵੱਲੋਂ ਆਪ ਉਦਘਾਟਨ ਕਰਨ, ਜੰਮੂ ਕਸ਼ਮੀਰ ਦੀ ਧਾਰਾ 370 ਤੇ 35ਏ ਖ਼ਤਮ ਕਰਨ, ਐੱਨ.ਆਰ.ਸੀ., ਸੀ.ਏ.ਏ. ਲਿਆਉਣ ਤੇ ਸ਼ਹੀਨ ਬਾਗ਼ ਮੋਰਚਾ ਜਬਰੀ ਉਠਾਉਣ, ਕਾਲੇ ਕਾਨੂੰਨ ਰੱਦ ਕਰਨ ਬਾਅਦ ਹੋਈ ਨਮੋਸ਼ੀ ਨੂੰ ਲੁਕਾਉਣ ਲਈ ਕਿਸਾਨਾਂ ਨਾਲ ਲਿਖਤੀ ਕੀਤੇ ਵਾਅਦਿਆਂ ਤੋਂ ਮੁੱਕਰਨ, 28.5.2023 ਨੂੰ ਪਹਿਲਵਾਨ ਲੜਕੀਆਂ ਦੇ ਜੰਤਰ ਮੰਤਰ ਧਰਨੇ ਨੂੰ ਜਬਰੀ ਖ਼ਤਮ ਕਰਨ ਅਤੇ ਪਹਿਲਵਾਨ ਖਿਡਾਰਨਾਂ ਦੇ ਸਰੀਰਕ ਸ਼ੋਸ਼ਣ ਦੇ ਦੋਸ਼ੀ ਕੁਸ਼ਤੀ ਫੈਡਰੇਸ਼ਨ ਦੇ ਮੁਖੀ ਬ੍ਰਿਜ ਭੂਸ਼ਣ ਸ਼ਰਨ ਸਿੰਘ ਨੂੰ ਗ੍ਰਿਫ਼ਤਾਰ ਨਾ ਕਰਨ, 3 ਅਕਤੂਬਰ 2021 ਨੂੰ ਲਖੀਮਪੁਰ ਖੀਰੀ ਦੇ 4 ਕਿਸਾਨਾਂ ਤੇ ਇਕ ਪੱਤਰਕਾਰ ਦੇ ਕਾਤਲ ਉਪ-ਗ੍ਰਹਿ ਮੰਤਰੀ ਅਜੇ ਮਿਸ਼ਰਾ ਟੈਨੀ ਨੂੰ ਮੰਤਰੀ ਮੰਡਲ ’ਚੋਂ ਨਾ ਕੱਢਣ, ਵਿਰੋਧੀ ਪਾਰਟੀਆਂ ਦੀਆਂ ਸਰਕਾਰਾਂ ਨੂੰ ਆਪਣੇ ਗਵਰਨਰਾਂ ਰਾਹੀਂ ਪਰੇਸ਼ਾਨ ਕਰਨ, ਬਿਲਕਿਸ ਬਾਨੋ ਦੇ ਪਰਵਾਰ ਦੇ ਕਾਤਲਾਂ ਤੇ ਬਲਾਤਕਾਰੀਆਂ ਨੂੰ ‘ਚੰਗੇ ਆਚਰਨ’ ਵਾਲੇ ਕਹਿ ਕੇ ਜੇਲ੍ਹ ਤੋਂ ਰਿਹਾਅ ਕਰਨ, ਸਿਰਫ਼ ਆਪਣੀ ਹੀ ‘ਮਨ ਕੀ ਬਾਤ’ ਕਹੀ ਜਾਣ ਅਤੇ ਕਿਸੇ ਦੀ ਮਨ ਦੀ ਗੱਲ ਨਾ ਸੁਣਨ, ਕਦੇ ਵੀ ਪ੍ਰੈੱਸ ਕਾਨਫਰੰਸ ਨਾ ਕਰਨ, ਲਵ ਜੇਹਾਦ ਤੇ ਗਊ ਹੱਤਿਆ ਦੇ ਨਾਂਅ ’ਤੇ ਕੀਤੇ ਕਤਲਾਂ ਦੇ ਜ਼ਿੰਮੇਵਾਰਾਂ ਨੂੰ ਸਜ਼ਾਵਾਂ ਨਾ ਦੇਣ ਅਤੇ ਹੋਰ ਕਈ ਕਾਰਨਾਂ ਕਰਕੇ ਮੋਦੀ ਦੀ ਅੱਜ ਹਾਲਤ ਦੇਸ਼ ਦੇ ਫਾਸ਼ੀ ਤਾਨਾਸ਼ਾਹ ਵਾਲੀ ਹੈ। ਜਿਵੇਂ ਕਦੇ ਇੰਦਰਾ ਗਾਂਧੀ ਦਾ ਦਬਦਬਾ ਹੁੰਦਾ ਸੀ। ਜਿਵੇਂ ਜਰਮਨੀ ਵਿਚ ਹਿਟਲਰ ਹੁੰਦਾ ਸੀ। ਜਿਵੇਂ ਅਮਰੀਕਾ ’ਚ ਟਰੰਪ ਸੀ। ਪਰ ਚਿੰਤਾ ਤੇ ਡਰ ਇਸ ਗੱਲ ਦਾ ਹੈ ਕਿ ‘ਟਰੰਪਵਾਦ’ ਨੂੰ ਰੋਕ ਲਾਉਣ ਲਈ ਉਥੇ ਦੀ ਰਾਜਨੀਤਕ ਪ੍ਰਣਾਲੀ (ਸੈਨੇਟ ਆਦਿ) ਕਿਸੇ ਹੱਦ ਤੱਕ ਕਾਰਗਰ ਹੈ, ਪਰ ਭਾਰਤ ਵਿਚ ਉਹ ਵੀ ਨਹੀਂ ਹੈ। ਕਾਂਗਰਸ ਸਮੇਤ ਕੋਈ ਪਾਰਟੀ ਵੀ ਵਿਰੋਧੀ ਦਲ ਦਾ ਦਰਜਾ ਹਾਸਲ ਕਰਨ ਦੇ ਸਮਰੱਥ ਨਹੀਂ ਹੋ ਸਕੀ। ਵਿਰੋਧੀ ਪਾਰਟੀਆਂ ਫੁੱਟ ਦਾ ਸ਼ਿਕਾਰ ਹਨ। ਭਾਰਤੀ ਜਨਤਾ ਪਾਰਟੀ ਵਿਚ ਵੀ ਕੋਈ ਮੋਦੀ ਨੂੰ ਵੰਗਾਰ ਸਕਣ ਦੇ ਸਮਰੱਥ ਨਹੀਂ ਹੋ ਸਕੀ। ਆਰ.ਐੱਸ.ਐੱਸ. ਵੀ ਉਸ ਦੀ ਮੁੱਠੀ ਵਿਚ ਲੱਗਦੀ ਹੈ। ਫਿਰ ਐਸੀ ਹਾਲਤ ਵਿਚ ਮੋਦੀ ‘ਹਿਟਲਰ’ ਤੋਂ ਘੱਟ ਕਿਉਂ ਰਹੇਗਾ। ਦੇਸ਼ ਤੇਜ਼ੀ ਨਾਲ ਤਾਨਾਸ਼ਾਹੀ ਰਾਜ ਵੱਲ ਵਧ ਰਿਹਾ ਹੈ। ਜੇ 2024 ਦੀਆਂ ਚੋਣਾਂ ਵਿਚ ਵੀ ਇਹੀ ਵਰਤਾਰਾ ਰਿਹਾ ਤਾਂ ਦੇਸ਼ ਨੂੰ ‘ਹਿੰਦੂ ਰਾਜ’ ਬਣਾਉਣ ਤੋਂ ਕੋਈ ਰੋਕ ਨਹੀਂ ਸਕੇਗਾ। ਸੰਵਿਧਾਨ ਦੀ ਧਰਮਨਿਰਪੱਖ ਭਾਵਨਾ ਹੁਣ ਬਿਲਕੁਲ ਗੁੰਮ ਗੁਆਚ ਗਈ ਹੈ। ‘ਯੋਗੀ’ ਆਦਿਤਿਆਨਾਥ ਨੂੰ ਯੂ.ਪੀ. ਦਾ ਮੁੱਖ ਮੰਤਰੀ ਬਣਾ ਕੇ ਮੋਦੀ ਨੇ ਆਪਣਾ ਏਜੰਡਾ ਸਪੱਸ਼ਟ ਕਰ ਦਿੱਤਾ ਸੀ। ਪਿਛਲੇ ਨੌਂ ਸਾਲ ਦੇਸ਼ ਵਾਸੀਆਂ ਨੇ ਬਹੁਤ ਸਹਿਮ ਵਿਚ ਕੱਟੇ ਹਨ। ਅਸਹਿਣਸ਼ੀਲਤਾ ਦਾ ਮਾਹੌਲ ਰਿਹਾ ਹੈ। ਅੰਧ-ਰਾਸ਼ਟਰਵਾਦ, ਫਿਰਕਾਪ੍ਰਸਤੀ ਤੇ ਭੀੜ ਤੰਤਰ (ਲਿੰਚਿੰਗ) ਦਾ ਦੈਂਤ ਲੋਕ-ਬਰੂਹਾਂ ਤੀਕ ਆਣ ਪੁੱਜਿਆ ਹੈ। ਵਿਗਿਆਨਕ ਤੇ ਤਰਕਸ਼ੀਲ ਲੇਖਕਾਂ ਨਰਿੰਦਰ ਦਾਭੋਲਕਰ, ਗੋਵਿੰਦ ਪਨਸਾਰੇ, ਐੱਮ ਐੱਮ ਕੁਲਬਰਗੀ, ਗੌਰੀ ਲੰਕੇਸ਼ ਆਦਿ ਦੇ ਕਤਲ ਹੋਏ। ਅਨੇਕਾਂ ਲੇਖਕਾਂ ਨੂੰ ਰੋਸ ਵਜੋਂ ਪੁਰਸਕਾਰ ਵਾਪਸ ਕਰਨੇ ਪਏ। ਜੇ.ਐੱਨ.ਯੂ. ਅਤੇ ਰੋਹਿਤ ਵੇਮੂਲਾ ਤੇ ਕਨ੍ਹੱਈਆ ਕੁਮਾਰ ਨਾਲ ਜੋ ਕੀਤਾ ਗਿਆ, ਲੋਕ ਕਦੇ ਨਹੀਂ ਭੁੱਲ ਸਕਦੇ। ਦੇਸ਼ਾਂ ਦੀ ਜੰਗ ਵਿਰੋਧੀ ਭਾਵਨਾ ਪ੍ਰਗਟ ਕਰਨ ’ਤੇ ਗੁਰਮਿਹਰ ਕੌਰ ਨੂੰ ਦੇਸ਼ ਧਰੋਹੀ ਕਿਹਾ ਗਿਆ ਅਤੇ ਕੱਟੜ ਹਿੰਦੂ ਸੰਗਠਨਾਂ ਵੱਲੋਂ ਉਸ ਨੂੰ ਸ਼ਰਮਨਾਕ ਕਰਤੂਤ ਭਰੀਆਂ ਤੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ।



ਜੋ ਵੀ ਮੋਦੀ ਦੀ ਰਾਇ ਨਾਲ ਸਹਿਮਤ ਨਹੀਂ, ਉਸ ਨੂੰ ਦੇਸ਼ ਧਰੋਹੀ ਗਰਦਾਨ ਕੇ ਜੇਲ੍ਹਾਂ ਵਿਚ ਸੁੱਟਿਆ ਜਾ ਰਿਹਾ ਹੈ।

ਇਸ ਵਕਤ ਸਾਰੇ ਘੱਟ-ਗਿਣਤੀ ਭਾਈਚਾਰੇ (ਖ਼ਾਸ ਕਰ ਮੁਸਲਿਮ ਅਤੇ ਦਲਿਤ ਭਾਈਚਾਰਾ) ਬਹੁਤ ਸਕਤੇ ਵਿਚ ਹੈ। ਯੂ.ਪੀ. ਚੋਣਾਂ ਵਿਚ ਇਕ ਵੀ ਮੁਸਲਮਾਨ ਨੂੰ ਉਮੀਦਵਾਰ ਨਾ ਬਣਾਉਣਾ। ਡੰਕੇ ਦੀ ਚੋਟ ਨਾਲ ਰਾਮ ਮੰਦਰ ਉਸੇ ਹੀ ਥਾਂ ਬਣਾਇਆ ਹੈ, ਜਿੱਥੋਂ ਬਾਬਰੀ ਮਸਜਿਦ ਢਾਈ ਗਈ ਸੀ। ਬਾਬਰੀ ਮਸਜਿਦ ਢਾਹੁਣ ਵਾਲੇ ਆਪਣੇ-ਆਪ ਨੂੰ ਹੀਰੋ ਵਜੋਂ ਪੇਸ਼ ਕਰ ਰਹੇ ਹਨ। ਗਊ ਮਾਸ ’ਤੇ ਪਾਬੰਦੀ ਦੇ ਸ਼ੰਕੇ ਵਿਚ ਦਰਜਨਾਂ ਮੌਤਾਂ ਤੇ ਸੈਂਕੜਿਆਂ ਦੀ ਕੁੱਟਮਾਰ ਇਕ ਫ਼ਿਰਕੇ ਨੂੰ ਡਰਾਉਣ ਲਈ ਹੀ ਹੈ। ਕਿਹਾ ਜਾ ਰਿਹਾ ਹੈ ਕਿ ਜੋ ਵੀ ਵਿਚਾਰਧਾਰਾ ਵਿਦੇਸ਼ੀ ਹੈ, ਉਹ ਸਹਿਣ ਨਹੀਂ ਕੀਤੀ ਜਾਵੇਗੀ। ਮੁਸਲਿਮ, ਇਸਾਈ, ਕਮਿਊਨਿਸਟ ਆਦਿ ਵਿਚਾਰਧਾਰਾ ਨੂੰ ਵਿਦੇਸ਼ੀ ਵਿਚਾਰਧਾਰਾਵਾਂ ਕਿਹਾ ਜਾ ਰਿਹਾ ਹੈ। ਪਿਛਲੇ ਤਿੰਨ ਸਾਲਾਂ ਵਿਚ ਦੇਸ਼ ਨੂੰ ਹਿੰਦੂ ਰਾਜ ਬਣਾਉਣ ਵੱਲ ਤੇਜ਼ੀ ਨਾਲ ਪੁਲਾਂਘਾਂ ਪੁੱਟੀਆਂ ਗਈਆਂ ਹਨ। ਸਿਰਫ਼ ਸੰਵਿਧਾਨਕ ਸੋਧ ਦੀ ਹੀ ਕਸਰ ਹੈ, ਜੋ ਆਉਣ ਵਾਲੇ ਸਮੇਂ ’ਚ ਪੂਰੀ ਕਰਨ ਦਾ ਟੀਚਾ ਹੈ। ਜੇ 2024 ਦੀ ਚੋਣ ਜਿੱਤ ਲਈ ਤਾਂ ਹਰ ਹਾਲਤ ਵਿਚ ਭਾਰਤ ਇਕ ਹਿੰਦੂ ਰਾਜ ਹੋਵੇਗਾ, ਜੋ ਮੁਕੰਮਲ ਤਾਨਾਸ਼ਾਹੀ ਹੋਵੇਗੀ। ਜਿਵੇਂ ਪਾਕਿਸਤਾਨ ਮੁਸਲਿਮ ਰਾਜ ਹੈ, ਪਰ ਬਰਬਾਦ ਹੋ ਰਿਹਾ ਹੈ। ‘ਸਭ ਕਾ ਸਾਥ, ਸਭ ਕਾ ਵਿਕਾਸ’ ਨਾਅਰਾ ਬਸ ਨਾਅਰਾ ਹੀ ਬਣ ਕੇ ਰਹਿ ਗਿਆ ਹੈ। ਕਾਰਜ ਇਸ ਦੇ ਉਲਟ ਹੋ ਰਿਹਾ ਹੈ। ਤਿੰਨ ਤਲਾਕ ਦਾ ਮੁੱਦਾ ਇੰਝ ਉਭਾਰਿਆ ਜਾ ਰਿਹਾ ਹੈ, ਜਿਵੇਂ ਮੁਸਲਮਾਨ ਔਰਤਾਂ ਦੇ ਸਾਰੇ ਕਸ਼ਟ ਦਾ ਕਾਰਨ ਇਹੀ ਹੈ। ਦੇਸ਼ ਦੀਆਂ ਸਭ ਤਲਾਕਸ਼ੁਦਾ ਅਤੇ ਵਿਧਵਾ ਔਰਤਾਂ ਕਿਵੇਂ ਅਤਿ-ਮੁਸ਼ਕਿਲ ’ਚ ਨਰਕ ਜਿਹਾ ਜੀਵਨ ਬਤੀਤ ਕਰ ਰਹੀਆਂ ਹਨ, ਇਸ ਦੀ ਮੋਦੀ ਨੂੰ ਕੋਈ ਚਿੰਤਾ ਨਹੀਂ ਹੈ। ਮੁਸਲਮਾਨਾਂ ਦੇ ਰਾਖਵੇਂਕਰਨ, ਰੁਜ਼ਗਾਰ ਅਤੇ ਸਿੱਖਿਆ ਬਾਰੇ ਵੀ ਕਦੇ ਚਰਚਾ ਨਹੀਂ ਹੋਈ। ਤਿੰਨ ਤਲਾਕ ਬੰਦ ਹੋਵੇ, ਪਰ ਭਾਰਤੀ ਨਾਰੀ ਦੀ ਹਾਲਤ ਕਿਵੇਂ ਸੁਧਾਰੀ ਜਾਵੇ, ਇਸ ਬਾਰੇ ਭਾਜਪਾ ਚੁੱਪ ਹੈ। ਪੁੱਛਣਾ ਬਣਦਾ ਹੈ ਕਿ ਕੁਸ਼ਤੀ ਪਹਿਲਵਾਨਾਂ ਜੋ ਜੰਤਰ ਮੰਤਰ ਧਰਨਾ ਦੇ ਰਹੀਆਂ ਹਨ, ਉਹ ਔਰਤਾਂ ਨਹੀਂ ਹਨ? ਕੀ ਉਹ ਭਾਰਤ ਦੀਆਂ ਧੀਆਂ ਨਹੀਂ ਹਨ?

ਸਾਰੀਆਂ ਨਦੀਆਂ ਦੀ ਸਫ਼ਾਈ ਜ਼ਰੂਰੀ ਹੈ, ਪਰ ਸਿਰਫ਼ ਗੰਗਾ ਦੀ ਸਫ਼ਾਈ ਲਈ ਵੱਖਰਾ ਮੰਤਰਾਲਾ ਅਤੇ ਮੰਤਰੀ ਬਣਾਇਆ ਗਿਆ ਹੈ, ਪਰ 9 ਸਾਲਾਂ ’ਚ ਉਸ ਦੀ ਸਫ਼ਾਈ ਲਈ ਗੋਹੜੇ ’ਚੋਂ ਪੂਣੀ ਵੀ ਨਹੀਂ ਕੱਤੀ ਗਈ। ਆਰਥਿਕ ਮੁਹਾਜ਼ ’ਤੇ ਵੀ ਪਿਛਲੇ ਨੌਂ ਸਾਲਾਂ ਵਿਚ ਕਿਧਰੇ ਦੂਰ ਤੱਕ ਵੀ ‘ਅੱਛੇ ਦਿਨਾਂ’ ਦੀ ਕੋਈ ਆਸ ਦੀ ਕਿਰਨ ਦਿਖਾਈ ਨਹੀਂ ਦਿੱਤੀ। ਆਰਥਿਕ ਤੰਗੀ ਕੱਟ ਰਹੇ ਲੋਕਾਂ ਨੇ ਹੁਣ ‘ਅੱਛੇ ਦਿਨਾਂ’ ਦੇ ਸੁਪਨੇ ਲੈਣੇ ਹੀ ਛੱਡ ਦਿੱਤੇ ਹਨ। ਬੇਰੁਜ਼ਗਾਰੀ ਦੂਰ ਕਰਨ ਲਈ ਜੋ ਹਰ ਸਾਲ ਦੋ ਕਰੋੜ ਨਵੀਆਂ ਨੌਕਰੀਆਂ ਪੈਦਾ ਕਰਨ ਦਾ ਚੋਣ ਵਾਅਦਾ ਕੀਤਾ ਗਿਆ ਸੀ, ਉਹ ਬੁਰੀ ਤਰ੍ਹਾਂ ਫੇਲ੍ਹ ਹੋ ਗਿਆ ਹੈ। ਪਿਛਲੇ 9 ਸਾਲ ’ਚ ਕੁੱਲ ਦੋ ਕਰੋੜ ਨਵੀਆਂ ਨੌਕਰੀਆਂ ਪੈਦਾ ਨਹੀਂ ਹੋਈਆਂ ਹਨ। ਇਸ ਦੇ ਉਲਟ ਆਈ.ਟੀ. ਖੇਤਰ ਵਿਚ ਵੱਡੀ ਪੱਧਰ ’ਤੇ ਛਾਂਟੀਆਂ ਹੋ ਗਈਆਂ ਹਨ। ਇਹ ਵਰਤਾਰਾ ਅੱਗੋਂ ਵੀ ਜਾਰੀ ਹੈ। ਬੇਰੁਜ਼ਗਾਰਾਂ ਦੀ ਨਿੱਤ ਵਧਦੀ ਫ਼ੌਜ ਦੀ ਸਮਾਈ ਕਿੱਥੇ ਹੋਵੇਗੀ? ਮਹਿੰਗਾਈ ਵਾਧੇ ਵਿਚ ਕੋਈ ਫ਼ਰਕ ਨਹੀਂ ਪਿਆ। ਜੋ ਅੰਕੜੇ ਜਾਰੀ ਕੀਤੇ ਜਾਂਦੇ ਹਨ, ਉਹ ਹਕੀਕੀ ਨਹੀਂ ਹਨ। ਪਿਛਲੇ ਨੌਂ ਸਾਲਾਂ ਵਿਚ ਸਬਜ਼ੀਆਂ, ਫ਼ਲਾਂ, ਦਾਲਾਂ, ਤੇਲਾਂ ਆਦਿ ਨਿੱਤ ਵਰਤੋਂ ਵਾਲੀਆਂ ਚੀਜ਼ਾਂ ਗ਼ਰੀਬ ਲੋਕਾਂ ਦੀ ਪਹੁੰਚ ਤੋਂ ਹੋਰ ਦੂਰ ਹੋ ਗਈਆਂ ਹਨ।

ਤੇਲ ਦੀਆਂ ਕੀਮਤਾਂ ਅੰਤਰਰਾਸ਼ਟਰੀ ਪੱਧਰ ’ਤੇ ਕਈ ਗੁਣਾ ਘੱਟ ਹੋਣ ਦੇ ਬਾਵਜੂਦ ਦੇਸ਼ ਵਿਚ ਤੇਲ ਦੀਆਂ ਕੀਮਤਾਂ ਨਹੀਂ ਘਟੀਆਂ। ਸਿੱਟੇ ਵਜੋਂ ਢੋਆ-ਢੁਆਈ ਤੇ ਲਾਗਤਾਂ ਹੋਰ ਵਧੀਆਂ ਹਨ। ਰੇਲਵੇ ਕਿਰਾਏ-ਭਾੜੇ ਵਿਚ ਵੀ ਕੋਈ ਛੋਟ ਨਹੀਂ ਮਿਲੀ, ਸਗੋਂ ਪਿਛਲੇ ਨੌਂ ਸਾਲਾਂ ’ਚ ਹੋਰ ਵਾਧਾ ਹੋਇਆ ਹੈ। ਰੇਲਵੇ ਦਾ ਵਧੇਰੇ ਕੰਮ ਨਿੱਜੀ ਹੱਥਾਂ ਵਿਚ ਦੇ ਦਿੱਤਾ ਗਿਆ ਹੈ। ਤੇਜ਼ ਗਤੀ ਰੇਲਾਂ ਚਲਾਉਣ ਦੇ ਕਾਰਜ ਨਾਲ ਕਾਰਪੋਰੇਟ ਤੇ ਵਪਾਰ ਨੂੰ ਤਾਂ ਰਾਹਤ ਮਿਲੇਗੀ, ਪਰ ਗ਼ਰੀਬਾਂ ਲਈ ਹੋਰ ਸਧਾਰਨ ਯਾਤਰੀ ਡੱਬੇ ਲਾਉਣ ਦੀ ਥਾਂ ਘਟਾ ਦਿੱਤੇ ਹਨ, ਕਿਰਾਏ ਘਟਾਉਣ ਲਈ ਕੋਈ ਕਾਰਵਾਈ ਨਹੀਂ ਹੋਈ। ਮਨਰੇਗਾ ਦਾ ਕਾਰਜ ਮਰਨ ਕਿਨਾਰੇ ਹੈ। ਮਜ਼ਦੂਰਾਂ ਨੂੰ ਅੱਵਲ ਤਾਂ 100 ਦਿਨ ਰੁਜ਼ਗਾਰ ਮਿਲਦਾ ਹੀ ਨਹੀਂ, ਜੇ ਮਿਲੇ ਤਾਂ ਅਦਾਇਗੀ ਨਹੀਂ ਹੁੰਦੀ। ਇਸ ਯੋਜਨਾ ਨੂੰ ਹੋਰ ਵਿਆਪਕ ਕਰਨ ਦੀ ਥਾਂ ਨੌਂ ਸਾਲਾਂ ’ਚ ਨਿਘਾਰ ਵੱਲ ਧੱਕਿਆ ਗਿਆ ਹੈ। ਡਾਲਰ ਦੇ ਮੁਕਾਬਲੇ ਰੁਪਏ ਦੀ ਕੀਮਤ ਹੋਰ ਨੀਵੀਂ ਹੋ ਗਈ ਹੈ। 15.5.2014 ਨੂੰ ਜੋ 59.44 ਸੀ, 15.5.2023 ਨੂੰ 82.61 ਰੁਪਏ ਹੈ। ਦੇਸ਼ ਦੇ 12.5 ਲੋਕ ਖੁੱਲ੍ਹੇ ਆਸਮਾਨ ਹੇਠ ਅਤੇ 18.5 ਝੁੱਗੀਆਂ-ਝੌਂਪੜੀਆਂ ’ਚ ਰਹਿੰਦੇ ਹਨ। ਉਨ੍ਹਾਂ ਦੀ ਹਾਲਤ ਸੁਧਾਰਨ ਵੱਲ ਉੱਕਾ ਹੀ ਧਿਆਨ ਨਹੀਂ ਦਿੱਤਾ ਗਿਆ। ਸਵੱਛ ਭਾਰਤ ਬੁਰੀ ਤਰ੍ਹਾਂ ਫੇਲ੍ਹ ਹੋਇਆ ਹੈ। ਹਾਲੇ ਵੀ 60 ਤੋਂ ਵੱਧ ਲੋਕ ਖੇਤਾਂ ਵਿਚ ਸ਼ੋਚਾਲਿਆ ਲਈ ਜਾਂਦੇ ਹਨ। ਦੇਸ਼ ’ਚ 50 ਤੋਂ ਵੱਧ ਲੋਕ ਗੰਦਾ ਪਾਣੀ ਪੀਣ ਨਾਲ ਗੰਭੀਰ ਬਿਮਾਰੀਆਂ ਦੇ ਹੋਰ ਵਧੇਰੇ ਸ਼ਿਕਾਰ ਹੋਣ ਲੱਗੇ ਹਨ। ਸਿਹਤ ਤੇ ਸਿੱਖਿਆ ਪਿਛਲੇ ਤਿੰਨ ਸਾਲਾਂ ਵਿਚ ਗ਼ਰੀਬਾਂ ਦੀ ਪਹੁੰਚ ਤੋਂ ਹੋਰ ਦੂਰ ਹੋਈ ਹੈ। ਗ਼ਰੀਬਾਂ ਲਈ ਹਸਪਤਾਲਾਂ ’ਚ ਕੋਈ ਰਾਹਤ ਨਹੀਂ ਹੈ। ਸਿਹਤ ਸੇਵਾਵਾਂ ਦਾ ਨਿੱਜੀਕਰਨ ਹੋਰ ਤੇਜ਼ ਹੋਇਆ ਹੈ। ਸਿੱਖਿਆ ਤਾਂ ਗ਼ਰੀਬਾਂ ਦੀ ਪਹੁੰਚ ਤੋਂ ਬਿਲਕੁਲ ਹੀ ਬਾਹਰ ਹੋ ਗਈ ਹੈ। ਸਰਬ ਸਿੱਖਿਆ ਅਭਿਆਨ ਨੇ ਸਿੱਖਿਆ ਦਾ ਬੁਰਾ ਹਾਲ ਕਰ ਦਿੱਤਾ ਹੈ। ਅਧਿਆਪਕਾਂ ਨੂੰ ਨਿਗੂਣੀਆਂ ਤਨਖ਼ਾਹਾਂ ’ਤੇ ਠੇਕੇ ਉਤੇ ਰੱਖਿਆ ਜਾਂਦਾ ਹੈ। ਐੱਸ.ਐੱਸ.ਏ. ਦੇ ਸਕੂਲਾਂ ’ਚ ਅੱਧੀਆਂ ਆਸਾਮੀਆਂ ਹੀ ਨਹੀਂ ਹਨ। ਮਿਡਲ ਸਕੂਲਾਂ ’ਚ ਸਿਰਫ਼ ਤਿੰਨ ਟੀਚਰ ਦਿੱਤੇ ਗਏ ਹਨ। ਸਿੱਖਿਆ ਪ੍ਰੋਵਾਈਡਰ, ਐੱਸ.ਐੱਸ.ਏ. ਆਦਿ ਕਈ ਤਰ੍ਹਾਂ ਦੇ ਅਧਿਆਪਕ ਮਾਮੂਲੀ ਤਨਖ਼ਾਹਾਂ ’ਤੇ ਠੇਕੇ ’ਤੇ ਰੱਖੇ ਹਨ। ਬਰਾਬਰ ਕੰਮ ਬਰਾਬਰ ਤਨਖ਼ਾਹ ਦਾ ਸੰਵਿਧਾਨਕ ਹੱਕ ਗੁੰਮ-ਗੁਆਚ ਗਿਆ ਹੈ। ਸਿੱਖਿਆ ਨੀਤੀ 2020 ਬਿਨਾਂ ਪਾਰਲੀਮੈਂਟ ’ਚ ਬਹਿਸ ਕਰਵਾਏ ਲਾਗੂ ਕਰ ਦਿੱਤੀ ਹੈ। ਇਹ ਗ਼ਰੀਬਾਂ ਤੋਂ ਉੱਕਾ ਹੀ ਸਿੱਖਿਆ ਖੋਹਣ ਵੱਲ ਸੇਧਤ ਤਾਂ ਹੈ ਹੀ ਅੰਧਵਿਸ਼ਵਾਸ ਫੈਲਾਉਣ ਵਾਲੀ ਅਤੇ ਗ਼ਰੀਬੀ ਦਾ ਕਾਰਨ ਪਿਛਲੇ ਜਨਮ ਨੂੰ ਦੋਸ਼ੀ ਗਰਦਾਨਣ ਅਤੇ ਜੋਤਿਸ਼ ਵਿਗਿਆਨ ਵੱਲ ਸੇਧਤ ਹੈ। ਮਿੱਡ ਡੇ ਮੀਲ ਦੇ ਕੁੱਕ ਨੂੰ ਸਿਰਫ਼ ਤਿੰਨ ਹਜ਼ਾਰ ਰੁਪਏ ਦਿੱਤੇ ਜਾਂਦੇ ਹਨ। ਮਿੱਡ ਡੇ ਮੀਲ ਦਾ ਕਈ ਮਹੀਨੇ ਜਾਰੀ ਹੀ ਨਹੀਂ ਕੀਤਾ ਜਾਂਦਾ। ਅੱਠਵੀਂ ਤੀਕ ਬੱਚੇ ਨੂੰ ਫੇਲ੍ਹ ਨਾ ਕਰਨ ਦੀ ਨੀਤੀ ਨੇ ਪੜ੍ਹਾਈ ਦੇ ਮਿਆਰ ਨੂੰ ਹੇਠਾਂ ਸੁੱਟ ਦਿੱਤਾ ਹੈ। ਪਿਛਲੇ ਨੌਂ ਸਾਲਾਂ ’ਚ ਸਿਹਤ ਅਤੇ ਸਿੱਖਿਆ ਲਈ ਬੱਜਟ ਖ਼ਰਚਿਆਂ ਵਿਚ ਕਮੀ ਕੀਤੀ ਗਈ ਹੈ। ਸਿੱਖਿਆ ’ਚ ਜੀ.ਡੀ.ਪੀ. ਦਾ 2013-14 ਦਾ 0.63 ਹਿੱਸਾ ਹੁਣ 2022-23 ਨੂੰ 0.37 ਹੋ ਗਿਆ ਹੈ। ਰਾਜਾਂ ਦੇ ਬਿਜਲੀ ਬੋਰਡ ਤੋੜ ਕੇ ਨਿੱਜੀਕਰਨ ਵਾਲੇ ਪਾਸੇ ਧੱਕਣ ਲਈ ਮਜਬੂਰ ਕੀਤਾ ਗਿਆ ਹੈ। ਗ਼ਰੀਬਾਂ ਤੋਂ ਬਿਜਲੀ ਬਿੱਲ ਸਹਿਣ ਨਹੀਂ ਹੋ ਰਹੇ। ਲੋਕ ਵਿਰੋਧੀ ਨਵਾਂ ਬਿਜਲੀ ਬਿੱਲ ਫੇਰ ਤੋਂ ਪਾਰਲੀਮੈਂਟ ਵਿਚ ਪੇਸ਼ ਕਰ ਦਿੱਤਾ ਗਿਆ ਹੈ। ਮੋਦੀ ਦੀਆਂ ਨੌਂ ਸਾਲਾ ਨੀਤੀਆਂ ਨਾਲ ਮੱਧ ਵਰਗ ਵੱਡੀ ਪੱਧਰ ’ਤੇ ਗ਼ਰੀਬ ਵਰਗ ਵਿਚ ਧੱਕਿਆ ਗਿਆ ਹੈ।



ਕਿਸਾਨਾਂ ਲਈ ਸਵਾਮੀਨਾਥਨ ਕਮਿਸ਼ਨ ਲਾਗੂ ਕਰਨ ਦਾ ਵਾਅਦਾ ਕੀਤਾ ਗਿਆ ਸੀ, ਜਿਸ ਤੋਂ ਮੋਦੀ ਦੀ ਸਰਕਾਰ ਪੂਰੀ ਤਰ੍ਹਾਂ ਮੁੱਕਰ ਚੁੱਕੀ ਹੈ। ਕਿਸਾਨੀ ਦੀ ਬੁਰੀ ਹਾਲਤ ਹੈ। ਕਿਸਾਨ ਆਪਣੀਆਂ ਉਪਜਾਂ ਨੂੰ ਲਾਗਤ ਤੋਂ ਘੱਟ ਕੀਮਤ ਮਿਲਣ ਕਾਰਨ ਸੜਕਾਂ ’ਤੇ ਸੁੱਟਣ ਲਈ ਮਜਬੂਰ ਹੋ ਰਿਹਾ ਹੈ। ਉਸ ਦੇ ਹੱਥੋਂ ਨਿਕਲ ਕੇ ਉਹੀ ਫ਼ਸਲਾਂ ਦੀਆਂ ਕੀਮਤਾਂ ਅਸਮਾਨ ਛੂਹਣ ਲੱਗਦੀਆਂ ਹਨ। ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦੀ ਗਿਣਤੀ ਅੱਗੇ ਤੋਂ 40 ਵਧੇਰੇ ਹੋ ਗਈ ਹੈ। ਕਲਿਆਣਕਾਰੀ ਸਟੇਟ ਅਖਵਾਉਣ ਦੇ ਸੰਕਲਪ ਤੋਂ ਭਾਰਤ ਬਾਹਰ ਹੋ ਗਿਆ ਹੈ। 3 ਕਾਲੇ ਕਾਨੂੰਨ ਕਿਸਾਨਾਂ ਨੇ ਕਿਵੇਂ ਰੱਦ ਕਰਾਏ, ਕੁੱਲ ਦੁਨੀਆ ਜਾਣਦੀ ਹੈ। ਉਸ ਵਕਤ 23 ਫ਼ਸਲਾਂ ਦੀ ਐੱਮ.ਐੱਸ.ਪੀ. ਦੀ ਗਰੰਟੀ ਦਾ ਜੋ ਵਾਅਦਾ ਕੀਤਾ ਸੀ, ਉਸ ਤੋਂ ਮੁੱਕਰ ਗਏ ਹਨ। ਵਧੇਰੇ ਕਿਸਾਨ ਜ਼ਮੀਨਾਂ ਵੇਚਣ ਲਈ ਮਜਬੂਰ ਹੋ ਰਹੇ ਹਨ। ਖ਼ਾਸ ਕਰਕੇ ਸੀਮਾਂਤ ਕਿਸਾਨ ਤਾਂ ਹੁਣ ਕਿਸਾਨੀ ਕਿੱਤਾ ਛੱਡ ਕੇ ਮਜ਼ਦੂਰੀ ਕਰਨ ਲੱਗ ਪਏ ਹਨ, ਪਰ ਉਥੇ ਵੀ ਕੁੱਝ ਪੱਲੇ ਨਹੀਂ ਪੈਂਦਾ। ਦਿਹਾੜੀ ਨਹੀਂ ਮਿਲਦੀ। ਜਨ ਧਨ ਯੋਜਨਾ ਕਿਧਰੇ ਖੰਭ ਲਾ ਕੇ ਉੱਡ-ਪੁੱਡ ਗਈ ਹੈ। ਗ਼ਰੀਬ ਅਜੇ ਇਸ ਜਨ ਧਨ ਯੋਜਨਾ ਦੀ ਪਤੰਗ ਦੀਆਂ ਡੋਰਾਂ ਹੀ ਬੰਨ੍ਹ ਰਹੇ ਸਨ ਕਿ ਉਹ ਪਹਿਲੋਂ ਹੀ ਬੋਅ ਹੋ ਗਈ। ਐੱਫ਼.ਡੀ.ਆਈ. ਲਈ ਜਿੰਨੀ ਆਸ ਕੀਤੀ ਸੀ, ਉਹ ਨਹੀਂ ਹੋਈ, ਪਰ ਇਸ ਲਈ ਛੋਟਾਂ ਬਹੁਤ ਹੀ ਖ਼ਤਰਨਾਕ ਹੱਦ ਤੱਕ ਦਿੱਤੀਆਂ ਗਈਆਂ ਹਨ। ਵਿਦੇਸ਼ੀ ਕਾਰਪੋਰੇਸ਼ਨਾਂ ਦੇ ਸਵਾਗਤ ਲਈ ਜਿਸ ਤਰ੍ਹਾਂ ਲਾਲ ਗਲੀਚੇ ਮੋਦੀ ਨੇ ਵਿਛਾਏ ਹਨ ਤੇ ਗੋਡਿਆਂ ਭਾਰ ਹੋ ਕੇ ਸਵਾਗਤਮ ਕੀਤਾ ਹੈ, ਇਸ ਲਈ ਦੇਸ਼ ਫਿਰ ਤੋਂ ਗ਼ੁਲਾਮੀ ਦੇ ਜੂਲੇ ਵਿਚ ਫਸਦਾ ਨਜ਼ਰ ਆਉਂਦਾ ਹੈ। ਵਿਦੇਸ਼ੀ ਕਾਰਪੋਰੇਟ ਘਰਾਣਿਆਂ ਲਈ ‘ਤੁਸੀਂ ਸਾਡਾ ਰਾਜ ਰਹਿਣ ਦਿਓ, ਅਸੀਂ ਤੁਹਾਡੀ ਹਰ ਸ਼ਰਤ ਮੰਨਾਂਗੇ, ਤੁਸੀਂ ਹੁਣ ਭਾਵੇਂ ਲੱਖ ਈਸਟ ਇੰਡੀਆ ਕੰਪਨੀਆਂ ਲਿਆਵੋ-ਸਵਾਗਤਮ ਹੈ’ ਦੀ ਨੀਤੀ ਅਪਣਾਈ ਹੈ। ਇਸ ਮੁੱਦੇ ’ਤੇ ਮੋਦੀ ਸਰਕਾਰ ਨੇ ਮਨਮੋਹਨ ਸਿੰਘ ਸਰਕਾਰ ਨੂੰ ਵੀ ਮਾਤ ਪਾ ਦਿੱਤਾ ਹੈ। ਕਿਰਤ ਕਾਨੂੰਨ ਜੋ ਮਜ਼ਦੂਰਾਂ ਲੜਾਈ ਲੜ ਕੇ ਬਣਾਏ ਸਨ, 44 ਦੇ 44 ਤੋੜ ਕੇ 4 ਸਿਵਲ ਕੋਡ ਬਣਾ ਦਿੱਤੇ ਹਨ। ਇਨ੍ਹਾਂ ਮੁਤਾਬਕ ਮਜ਼ਦੂਰ ਹੜਤਾਲ ਨਹੀਂ ਕਰ ਸਕਣਗੇ। ਜਦੋਂ ਮਰਜ਼ੀ ਮਾਲਕ ਰੱਖੇ, ਜਦੋਂ ਮਰਜ਼ੀ ਕੱਢੇ, ਕੋਈ ਉਜਰ ਨਹੀਂ ਕਰ ਸਕਦਾ। ਜਿੰਨੀ ਮਰਜ਼ੀ ਮਾਲਕ ਤਨਖ਼ਾਹ ਦੇਵੇ। ਡਿਊਟੀ ਵੀ 8 ਦੀ ਥਾਂ 12 ਘੰਟੇ ਕਰ ਦਿੱਤੀ ਹੈ। ਭਾਜਪਾ ਰਾਜਾਂ ’ਚ ਮਜ਼ਦੂਰਾਂ ਦੇ ਮਈ ਦਿਵਸ ਨੂੰ ‘ਵਿਦੇਸ਼ੀ ਫ਼ਲਸਫ਼ਾ’ ਕਹਿ ਕੇ ਨਕਾਰਿਆ ਜਾਣ ਲੱਗਾ ਹੈ।

ਵੱਡੇ ਉਦਯੋਗਪਤੀ ਘਰਾਣਿਆਂ ਨੂੰ ਕਰਜ਼ਿਆਂ ਵਿਚ 10 ਲੱਖ ਕਰੋੜ ਰੁਪਏ ਦੀ ਛੋਟ ਦਿੱਤੀ ਗਈ ਹੈ, ਪਰ ਕਿਸਾਨਾਂ ਨੂੰ ਕਰਜ਼ਿਆਂ ’ਚ ਕੋਈ ਛੋਟ ਨਹੀਂ। 2016 ’ਚ ਸੁਪਰੀਮ ਕੋਰਟ ਨੇ ਕਰਜ਼ਾ ਨਾ ਮੋੜਨ ਵਾਲੇ 87 ਉਦਯੋਗਿਕ ਘਰਾਣਿਆਂ ਦੇ ਨਾਂਅ ਨਸ਼ਰ ਕਰਨ ਦੀ ਹਦਾਇਤ ਦਿੱਤੀ ਸੀ, ਪਰ ਮੋਦੀ ਨੇ ਉਨ੍ਹਾਂ ‘ਦੋਸਤਾਂ’ ਦੇ ਨਾਂਅ ਨਸ਼ਰ ਨਾ ਕਰਕੇ ਖ਼ੂਬ ਦੋਸਤੀ ਪੁਗਾਈ ਹੈ। 2015 ਵਿਚ ਡੁੱਬੇ ਕਰਜ਼ਿਆਂ ਦੀ ਰਾਸ਼ੀ 3.49 ਲੱਖ ਕਰੋੜ ਸੀ, ਜੋ 2016 ਵਿਚ 6.69 ਲੱਖ ਕਰੋੜ ਹੋ ਗਈ ਹੈ। 2023 ਵਿਚ ਇਹ 10 ਲੱਖ ਕਰੋੜ ਤੱਕ ਪੁੱਜ ਗਈ ਹੈ। ਇਹ ਵਾਧਾ ਅਗਲੇ ਸਮੇਂ ਵਿਚ ਕਈ ਗੁਣਾ ਵਧੇਗਾ। ਮੋਦੀ ਸਰਕਾਰ ਅੰਬਾਨੀਆਂ-ਅਡਾਨੀਆਂ ਨੂੰ ਜੋ ਅਸੀਮਤ ਲਾਭ ਪਹੁੰਚਾ ਰਹੀ ਹੈ, ਉਹ ਸਭ ਗ਼ਰੀਬਾਂ ਤੋਂ ਹੀ ਖੁੱਸਿਆ ਧਨ ਹੈ। ਮੋਦੀ ਸਰਕਾਰ ਦੀ ‘ਮਿਹਰ’ ਨਾਲ ਨੌਂ ਸਾਲਾਂ ’ਚ ਅੰਬਾਨੀ ਨੇ ਦੁਨੀਆ ਦੇ ਸਭ ਤੋਂ ਅਮੀਰ ਹੋਣ ਵਾਲੀ ਪੌੜੀ ਦਾ ਡੰਡਾ ਬਰਕਰਾਰ ਹੀ ਨਹੀਂ ਰੱਖਿਆ, ਹੋਰ ਵੀ ਉਪਰ ਗਿਆ ਹੈ। ਹਿੰਡਨਬਰਗ ਦੀ ਰਿਪੋਰਟ ਨੇ ਮੋਦੀ ਸਰਕਾਰ ਦੇ ਦੋਸਤ ਅਡਾਨੀ ਬਾਰੇ ਸੱਚ ਸਾਰੀ ਦੁਨੀਆ ਦੇ ਸਾਹਮਣੇ ਲਿਆਉਣ ਨਾਲ ਜਿਵੇਂ ਉਸ ਦੇ ਸ਼ੇਅਰ ਮੈਨੂਪਲੇਟਿੰਗ ਨੀਤੀ ਦਾ ਪਰਦਾਫਾਸ਼ ਹੋਇਆ ਤੇ ਉਸ ਦੇ ਸ਼ੇਅਰ ਘੜੰਮ ਕਰਕੇ ਡਿੱਗੇ, ਉਸ ਨਾਲ ਲੋਕਾਂ ਦੇ ਲੱਖਾਂ-ਕਰੋੜਾਂ ਰੁਪਏ ਤਾਂ ਡੁੱਬੇ ਹੀ, ਐੱਲ.ਆਈ.ਸੀ. ਤੇ ਸਰਕਾਰੀ ਬੈਂਕਾਂ ਦੇ ਥੰਮ੍ਹ ਥਿੜਕ ਗਏ ਹਨ। ਵਿਦੇਸ਼ਾਂ ਤੋਂ ਕਾਲਾ ਧਨ ਲਿਆ ਕੇ 15-15 ਲੱਖ ਹਰ ਇਕ ਦੇ ਖ਼ਾਤੇ ’ਚ ਪਾਉਣ ਵਾਲੇ ਚੋਣ ਵਾਅਦੇ ਨੂੰ ਭਾਜਪਾ ਪ੍ਰਧਾਨ ਅਮਿਤ ਸ਼ਾਹ ਵੱਲੋਂ ‘ਚੋਣ ਜੁਮਲਾ’ ਕਹਿ ਕੇ ਦੇਸ਼ਵਾਸੀਆਂ ਨਾਲ ਅਤਿ ਘਟੀਆ ਮਜ਼ਾਕ ਕੀਤਾ ਹੈ। ਅੱਛੇ ਦਿਨਾਂ ਦਾ ਲਾਰਾ ਵੀ ਐਸਾ ਹੀ ਘਟੀਆ ਮਜ਼ਾਕ ਹੈ। ਕਾਲਾ ਧਨ ਵਿਦੇਸ਼ਾਂ ਤੋਂ ਵਾਪਸ ਤਾਂ ਕੀ ਲਿਆਉਣਾ ਸੀ, ਅੱਗੋਂ ਹੋਰ ਜਾਣਾ ਵੀ ਨਹੀਂ ਰੁਕਿਆ। ਜਿਹੜਾ ‘ਯੋਗ ਗੁਰੂ’ ਬਾਹਰੋਂ ਕਾਲਾ ਧਨ ਲਿਆਉਣ ਦੇ ਵਾਅਦੇ ’ਤੇ ਮੋਦੀ ਦੀ ਭਰਪੂਰ ਹਮਾਇਤ ਤੇ ਪ੍ਰਚਾਰ ਕਰਦਾ ਨਹੀਂ ਸੀ ਥੱਕਦਾ, ਉਹ ਅੱਜ ਆਪ ਵੱਡਾ ਉਦਯੋਗਪਤੀ ਤੇ ਵਪਾਰੀ ਬਣ ਕੇ ਅੰਬਾਨੀ ਤੋਂ ਵੀ ਅੱਗੇ ਲੰਘ ਜਾਣ ਲਈ ਮੋਦੀ ਤੋਂ ਹਮਾਇਤ ਲੈ ਰਿਹਾ ਹੈ। ਉਸ ਦਾ ‘ਯੋਗ’ ‘ਉਦਯੋਗ’ ਵਿਚ ਬਦਲ ਗਿਆ ਹੈ। ਮੋਦੀ ਸਰਕਾਰ ਦੇ ਪਿਛਲੇ ਨੌਂ ਸਾਲਾਂ ਦੇ ਇਸ ਦੌਰ ਨੇ ਐਸੇ ਲੱਖਾਂ ‘ਬਾਬਿਆਂ’ ਨੂੰ ਵੱਡੇ ‘ਦਾਦੇ’ ਬਣਾਇਆ ਹੈ।

ਨੋਟਬੰਦੀ ਨੂੰ ਜਿਸ ਤਰ੍ਹਾਂ ਵੱਡੀ ਪ੍ਰਾਪਤੀ ਕਰਕੇ ਪ੍ਰਚਾਰਿਆ ਗਿਆ ਸੀ ਅਤੇ ਪ੍ਰਚਾਰਿਆ ਜਾ ਰਿਹਾ ਹੈ, ਇਹ ਵੀ ‘ਗੋਬਲਜ਼’ ਪ੍ਰਾਪੇਗੰਡੇ ਦਾ ਹੀ ਹਿੱਸਾ ਹੈ। ਨੋਟਬੰਦੀ ਦਾ ਉਦੇਸ਼ ਕਾਲਾ ਧਨ ਬੰਦ ਕਰਨਾ, ਭ੍ਰਿਸ਼ਟਾਚਾਰ ਖ਼ਤਮ ਕਰਨਾ, ਨਕਲੀ ਨੋਟ ਛਪਣੋਂ ਬੰਦ ਕਰਾਉਣੇ, ਅੱਤਵਾਦੀਆਂ ਨੂੰ ਮਿਲਦੀ ਮਦਦ ਬੰਦ ਕਰਾਉਣਾ ਆਦਿ ਖ਼ੂਬ ਪ੍ਰਚਾਰਿਆ ਅਤੇ ਧੁਮਾਇਆ ਗਿਆ ਸੀ, ਪਰ ਨੋਟਬੰਦੀ ਨਾਲ ਜਿਸ ਤਰ੍ਹਾਂ ਛੋਟੇ ਅਤੇ ਘਰੇਲੂ ਉਦਯੋਗ ਅਤੇ ਕਾਰੋਬਾਰ ਬੰਦ ਹੋ ਗਏ, ਬੇਰੁਜ਼ਗਾਰੀ ਵਧੀ, ਅਫ਼ਰਾ-ਤਫ਼ਰੀ ਦਾ ਮਾਹੌਲ ਬਣਿਆ, ਛੇ ਮਹੀਨੇ ਲੋਕ ਆਰਥਿਕ ਸੂਈ ਦੇ ਨੱਕੇ ’ਚੋਂ ਲੰਘੇ, 300 ਕਰੀਬ ਮੌਤਾਂ ਹੋਈਆਂ, ਉਸ ਦਾ ਕੌਣ ਜ਼ਿੰਮੇਵਾਰ ਹੈ? ਕੀ ਅੱਤਵਾਦ ਘਟਿਆ? ਕਾਲਾ ਧਨ ਬਾਹਰੋਂ ਆਇਆ? ਮਹਿੰਗਾਈ ਘਟੀ? ਭ੍ਰਿਸ਼ਟਾਚਾਰ ਘਟਿਆ? ਜਾਅਲੀ ਕਰੰਸੀ ਬੰਦ ਹੋਈ? ਕੁੱਝ ਵੀ ਨਹੀਂ। 19.5.2023 ਨੂੰ ਮੋਦੀ ਸਰਕਾਰ ਨੇ ਇਕਦਮ 2000 ਦਾ ਨੋਟ ਬੰਦ ਕਰ ਦਿੱਤਾ ਹੈ ਪਰ ਇਸ ਵਾਰ ਇਹ ਨਹੀਂ ਪੁੱਛਿਆ ਜਾਵੇਗਾ ਕਿ ਇਹ ਨੋਟ ਕਿੱਥੋਂ ਆਏ। ਨੋਟ ਵਾਪਸੀ ਲਈ ਵੀ ਬਲੈਕ ਮਾਰਕੀਟੀਆਂ ਨੂੰ 4 ਮਹੀਨੇ ਦਾ ਸਮਾਂ ਦਿੱਤਾ ਹੈ। ਸ਼ਾਇਦ ਨੋਟਬੰਦੀ ਵੇਲੇ 1000 ਦਾ ਨੋਟ ਬੰਦ ਕਰਕੇ 2000 ਰੁਪਏ ਦਾ ਨੋਟ ਉਹਨਾਂ ਨੂੰ ਜਮ੍ਹਾਂ ਕਰਕੇ ਛੁਪਾਉਣ ਦਾ ਚੰਗਾ ਮੌਕਾ ਦੇਣ ਲਈ ਹੀ ਸੀ। ਇਹ ਵੀ ਹੋ ਸਕਦਾ ਹੈ ਕਿ ਮੋਦੀ ਹੁਣ 5000 ਦਾ ਨੋਟ ਵੀ ਜਾਰੀ ਕਰ ਦੇਵੇ! ਹਾਂ ਮੋਦੀ ਸਰਕਾਰ ਨੂੰ ਇਨਕਮ ਟੈਕਸ ਅਤੇ ਸੀ.ਬੀ.ਆਈ. ਆਈ.ਡੀ. ਰਾਹੀਂ ਵਿਰੋਧੀਆਂ ਦੇ ਘਰਾਂ ’ਤੇ ਛਾਪੇ ਮਾਰਨ ਦੀ ਖ਼ੂਬ ਖੁੱਲ੍ਹ ਖੇਡਣ ਦੀ ਛੁੱਟੀ ਪੂਰੀ ਮਿਲੀ ਹੈ। ਇਸ ਦੀ ਖ਼ੂਬ ਦੁਰਵਰਤੋਂ ਹੋ ਰਹੀ ਹੈ। ਚੋਣਾਂ ਜਿੱਤਣਾ ਹੋਰ ਗੱਲ ਹੁੰਦੀ ਹੈ ਤੇ ਲੋਕ ਮਸਲੇ ਹੱਲ ਕਰਕੇ ਲੋਕਾਂ ਦੇ ਮਨ ਜਿੱਤਣੇ ਹੋਰ ਗੱਲ। ਥਾਂ-ਥਾਂ ਲੱਛੇਦਾਰ ਭਾਸ਼ਣ ਅਤੇ ਰੇਡੀਓ ’ਤੇ ‘ਮਨ ਕੀ ਬਾਤ’ ਕਰਨ ਨਾਲ ਲੋਕਾਂ ਦੇ ਢਿੱਡ ਨਹੀਂ ਭਰਦੇ। ਪੁਰਾਣੀਆਂ ਕਾਂਗਰਸ ਦੀਆਂ ਸਕੀਮਾਂ ਦੇ ਨਾਂਅ ਬਦਲਣ ਨਾਲ ਨਹੀਂ ਸਰਨਾ। ਜੀ.ਐੱਸ.ਟੀ. ਸਕੀਮ ਧੂਮ-ਧੜੱਕੇ ਨਾਲ ਚਾਲੂ ਕਰ ਦਿੱਤੀ ਹੈ, ਜੇ ਇਹ ਟੈਕਸ ਪ੍ਰਣਾਲੀ ਐਨੀ ਹੀ ਚੰਗੀ ਸੀ ਤਾਂ ਕਾਂਗਰਸ ਦੀ ਮਨਮੋਹਨ ਸਿੰਘ ਸਰਕਾਰ ਵੇਲੇ ਬੀ ਜੇ ਪੀ ਵੱਲੋਂ ਇਸ ਦਾ ਸਖ਼ਤ ਵਿਰੋਧ ਕਿਉਂ ਕੀਤਾ ਜਾਂਦਾ ਰਿਹਾ। ਜੀ.ਐੱਸ.ਟੀ. ਨੇ ਰਾਜ ਸਰਕਾਰਾਂ ਨੂੰ ਕੇਂਦਰ ਦੇ ਮੰਗਤੇ ਬਣਾ ਦਿੱਤਾ ਹੈ।

ਪਿਛਲੇ ਨੌਂ ਸਾਲਾਂ ਦੌਰਾਨ ਰਾਜ ਵਿਚ ਅੱਤਵਾਦ ਖ਼ੂਬ ਵਧਿਆ-ਫੁੱਲਿਆ। ਅੱਤਵਾਦ ਦਾ ਆਧਾਰ ਵਧੇਰੇ ਗ਼ਰੀਬੀ, ਬੇਰੁਜ਼ਗਾਰੀ ਅਤੇ ਆਰਥਿਕ, ਧਾਰਮਿਕ, ਸਮਾਜਿਕ ਆਜ਼ਾਦੀਆਂ ਦਾ ਸ਼ੋਸ਼ਣ ਹੁੰਦਾ ਹੈ। ਧਾਰਾ 370 ਤੋੜਨ ਬਾਅਦ ਕਸ਼ਮੀਰ ਸਮੱਸਿਆ ਹੋਰ ਉਲਝੀ ਹੈ। ਅੱਤਵਾਦ ਹੋਰ ਵਧਿਆ ਹੈ। ਮੋਦੀ ਤੇ ਹਿੰਦੂਵਾਦੀ ਏਜੰਡੇ ਨਾਲ ਇਸ ਨੂੰ ਹੋਰ ਬਲ ਮਿਲ ਰਿਹਾ ਹੈ। ਕਸ਼ਮੀਰ ਅਤੇ ਝਾਰਖੰਡ ਦੇ ਨਕਸਲੀ ਖੇਤਰ ਦੇ ਮਸਲੇ ਨੂੰ ਆਰਥਿਕ ਤੇ ਰਾਜਨੀਤਕ ਮਸਲਾ ਸਮਝਣ ਦੀ ਥਾਂ ਪ੍ਰਸ਼ਾਸਨਿਕ ਮਸਲਾ ਬਣਾਉਣ ਦੀ ਬੱਜਰ ਗ਼ਲਤੀ ਕਰਨ ਦੀ ਨੀਤੀ ’ਚ ਵਾਧਾ ਹੋਇਆ ਹੈ। ਕਸ਼ਮੀਰ ਦੀ ਸਮੱਸਿਆ ਦੇ ਵਾਧੇ, ਪਾਕਿਸਤਾਨੀ ਬੇਵਕੂਫ਼ੀਆਂ ਤੇ ਪਾਕਿਸਤਾਨ ਦੀਆਂ ਹੋਰ ਅੱਤਵਾਦੀ ਪੱਖੀ ਨੀਤੀਆਂ ਮੋਦੀ ਸਰਕਾਰ ਦੇ ਵੀ ਖ਼ੂਬ ਰਾਸ ਆ ਰਹੀਆਂ ਹਨ। ਮੋਦੀ ਹਾਲੇ ਭਾਵੇਂ ‘ਸਰਜੀਕਲ ਸਟਰਾਈਕਾਂ’ ਰਾਹੀਂ ਇਸ ਨੂੰ ਹੱਲ ਕਰਨ ਦੀ ਨੀਤੀ ਕਹਿ ਕੇ ਵੋਟਾਂ ਬਟੋਰਨ ਦੇ ਯਤਨ ਵਿਚ ਹੈ, ਪਰ ਆਉਣ ਵਾਲੇ ਸਾਲ ਵਿਚ ਪਾਕਿ ਵਿਰੋਧੀ ਸਖ਼ਤ ਵਤੀਰਾ ਦੋਹਾਂ ਦੇਸ਼ਾਂ ਨੂੰ ਯੁੱਧ ਵੱਲ ਧੱਕ ਕੇ ਅਤੇ 2024 ਦੀਆਂ ਚੋਣਾਂ ਲਈ ਮੋਦੀ ਸਰਕਾਰ ਦਾ ਕੰਮ ਸੌਖਾ ਕਰ ਸਕਦਾ ਹੈ। ਦੋਹਾਂ ਦੇਸ਼ਾਂ ਦੇ ਹਾਕਮਾਂ ਲਈ ਲੋਕਾਂ ਦਾ ਆਮ ਮਸਲਿਆਂ ਤੋਂ ਧਿਆਨ ਲਾਂਭੇ ਕਰਨ ਅਤੇ ਸੱਤਾ ਬਚਾਉਣ ਲਈ ਇਹ ਸਭ ਤੋਂ ਢੁਕਵਾਂ ਫਾਰਮੂਲਾ ਹੋ ਸਕਦਾ ਹੈ। ਮੋਦੀ ਲਈ ਵੀ ‘ਹਿੰਦੂਤਵੀ ਏਜੰਡਾ’ ਅੱਗੇ ਵਧਾਉਣ ਅਤੇ 2024 ਦੀਆਂ ਚੋਣਾਂ ਜਿੱਤਣ ਲਈ ਬਹੁਤ ਮੁਆਫ਼ਕ ਰਹੇਗਾ। ਏਸੇ ਸੇਧ ਵੱਲ ਵਧ ਰਿਹਾ ਹੈ ਮੋਦੀ ਰਾਜ।

ਗਊ ਮਾਸ ’ਤੇ ਪਾਬੰਦੀ ਲਾ ਦਿੱਤੀ ਗਈ ਹੈ। ਗਊ ਦੇ ਬਹਾਨੇ, ਬੇਲੋੜੇ ਬਲਦ, ਵੱਛੇ, ਮੱਝਾਂ, ਝੋਟੇ, ਊਠ ਆਦਿ ਨੂੰ ਬੁੱਚੜਖ਼ਾਨਿਆਂ ’ਚ ਵੇਚਣ ’ਤੇ ਲੱਗਭੱਗ ਪਾਬੰਦੀ ਲੱਗੀ ਹੋਈ ਹੈ ਅਤੇ ਉਹ ਸਭ ਸੜਕਾਂ ’ਤੇ ਫਿਰਦੇ ਹਨ। ਇਹ ਪਾਬੰਦੀ ਕੱਲ੍ਹ ਨੂੰ ਬੱਕਰੇ, ਮੁਰਗੇ, ਮੱਛੀ, ਆਂਡੇ ਖਾਣ-ਵੇਚਣ ਉਤੇ ਵੀ ਲੱਗ ਸਕਦੀ ਹੈ। ਇਸ ਨਾਲ ‘ਭਗਵਾਂ ਇਨਕਲਾਬ’ ਲਿਆਉਣ ਦਾ ਆਰ.ਐੱਸ.ਐੱਸ. ਦਾ ਸੁਪਨਾ ਤਾਂ ਪੂਰਾ ਕੀਤਾ ਜਾ ਸਕੇਗਾ, ਪਰ ਇਸ ਨਾਲ ਮੋਦੀ ਸਰਕਾਰ ਨੇ ਦੇਸ਼ਵਾਸੀਆਂ ਦੇ ਸੱਭਿਆਚਾਰਕ, ਧਾਰਮਿਕ ਅਤੇ ਰਾਜਨੀਤਕ ਆਜ਼ਾਦੀ ਉਤੇ ਜ਼ੋਰ ਨਾਲ ਹਮਲਾ ਕਰ ਦਿੱਤਾ ਹੈ। ਯੂ.ਪੀ. ਅਤੇ ਹੋਰ ਭਾਜਪਾ ਸ਼ਾਸਤ ਰਾਜਾਂ ਵਿਚ ਬਾਹੂਬਲੀ ਤੇ ਹਿੰਦੂ ਯੁਵਾ ਵਾਹਿਨੀ ਵਰਗੇ ਹੋਰ ਹਿੰਦੂ ਸੰਗਠਨ ਮਨਮਾਨੀਆਂ ਕਰਨ ਲੱਗ ਪਏ ਹਨ। ‘ਬਜਰੰਗ ਦਲੀ’ ਦਲਿਤਾਂ ਦਾ ਜੀਣਾ ਮੁਹਾਲ ਕਰ ਰਹੇ ਹਨ। ਮਨੂੰ ਸਿਮਰਤੀ ਨੂੰ ਲਾਗੂ ਕਰਨ ਲਈ ਹਰ ਹੀਲਾ ਕੀਤਾ ਜਾਣ ਲੱਗਾ ਹੈ। ਭਾਜਪਾ ਰਾਜਾਂ ਵਿਚ ਸਿੱਖਿਆ ਦਾ ਭਗਵਾਂਕਰਨ ਤੇਜ਼ ਕਰ ਦਿੱਤਾ ਹੈ। ਸਿਲੇਬਸ ਵਿਚ ਸ਼ਾਇਰ ਇਕਬਾਲ, ਪਾਸ਼ ਵਿਗਿਆਨਕ ਮਾਰਕਸਵਾਦੀ ਅਤੇ ਡਾਰਵਿਨ ਮਹਾਤਮਾ ਗਾਂਧੀ ਦੀ ਥਾਂ ਸਾਵਰਕਰ ਅਤੇ ਗੌਡਸੇ ਨੂੰ ਸ਼ਾਮਲ ਕਰਨ ਦਾ ਯਤਨ ਤੇਜ਼ ਕਰ ਦਿੱਤਾ ਹੈ। ਬੀ.ਜੇ.ਪੀ. ਰਾਜਾਂ ਵਿਚ ਹਿੰਦੀ ਤੇ ਸੰਸਕ੍ਰਿਤ ਨੂੰ ਲਾਜ਼ਮੀ ਵਿਸ਼ੇ ਵਜੋਂ ਪੜ੍ਹਾਉਣ ਅਤੇ ਸਿਲੇਬਸ ਵਿਚ ਗੀਤਾ ਦੀ ਪੜ੍ਹਾਈ ਨੂੰ ਲਾਜ਼ਮੀ ਵਿਸ਼ੇ ਵਜੋਂ ਸ਼ਾਮਲ ਕੀਤਾ ਜਾ ਰਿਹਾ ਹੈ। ਆਵਾਰਾਗਰਦੀ ਰੋਕਣ ਦੇ ਨਾਂਅ ਹੇਠ ‘ਰੋਮੀਓ ਸਕੁਐਡ’, ਨੌਜਵਾਨ ਮੁੰਡੇ-ਕੁੜੀਆਂ ਦੀ ਨਿੱਜੀ ਆਜ਼ਾਦੀ ’ਚ ਦਖ਼ਲ ਦੇ ਰਹੇ ਹਨ। ਯੋਗੀ ਰਾਜ ਵਾਲੇ ਯੂ.ਪੀ. ਵਿਚ ਹੀ ਨਹੀਂ ਹਰ ਭਾਜਪਾ ਰਾਜਾਂ ਵਿਚ ਵੀ ਹਿੰਸਾਤਮਕ ਘਟਨਾਵਾਂ ’ਚ ਵਾਧਾ ਹੋਇਆ ਹੈ। ਹਾਥਰਸ, ਬਿਲਕਿਸ ਬਾਨੋ, ਕੁਲਦੀਪ ਸੇਂਘਰ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ ’ਤੇ

# ਬਾਲ ਕੋਨਾ



ਸਰਤਾਜ ਸਿੰਘ, ਪਹਿਲੀ, ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ, ਆਨੰਦਪੁਰ ਸਾਹਿਬ



ਲਵਪ੍ਰੀਤ ਕੌਰ, ਛੇਵੀਂ, ਸਰਕਾਰੀ ਹਾਈ ਸਮਾਰਟ ਸਕੂਲ, ਰਾਜਿੰਦਰਗੜ੍ਹ



ਮਨਜੋਤ ਕੌਰ, ਪੰਜਵੀਂ, ਸ. ਪ. ਸ., ਲੰਡੂਕੇ



ਜਸ਼ਨੀਤ ਕੌਰ, ਪੰਜਵੀਂ, ਸ. ਪ. ਸ., ਲੰਡੂਕੇ